**Reo-Bankowned Properties**

From San Jose to Sacramento

JASSI GILL Broker/Owner

Ph:510-304-9292

**Refinance Now**

@ZERO COST

Call Sukhi Gill:510-207-9067



Jassi Gill

CA DRE Lic.#01180969 CA DRE# 00966763

**ਵਧੀਆ ਅਤੇ ਸਸਤੀ ਇੰਸ਼ੋਰੈਂਸ**



Home, Auto, Liquor Store

ਫੋਨ ਕਰੋ, ਪੈਸੇ ਬਚਾਓ

Call Now Manjit Gill

Ph: 209-524-4008

Ph: 510-888-1180

ਕਾਰ, ਘਰ, ਲਿੱਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ

Gill Financial & Insurance Services

Since 1993 www.gillfinancial.com CA. Lic#0B23990

**Hardeep S.Rai**

ਇੰਮੀਗਰੇਸ਼ਨ ਵਕੀਲ

Attorney-at-Law

• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ

• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ

• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

Fremont
TEL: 510-791-1111
FAX: 510-791-1119



Fourteenth Year of Publication

ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 48, November 30, 2013 20451 N Plum Grove Rd., Palatine, IL 60074 Ph:847-359-0746, Fax:847-705-9388


# ਮੋਦੀ ਦੇ ਮਿਹਣੇ ਬਣੇ ਕਾਂਗਰਸ ਲਈ ਕਜ਼ੀਆ

## ਨਾ ਕਾਂਗਰਸ ਤੇ ਨਾ ਭਾਜਪਾ ਕੋਲ ਕੋਈ ਮੁੱਦਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਵਿਚ ਅਗਲੀਆਂ ਲੋਕ ਸਭਾ ਚੋਣਾਂ ਦਾ ਮੂੰਹ-ਮੱਥਾ ਤਾਂ ਭਾਵੇਂ ਅਜੇ ਨਹੀਂ ਬਣਿਆ ਹੈ ਪਰ ਕੁਝ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ, ਲੋਕ ਸਭਾ ਚੋਣਾਂ ਲਈ ਰਿਹਰਸਲ ਜ਼ਰੂਰ ਸ਼ੁਰੂ ਹੋ ਗਈ ਹੈ। ਇਸੇ ਦੌਰਾਨ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਗਏ ਉਮੀਦਵਾਰ ਨਰੇਂਦਰ ਮੋਦੀ ਹੁਣੇ ਤੋਂ ਹੀ ਪ੍ਰਧਾਨ ਮੰਤਰੀ ਬਣਿਆ ਮਹਿਸੂਸ ਕਰ ਰਹੇ ਹਨ। ਆਪਣੀਆਂ ਚੋਣ ਰੈਲੀਆਂ ਵਿਚ ਉਹ ਮੈਡਮ (ਕਾਂਗਰਸ ਪ੍ਰਧਾਨ ਸੋਨੀਆ ਗਾਂਧੀ) ਅਤੇ ਸ਼ਹਿਜ਼ਾਦੇ (ਰਾਹੁਲ ਗਾਂਧੀ) ਦੀ ਚਰਚਾ ਕਰਨ ਤੋਂ ਨਹੀਂ ਖੁੰਝਦੇ। ਕਾਂਗਰਸੀ ਆਗੂ ਵੀ ਨਿੱਤ ਦਿਨ ਅਜਿਹਾ ਕੋਈ ਬਿਆਨ ਦਾਗ ਦਿੰਦੇ ਹਨ ਜਿਸ ਬਾਰੇ ਸ੍ਰੀ ਮੋਦੀ ਬੜੀ ਤਿੱਖੀ ਟਿੱਪਣੀ ਕਰਦੇ ਹਨ। ਪਿਛਲੇ ਕੁਝ ਦਿਨਾਂ ਤੋਂ ਮੋਦੀ ਦੇ ਭਾਸ਼ਨਾਂ ਦੀ ਤਿੱਖੀ ਧਾਰ ਨੇ ਕਾਂਗਰਸੀ ਆਗੂਆਂ ਨੂੰ ਵਾਹਵਾ ਭੁਆਟਣੀਆਂ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਜਵਾਬ ਵਿਚ ਕੁਝ ਸੁੱਝਦਾ/ਔੜ੍ਹਦਾ ਨਹੀਂ ਹੈ।

ਸਿਆਸੀ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਸ੍ਰੀ ਮੋਦੀ ਵਿਚ ਤਾਂ ਕੋਈ ਇੰਨੀ ਜ਼ਿਆਦਾ ਸੱਤਿਆ ਨਹੀਂ ਸੀ ਪਰ ਕਾਂਗਰਸ ਦੇ ਆਪਣੇ ਹੀ ਡਰਾਂ ਨੇ ਉਸ ਨੂੰ ਅੱਗੇ ਵਧਣ ਦਾ ਮੌਕਾ ਮੁਹੱਈਆ ਕਰਵਾ ਦਿੱਤਾ ਹੈ। ਕਾਂਗਰਸ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ 2002 ਵਾਲੇ ਗੁਜਰਾਤ ਕਤਲੇਆਮ ਨੂੰ ਆਧਾਰ ਬਣਾ ਕੇ ਨਰੇਂਦਰ ਮੋਦੀ ਉਤੇ ਹਮਲੇ ਕੀਤੇ ਜਾਣ ਅਤੇ ਭਾਜਪਾ ਦਾ ਰਾਹ ਡੱਕਿਆ ਜਾਵੇ, ਪਰ ਕਾਂਗਰਸ ਦੀ ਇਹ ਰਣਨੀਤੀ ਹੁਣ ਪੁੱਠੀ ਪੈਂਦੀ ਜਾਪਦੀ ਹੈ ਕਿਉਂਕਿ ਮੀਡੀਆ ਅਤੇ ਰੈਲੀਆਂ ਵਿਚ ਸ੍ਰੀ ਮੋਦੀ ਹੁਣ ਵਧੇਰੇ ਧਿਆਨ ਖਿੱਚ ਰਹੇ ਹਨ। ਦਰਅਸਲ ਕਾਂਗਰਸ ਕੋਲ ਆਪਣੇ ਪ੍ਰਚਾਰ ਲਈ ਕੋਈ ਮੁੱਦਾ ਨਹੀਂ ਹੈ ਅਤੇ ਇਹ ਮੋਦੀ-ਵਿਰੋਧ ਵਿਚੋਂ ਹੀ ਆਪਣੀ ਚੋਣ-ਮੁਹਿੰਮ ਦਾ ਬੇੜਾ ਪਾਰ ਲਾਉਣ ਲਈ ਹੱਥ-ਪੈਰ ਮਾਰ ਰਹੀ ਹੈ।



ਗੌਰਤਲਬ ਹੈ ਕਿ ਸ੍ਰੀ ਮੋਦੀ ਨੇ 2012 ਵਿਚ ਲਗਾਤਾਰ ਤੀਜੀ ਵਾਰ ਗੁਜਰਾਤ ਵਿਚ ਚੋਣ ਜਿੱਤੀ ਸੀ। ਸਿਆਸੀ ਮਾਹਿਰ ਇਸ ਜਿੱਤ ਦਾ ਸਿਹਰਾ ਖੁਦ ਮੋਦੀ ਦੀ ਥਾਂ ਕਾਂਗਰਸ ਨੂੰ ਹੀ ਦਿੰਦੇ ਹਨ। ਰਿਪੋਰਟਾਂ ਮੁਤਾਬਕ ਗੁਜਰਾਤ ਵਿਚ ਕਾਂਗਰਸ ਦੀ ਕਮਜ਼ੋਰੀ ਨੇ ਹੀ ਸ੍ਰੀ ਮੋਦੀ ਦੀਆਂ ਵਾਰ-ਵਾਰ ਜਿੱਤਾਂ ਲਈ ਰਾਹ ਪੱਧਰਾ ਕੀਤਾ। ਹੁਣ ਕੌਮੀ ਪੱਧਰ ਉਤੇ ਵੀ ਹਾਲਤ ਉਸੇ ਤਰ੍ਹਾਂ ਦੇ ਬਣ ਰਹੇ ਹਨ। ਗੁਜਰਾਤ ਦਾ ਕਤਲੇਆਮ ਭਾਵੇਂ ਸ੍ਰੀ ਮੋਦੀ ਲਈ ਗਿੱਲਾ ਕੰਬਲ ਅਤੇ ਉਸ ਦੇ ਰਾਹ ਦਾ ਰੋੜਾ ਸਾਬਤ ਹੋ ਰਿਹਾ ਹੈ, ਪਰ ਮਨਮੋਹਨ ਸਿੰਘ ਦੀ ਕਮਜ਼ੋਰ ਸ਼ਖਸੀਅਤ ਅਤੇ ਕਾਂਗਰਸ ਸਰਕਾਰ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਕਾਂਗਰਸ ਦੀ ਹਮਾਇਤ ਨੂੰ ਵੱਡੇ ਪੱਧਰ ਉਤੇ ਖੋਰਾ ਲਾਇਆ ਹੈ। ਨਰੇਂਦਰ ਮੋਦੀ ਕਾਂਗਰਸ ਦੀ ਇਸੇ ਕਮਜ਼ੋਰੀ ਨੂੰ ਆਪਣੀ ਤਾਕਤ ਬਣਾਉਣ ਲਈ ਟਿੱਲ ਲਾ ਰਿਹਾ ਹੈ। ਉਂਜ ਉਸ ਦੀਆਂ ਹੁਣ ਤੱਕ ਦੀ ਚੋਣ ਸਰਗਰਮੀ ਤੋਂ ਇਹ ਤੱਥ ਵੀ ਸਪਸ਼ਟ ਹੋ ਗਿਆ ਹੈ ਕਿ ਉਸ ਦੇ ਕੋਲ ਵੀ ਕਹਿਣ ਲਈ ਕੁਝ ਨਹੀਂ ਹੈ। ਭਾਸ਼ਨਾਂ ਵਿਚ ਉਸ ਦਾ ਮੁੱਖ ਨਿਸ਼ਾਨਾ ਨਹਿਰੂ-ਗਾਂਧੀ ਟੱਬਰ ਹੀ ਹੁੰਦੇ ਹਨ। ਅਜਿਹੇ ਭਾਸ਼ਨਾਂ ਦੌਰਾਨ ਤਾੜੀਆਂ ਤਾਂ ਖੂਬ ਵੱਜ ਜਾਂਦੀਆਂ ਹਨ ਪਰ ਇਹ ਤਾੜੀਆਂ ਵੋਟਾਂ ਵਿਚ ਕਿੰਨਾ ਕੁ ਵਟਦੀਆਂ ਹਨ, ਇਹ ਸਮਾਂ ਹੀ ਦੱਸੇਗਾ। ਉਂਜ ਵੀ ਸਮਾਜ ਦਾ ਇਕ ਚੋਖਾ ਹਿੱਸਾ ਮੋਦੀ ਨੂੰ ਸਵੀਕਾਰ ਨਹੀਂ ਕਰ ਰਿਹਾ। ਦੂਜੇ ਬੰਨ੍ਹੇ ਅਮਰੀਕਾ ਵਿਚ ਵੀਜ਼ੇ ਬਾਰੇ ਹੋ ਰਹੇ ਤਿੱਖੇ ਵਿਰੋਧ ਨੇ ਵੀ ਮੋਦੀ ਨੂੰ ਕਸੂਤੀ ਹਾਲਤ ਵਿਚ ਫਸਾਇਆ ਹੋਇਆ ਹੈ। ਇਸ ਮਾਮਲੇ 'ਤੇ ਉਸ ਨੂੰ ਬਹੁਤ ਨਮੋਸ਼ੀ ਝੱਲਣੀ ਪੈ ਰਹੀ ਹੈ ਅਤੇ ਫਿਲਹਾਲ ਅਮਰੀਕਾ ਵੀ ਇਸ ਮਾਮਲੇ 'ਤੇ ਕੋਈ ਛੋਟ ਦੇਣ ਲਈ ਤਿਆਰ ਨਹੀਂ ਹੈ। ਅਮਰੀਕਾ ਦਾ ਮੰਨਣਾ ਹੈ ਕਿ ਮੋਦੀ ਨੇ ਧਾਰਮਿਕ ਆਜ਼ਾਦੀ ਦੇ ਹੱਕਾਂ ਉਤੇ ਆਰਾ ਫੇਰਿਆ ਹੈ, ਇਸ ਲਈ ਉਸ ਨੂੰ ਵੀਜ਼ਾ ਨਹੀਂ ਦਿੱਤਾ ਜਾਵੇਗਾ। ਨਰੇਂਦਰ ਮੋਦੀ ਨੇ ਅਮਰੀਕੀ ਵੀਜ਼ਾ ਹਾਸਲ ਕਰਨ ਲਈ ਕਈ ਪਾਸੇ ਹੱਥ-ਪੈਰ ਮਾਰੇ ਪਰ ਅਜੇ ਤੱਕ ਉਸ ਦੇ ਯਤਨਾਂ ਨੂੰ ਬੂਰ ਨਹੀਂ ਪਿਆ ਹੈ।

### ਸਿਆਸੀ ਪੇਚਾ

- ਚਾਹ ਵੇਚਣ ਵਾਲਾ ਦੇਸ਼ ਨੂੰ ਕੀ ਚਲਾਏਗਾ: ਕਾਂਗਰਸ
- ਦੇਸ਼ ਨੂੰ ਵੇਚਣ ਵਾਲਿਆਂ ਨਾਲੋਂ ਚਾਹ ਵੇਚਣ ਵਾਲਾ ਚੰਗਾ: ਮੋਦੀ
- ਭਾਜਪਾ ਜ਼ਹਿਰੀਲੇ ਬੰਦਿਆਂ ਵਾਲੀ ਪਾਰਟੀ: ਸੋਨੀਆ
- ਕਾਂਗਰਸ ਨਾਲੋਂ ਵੱਧ ਜ਼ਹਿਰੀਲੀ ਹੋਰ ਕੋਈ ਜਮਾਤ ਨਹੀਂ: ਮੋਦੀ

# ਲੌਂਗੋਵਾਲ ਤੇ ਬਾਦਲ ਦਲ ਦੇ ਰਲੇਵੇਂ ਦਾ ਭੋਗ ਪਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਰਲੇਵੇਂ ਦੀਆਂ ਕਿਆਸਰਾਈਆਂ ਦਾ ਹਾਲ ਦੀ ਘੜੀ ਭੋਗ ਪੈ ਗਿਆ ਹੈ। ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਕਈ ਪਾਰਟੀਆਂ ਵੱਲੋਂ ਮਿਲ ਕੇ ਕਾਇਮ ਕੀਤੇ ਸਾਂਝਾ ਮੋਰਚੇ ਦਾ ਭਾਈਵਾਲ ਹੈ ਜਿਸ ਵਿਚ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.), ਸੀ.ਪੀ.ਐਮ. ਅਤੇ ਸੀ.ਪੀ.ਆਈ. ਸ਼ਾਮਲ ਹਨ। ਮੰਨਿਆ ਜਾ ਰਿਹਾ ਸੀ ਕਿ ਬਰਨਾਲਾ ਪਰਿਵਾਰ ਦੀ ਸ਼੍ਰੋਮਣੀ ਅਕਾਲੀ ਦਲ (ਬ) ਵਿਚ ਵਾਪਸੀ ਨਾਲ ਸਾਂਝੇ ਮੋਰਚੇ ਨੂੰ ਵੱਡਾ ਧੱਕਾ ਲੱਗ ਸਕਦਾ ਹੈ ਤੇ ਪੰਜਾਬ ਦੀ ਸਿਆਸਤ ਵਿਚ ਨਵੀਆਂ ਸਮੀਕਰਨਾਂ ਪੈਦਾ ਹੋ ਸਕਦੀਆਂ ਹਨ ਪਰ ਹਾਲ ਦੀ ਘੜੀ ਇਹ ਮਾਮਲਾ ਸ਼ਾਂਤ ਹੋ ਗਿਆ ਹੈ।





ਦੋਹਾਂ ਦਲਾਂ ਵੱਲੋਂ ਬੇਸ਼ੱਕ ਇਸ ਰਲੇਵੇਂ ਬਾਰੇ ਮੀਡੀਆ ਰਿਪੋਰਟਾਂ ਦਾ ਖੰਡਨ ਕੀਤਾ ਜਾ

(ਬਾਕੀ ਸਫਾ 6 'ਤੇ)


**REAL ESTATE & HOME LOANS**

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਤੋਂ ਮੁੜੇ ਘਰ ਖਰੀਦਣ ਲਈ ਕਾਲ ਕਰੋ।



- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।

ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਦੁਆਰਾ ਕੰਮ ਨਾ ਖਰਾਬ ਕਰ ਦੇਵੋ।

Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL Broker / Associate MBA · SFR · CDPE

Century 21 M&M and Associates

209.918.6464

SFR

ahundal@c21mm.com

605 Standiford Ave, Ste D · Modesto, CA 95350



Raja SWEETS & CATERING

AUTHORIZED CATERER FOR MAJOR 5-STAR HOTELS

Follow us on:

Toll Free 1-866-FOR-RAJA

www.rajasweets.com

msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food

Catering with Portable Tandoor for up to 10000 guests

Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine

Raja Indian Cuisine & Bar

Call Makhan Bains or Ravinder Singh For Your Next Party

1-866-FOR-RAJA (367-7252)

www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ

>ਫੈਮਿਲੀ ਲਾਅ

>ਬਿਜਨਸ ਲਾਅ



Manpreet S. Gahra
Attorny At Law

Criminal Defense (DUI, simple battery, domestic violence, immigration post-conviction relief)

Berkeley Office

2161 Shattuck Ave., 304, Berkeley

Ph:510-841-4582 Fax:510-217-6847

Sacramento Office

Call For Appointment

Ph:916-924-1617

Email: manpreet@gahralaw.com

# ਫੌਜੀ ਅਫਸਰਾਂ ਤੇ ਜਵਾਨਾਂ ਦੀਆਂ ਝੜਪਾਂ ਤੋਂ ਸਰਕਾਰ ਚਿੰਤਤ

**ਨਵੀਂ ਦਿੱਲੀ:** ਫੌਜ ਵਿਚ ਅਫਸਰਾਂ ਅਤੇ ਜਵਾਨਾਂ ਦੀਆਂ ਆਪਸੀ ਝੜਪਾਂ ਦੇ ਕੇਸ ਵਧਣ 'ਤੇ ਕੇਂਦਰ ਸਰਕਾਰ ਨੇ ਫੌਜ ਦੇ ਸਿਖਰਲੇ ਅਧਿਕਾਰੀਆਂ ਕੋਲ ਚਿੰਤਾ ਦਾ ਇਜ਼ਹਾਰ ਕੀਤਾ ਹੈ। ਬੀਤੇ 3 ਸਾਲਾਂ 'ਚ ਥਲ ਸੈਨਾ ਵਿਚ ਅਜਿਹੀਆਂ ਪੰਜ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ।

ਫੌਜ ਦੇ ਸਿਖਰਲੇ ਅਧਿਕਾਰੀਆਂ ਕੋਲ ਇਸ ਸਬੰਧੀ ਚਿੰਤਾ ਦਾ ਪ੍ਰਗਟਾਵਾ ਹਾਲ ਹੀ ਵਿਚ ਹੋਈ ਕੰਬਾਈਂਡ ਕਮਾਂਡਰਜ਼ ਕਾਨਫਰੰਸ ਦੌਰਾਨ ਕੀਤਾ ਗਿਆ ਜਿਸ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਸੰਬੋਧਨ ਕੀਤਾ। ਇਸ ਮੌਕੇ ਫੌਜ ਦੇ ਚੋਟੀ ਦੇ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਹੁਣ ਜਵਾਨਾਂ ਦਾ ਵਿਦਿਅਕ ਅਤੇ ਸਮਾਜਕ ਪਿਛੋਕੜ ਬਦਲ ਗਿਆ ਹੈ ਅਤੇ ਉਨ੍ਹਾਂ ਨਾਲ ਉਸੇ ਮੁਤਾਬਕ ਸਲੂਕ ਕੀਤਾ ਜਾਣਾ ਚਾਹੀਦਾ ਹੈ। ਅਫਸਰਾਂ ਨੂੰ ਜਵਾਨਾਂ ਨਾਲ ਸਿੱਝਣ ਬਾਰੇ ਆਧੁਨਿਕ ਲੋੜਾਂ ਮੁਤਾਬਕ ਜਾਗਰੂਕ ਕਰਨ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਗਿਆ। ਫੌਜ ਵਿਚ 2010 ਤੋਂ ਬਾਅਦ ਜਵਾਨਾਂ ਤੇ ਅਫਸਰਾਂ ਦਰਮਿਆਨ ਝੜਪਾਂ ਦੀਆਂ ਕਈ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਇਸ ਲੜੀ ਵਿਚ ਤਾਜ਼ਾ ਘਟਨਾ ਬੀਤੇ ਮਹੀਨੇ ਉੱਤਰ ਪ੍ਰਦੇਸ਼ ਵਿਚ ਮੇਰਠ ਵਿਖੇ ਫੌਜੀ ਯੂਨਿਟ ਵਿਚ ਮੁੱਕੇਬਾਜ਼ੀ ਦੇ ਮੈਚ ਦੌਰਾਨ ਵਾਪਰੀ

# ਪੰਜਾਬ ਟਾਈਮਜ਼

## ਵਿਗਿਆਪਕਾਂ ਦੇ ਧਿਆਨਯੋਗ

ਅਸੀਂ ਉਨ੍ਹਾਂ ਵਿਗਿਆਪਕਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਧਿਆਨ ਦਿਵਾਏ ਜਾਣ ਉਪਰੰਤ ਆਪਣੇ ਬਕਾਏ ਚੁਕਤਾ ਕਰ ਦਿੱਤੇ ਹਨ। ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕੁਝ ਅਜਿਹੇ ਵਿਗਿਆਪਕ ਵੀ ਹਨ ਜਿਨ੍ਹਾਂ ਨੇ ਸਾਡੀ ਬੇਨਤੀ ਵੱਲ ਉਕਾ ਹੀ ਕੋਈ ਧਿਆਨ ਨਹੀਂ ਦਿੱਤਾ। ਮਜਬੂਰੀਵੱਸ ਸਾਨੂੰ ਉਨ੍ਹਾਂ ਦੇ ਨਾਂ ਆਪਣੇ ਪਾਠਕਾਂ ਨਾਲ ਸਾਂਝੇ ਕਰਨੇ ਪੈ ਰਹੇ ਹਨ। ਸਭ ਤੋਂ ਵੱਧ ਦੁੱਖ ਗੁਰਦੁਆਰਾ ਸਟਾਕਟਨ, ਕੈਲੀਫੋਰਨੀਆ ਦੇ ਪ੍ਰਬੰਧਕਾਂ ਦੇ ਮਾਮਲੇ ਵਿਚ ਹੈ। ਹੇਠਾਂ ਅਜਿਹੇ ਹੀ ਕੁਝ ਵਿਗਿਆਪਕਾਂ ਦੇ ਨਾਂ ਦਿੱਤੇ ਜਾ ਰਹੇ ਹਨ:

1. ਪ੍ਰਬੰਧਕ, ਗੁਰਦੁਆਰਾ ਸਟਾਕਟਨ (ਬਕਾਇਆ 1150 ਡਾਲਰ, 2012)
2. ਜੋਬਨਜੀਤ ਸਿੰਘ ਬੌਬੀ-ਐਨ ਆਰ ਆਈ ਸਭਾ, ਅਮਰੀਕਾ (ਬਕਾਇਆ 950 ਡਾਲਰ, 2012)
3. ਬੌਬੀ ਜੌਹਲ-ਤਾਜ ਲਿਮੋਜ਼ੀਨ (ਬਕਾਇਆ 500 ਡਾਲਰ, 2012)

*-ਅਦਾਰਾ ਪੰਜਾਬ ਟਾਈਮਜ਼*

# ਪੰਜਾਬੀ ਬੋਲ ਸਕਣ 'ਤੇ ਮਾਣ ਹੈ ਸਪੈਨਿਸ਼ ਮੂਲ ਦੇ ਨਾਚੋ ਕਾਰਡੀਨਸ ਨੂੰ

**ਫਰਿਜ਼ਨੋ (ਬਿਊਰੋ):** ਜਦੋਂ ਤੁਸੀਂ ਕਦੇ ਸਪੈਨਿਸ਼ ਮੂਲ ਦੇ ਅਮੀਗੋ ਨਾਲ ਅੰਗਰੇਜ਼ੀ ਵਿਚ ਗੱਲ ਕਰੋ ਅਤੇ ਅੱਗੋਂ ਉਹ ਤੁਹਾਨੂੰ ਜੁਆਬ ਪੰਜਾਬੀ ਵਿਚ ਦੇਵੇ ਤਾਂ ਅਚੰਭਾ ਹੋਣਾ ਸੁਭਾਵਿਕ ਹੈ। ਅਜਿਹਾ ਹੀ ਕੁਝ ਵਾਪਰਦਾ ਹੈ ਜਦੋਂ ਕੋਈ ਪੰਜਾਬੀ ਮੈਕਸੀਕੋ ਵਿਚ ਜਨਮੇ 54 ਸਾਲਾ ਨਾਚੋ ਕਾਰਡੀਨਸ ਨਾਲ ਗੱਲ ਕਰਦਾ ਹੈ।

ਨਾਚੋ 18 ਸਾਲਾਂ ਦਾ ਸੀ ਜਦੋਂ ਉਹ ਮੈਕਸੀਕੋ ਤੋਂ ਅਮਰੀਕਾ ਆਇਆ ਅਤੇ ਇਥੇ ਕੈਲੀਫੋਰਨੀਆ ਦੀ ਸੌਗੀ ਪੈਕਿੰਗ ਕਰਨ ਵਾਲੀ



*ਕਿਵੇਂ ਐ ਬਈ...ਨਾਚੋ ਕਾਰਡੀਨਸ*

ਸਭ ਤੋਂ ਵੱਡੀ ਕੰਪਨੀ ਵਿਚ ਨੌਕਰੀ ਸ਼ੁਰੂ ਕੀਤੀ। 34 ਸਾਲ ਪਹਿਲਾਂ ਜਦੋਂ ਨਾਚੋ ਇਸ ਕੰਪਨੀ ਵਿਚ ਆਇਆ ਉਸ ਸਮੇਂ ਉਥੇ ਕੋਈ ਪੰਜਾਬੀ ਨਹੀਂ ਸੀ। ਜਿਉਂ ਜਿਉਂ ਕੰਪਨੀ ਦਾ ਕਾਰੋਬਾਰ ਵਧਦਾ ਗਿਆ, ਉਥੇ ਪੰਜਾਬੀ ਵੀ ਆਉਣ ਲੱਗੇ ਅਤੇ ਹੌਲੀ ਹੌਲੀ ਉਨ੍ਹਾਂ ਦੀ ਗਿਣਤੀ ਵੀ ਵਧਣ ਲੱਗੀ। ਇਥੋਂ ਹੀ ਸ਼ੁਰੂ ਹੋਇਆ ਨਾਚੋ ਦਾ ਪੰਜਾਬੀ ਸਿੱਖਣ ਦਾ ਅਭਿਆਸ। ਅੱਜ ਉਸ ਪਾਸ ਪੰਜਾਬੀ ਸ਼ਬਦਾਂ ਦਾ ਚੰਗਾ ਭੰਡਾਰ ਹੈ ਅਤੇ ਉਹ ਆਪਣੇ ਸਾਥੀਆਂ ਨਾਲ ਪੰਜਾਬੀ ਵਿਚ ਸੌਖਿਆਂ ਹੀ ਗੱਲ ਕਰ ਸਕਦਾ ਹੈ। ਪੰਜਾਬੀ ਬੋਲਣ ਦਾ ਆਪਣਾ ਲਹਿਜਾ ਸੁਧਾਰਨ ਵਿਚ ਉਸ ਦੇ ਸਾਥੀ ਪੰਜਾਬੀ ਵਰਕਰਾਂ ਨੇ ਉਸ ਦੀ ਮਦਦ ਕੀਤੀ। ਨਾਚੋ ਨੂੰ ਪੰਜਾਬੀ ਤੋਂ ਇਲਾਵਾ ਜਪਾਨੀ ਅਤੇ ਇਤਾਲਵੀ ਭਾਸ਼ਾਵਾਂ ਵਿਚ ਵੀ ਦਿਲਚਸਪੀ ਜਾਗੀ ਤਾਂ ਉਸ ਇਹ ਭਾਸ਼ਾਵਾਂ ਵੀ ਸਿੱਖੀਆਂ। ਅੱਜ ਉਸ ਨੂੰ ਇਹ ਭਾਸ਼ਾਵਾਂ ਸਿੱਖਣ ਉਤੇ ਮਾਣ ਹੈ।












# ਸੈਕਰਾਮੈਂਟੋ ਵਿਚ ਪਹਿਲਾ ਸਾਲਾਨਾ ਦੀਵਾਲੀ ਮੇਲਾ





## 7 ਦਸੰਬਰ 2013, ਸ਼ਾਮੀਂ 6 ਵਜੇ

**The Mirage:** 2159 El Camino Ave, Sacramento, CA 95821-5503

**Exciting Social event with Great Entertainment, Dinner, Dance, DJ.**

**Tickets: $30:00**
*(Includes Dinner and Full Host Bar)*
Children Under 12 Free
Tickets Advance Sales only
No sales at door

*For Tickets Contact:*
Amrik Parhar 916-502-0064
Guri Kang 916-960-8210


*Guri Kang*


*Ravinder Kahloan*


*Amrik Parhar*

**Distinguished Guests: (Confirmed)**


**Angelique Ashby**
Vice Mayor City Of Sacramento


**Dave Jones**
Ca. Insurance Commissioner


**Phil Serna**
Sacramento County Supervisor


**Rich Lozano**
Member, Board Of Directors CCSD


**Michelle Orrock**
Member, Board Of Directors CCSD


**Doug Ose**
Candidate: Congressional Dist. 7


**Anne Marie Schubert**
Candidate: Sacramento County DA

## ਸਪਾਂਸਰ

**SALE SALE SALE**
**THANKSGIVING &**
**BLACK FRIDAY SALE**
ONLY 28th & 29th NOV 2013 9:00AM TO 6:30 PM
You will be SURPRISED to see the price of gold jewelry
All 22k Gold Jewelry ON Sale Price !!!



ONLY $15 PREMIUM Only $11,299 ONLY $35 PREMIUM

**CHINNA JEWELLERS INC**
7454 STOCKTON BLVD SUITE-A
SACRAMENTO.CA.95823
PH:916-956-3094
Email:inderjit803643@gmail.com
www.chinnajewellersinc.com
Unbeatable Prices For 22K Gold Jewelry

**INTERNATIONAL®**
Used Truck Center (916) 372-7871
**NAVISTAR, INC.**
4505 WEST CAPITOL AVE
WEST SACRAMENTO, CA 95691


Dharminder
Ph: 530-870-6600

1. Guru Ravidas Temple
   6221 16th St., Rio Linda, CA 95673,
   Ph: 916-992-1710
2. Infinti of Roseville By Raja Singh
3. Kahlon Elegant Style 916-532 -0287
4. National Truck Driving School 916-502-7733
5. VK Global Realty 916-796-5759
6. Haryana American Association
7. Bains Insurance 916-496-6944
8. Garry & Garry Real Estate 916-296-1020
9. Boparai Bros 916-768-1175
10. Amrit Darbar Roseville-Kenny Virk 916-871-2504

## ORGANIZING COMMITTEE

Amrik S. Parhar, Dalvir Nijjar, Dharminder Singh, Guri Kang, Jaswinder Boparai, Kenny Virk, Parampreet Kahlon, Ravinder Kahlon.

# ਨੇਪਾਲ ਦੇ ਗੁਰਦੁਆਰਿਆਂ ਦੀ ਕਾਰ ਸੇਵਾ ਬਾਰੇ ਵਿਵਾਦ

## ਕੈਲੀਫੋਰਨੀਆ ਦੀ ਸੰਸਥਾ ਨੂੰ ਮਿਲੀ ਪ੍ਰਵਾਨਗੀ ਰੱਦ


ਜਥੇਦਾਰ ਗਿਆਨੀ ਗੁਰਬਚਨ ਸਿੰਘ


ਜਥੇਦਾਰ ਗਿਆਨੀ ਇਕਬਾਲ ਸਿੰਘ


ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ

**ਅੰਮ੍ਰਿਤਸਰ:** ਨੇਪਾਲ ਸਥਿਤ ਇਤਿਹਾਸਕ ਗੁਰਦੁਆਰਿਆਂ ਦੀ ਮੁਰੰਮਤ ਦੀ ਸੇਵਾ ਸਬੰਧੀ ਨਵਾਂ ਵਿਵਾਦ ਸ਼ੁਰੂ ਹੋ ਗਿਆ ਹੈ। ਗੁਰਪੁਰਬ ਮੌਕੇ ਗੁਰਦੁਆਰਾ ਗੁਰੂ ਨਾਨਕ ਮੱਠ ਪੁੱਜੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਨੇਪਾਲ ਦੇ ਗੁਰਦੁਆਰਿਆਂ ਦੀ ਕਾਰ ਸੇਵਾ ਬਾਰੇ ਸ੍ਰੀ ਗੁਰੂ ਨਾਨਕ ਸੇਵਾ ਸੁਸਾਇਟੀ ਇੰਟਰਨੈਸ਼ਨਲ ਨੂੰ ਮਿਲੀ ਪ੍ਰਵਾਨਗੀ ਰੱਦ ਕਰ ਦਿੱਤੀ ਹੈ। ਇਸ ਕਾਰਨ ਉਥੋਂ ਦੀ ਸੰਗਤ ਭੰਬਲਭੂਸੇ ਵਿਚ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਨੇਪਾਲ ਦੀ ਰਾਜਧਾਨੀ ਕਾਠਮੰਡੂ ਸਥਿਤ ਬਾਲਾਜੂ ਵਿਖੇ ਗੁਰਦੁਆਰਾ ਗੁਰੂ ਨਾਨਕ ਮੱਠ ਵਿਚ ਬੀਤੀ 17 ਨਵੰਬਰ ਨੂੰ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਨ੍ਹਾਂ ਸਮਾਗਮਾਂ ਵਿਚ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸ਼ਾਮਲ ਹੋਏ ਤੇ ਉਨ੍ਹਾਂ ਗੁਰਦੁਆਰਿਆਂ ਦੀ ਮੁਰੰਮਤ ਦੀ ਸੇਵਾ ਸਬੰਧੀ ਕੈਲੀਫੋਰਨੀਆ ਦੀ ਸਿੱਖ ਜਥੇਬੰਦੀ ਨੂੰ ਮਿਲੀ ਪ੍ਰਵਾਨਗੀ ਰੱਦ ਕਰ ਦਿੱਤੀ। ਗੁਰਦੁਆਰਾ ਗੁਰੂ ਨਾਨਕ ਮੱਠ ਦੇ ਮੈਂਬਰ ਭਾਗ ਸਿੰਘ ਅਨੁਸਾਰ ਕੈਲੀਫੋਰਨੀਆ ਦੀ ਸਿੱਖ ਜਥੇਬੰਦੀ ਸ੍ਰੀ ਗੁਰੂ ਨਾਨਕ ਸੇਵਾ ਸੁਸਾਇਟੀ ਇੰਟਰਨੈਸ਼ਨਲ ਨੂੰ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਆਪਣੇ ਸੇਵਾ ਕਾਲ ਸਮੇਂ 2006 ਵਿਚ ਨੇਪਾਲ ਦੇ ਗੁਰਦੁਆਰਿਆਂ ਦੀ ਮੁਰੰਮਤ ਦੀ ਸੇਵਾ ਲਈ ਪ੍ਰਵਾਨਗੀ ਦਿੱਤੀ ਗਈ ਸੀ। ਜਥੇਬੰਦੀ ਵੱਲੋਂ ਨੇਪਾਲ ਸਥਿਤ ਗੁਰਦੁਆਰਿਆਂ ਦੀ ਸਾਫ਼ ਸਫ਼ਾਈ, ਮੁਰੰਮਤ, ਰੰਗ ਰੋਗਨ ਦਾ ਕੰਮ ਕਰਵਾਇਆ ਜਾਂਦਾ ਹੈ ਤੇ ਹੁਣ ਵੀ ਥਾਪਤ ਅਲੀ ਸਥਿਤ ਗੁਰਦੁਆਰਾ ਸ੍ਰੀ ਚੰਦ ਦੇ ਅਖਾੜੇ ਵਿਖੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਗਿਆਨੀ ਇਕਬਾਲ ਸਿੰਘ ਵੱਲੋਂ ਇਸ ਜਥੇਬੰਦੀ ਨੂੰ ਮਿਲੀ ਸੇਵਾ ਰੱਦ ਕਰ ਦਿੱਤੀ ਗਈ ਹੈ। ਇਸ ਕਾਰਨ ਉਥੇ ਸਿੱਖ ਸੰਗਤ ਦੁਚਿੱਤੀ ਵਿਚ ਹੈ ਕਿ ਉਹ ਅਕਾਲ ਤਖ਼ਤ ਵੱਲੋਂ ਜਾਰੀ ਆਦੇਸ਼ ਮੰਨੇ ਜਾਂ ਫਿਰ ਪਟਨਾ ਸਾਹਿਬ ਦੇ ਜਥੇਦਾਰ ਦੇ ਆਦੇਸ਼ ਨੂੰ ਮੰਨੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਵੀ ਜਾਣੂ ਕਰਵਾਇਆ ਹੈ। ਗਿਆਨੀ ਇਕਬਾਲ ਸਿੰਘ ਦੇ ਫ਼ੈਸਲੇ ਨੂੰ ਸਿੱਖ ਸੰਗਤ ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਚੁਣੌਤੀ ਵਜੋਂ ਲੈ ਰਹੀ ਹੈ।

ਇਸ ਮਾਮਲੇ ਬਾਰੇ ਗਿਆਨੀ ਇਕਬਾਲ ਸਿੰਘ ਨੇ ਆਖਿਆ ਕਿ ਉਥੇ ਨੇਪਾਲ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਜਥੇਬੰਦੀ ਮੁਰੰਮਤ ਦੀ ਸੇਵਾ ਨਹੀਂ ਕਰ ਸਕਦੀ ਹੈ ਤੇ ਉਨ੍ਹਾਂ ਦੀ ਜਾਣਕਾਰੀ ਮੁਤਾਬਕ ਹੁਣ ਤੱਕ ਕਿਸੇ ਵੀ ਜਥੇਬੰਦੀ ਨੂੰ ਨੇਪਾਲ ਸਰਕਾਰ ਨੇ ਮੁਰੰਮਤ ਦਾ ਕੰਮ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਹੈ। ਉਨ੍ਹਾਂ ਆਖਿਆ ਕਿ ਜਦੋਂ ਸੇਵਾ ਦੀ ਪ੍ਰਵਾਨਗੀ ਸਰਕਾਰ ਨੇ ਦਿੱਤੀ ਹੀ ਨਹੀਂ ਹੈ ਤਾਂ ਫਿਰ ਸੇਵਾ ਕਿਵੇਂ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਇਹ ਗੁਰਦੁਆਰੇ ਤਖ਼ਤ ਪਟਨਾ ਸਾਹਿਬ ਦੇ ਪ੍ਰਬੰਧ ਹੇਠ ਆਉਂਦੇ ਹਨ ਤੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਇਨ੍ਹਾਂ ਗੁਰਦੁਆਰਿਆਂ ਦੀ ਕਾਰ ਸੇਵਾ ਦੀ ਪ੍ਰਵਾਨਗੀ ਦੇਣ ਸਮੇਂ ਉਨ੍ਹਾਂ ਨਾਲ ਕੋਈ ਤਾਲਮੇਲ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਜਦੋਂ ਨੇਪਾਲ ਦੀ ਸਰਕਾਰ ਵੱਲੋਂ ਪ੍ਰਵਾਨਗੀ ਮਿਲੇਗੀ ਤਾਂ ਇਸ ਸਬੰਧੀ ਤਖ਼ਤ ਪਟਨਾ ਸਾਹਿਬ ਵੱਲੋਂ ਵਿਚਾਰ ਵਟਾਂਦਰਾ ਕਰਕੇ ਨਵੇਂ ਸਿਰੇ ਤੋਂ ਸੇਵਾ ਸੌਂਪੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਰਬੱਤ ਦਾ ਭਲਾ ਟਰਸਟ ਦੇ ਮੁਖੀ ਐਸ.ਪੀ.ਐਸ. ਓਬਰਾਏ ਉਥੇ ਗੁਰਦੁਆਰਿਆਂ ਦੀ ਸੇਵਾ ਕਰਨ ਦੇ ਇਛੁੱਕ ਹਨ ਤੇ ਪ੍ਰਵਾਨਗੀ ਮਿਲਣ ਮਗਰੋਂ ਉਨ੍ਹਾਂ ਨੂੰ ਸੇਵਾ ਸੌਂਪੇ ਜਾਣ ਬਾਰੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਕੈਲੀਫੋਰਨੀਆ ਦੀ ਇਹ ਜਥੇਬੰਦੀ ਸੇਵਾ ਮਿਲਣ ਬਾਰੇ ਲੋੜੀਂਦੇ ਦਸਤਾਵੇਜ਼ ਪੇਸ਼ ਨਹੀਂ ਕਰ ਸਕੀ ਹੈ।

ਇਸ ਬਾਰੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਆਖਿਆ ਕਿ ਇਹ ਆਦੇਸ਼ ਉਨ੍ਹਾਂ ਨੇ ਆਪਣੇ ਕਾਰਜਕਾਲ ਸਮੇਂ ਬਤੌਰ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਦਿੱਤਾ ਸੀ ਜਿਸ ਨੂੰ ਰੱਦ ਕਰਨ ਦਾ ਗਿਆਨੀ ਇਕਬਾਲ ਸਿੰਘ ਕੋਲ ਕੋਈ ਹੱਕ ਨਹੀਂ ਹੈ। ਜੇਕਰ ਉਨ੍ਹਾਂ ਨੂੰ ਕੋਈ ਇਤਰਾਜ਼ ਸੀ ਤਾਂ ਉਹ ਇਸ ਮਾਮਲੇ ਨੂੰ ਜਨਤਕ ਕਰਨ ਤੋਂ ਪਹਿਲਾਂ ਗੱਲਬਾਤ ਕਰਦੇ। ਉਨ੍ਹਾਂ ਇਸ ਕਾਰਵਾਈ ਨੂੰ ਬੇਲੋੜੀ ਦਖਲਅੰਦਾਜ਼ੀ ਕਰਾਰ ਦਿੱਤਾ ਤੇ ਇਸ ਦਲੀਲ ਨੂੰ ਰੱਦ ਕੀਤਾ ਕਿ ਇਹ ਅਕਾਲ ਤਖ਼ਤ ਦੇ ਅਧਿਕਾਰ ਖੇਤਰ ਹੇਠ ਨਹੀਂ ਆਉਂਦਾ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਨੂੰ ਸਮੁੱਚੀ ਸਿੱਖ ਕੌਮ ਵੱਲੋਂ ਮਾਨਤਾ ਪ੍ਰਾਪਤ ਹੈ ਤੇ ਸਮੁੱਚਾ ਵਿਸ਼ਵ ਹੀ ਇਸ ਦਾ ਅਧਿਕਾਰ ਖੇਤਰ ਹੈ।

ਗੁਰੂ ਨਾਨਕ ਸੇਵਾ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਇਸ ਮਾਮਲੇ ਨੂੰ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਕੋਲ ਉਭਾਰੇ ਜਾਣ ਦੀ ਸੰਭਾਵਨਾ ਹੈ। ਜਥੇਬੰਦੀ ਦੇ ਆਗੂ ਦਰਸ਼ਨ ਸਿੰਘ ਮਾਨ ਨੇ ਜਾਰੀ ਬਿਆਨ ਵਿਚ ਦੱਸਿਆ ਕਿ ਗੁਰਦੁਆਰਿਆਂ ਦੀ ਸੇਵਾ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਰਜਿੰਦਰ ਸਿੰਘ ਮਹਿਤਾ ਨੂੰ ਅਮਰੀਕਾ ਦੌਰੇ ਦੌਰਾਨ ਜਾਣੂ ਕਰਵਾ ਚੁੱਕੇ ਹਨ, ਜਿਨ੍ਹਾਂ ਨੇ ਇਸ ਮਾਮਲੇ ਵਿਚ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਸੀ। ਇਸ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਸੰਪਰਕ ਨਹੀਂ ਹੋ ਸਕਿਆ।

ਨੇਪਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਦੀ ਤੀਜੀ ਉਦਾਸੀ ਨਾਲ ਸਬੰਧਤ ਚਾਰ ਗੁਰਦੁਆਰੇ ਹਨ ਜਿਨ੍ਹਾਂ ਵਿਚ ਪ੍ਰਮੁੱਖ ਗੁਰਦੁਆਰਾ ਨਾਨਕ ਮੱਠ ਹੈ। ਇਕ ਗੁਰਦੁਆਰਾ ਉਨ੍ਹਾਂ ਦੇ ਪੁੱਤਰ ਬਾਬਾ ਸ੍ਰੀ ਚੰਦ ਨਾਲ ਸਬੰਧਤ ਹੈ। ਬਾਕੀ ਦੋ ਗੁਰਦੁਆਰਿਆਂ ਵਿਚ ਗੁਰਦੁਆਰਾ ਗਿਆਨ ਏਸ਼ਵਰ ਤੇ ਰਮੇਸ਼ਵਰ ਅਖਾੜਾ ਸ਼ਾਮਲ ਹਨ।

# ਪੰਜਾਬ ਕਾਂਗਰਸ ਵਿਚਲੀ ਧੜੇਬੰਦੀ ਨੂੰ ਠੱਲ੍ਹਣ ਦੀ ਕਵਾਇਦ

**ਨਵੀਂ ਦਿੱਲੀ:** ਕਾਂਗਰਸ ਵੱਲੋਂ ਪਾਰਟੀ ਦੀ ਪੰਜਾਬ ਇਕਾਈ ਦੇ ਮੁੜ ਗਠਨ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ ਤਾਂ ਕਿ ਧੜਿਆਂ ਵਿਚ ਵੰਡੀ ਪੰਜਾਬ ਕਾਂਗਰਸ ਦੀ ਹਾਲਤ ਸੁਧਾਰੀ ਜਾ ਸਕੇ। ਦੱਸਿਆ ਜਾਂਦਾ ਹੈ ਕਿ ਪਾਰਟੀ ਦੇ ਸੂਬਾਈ ਅਹੁਦੇਦਾਰਾਂ ਦੀ ਨਵੀਂ ਸੂਚੀ ਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਪਹਿਲਾਂ ਹੀ ਮਨਜ਼ੂਰੀ ਦੇ ਦਿੱਤੀ ਹੈ ਤੇ ਰਾਜਸਥਾਨ ਚੋਣਾਂ ਤੋਂ ਬਾਅਦ ਅਹੁਦੇਦਾਰਾਂ ਦਾ ਐਲਾਨ ਕੀਤਾ ਜਾ ਸਕਦਾ ਹੈ।

ਸੂਚੀ ਵਿਚ ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨਾਂ, ਜਨਰਲ ਸਕੱਤਰਾਂ, ਸਕੱਤਰਾਂ ਤੇ ਹੋਰ ਅਹੁਦੇਦਾਰਾਂ ਦੇ ਨਾਂ ਸ਼ਾਮਲ ਦੱਸੇ ਜਾਂਦੇ ਹਨ। ਸੂਤਰਾਂ ਮੁਤਾਬਕ ਹਾਈ ਕਮਾਂਡ ਨੇ ਪੰਜਾਬ ਕਾਂਗਰਸ ਦੇ ਵੱਖ-ਵੱਖ ਧੜਿਆਂ ਦੇ ਆਗੂਆਂ ਤੋਂ ਅਹੁਦੇਦਾਰਾਂ ਲਈ ਤਰਜੀਹ ਦੇ ਆਧਾਰ ਉਤੇ ਨਾਂ ਮੰਗੇ ਸਨ। ਇਸ ਪ੍ਰਕਿਰਿਆ ਨਾਲ ਜੁੜੇ ਆਗੂ ਨੇ ਦੱਸਿਆ ਕਿ ਇਸ ਪਿੱਛੋਂ ਇਨ੍ਹਾਂ ਨਾਵਾਂ ਉਤੇ ਵੱਡੇ ਪੱਧਰ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਮਹਿਜ਼ ਆਗੂਆਂ ਹੀ ਨਹੀਂ ਸਗੋਂ ਹੇਠਲੇ ਪੱਧਰ ਤੱਕ ਦੇ ਕਾਰਕੁਨਾਂ ਤੋਂ ਵੀ ਇਸ ਬਾਰੇ ਸਲਾਹ ਲਈ ਗਈ। ਇਸ ਸੂਚੀ ਨੂੰ ਇਸ ਤੱਥ ਲਈ ਯਾਦ ਰੱਖਿਆ ਜਾਵੇਗਾ ਕਿ ਇਸ ਵਿਚ ਉਨ੍ਹਾਂ ਸੱਚੇ ਵਰਕਰਾਂ ਨੂੰ ਵੀ ਥਾਂ ਮਿਲ ਸਕਦੀ ਹੈ ਜਿਨ੍ਹਾਂ ਨੂੰ ਪਾਰਟੀ ਦੇ ਕਿਸੇ ਵੱਡੇ ਆਗੂ ਦਾ ਆਸ਼ੀਰਵਾਦ ਨਾ ਹਾਸਲ ਹੋਵੇ। ਪਾਰਟੀ ਦੇ ਮੀਤ ਪ੍ਰਧਾਨ ਸ੍ਰੀ ਗਾਂਧੀ ਨੇ ਤਿੰਨ ਮਾਸਿਕ ਜਾਇਜ਼ਾ ਮੀਟਿੰਗਾਂ ਵਿਚ ਸੂਬਾਈ ਆਗੂਆਂ ਨੂੰ ਸਾਫ ਸੁਨੇਹਾ ਦਿੱਤਾ ਸੀ ਕਿ ਨੌਜਵਾਨ ਤੇ ਕੰਮ ਕਰਨ ਦੇ ਸਮਰੱਥ ਵਰਕਰਾਂ ਨੂੰ ਪੰਜਾਬ ਕਾਂਗਰਸ ਕਮੇਟੀ (ਪੀ.ਪੀ.ਸੀ.ਸੀ.) ਵਿਚ ਜ਼ਰੂਰ ਥਾਂ ਦਿੱਤੀ ਜਾਵੇ। ਇਸ ਤੋਂ ਸਾਫ ਹੈ ਕਿ ਹਾਈ ਕਮਾਂਡ ਕੰਮ ਕਰਨ ਵਾਲੇ ਵਰਕਰਾਂ ਨੂੰ ਤਰਜੀਹ ਦੇਣੀ ਚਾਹੁੰਦੀ ਹੈ। ਪਾਰਟੀ ਸੂਤਰਾਂ ਮੁਤਾਬਕ ਚੋਟੀ ਦੇ ਸੂਬਾਈ ਆਗੂਆਂ ਨੇ ਆਪਣੀਆਂ ਸੂਚੀਆਂ ਭੇਜੀਆਂ ਹਨ ਪਰ ਹਾਈ ਕਮਾਂਡ ਵੱਲੋਂ ਪੀ.ਪੀ.ਸੀ.ਸੀ. ਰਾਹੀਂ ਇਹ ਸੁਨੇਹਾ ਦਿੱਤਾ ਜਾਵੇਗਾ ਕਿ ਹਾਈ ਕਮਾਂਡ ਵੀ ਕੰਮ ਕਰਨ ਵਾਲੇ ਵਰਕਰਾਂ ਬਾਰੇ ਆਪਣੇ ਪੱਧਰ 'ਤੇ ਜਾਣਕਾਰੀ ਰੱਖਦੀ ਹੈ। ਕਮੇਟੀ ਦੀ ਸੂਚੀ ਜ਼ਰੂਰ ਹੈਰਾਨ ਕਰਨ ਵਾਲੀ ਹੋਵੇਗੀ ਤੇ ਨੌਜਵਾਨਾਂ ਨੂੰ ਇਸ ਵਿਚ ਫਾਇਦਾ ਹੋਵੇਗਾ। ਕਾਂਗਰਸ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਵੀ ਮੰਨਿਆ ਕਿ ਸੂਚੀ ਨੂੰ ਹਾਈ ਕਮਾਂਡ ਨੇ ਹਰੀ ਝੰਡੀ ਦਿਖਾ ਦਿੱਤੀ ਹੈ ਤੇ ਹੁਣ ਬਾਕੀ ਕੰਮ ਜਨਰਲ ਸਕੱਤਰਾਂ ਤੇ ਸਕੱਤਰਾਂ ਦੇ ਪੱਧਰ ਉਤੇ ਹੋਣਾ ਹੈ।

### ਹਾਈ ਕਮਾਂਡ ਵੱਲੋਂ ਅਹੁਦੇਦਾਰਾਂ ਦੀ ਸੂਚੀ ਤਿਆਰ

ਗ਼ੌਰਤਲਬ ਹੈ ਕਿ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਪੰਜਾਬ ਸਬੰਧੀ ਇੰਚਾਰਜ ਹਰੀਸ਼ ਚੌਧਰੀ ਰਾਜਸਥਾਨ ਨਾਲ ਸਬੰਧਤ ਹਨ ਤੇ ਇਸ ਵੇਲੇ ਉਥੇ ਵਿਧਾਨ ਸਭਾ ਚੋਣਾਂ ਵਿਚ ਮਸਰੂਫ਼ ਹਨ। ਇਸ ਕਾਰਨ ਸੂਬੇ ਵਿਚ ਚੋਣਾਂ ਦਾ ਕੰਮ 29 ਨਵੰਬਰ ਨੂੰ ਪੂਰਾ ਹੋਣ ਪਿੱਛੋਂ ਹੀ ਸੂਚੀ ਦਾ ਐਲਾਨ ਹੋਣ ਦੇ ਆਸਾਰ ਹਨ। ਉਂਜ ਇਹ ਸੂਚੀ ਬੀਤੇ ਪੰਜ ਮਾਰਚ ਤੋਂ ਲਟਕ ਰਹੀ ਹੈ ਜਦੋਂ ਗੁਰਦਾਸਪੁਰ ਤੋਂ ਐਮ.ਪੀ. ਪ੍ਰਤਾਪ ਸਿੰਘ ਬਾਜਵਾ ਨੂੰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ ਸੀ।

# ਪੰਜਾਬ ਵਿਜੀਲੈਂਸ ਨੇ ਭ੍ਰਿਸ਼ਟਾਚਾਰ ਖਿਲਾਫ ਵਿੱਢੀ ਮੁਹਿੰਮ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਸ਼ਾਮਲ ਕਰਮਚਾਰੀਆਂ ਦੀ ਅਸਿੱਧੀ 'ਹਮਾਇਤ' ਕਰਨ ਵਾਲੇ ਆਈ.ਏ.ਐਸ. ਅਧਿਕਾਰੀਆਂ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ। ਬਿਊਰੋ ਨੇ ਰਿਸ਼ਵਤਖੋਰੀ ਦੇ ਦੋਸ਼ ਵਿਚ ਫੜੇ ਪਟਵਾਰੀ ਨੂੰ ਕਲੀਨ ਚਿੱਟ ਦੇਣ ਦੇ ਮਾਮਲੇ ਵਿਚ ਬਠਿੰਡਾ ਦੇ ਡੀ.ਸੀ. ਕਮਲ ਕਿਸ਼ੋਰ ਯਾਦਵ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਮੋਗਾ ਦੇ ਡੀ.ਸੀ. ਨੂੰ ਵੀ ਇਸੇ ਤਰ੍ਹਾਂ ਸਰਕਾਰੀ ਹਦਾਇਤ ਦੀ ਉਲੰਘਣਾ ਕਰਨ ਦੇ ਦੋਸ਼ਾਂ ਕਾਰਨ ਤਾੜਨਾ ਕੀਤੀ ਗਈ ਸੀ।

ਵਿਜੀਲੈਂਸ ਅਨੁਸਾਰ ਆਈ.ਏ.ਐਸ. ਅਫਸਰਾਂ ਖਾਸ ਕਰ ਡੀ.ਸੀ. ਦੇ ਅਹੁਦਿਆਂ 'ਤੇ ਨਿਯੁਕਤ ਅਫਸਰਾਂ ਵੱਲੋਂ ਵਿਜੀਲੈਂਸ ਦੇ ਕੇਸਾਂ ਨੂੰ ਕਮਜ਼ੋਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਵਿਜੀਲੈਂਸ ਵੱਲੋਂ ਗ੍ਰਿਫਤਾਰ ਕਰਮਚਾਰੀਆਂ ਨੂੰ ਬਚਾਉਣ ਲਈ ਵੱਖਰੀ ਜਾਂਚ ਖੋਲ੍ਹ ਦਿੱਤੀ ਜਾਂਦੀ ਹੈ। ਵਿਜੀਲੈਂਸ ਦੇ ਮੁੱਖ ਡਾਇਰੈਕਟਰ ਸੁਰੇਸ਼ ਅਰੋੜਾ ਨੇ ਮੁੱਖ ਸਕੱਤਰ


ਸੁਰੇਸ਼ ਅਰੋੜਾ

ਰਾਕੇਸ਼ ਸਿੰਘ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਬਠਿੰਡਾ ਦੇ ਡੀ.ਸੀ. ਨੇ ਭ੍ਰਿਸ਼ਟਾਚਾਰ ਦੇ ਕੇਸ ਵਿਚ ਫਸੇ ਪਟਵਾਰੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਡੀ.ਸੀ. ਕਮਲ ਕਿਸ਼ੋਰ ਯਾਦਵ ਨੇ ਸਰਕਾਰ ਦੀਆਂ ਉਨ੍ਹਾਂ ਹਦਾਇਤਾਂ ਦੀ ਉਲੰਘਣਾ ਕੀਤੀ ਹੈ ਜਿਨ੍ਹਾਂ ਵਿਚ ਸਮੂਹ ਅਫਸਰਾਂ ਨੂੰ ਸਪਸ਼ਟ ਕੀਤਾ ਗਿਆ ਹੈ ਕਿ ਭ੍ਰਿਸ਼ਟਾਚਾਰ ਦੇ ਕਿਸੇ ਵੀ ਕੇਸ ਵਿਚ ਆਈ.ਏ.ਐਸ. ਅਧਿਕਾਰੀ ਵਿਜੀਲੈਂਸ ਦੀ ਜਾਂਚ ਦੇ ਬਰਾਬਰ ਪੜਤਾਲ ਨਹੀਂ ਕਰ ਸਕਦੇ। ਸਿਵਲ ਦੇ ਅਧਿਕਾਰੀਆਂ ਵੱਲੋਂ ਕੀਤੀ ਜਾਂਦੀ ਇਸ ਤਰ੍ਹਾਂ ਦੀ ਕਾਰਵਾਈ ਭ੍ਰਿਸ਼ਟਾਚਾਰੀਆਂ ਨੂੰ ਬਚਾਉਣ ਦਾ ਰਾਹ ਬਣਦੀ ਹੈ।

ਸਕੱਤਰ (ਪ੍ਰਸੋਨਲ) ਅਨਿਰੁਧ ਤਿਵਾੜੀ ਨੇ ਵਿਜੀਲੈਂਸ ਮੁਖੀ ਵੱਲੋਂ ਮੁੱਖ ਸਕੱਤਰ ਨੂੰ ਲਿਖੇ ਪੱਤਰ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਬਠਿੰਡਾ ਦੇ ਡੀ.ਸੀ. ਦਾ ਇਹ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ। ਪਤਾ ਲੱਗਾ ਹੈ ਕਿ ਵਿਜੀਲੈਂਸ ਬਿਊਰੋ ਵੱਲੋਂ ਲਿਖੇ ਪੱਤਰ ਤੋਂ ਬਾਅਦ ਮੋਗਾ ਦੇ ਡੀ.ਸੀ. ਨੂੰ ਵੀ ਸਰਕਾਰ ਵੱਲੋਂ ਤਾੜਨਾ ਕੀਤੀ ਜਾ ਚੁੱਕੀ ਹੈ। ਪੰਜਾਬ ਵਿਜੀਲੈਂਸ ਬਿਊਰੋ ਦਾ ਦਾਅਵਾ ਹੈ ਕਿ ਬਠਿੰਡਾ ਦੇ ਡੀ.ਸੀ. ਵੱਲੋਂ ਜਿਸ ਪਟਵਾਰੀ ਨੂੰ ਬਚਾਉਣ ਦਾ ਯਤਨ ਕੀਤਾ ਹੈ, ਇਹ ਕੇਸ ਭ੍ਰਿਸ਼ਟਾਚਾਰ ਦਾ ਠੋਸ ਕੇਸ ਹੈ ਅਤੇ ਜਾਂਚ ਏਜੰਸੀ ਇਸ ਮਾਮਲੇ ਦੀ ਤਹਿ ਤੱਕ ਗਈ ਸੀ।

# ਕੈਦੀ 'ਕਾਤਲਾਂ' ਉਤੇ ਪੰਜਾਬ ਸਰਕਾਰ ਹੋਈ ਮਿਹਰਬਾਨ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਅੰਦਰ ਕਤਲ ਕੇਸਾਂ ਵਿਚ ਉਮਰ ਕੈਦ ਭੋਗ ਰਹੇ ਕੈਦੀਆਂ ਨੂੰ ਪੰਜਾਬ ਸਰਕਾਰ ਰਹਿਮਦਿਲੀ ਖ਼ਾਸੀ ਰਾਸ ਆ ਰਹੀ ਹੈ। ਇਨ੍ਹਾਂ ਦੋ ਸਾਲਾਂ ਦੌਰਾਨ ਹੀ ਰਾਜ ਦੀਆਂ ਤਿੰਨ ਪ੍ਰਮੁੱਖ ਜੇਲ੍ਹਾਂ ਵਿਚਲੇ ਤਿੰਨ ਦਰਜਨ ਤੋਂ ਵੀ ਵੱਧ ਅਜਿਹੇ ਕੈਦੀ ਆਪਣੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਆਜ਼ਾਦ ਹੋ ਚੁੱਕੇ ਹਨ। ਹਾਲਾਂਕਿ ਉਨ੍ਹਾਂ ਵੱਲੋਂ ਰਿਹਾਅ ਹੋਣ ਤੱਕ ਭੁਗਤੀ ਜਾ ਚੁੱਕੀ ਸਜ਼ਾ ਤੇ ਉਨ੍ਹਾਂ ਵੱਲੋਂ ਦਿੱਤੇ ਗਏ ਆਪਣੇ ਪਰਿਵਾਰਕ ਤੇ ਸਮਾਜਕ ਹਾਲਾਤ ਦੇ ਵਾਸਤਿਆਂ 'ਤੇ ਗੌਰ ਕਰਦੇ ਹੋਏ ਭਾਰਤੀ ਸੰਵਿਧਾਨ ਦੇ ਆਰਟੀਕਲ 161 ਤਹਿਤ ਇਹ ਖ਼ਿਮਾ ਬਖ਼ਸ਼ੀ ਗਈ ਹੈ। ਇਹ ਗੱਲ ਵੱਖਰੀ ਹੈ ਕਿ ਇਸ ਬਾਬਤ ਕੈਦੀਆਂ ਵੱਲੋਂ ਦਿੱਤੇ ਹਵਾਲੇ ਹੀ ਆਪਾ-ਵਿਰੋਧੀ ਹੋਣ ਵਜੋਂ ਨਿਰੇ-ਪੂਰੇ 'ਬਹਾਨੇ' ਤੇ ਸਧਾਰਨ ਪੱਧਰ ਦੇ ਹਵਾਲੇ ਹੀ ਸਾਬਤ ਹੋਏ ਹਨ ਜਿਸ ਕਾਰਨ ਕਤਲ ਕੇਸਾਂ ਦੇ ਕੈਦੀਆਂ ਦੀਆਂ ਇਹ ਅਗੇਤੀ ਰਿਹਾਈਆਂ (ਪ੍ਰੀਮੈਚਿਉਰ ਰਿਲੀਜ਼) ਸੁਪਰੀਮ ਕੋਰਟ ਵੱਲੋਂ ਇਸੇ ਪ੍ਰਸੰਗ ਵਿਚ ਹਾਲੇ ਬੀਤੀ 27 ਸਤੰਬਰ ਨੂੰ ਸੁਣਾਏ ਫ਼ੈਸਲੇ ਨੂੰ ਸ਼ਰੇਆਮ ਠਿੱਠ ਕਰ ਰਹੀਆਂ ਹਨ। ਸਰਵਉੱਚ ਅਦਾਲਤ ਵੱਲੋਂ ਕਤਲ ਦੇ ਦੋਸ਼ਾਂ ਨੂੰ ਲੈ ਕੇ ਅਜਿਹੇ ਕੇਸਾਂ ਵਿਚ ਉਮਰ ਕੈਦ ਦੇ ਇਕ ਘੱਟ ਤੋਂ ਘੱਟ ਸਜ਼ਾ ਹੋਣ ਦਾ ਸੰਵਿਧਾਨਕ ਹਵਾਲਾ ਲੈਂਦੇ ਹੋਏ ਸਾਲ 2006 ਦੇ 'ਰਾਜਸਥਾਨ ਸਰਕਾਰ ਬਨਾਮ ਜਮੀਲ ਖ਼ਾਨ' ਨਾਮੀ ਕੇਸ (ਨੰਬਰ ਸੀ.ਏ.-659) ਆਪਣੇ ਫ਼ੈਸਲੇ ਵਿਚ ਸਪਸ਼ਟ ਕਿਹਾ ਹੈ ਕਿ ਸੀ.ਆਰ.ਪੀ.ਸੀ. ਦੀ ਧਾਰਾ 433-ਏ ਤਹਿਤ ਕਤਲ ਕੇਸਾਂ ਵਿਚ ਹੋਣ ਵਾਲੀ 14 ਸਾਲਾ ਅਸਲ ਉਮਰ ਕੈਦ ਦੇ ਕੈਦੀ ਨੂੰ ਸਜ਼ਾ ਵਿਚ ਖਿਮਾ ਜਾਂ ਵੱਟਾ ਦੇ ਕੇ ਅਗੇਤੀ ਰਿਹਾਈ ਬਖ਼ਸ਼ਣਾ ਸਜ਼ਾ ਸੁਣਾਏ ਜਾਣ ਦੀ ਕਾਨੂੰਨੀ ਭਾਵਨਾ ਨਾਲ ਮਜ਼ਾਕ ਹੈ। ਇਸ ਦੇ ਬਾਵਜੂਦ ਇਨ੍ਹਾਂ ਕੁਝ ਮਹੀਨਿਆਂ ਦੌਰਾਨ ਹੀ ਪੰਜਾਬ ਵਿਚਲੀਆਂ ਬਠਿੰਡਾ, ਲੁਧਿਆਣਾ ਤੇ ਪਟਿਆਲਾ ਕੇਂਦਰੀ ਜੇਲ੍ਹਾਂ ਵਿਚੋਂ ਵੱਡੀ ਗਿਣਤੀ ਕਤਲ ਕੇਸਾਂ ਵਿਚ ਸਜ਼ਾਯਾਫ਼ਤਾ ਕੈਦੀਆਂ ਨੂੰ ਅਗੇਤੀ ਰਿਹਾਈ ਬਖ਼ਸ਼ੀ ਜਾਣੀ ਸੰਵਿਧਾਨਕ ਪ੍ਰਾਵਧਾਨਾਂ ਦੀ ਦੁਰਵਰਤੋਂ ਦੀ ਮਸਾਲ ਸਾਬਤ ਹੋ ਰਹੀ ਹੈ। ਕੇਂਦਰੀ ਜੇਲ੍ਹ ਬਠਿੰਡਾ ਵਿਚੋਂ ਅੱਠ ਅਗਸਤ ਨੂੰ ਅਗੇਤੀ ਰਿਹਾਈ ਹਾਸਲ ਕਰਨ ਵਾਲਾ ਮੁਖ਼ਤਿਆਰ ਸਿੰਘ ਨਾਮੀ ਕਤਲ ਕੈਦੀ ਆਪਣੇ ਖਿਮਾ ਪੱਤਰ ਵਿਚ ਇਕ ਪਾਸੇ ਤਾਂ ਕਹਿ ਰਿਹਾ ਹੈ ਕਿ ਉਸ ਦੇ ਪਰਿਵਾਰ ਵਿਚ ਉਸ ਦੇ ਬੁੱਢੇ ਮਾਪਿਆਂ ਦੀ ਦੇਖਭਾਲ ਕਰਨ ਵਾਲਾ ਕੋਈ ਮੈਂਬਰ ਨਹੀਂ ਪਰ ਦੂਜੇ ਪਾਸੇ ਇਸੇ ਪੈਰ੍ਹੇ ਵਿਚ ਆਪਣੇ ਦੋ ਪੁੱਤਰ ਹੋਣ ਦਾ ਵੀ ਦਾਅਵਾ ਕਰ ਰਿਹਾ ਹੈ।

### ਤਿੰਨ ਦਰਜਨ ਤੋਂ ਵੱਧ ਕੈਦੀ ਕੀਤੇ ਰਿਹਾਅ



ਇਸੇ ਤਰ੍ਹਾ ਬਠਿੰਡਾ ਜੇਲ੍ਹ ਵਿਚੋਂ ਹੀ 28 ਮਈ ਨੂੰ ਅਗੇਤੀ ਰਿਹਾਈ ਹਾਸਲ ਕਰਨ ਵਾਲਾ ਗੁਰਜੰਟ ਸਿੰਘ ਨਾਮੀ ਕਤਲ ਕੈਦੀ ਵੀ ਆਪਣੇ ਖਿਮਾ ਪੱਤਰ ਵਿਚ ਇਕ ਪਾਸੇ ਆਪਣੇ ਪਰਿਵਾਰ ਵਿਚ ਖੇਤੀਬਾੜੀ ਸਾਂਭਣ ਵਾਲਾ ਕੋਈ ਨਾ ਹੋਣ ਦਾ ਦਾਅਵਾ ਕਰ ਰਿਹਾ ਹੈ ਪਰ ਨਾਲ ਹੀ ਇਸੇ ਬਿਆਨ ਤਹਿਤ ਆਪਣਾ ਇਕ ਪੁੱਤਰ ਹੋਣ ਦਾ ਵੀ ਹਵਾਲਾ ਦੇ ਰਿਹਾ ਹੈ। ਇਸੇ ਜੇਲ੍ਹ ਦਾ ਗੁਰਪਾਲ ਸਿੰਘ ਨਾਮੀ ਕਤਲ ਕੈਦੀ ਇਕ ਪਾਸੇ ਆਪਣੇ ਪਰਿਵਾਰ ਦੀ ਸਾਂਭ ਸੰਭਾਲ ਲਈ ਕਿਸੇ ਮਰਦ ਮੈਂਬਰ ਨਾ ਹੋਣ ਦੀ ਅਰਜੋਈ ਕਰ ਰਿਹਾ ਹੈ ਪਰ ਨਾਲ ਹੀ ਆਪਣੇ ਦੋ ਪੁੱਤਰ ਹੋਣ ਦੀ ਵੀ ਗੱਲ ਕਰਦਾ ਹੈ।

ਪਿਛਲੇ ਸਾਲ 16 ਨਵੰਬਰ ਨੂੰ ਅਗੇਤੀ ਰਿਹਾਈ ਪ੍ਰਾਪਤ ਕਰਨ ਵਾਲਾ ਬਲਦੇਵ ਸਿੰਘ ਇਕ ਪਾਸੇ ਕਹਿੰਦਾ ਹੈ ਕਿ ਉਸ ਦੇ ਦੋ ਪੁੱਤਰ ਤੇ ਦੋ ਧੀਆਂ ਵਿਆਹਯੋਗ ਹੋ ਚੁੱਕੇ ਹਨ, ਦੂਜੇ ਪਾਸੇ ਉਹ ਹਾਲੇ ਵੀ ਘਰ ਨੂੰ ਸਾਂਭਣ ਵਾਲਾ ਕੋਈ ਮਰਦ ਮੈਂਬਰ ਨਾ ਹੋਣ ਦਾ ਦਾਅਵਾ ਕਰ ਰਿਹਾ ਹੈ। ਇਸ ਤਰ੍ਹਾਂ ਦੇ ਹੋਰ ਵੀ ਮਾਮਲੇ ਸਾਹਮਣੇ ਆਏ ਹਨ। ਇਸ ਨੁਕਤੇ ਦਾ ਇਕ ਹੋਰ ਦਿਲਚਸਪ ਪਹਿਲੂ ਇਹ ਹੈ ਕਿ ਕਤਲ ਕੇਸਾਂ ਵਿਚ ਉਮਰ ਕੈਦ ਦੇ ਸਜ਼ਾਯਾਫ਼ਤਾ ਰਿਹਾਅ ਹੋਣ ਵਾਲੇ ਬਠਿੰਡਾ ਜੇਲ੍ਹ ਵਿਚੋਂ 17, ਲੁਧਿਆਣਾ ਜੇਲ੍ਹ ਵਿਚੋਂ 20 ਤੇ ਪਟਿਆਲਾ ਜੇਲ੍ਹ ਵਿਚੋਂ 10 ਵਿਚੋਂ ਚਾਰਾਂ ਨੂੰ ਛੱਡ ਕੇ ਬਾਕੀਆਂ ਨੂੰ ਅਗੇਤੀ ਰਿਹਾਈ ਨਸੀਬ ਹੋਈ ਹੈ ਤੇ ਇਸ ਦਾ ਆਧਾਰ ਬਹੁਤਿਆਂ ਵੱਲੋਂ ਆਪਣੇ ਘਰ-ਜਾਇਦਾਦ ਦੀ ਸਾਂਭ-ਸੰਭਾਲ ਲਈ ਪਰਿਵਾਰ ਵਿਚ ਕਿਸੇ ਮਰਦ ਮੈਂਬਰ ਦਾ ਨਾ ਹੋਣਾ ਕਹੇ ਜਾਣ ਜਿਹੇ 'ਸਧਾਰਨ ਤੇ ਆਮ' ਦੇ ਕਾਰਨਾਂ ਨੂੰ ਬਣਾਇਆ ਗਿਆ ਹੈ।

## ਮਹਾਰਾਜਾ ਭੁਪਿੰਦਰ ਸਿੰਘ ਦੀਆਂ ਦੋ ਸ਼ਾਟਗੰਨਾਂ ਹੋਣਗੀਆਂ ਨਿਲਾਮ

**ਪਟਿਆਲਾ:** ਇਕ ਸਮੇਂ ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਵਡਮੁੱਲੀ ਜਾਇਦਾਦ ਮੰਨੀਆਂ ਜਾਂਦੀਆਂ ਪਟਿਆਲਾ 16 ਜੀਜ਼ (16 ਸ਼ਾਟਗੰਨਾਂ) ਹੁਣ ਗੁੰਮਨਾਮੀ ਦੀ ਗਰਤ ਵਿਚੋਂ ਬਾਹਰ ਆ ਗਈਆਂ ਹਨ। ਇਨ੍ਹਾਂ ਵਿਚੋਂ ਦੋ ਸ਼ਾਟਗੰਨਾਂ ਨੂੰ ਲੰਡਨ ਦੇ ਨਿਕਲਸ ਹੋਲਟ ਨਿਲਾਮਘਰ ਨੇ 12 ਦਸੰਬਰ ਨੂੰ ਨਿਲਾਮ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਦੀ ਅੰਦਾਜ਼ਨ ਕੀਮਤ 20 ਤੋਂ 25 ਹਜ਼ਾਰ ਪੌਂਡ ਮਿਥੀ ਗਈ ਹੈ। ਇਹ 16 ਬੰਦੂਕਾਂ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਆਪਣੇ ਲਈ ਬਣਾਈਆਂ ਸਨ। ਇਨ੍ਹਾਂ ਦੀ ਵਰਤੋਂ ਉਹ ਆਪਣੀਆਂ ਸ਼ਿਕਾਰ ਮੁਹਿੰਮਾਂ ਦੌਰਾਨ ਕਰਦੇ ਸਨ। ਫਿਰ ਇਹ ਗਾਇਬ ਹੋ ਗਈਆਂ।

ਤਿੰਨ ਦਹਾਕੇ ਪਹਿਲਾਂ ਇਕ ਕਲਾ ਪ੍ਰੇਮੀ ਨੇ ਦਾਅਵਾ ਕੀਤਾ ਕਿ ਉਸ ਨੇ ਇਹ ਸ਼ਾਟਗੰਨਾਂ ਲੰਡਨ ਵਿਚ ਦੇਖੀਆਂ ਹਨ। ਅਜਿਹੀ ਦਾਅਵੇ ਦੇ ਬਾਵਜੂਦ ਇਹ ਕਦੇ ਵੀ ਨਿਲਾਮੀ ਲਈ ਨਹੀਂ ਆਈਆਂ। ਇਹ ਬੰਦੂਕਾਂ ਆਪਣੇ-ਆਪ ਵਿਚ ਕਲਾ ਦੇ ਉੱਤਮ ਨਮੂਨੇ ਹਨ। ਇਨ੍ਹਾਂ ਨੂੰ ਉੱਘੀ ਬ੍ਰਿਟਿਸ਼ ਕੰਪਨੀ- ਵੈਸਟਲੀ ਰਿਚਰਡਜ਼ ਐਂਡ ਕੰਪਨੀ ਨੇ 1929 ਵਿਚ ਪਟਿਆਲਾ ਦੇ ਸ਼ਾਹੀ ਪਰਿਵਾਰ ਨੂੰ ਸੌਂਪਿਆ ਸੀ। ਪ੍ਰਾਚੀਨ ਵਸਤੂਆਂ ਹੋਣ ਤੇ ਅਜੇ ਵੀ ਵਧੀਆ ਹਾਲਤ ਵਿਚ ਹੋਣ ਕਾਰਨ ਹੀ ਇਨ੍ਹਾਂ ਦੀ ਕੀਮਤ ਏਨੀ ਵੱਧ ਮੰਨੀ ਜਾ ਰਹੀ ਹੈ।

# ਅਦਾਲਤ ਵਲੋਂ ਸੈਨ ਹੋਜ਼ੇ ਗੁਰਦੁਆਰਾ ਸੁਧਾਰ ਕਮੇਟੀ ਦੀ ਮੋਸ਼ਨ ਖਾਰਜ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕੀ ਝਗੜੇ ਨੂੰ ਲੈ ਕੇ ਬਣੀ ਗੁਰਦੁਆਰਾ ਸੁਧਾਰ ਕਮੇਟੀ ਨੂੰ ਉਸ ਸਮੇਂ ਵੱਡਾ ਧੱਕਾ ਲੱਗਾ ਜਦੋਂ ਲੰਘੀ 20 ਨਵੰਬਰ ਨੂੰ ਅਦਾਲਤ ਨੇ ਇਸ ਵਲੋਂ ਗੁਰਦੁਆਰਾ ਪ੍ਰਬੰਧ ਲਈ ਕੋਰਟ ਮਾਸਟਰ ਲਾਏ ਜਾਣ ਦੀ ਮੰਗ ਨੂੰ ਲੈ ਕੇ ਕੀਤੀ ਗਈ ਮੋਸ਼ਨ ਖਾਰਜ ਕਰ ਦਿੱਤੀ। ਜ਼ਿਕਰਯੋਗ ਹੈ ਕਿ ਸੁਧਾਰ ਕਮੇਟੀ ਇਕ ਲੰਬੇ ਸਮੇਂ ਤੋਂ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਵੇਂ ਸਿਰਿਓਂ ਕਰਵਾਉਣ ਦੀ ਵੀ ਮੰਗ ਕਰਦੀ ਆ ਰਹੀ ਹੈ। ਇਸ ਨੇ ਗੁਰਦੁਆਰਾ ਫਰੀਮਾਂਟ ਵਿਚ ਕੋਰਟ ਮਾਸਟਰ ਲਾਏ ਜਾਣ ਦੀ ਮਿਸਾਲ ਦਿੰਦਿਆਂ ਅਦਾਲਤ ਤੋਂ ਗੁਰਦੁਆਰਾ ਸੈਨ ਹੋਜ਼ੇ ਵਿਚ ਵੀ ਕੋਰਟ ਮਾਸਟਰ ਲਾਏ ਜਾਣ ਦੀ ਮੰਗ ਕੀਤੀ ਸੀ।

ਇਸੇ ਦੌਰਾਨ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਨੇ ਇਸ ਫੈਸਲੇ ਨੂੰ ਸੁਧਾਰ ਕਮੇਟੀ ਦੀ ਵੱਡੀ ਹਾਰ ਕਰਾਰ ਦਿੰਦਿਆਂ ਕਿਹਾ ਕਿ 'ਅਖੌਤੀ' ਗੁਰਦੁਆਰਾ ਸੁਧਾਰ ਕਮੇਟੀ 2011 ਤੋਂ ਲੈ ਕੇ ਲਗਾਤਾਰ ਅਦਾਲਤ ਤੋਂ ਮੰਗ ਕਰ ਰਹੀ ਹੈ ਕਿ ਸੈਨ ਹੋਜ਼ੇ ਗੁਰੂ ਘਰ ਦਾ ਪ੍ਰਬੰਧ ਚਲਾਉਣ ਲਈ ਸਪੈਸ਼ਲ ਕੋਰਟ ਮਾਸਟਰ ਲਾਇਆ ਜਾਵੇ ਅਤੇ ਇਸ ਨੂੰ ਗੁਰਦੁਆਰਾ ਪ੍ਰਬੰਧ ਵਿਚ ਹਿੱਸੇਦਾਰ ਬਣਾਇਆ ਜਾਵੇ। ਉਹ ਅਦਾਲਤ ਵਿਚ ਗੁਰਦੁਆਰਾ ਫਰੀਮਾਂਟ ਦੀ ਮਿਸਾਲ ਦਿੰਦਿਆਂ ਇਹ ਵੀ ਭੁੱਲ ਗਏ ਕਿ ਉਥੇ ਕੋਰਟ ਮਾਸਟਰ ਲੱਗਣ ਨਾਲ ਸੰਗਤ ਦਾ ਲੱਖਾਂ ਡਾਲਰਾਂ ਦਾ ਨੁਕਸਾਨ ਹੋਇਆ ਸੀ। ਹੈਰਾਨੀ ਦੀ ਗੱਲ ਹੈ ਕਿ ਸੁਧਾਰ ਕਮੇਟੀ ਇਸੇ ਨੂੰ ਬਹੁਤ ਚੰਗਾ ਕੰਮ ਦਸਦੀ ਹੈ?

ਇਥੇ ਜਾਰੀ ਇਕ ਬਿਆਨ ਵਿਚ ਭਾਈ ਢਿੱਲੋਂ ਨੇ ਕਿਹਾ ਕਿ ਗੁਰਦੁਆਰਾ ਸੁਧਾਰ ਕਮੇਟੀ ਦੇ ਮੋਹਰਲੇ ਆਗੂਆਂ, ਜਿਨ੍ਹਾਂ ਵਿਚ ਭਾਈ ਗੁਰਮੇਲ ਸਿੰਘ ਬਾਠ ਵੀ ਸ਼ਾਮਲ ਹਨ, ਨੇ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਟੇਜ ਤੋਂ ਬੋਲਦਿਆਂ ਕਿਹਾ ਸੀ 'ਅਸੀਂ ਨਾ ਕਦੇ ਕੋਰਟ ਮਾਸਟਰ ਮੰਗਿਆ ਹੈ ਅਤੇ ਨਾ ਹੀ ਮੰਗਾਂਗੇ।' ਭਾਈ ਢਿੱਲੋਂ ਨੇ ਕਿਹਾ ਕਿ ਅਕਾਲ ਪੁਰਖ ਦੀ ਕਿਰਪਾ ਅਤੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਬਹੁਤ ਵਧੀਆ ਚੱਲ ਰਿਹਾ ਹੈ। ਬੰਦੀ ਛੋੜ ਦਿਵਸ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 20 ਹਜ਼ਾਰ ਤੋਂ ਵੱਧ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰੀਆਂ। ਉਨ੍ਹਾਂ ਸੰਗਤ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਹੈ ਅਤੇ ਜਿਥੇ ਵੀ ਕੋਈ ਕਮੀ ਬੇਸ਼ੀ ਨਜ਼ਰ ਆਵੇ, ਕਮੇਟੀ ਦੇ ਧਿਆਨ ਵਿਚ ਲਿਆਂਦੀ ਜਾਵੇ।

ਗੁਰਦੁਆਰਾ ਸਕੱਤਰ ਨੇ ਕਿਹਾ ਕਿ ਗੁਰੂ ਘਰ ਦੇ ਨਵੇਂ ਪ੍ਰੋਜੈਕਟ ਜਲਦ ਹੀ ਮੁਕੰਮਲ ਹੋਣ ਵਾਲੇ ਹਨ। ਉਨ੍ਹਾਂ ਸੰਗਤ ਨੂੰ ਬੇਨਤੀ ਕੀਤੀ ਕਿ ਆਪਣੇ ਵਿੱਤ ਅਨੁਸਾਰ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ ਜਾਵੇ ਤਾਂ ਕਿ ਗੁਰੂ ਘਰ ਦੇ ਰਹਿੰਦੇ ਬਿਲਾਂ ਦਾ ਜਲਦ ਭੁਗਤਾਨ ਕੀਤਾ ਜਾ ਸਕੇ।

## ਪੁਲਿਸ ਅਫਸਰ ਨੇ ਮੋੜੇ ਲੱਭੇ ਹੋਏ ਸਵਾ 2 ਲੱਖ ਡਾਲਰ

**ਹਾਰਵੇ, ਲੂਇਸੀਆਨਾ (ਬਿਊਰੋ):** ਜੈਫਰਸਨ ਡਿਸਟ੍ਰਿਕਟ ਦੀ ਪ੍ਰੋਬੇਸ਼ਨ ਅਫਸਰ ਜੈਸਿਕਾ ਲਿਊਬਕ ਨੇ ਸੜਕ ਤੋਂ ਲੱਭੇ 2,23,600 ਡਾਲਰ ਵਾਪਸ ਕਰ ਦਿੱਤੇ। ਅਸਲ ਵਿਚ ਜੈਸਿਕਾ ਜਿਉਂ ਹੀ ਇਥੇ ਆਪਣੇ ਦਫ਼ਤਰ ਵਿਚੋਂ ਬਾਹਰ ਨਿਕਲੀ, ਉਸ ਨੇ ਸੜਕ ਉਤੇ ਇਕ ਜ਼ਿਪਲੌਕ ਬੈਗ ਪਿਆ ਦੇਖਿਆ। ਉਸ ਨੇ ਬੈਗ ਚੁੱਕਿਆ ਤਾਂ ਇਸ ਵਿਚ 2,23,600 ਡਾਲਰ ਸਨ।



ਜੈਸਿਕਾ ਲਿਊਬਕ

ਜੈਸਿਕਾ ਨੇ ਤੁਰੰਤ ਜੈਫਰਸਨ ਪੈਰਿਸ਼ ਸ਼ੈਰਿਫ ਦੇ ਦਫ਼ਤਰ ਨਾਲ ਸੰਪਰਕ ਕੀਤਾ। ਪਤਾ ਲਾਇਆ ਗਿਆ ਕਿ ਇਹ ਬੈਗ ਉਸ ਵੇਲੇ ਕਾਰ ਵਿਚੋਂ ਡਿੱਗ ਪਏ ਸਨ, ਜਦੋਂ ਬੂਮ ਟਾਊਨ ਕਸੀਨੋ ਤੋਂ ਇਹ ਰਕਮ ਲਿਆਂਦੀ ਜਾ ਰਹੀ ਸੀ। ਇਹ ਰਕਮ ਗੁਆਚਣ ਬਾਰੇ ਸਬੰਧਤ ਵਿਅਕਤੀਆਂ ਨੇ ਵੀ ਸੂਚਨਾ ਦੇ ਦਿੱਤੀ ਸੀ। ਮਗਰੋਂ 30 ਮਿੰਟਾਂ ਦੇ ਅੰਦਰ-ਅੰਦਰ ਇਹ ਰਕਮ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੀ ਗਈ। ਸਬੰਧਤ ਅਫਸਰ ਖੁਸ਼ ਸਨ ਕਿ ਇਹ ਰਕਮ ਜੈਸਿਕਾ ਨੂੰ ਲੱਭ ਗਈ, ਜੇ ਕਿਸੇ ਹੋਰ ਦੇ ਹੱਥ ਲੱਗ ਜਾਂਦੀ ਤਾਂ ਸ਼ਾਇਦ ਇਸ ਨੂੰ ਲੱਭਣਾ ਥੋੜ੍ਹਾ ਮੁਸ਼ਕਿਲ ਹੋ ਜਾਂਦਾ।

# ਆਰੁਸ਼ੀ ਕੇਸ 'ਚ ਤਲਵਾੜ ਜੋੜੇ ਨੂੰ ਉਮਰ ਕੈਦ

**ਗਾਜ਼ੀਆਬਾਦ:** ਡਾ. ਰਾਜੇਸ਼ ਤੇ ਨੁਪੁਰ ਤਲਵਾੜ ਨੂੰ ਬਹੁਚਰਚਿਤ ਆਰੁਸ਼ੀ ਹੱਤਿਆ ਕਾਂਡ 'ਚ ਸੀ.ਬੀ.ਆਈ. ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਨ੍ਹਾਂ ਨੂੰ ਸਾਢੇ ਪੰਜ ਸਾਲ ਪਹਿਲਾਂ ਆਪਣੀ ਕਿਸ਼ੋਰ ਉਮਰ ਦੀ ਧੀ ਆਰੁਸ਼ੀ ਤੇ ਘਰੇਲੂ ਨੌਕਰ ਹੇਮਰਾਜ ਦੀ ਹੱਤਿਆ ਲਈ ਦੋਸ਼ੀ ਪਾਇਆ ਗਿਆ ਹੈ। 49 ਸਾਲਾ ਰਾਜੇਸ਼ ਤੇ 48 ਸਾਲਾ ਨੁਪੁਰ ਨੂੰ ਐਡੀਸ਼ਨਲ ਸੈਸ਼ਨ ਜੱਜ ਸ਼ਿਆਮ ਲਾਲ ਨੇ ਮੌਤ ਦੀ ਸਜ਼ਾ ਤੋਂ ਬਖਸ਼ ਦਿੱਤਾ ਹਾਲਾਂਕਿ ਸੀ.ਬੀ.ਆਈ. ਨੇ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕਰਦਿਆਂ ਇਸ ਡਾਕਟਰ ਜੋੜੀ ਨੂੰ ਵੱਧ ਤੋਂ ਵੱਧ ਸਜ਼ਾ ਦੇਣ ਦੀ ਮੰਗ ਕਰਦਿਆਂ ਕਿਹਾ ਸੀ ਕਿ ਦੂਹਰੇ ਕਤਲ ਦਾ ਇਹ ਕੇਸ 'ਘਿਨੌਣਿਆਂ ਵਿਚੋਂ ਘਿਨੌਣਾ' ਵਰਗ ਵਿਚ ਆਉਂਦਾ ਹੈ।



ਆਰੁਸ਼ੀ ਤਲਵਾੜ

ਸੀ.ਬੀ.ਆਈ. ਦੇ ਵਕੀਲ ਆਰ.ਕੇ. ਸੈਣੀ ਨੇ ਦਲੀਲ ਦਿੱਤੀ ਕਿ ਇਹ ਕਤਲ ਬਹੁਤ ਬੇਰਹਿਮੀ ਨਾਲ ਕੀਤੇ ਗਏ ਤੇ ਇਸ ਕਰ ਕੇ ਇਹ ਕੇਸ 'ਘਿਨੌਣੇ' ਅਪਰਾਧ ਵਿਚ ਸ਼ੁਮਾਰ ਹੁੰਦਾ ਹੈ। ਬਚਾਓ ਪੱਖ ਦੇ ਵਕੀਲ ਤਨਵੀਰ ਮੀਰ ਨੇ ਸੀ.ਬੀ.ਆਈ. ਦੀ ਦਲੀਲ ਦਾ ਟਾਕਰਾ ਕਰਦਿਆਂ ਕਿਹਾ ਕਿ ਉਸ ਦੇ ਮੁਵੱਕਲਾਂ ਖਿਲਾਫ਼ ਸਬੂਤ ਬਹੁਤ ਕਮਜ਼ੋਰ ਸਨ। ਇਸ ਕਰ ਕੇ ਉਨ੍ਹਾਂ ਲਈ ਨਰਮੀ ਵਰਤੀ ਜਾਵੇ। ਸਜ਼ਾ ਸੁਣਾਏ ਜਾਣ ਮੌਕੇ ਤਲਵਾੜ ਜੋੜੀ ਬਿਲਕੁਲ ਖਾਮੋਸ਼ ਤੇ ਸ਼ਾਂਤ ਸੀ।

ਆਰੂਸ਼ੀ ਦੇ ਮਾਪਿਆਂ ਨੂੰ ਸਬੂਤ ਨਸ਼ਟ ਕਰਨ ਲਈ ਪੰਜ ਸਾਲ ਦੀ ਸਜ਼ਾ ਤੇ ਰਾਜੇਸ਼ ਨੂੰ ਪੁਲਿਸ ਕੋਲ ਗ਼ਲਤ ਐਫ.ਆਈ.ਆਰ. ਲਿਖਾਉਣ ਲਈ ਇਕ ਸਾਲ ਦੀ ਸਜ਼ਾ ਵੀ ਸੁਣਾਈ ਗਈ ਹੈ। ਸੀ.ਬੀ.ਆਈ. ਵੱਲੋਂ ਮੌਕੇ ਦੇ ਹਾਲਾਤ ਅਨੁਸਾਰ ਜਿਹੜੇ ਸਬੂਤ ਪੇਸ਼ ਕੀਤੇ ਗਏ ਸਨ, ਉਨ੍ਹਾਂ 'ਤੇ ਬਹੁਤਾ ਨਿਰਭਰ ਕਰਦਿਆਂ ਹੀ ਜੱਜ ਨੇ ਸਜ਼ਾਵਾਂ ਸੁਣਾਈਆਂ ਜੋ ਨਾਲੋ-ਨਾਲ ਚੱਲਣਗੀਆਂ। ਇਸ ਜੋੜੀ ਨੂੰ ਆਈ.ਪੀ.ਸੀ. ਦੇ ਸੈਕਸ਼ਨ 302 (ਕਤਲ), 201 (ਸਬੂਤ ਨਸ਼ਟ ਕਰਨ) ਤੇ 34 (ਅਪਰਾਧ ਕਰਨ ਲਈ ਸਾਂਝਾ ਇਰਾਦਾ) ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਰਾਜੇਸ਼ ਨੂੰ ਸੈਕਸ਼ਨ 203 ਅਧੀਨ ਆਪਣੀ ਧੀ ਤੇ ਨੌਕਰ ਹੇਮਰਾਜ ਦੀ ਹੱਤਿਆ ਬਾਰੇ ਪੁਲਿਸ ਕੋਲ ਗ਼ਲਤ ਜਾਣਕਾਰੀ ਦੇਣ ਲਈ ਵੀ ਦੋਸ਼ੀ ਕਰਾਰ ਦਿੱਤਾ ਗਿਆ। ਸੀ.ਬੀ.ਆਈ. ਮੁਤਾਬਕ ਰਾਜੇਸ਼ ਨੇ 15-16 ਮਈ, 2008 ਦੀ ਰਾਤ ਨੂੰ ਨੋਇਡਾ ਸਥਿਤ ਆਪਣੇ ਘਰ ਵਿਚ ਜਦੋਂ ਆਪਣੀ ਧੀ ਆਰੁਸ਼ੀ ਤੇ 45 ਸਾਲਾ ਹੇਮਰਾਜ ਨੂੰ ਇਤਰਾਜ਼ਯੋਗ ਹਾਲਤ ਵਿਚ ਦੇਖਿਆ ਤਾਂ ਗੁੱਸੇ ਦੇ ਵੇਗ ਵਿਚ ਆ ਕੇ ਉਸ ਨੇ ਦੋਵਾਂ ਦੀ ਹੱਤਿਆ ਕਰ ਦਿੱਤੀ। ਏਜੰਸੀ ਅਨੁਸਾਰ ਨੁਪੁਰ ਤਲਵਾੜ ਨੇ ਇਸ ਅਪਰਾਧ ਵਿਚ ਉਸ ਦਾ ਸਾਥ ਦਿੱਤਾ।

ਘਟਨਾ ਵਾਲੀ ਰਾਤ ਤੋਂ ਅਗਲੀ ਸਵੇਰ ਆਰੁਸ਼ੀ ਆਪਣੇ ਬਿਸਤਰੇ ਵਿਚ ਮਰੀ ਪਈ ਮਿਲੀ ਸੀ ਤੇ ਉਸ ਦੇ ਗਲ 'ਤੇ ਕੱਟ ਸੀ। ਕੁਝ ਦਿਨਾਂ ਮਗਰੋਂ ਉਸ ਦਾ ਜਨਮ ਦਿਨ ਸੀ। ਪਹਿਲਾਂ ਪਹਿਲ ਪੁਲਿਸ ਨੇ ਲਾਪਤਾ ਹੋਏ ਨੌਕਰ ਹੇਮਰਾਜ ਨੂੰ ਇਸ ਦਾ ਦੋਸ਼ੀ ਠਹਿਰਾਇਆ ਜਿਸ ਦੀ ਗਲੀ-ਸੜੀ ਲਾਸ਼ 24 ਘੰਟੇ ਮਗਰੋਂ ਘਰ ਦੀ ਛੱਤ ਤੋਂ ਮਿਲੀ ਸੀ। ਉਸ ਦੇ ਗਲ 'ਤੇ ਵੀ ਉਹੋ ਜਿਹਾ ਹੀ ਕੱਟ ਸੀ। ਇਸ ਕੇਸ ਵਿਚ ਕਈ ਕਿਸਮ ਦੇ ਉਤਰਾਅ-ਚੜ੍ਹਾਅ ਆਉਂਦੇ ਰਹੇ। ਇਕ ਪੜਾਅ 'ਤੇ ਸੀ.ਬੀ.ਆਈ. ਨੇ ਇਸ ਦੀ 'ਕਲੋਜ਼ਰ ਰਿਪੋਰਟ' ਵੀ ਦੇ ਦਿੱਤੀ ਸੀ ਜਿਸ ਤੋਂ ਮਗਰੋਂ ਅਦਾਲਤ ਨੇ ਇਸੇ ਦੇ ਆਧਾਰ 'ਤੇ ਅੱਗੇ ਕਾਰਵਾਈ ਚਲਾਈ ਸੀ।

## ਦਿੱਲੀ ਕਤਲੇਆਮ ਬਾਰੇ ਫ਼ਿਲਮ ਦੀ ਆਸਕਰ ਲਈ ਨਾਮਜ਼ਦਗੀ

**ਲਾਸ ਏਂਜਲਸ:** ਆਸਕਰ ਅਕਾਦਮੀ ਨੇ ਭਾਰਤੀ ਫਿਲਮਸਾਜ਼ ਸੁਭਾਸ਼ੀਸ਼ ਭੁਟਿਆਨੀ ਦੀ ਫ਼ਿਲਮ 'ਕੁਸ਼' ਨੂੰ 10 ਲਾਈਵ-ਐਕਸ਼ਨ ਫ਼ਿਲਮਾਂ ਵਿਚ ਸ਼ੁਮਾਰ ਕੀਤਾ ਹੈ। ਇਨ੍ਹਾਂ ਵਿਚੋਂ ਤਿੰਨ ਤੋਂ ਪੰਜ ਫ਼ਿਲਮਾਂ ਨੂੰ ਅਗਾਂਹ ਆਸਕਰ ਐਵਾਰਡਸ ਲਈ ਨਾਮਜ਼ਦ ਕੀਤਾ ਜਾਵੇਗਾ।

ਇਹ ਫ਼ਿਲਮ ਕੁੱਲ 25 ਮਿੰਟਾਂ ਦੀ ਹੈ ਅਤੇ ਦਿੱਲੀ ਵਿਚ 1984 ਵਿਚ ਹੋਏ ਸਿੱਖ ਕਤਲੇਆਮ ਨਾਲ ਸਬੰਧਤ ਹੈ। ਫ਼ਿਲਮ ਵਿਚ ਸੋਨਿਕਾ ਚੋਪੜਾ, ਸ਼ਿਆਨ ਸਮੀਰ ਅਤੇ ਅਨਿਲ ਸ਼ਰਮਾ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮਸਾਜ਼ ਦਾ ਦਾਅਵਾ ਹੈ ਕਿ ਇਹ ਫ਼ਿਲਮ ਉਸ ਨੇ ਆਪਣੇ ਅਧਿਆਪਕ ਤੋਂ ਸੁਣੀ ਸੱਚੀ ਕਹਾਣੀ ਤੋਂ ਪ੍ਰਭਾਵਿਤ ਹੋ ਕੇ ਬਣਾਈ ਹੈ।


*To Advertise with Punjab Times*
***Call: 847-359-0746***
***punjabtimesusa.com***



**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**



Gurdip Singh Sandhu

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**




**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਰਾਸਤ-ਏ-ਖਾਲਸਾ ਨੇ ਮੁਕੰਮਲ ਕੀਤੇ ਦੋ ਸਾਲ

**ਆਨੰਦਪੁਰ ਸਾਹਿਬ:** ਅੱਠਵੇਂ ਅਜੂਬੇ ਵਜੋਂ ਜਾਣੇ ਜਾਂਦੇ ਵਿਰਾਸਤ-ਏ-ਖਾਲਸਾ ਨੇ ਦੋ ਸਾਲ ਮੁਕੰਮਲ ਕਰ ਲਏ ਹਨ। ਇਨ੍ਹਾਂ ਦੋ ਸਾਲਾਂ ਵਿਚ 36 ਲੱਖ ਤੋਂ ਵੱਧ ਸੈਲਾਨੀ ਉਥੇ ਪੁੱਜੇ। ਪੰਜਾਬ ਦੇ 500 ਸਾਲਾਂ ਦੇ ਸ਼ਾਨਾਮੱਤੇ ਇਤਿਹਾਸ ਨੂੰ ਦਰਸਾਉਂਦਾ ਵਿਰਾਸਤ-ਏ-ਖਾਲਸਾ 25 ਨਵੰਬਰ 2011 ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਵਾਮ ਨੂੰ ਸਮਰਪਿਤ ਕੀਤਾ ਗਿਆ ਸੀ। ਵਿਰਾਸਤ-ਏ-ਖਾਲਸਾ ਨੂੰ ਵੇਖਣ ਲਈ ਇਕੱਲੇ ਪੰਜਾਬ ਹੀ ਨਹੀਂ, ਬਲਕਿ ਦੇਸ਼ ਦੇ ਹੋਰ ਸੂਬਿਆਂ ਦੇ ਨਾਲ-ਨਾਲ ਵਿਦੇਸ਼ਾਂ ਤੋਂ ਵੀ ਬਹੁਗਿਣਤੀ ਵਿਚ ਸੈਲਾਨੀ ਇੱਥੇ ਆਉਂਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਵੀ ਇਸ ਅਜੂਬੇ ਦੇ ਦਰਸ਼ਨ ਕੀਤੇ ਹਨ।



ਵਿਰਾਸਤ-ਏ-ਖਾਲਸਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਕਰਮਜੀਤ ਸਿੰਘ ਸਰਾ ਨੇ ਦੱਸਿਆ ਕਿ ਰੋਜ਼ਾਨਾ ਔਸਤਨ ਸੱਤ ਹਜ਼ਾਰ ਤੋਂ ਵੱਧ ਸੈਲਾਨੀ ਇਸ ਨੂੰ ਵੇਖਣ ਲਈ ਆਉਂਦੇ ਹਨ ਜਦਕਿ ਹਰ ਸੋਮਵਾਰ ਇਹ ਪ੍ਰੋਜੈਕਟ ਸਾਂਭ-ਸੰਭਾਲ ਲਈ ਬੰਦ ਰੱਖਿਆ ਜਾਂਦਾ ਹੈ। ਦੇਸ਼ ਜਾਂ ਪੰਜਾਬ ਤੋਂ ਆਉਣ ਵਾਲੇ ਸੈਲਾਨੀਆਂ ਤੋਂ ਇਲਾਵਾ ਆਮ ਦਿਨਾਂ ਵਿਚ 15 ਤੋਂ 20 ਫੀਸਦੀ ਸੈਲਾਨੀ ਵਿਦੇਸ਼ੀ ਹੁੰਦੇ ਹਨ।

ਉਨ੍ਹਾਂ ਇਹ ਵੀ ਦੱਸਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦੂਜੇ ਪੜਾਅ ਦੇ ਕੰਮ ਲਈ 77 ਕਰੋੜ ਰੁਪਏ ਮਨਜ਼ੂਰ ਕੀਤੇ ਜਾ ਚੁੱਕੇ ਹਨ ਅਤੇ ਸਮੁੱਚਾ ਡਿਜ਼ਾਇਨ ਵੀ ਮਨਜ਼ੂਰ ਕੀਤਾ ਜਾ ਚੁੱਕਾ ਹੈ। ਇਸ ਦੇ ਆਧਾਰ 'ਤੇ ਵਿਰਾਸਤ-ਏ-ਖਾਲਸਾ ਵਿਚ ਦੂਜੇ ਪੜਾਅ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਜਦੋਂ ਤੋਂ ਪੰਜਾਬ ਸਰਕਾਰ ਨੇ ਵਿਰਾਸਤ-ਏ-ਖਾਲਸਾ ਖੋਲ੍ਹਿਆ ਹੈ, ਉਦੋਂ ਤੋਂ ਹੀ ਆਨੰਦਪੁਰ ਸਾਹਿਬ ਵਿਖੇ ਸੈਰ ਸਪਾਟਾ ਸਨਅਤ ਕਾਫੀ ਪ੍ਰਫੁੱਲਿਤ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਰਿਕਾਰਡ ਆਮਦਨ ਹੋਈ ਹੈ।

## ਬਾਦਲ ਨਵਜੋਤ ਸਿੱਧੂ ਨੂੰ ਸੁਖਬੀਰ ਜਿੰਨੀਆਂ ਤਾਕਤਾਂ ਦੇਣ: ਨਵਜੋਤ ਕੌਰ ਸਿੱਧੂ

**ਚੰਡੀਗੜ੍ਹ:** ਭਾਜਪਾ ਸੰਸਦ ਮੈਂਬਰ ਸ. ਨਵਜੋਤ ਸਿੰਘ ਸਿੱਧੂ ਦੀ ਪਤਨੀ ਅਤੇ ਅੰਮ੍ਰਿਤਸਰ (ਪੂਰਬੀ) ਤੋਂ ਭਾਜਪਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਦਾ ਕਹਿਣਾ ਹੈ ਕਿ ਜੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸ. ਸਿੱਧੂ ਨੂੰ ਆਪਣਾ ਪੁੱਤਰ ਸਮਝਦੇ ਹਨ ਤਾਂ ਸ. ਸਿੱਧੂ ਨੂੰ ਸੁਖਬੀਰ ਸਿੰਘ ਬਾਦਲ ਜਿੰਨੀਆਂ ਤਾਕਤਾਂ ਦੇਣ।

ਡਾ. ਸਿੱਧੂ ਨੇ ਕਿਹਾ ਕਿ ਸ. ਸਿੱਧੂ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਅੰਮ੍ਰਿਤਸਰ ਤੋਂ ਚੋਣ ਲੜਨਗੇ ਜਾਂ ਨਹੀਂ, ਇਸ ਦਾ ਫੈਸਲਾ ਭਾਜਪਾ ਹਾਈਕਮਾਨ ਨੇ ਸ. ਸਿੱਧੂ 'ਤੇ ਛੱਡ ਦਿੱਤਾ ਹੈ। ਹਾਈਕਮਾਨ ਦਾ ਸ. ਸਿੱਧੂ ਪ੍ਰਤੀ ਹੁੰਗਾਰਾ ਹਾਂ-ਪੱਖੀ ਹੈ। ਨਸ਼ਾ-ਤਸਕਰੀ 'ਚ ਰਾਜਸੀ ਵਰਕਰਾਂ ਦੀ ਸ਼ਮੂਲੀਅਤ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀ ਕਾਂਤ ਨੇ ਨਸ਼ਿਆਂ ਦੀ ਤਸਕਰੀ ਨਾਲ ਸੰਬੰਧਤ ਰਾਜਸੀ ਆਗੂਆਂ ਦੇ ਨਾਂ ਦੱਸ ਦਿੱਤੇ ਸਨ ਤਾਂ ਉਨ੍ਹਾਂ ਆਗੂਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਗਈ?

# ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰਿਆ ਤਰੁਣ ਤੇਜਪਾਲ

**ਨਵੀਂ ਦਿੱਲੀ:** ਤਹਿਲਕਾ ਦਾ ਸੰਪਾਦਕ ਤਰੁਣ ਤੇਜਪਾਲ ਜਿਨਸੀ ਸ਼ੋਸ਼ਣ ਦੇ ਕੇਸ ਵਿਚ ਫਸ ਗਿਆ ਹੈ। ਗੋਆ ਪੁਲਿਸ ਨੇ ਉਸ ਵਿਰੁੱਧ ਬਲਾਤਕਾਰ ਦਾ ਕੇਸ ਦਰਜ ਕੀਤਾ ਹੈ ਤੇ ਹਵਾਈ ਅੱਡਿਆਂ 'ਚ ਅਲਰਟ ਜਾਰੀ ਕਰ ਦਿੱਤਾ ਹੈ ਤਾਂ ਜੋ ਉਹ ਦੇਸ਼ ਤੋਂ ਬਾਹਰ ਨਾ ਜਾ ਸਕੇ। ਇਕ ਮਹਿਲਾ ਪੱਤਰਕਾਰ ਨੇ ਦੋਸ਼ ਲਾਏ ਹਨ ਕਿ ਤੇਜਪਾਲ ਨੇ ਇਕ ਈਵੈਂਟ ਦੌਰਾਨ ਉਸ ਨਾਲ ਜਿਨਸੀ ਛੇੜਛਾੜ ਕੀਤੀ ਸੀ। ਤਹਿਲਕਾ ਦੀ ਮੈਨੇਜਿੰਗ ਐਡੀਟਰ ਸ਼ੋਮਾ ਚੌਧਰੀ ਦਾ ਕਹਿਣਾ ਹੈ ਕਿ ਤਰੁਣ ਤੇਜਪਾਲ ਨੇ ਮੁਆਫ਼ੀ ਮੰਗ ਕੇ ਛੇ ਮਹੀਨੇ ਲਈ ਅਹੁਦਾ ਛੱਡ ਦਿੱਤਾ ਹੈ। ਅਸਲ ਵਿਚ ਤਰੁਣ ਤੇਜਪਾਲ ਇਸ ਮਾਮਲੇ ਨੂੰ ਅੰਦਰਖਾਤੇ ਹੀ ਨਜਿੱਠਣਾ ਚਾਹੁੰਦਾ ਸੀ ਪਰ ਮਾਮਲਾ ਮੀਡੀਆ ਵਿਚ ਆਉਣ ਕਾਰਨ ਉਹ ਕਸੂਤਾ ਘਿਰ ਗਿਆ ਜਿਸ ਕਰਕੇ ਔਰਤਾਂ ਦੇ ਹੱਕਾਂ ਦੀ ਗੱਲ ਕਰਨ ਵਾਲੀ ਸ਼ੋਮਾ ਚੌਧਰੀ 'ਤੇ ਵੀ ਸਵਾਲ ਉਠੇ ਹਨ। ਉਧਰ, ਗ੍ਰਿਫ਼ਤਾਰੀ ਤੋਂ ਬਚਣ ਲਈ ਤੇਜਪਾਲ ਨੇ ਦਿੱਲੀ ਹਾਈ ਕੋਰਟ ਵਿਚ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਪਰ ਅਦਾਲਤ ਨੇ ਗ੍ਰਿਫ਼ਤਾਰੀ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ। ਜਦੋਂਕਿ ਦੂਸਰੇ ਪਾਸੇ ਪੀੜਤ ਪੱਤਰਕਾਰ ਨੇ ਤਹਿਲਕਾ ਤੋਂ ਅਸਤੀਫ਼ਾ ਦੇ ਦਿੱਤਾ ਹੈ। ਗੋਆ ਪੁਲਿਸ ਅਨੁਸਾਰ ਇਹ ਘਟਨਾ 7-8 ਨਵੰਬਰ ਦੀ ਰਾਤ ਗੋਆ ਦੇ ਇਕ ਪੰਜ ਤਾਰਾ ਹੋਟਲ ਦੀ ਲਿਫਟ ਵਿਚ ਵਾਪਰੀ ਸੀ। ਗੋਆ ਪੁਲਿਸ ਨੇ ਤੇਜਪਾਲ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 376 ਤੇ 354 ਅਧੀਨ ਪਰਚਾ ਦਰਜ ਕੀਤਾ ਸੀ। ਦੋਸ਼ ਸਾਬਤ ਹੋਣ 'ਤੇ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।



ਤਰੁਣ ਤੇਜਪਾਲ ਨੂੰ ਸਮਾਜ ਵਿਚ ਆਪਣਾ ਯੋਗਦਾਨ ਪਾਉਣ ਲਈ ਦਿੱਤੇ ਪੁਰਸਕਾਰ ਨੂੰ ਰੱਦ ਕਰ ਦਿੱਤਾ ਗਿਆ ਹੈ। ਐਨ.ਜੀ.ਓ. ਦੇ ਮਹਾਸੰਘ ਨੇ ਕਿਹਾ ਹੈ ਕਿ ਉਹ ਤੇਜਪਾਲ ਨੂੰ ਦਿੱਤੇ ਕਰਮਵੀਰ ਪੁਰਸਕਾਰ ਨੂੰ ਰੱਦ ਕਰ ਰਹੇ ਹਨ। ਮਹਾਸੰਘ ਨੇ ਕਿਹਾ ਕਿ ਤਰੁਣ ਤੇਜਪਾਲ ਵੱਲੋਂ ਆਪਣੀ ਮੈਗਜ਼ੀਨ ਦੀ ਪੱਤਰਕਾਰ ਨਾਲ ਕੀਤੇ ਜਿਨਸੀ ਸ਼ੋਸ਼ਣ ਦੇ ਮੱਦੇਨਜ਼ਰ ਇਸ ਪੁਰਸਕਾਰ ਨੂੰ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਪੁਰਸਕਾਰ ਤੇਜਪਾਲ ਨੂੰ 2009-10 ਲਈ ਮੀਡੀਆ ਸਿਟੀਜ਼ਨ ਵਰਗ ਤਹਿਤ ਦਿੱਤਾ ਗਿਆ ਸੀ। ਇਸ ਮਹਿਲਾ ਪੱਤਰਕਾਰ ਨੇ ਕਿਹਾ ਸੀ ਕਿ ਅਜਿਹੇ ਬੇਹੱਦ ਔਖ ਵਾਲੇ ਸਮੇਂ ਤੇਜਪਾਲ ਨੂੰ ਬਚਾਉਣ ਲਈ ਉਸ ਦੇ ਪਰਿਵਾਰ ਤੇ ਉਸ ਉਤੇ ਬਹੁਤ ਜ਼ਿਆਦਾ ਦਬਾਅ ਪਾਇਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ। ਤਹਿਲਕਾ ਪ੍ਰਬੰਧਕਾਂ ਵੱਲੋਂ ਇਸ ਕੇਸ ਨੂੰ ਨਜਿੱਠਣ ਦੇ ਢੰਗ ਤਰੀਕੇ ਤੋਂ ਨਿਰਾਸ਼ ਸਲਾਹਕਾਰ ਸੰਪਾਦਕ ਜਯਾ ਮਜੂਮਦਾਰ ਤੇ ਰੇਵਤੀ ਲੌਕ (ਅਸਿਸਟੈਂਟ ਐਡੀਟਰ) ਨੇ ਵੀ ਆਪਣੇ ਅਸਤੀਫ਼ੇ ਦੇ ਦਿੱਤੇ ਹਨ। ਇਹ ਵੀ ਰਿਪੋਰਟਾਂ ਹਨ ਕਿ ਤਹਿਲਕਾ ਦੀ ਸਾਹਿਤਕ ਸੰਪਾਦਕ ਸੌਗਾਤ ਦਾਸਗੁਪਤਾ ਨੇ ਵੀ ਅਸਤੀਫ਼ਾ ਦੇ ਦਿੱਤਾ ਹੈ।

# ਲੌਂਗੋਵਾਲ ਤੇ ਬਾਦਲ ਦਲ ਦੇ ਰਲੇਵੇਂ ਦਾ ਭੋਗ ਪਿਆ

*(ਸਫਾ ਇਕ ਦੀ ਬਾਕੀ)*

ਰਿਹਾ ਹੈ ਪਰ ਅੰਦਰਖਾਤੇ ਸੀਨੀਅਰ ਆਗੂ ਇਹ ਗੱਲ ਮੰਨਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਆਗੂ ਸੁਰਜੀਤ ਸਿੰਘ ਬਰਨਾਲਾ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵਿਚਾਲੇ ਕਈ ਮੀਟਿੰਗਾਂ ਹੋਈਆਂ ਹਨ। ਬਰਨਾਲਾ ਪਰਿਵਾਰ ਪਿਛਲੇ ਸਮੇਂ ਤੋਂ ਅਲੱਗ-ਥਲੱਗ ਹੋਇਆ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਨੇ ਸ. ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਅਤੇ ਖੱਬੇ ਪੱਖੀ ਧਿਰਾਂ ਨਾਲ ਮਿਲ ਕੇ ਕੁਝ ਨਵਾਂ ਕਰਨ ਲਈ ਹੰਭਲਾ ਮਾਰਿਆ ਸੀ ਪਰ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ।

ਭਰੋਸੇਯੋਗ ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਬਰਨਾਲਾ ਪਰਿਵਾਰ ਦੀ ਦਲ ਵਿਚ ਵਾਪਸੀ ਦਾ ਸਖ਼ਤ ਵਿਰੋਧ ਕੀਤੇ ਜਾਣ ਕਾਰਨ ਹੀ ਇਹ ਮਾਮਲਾ ਠੰਢੇ ਬਸਤੇ ਪਿਆ ਹੈ। ਢੀਂਡਸਾ ਪਰਿਵਾਰ ਦਾ ਬਰਨਾਲਾ ਇਲਾਕੇ ਵਿਚ ਪੂਰਾ ਦਬਦਬਾ ਹੈ ਤੇ ਉਹ ਕਿਸੇ ਵੀ ਕੀਮਤ 'ਤੇ ਆਪਣੇ ਕਿਸੇ ਸਿਆਸੀ ਸ਼ਰੀਕ ਨੂੰ ਪੈਦਾ ਨਹੀਂ ਹੋਣ ਦੇਣਗੇ। ਇਹੋ ਕਾਰਨ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਾਲ ਦੀ ਘੜੀ ਇਸ ਮਾਮਲੇ ਬਾਰੇ ਚੁੱਪ ਹੋ ਗਏ ਹਨ।

ਜ਼ਿਕਰਯੋਗ ਹੈ ਕਿ ਬਜ਼ੁਰਗ ਸਿਆਸਤਦਾਨ ਅਤੇ ਕਈ ਸਾਲ ਰਾਜਪਾਲ ਦੀ ਕੁਰਸੀ ਦਾ ਨਿੱਘ ਮਾਣਨ ਵਾਲੇ ਸੁਰਜੀਤ ਸਿੰਘ ਬਰਨਾਲਾ ਦੇ ਨਜ਼ਦੀਕੀ ਰਹੇ ਕੁਝ ਅਕਾਲੀ ਆਗੂਆਂ ਨੇ ਬਰਨਾਲਾ ਪਰਿਵਾਰ ਦੀ ਅਕਾਲੀ ਦਲ ਵਿਚ ਵਾਪਸੀ ਲਈ ਸਰਗਰਮੀ ਵਿੱਢੀ ਸੀ। ਟਕਸਾਲੀ ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਬਰਨਾਲਾ ਪਰਿਵਾਰ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਨਾਲ ਸਮੁੱਚੇ ਸਿੱਖ ਪੰਥ ਵਿਚ ਏਕਤਾ ਵਾਲੇ ਮਾਹੌਲ ਨੂੰ ਹੋਰ ਮਜ਼ਬੂਤੀ ਮਿਲੇਗੀ। ਪਾਰਟੀ ਅੰਦਰਲੇ ਸੂਤਰਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ੁਰੂਆਤੀ ਦੌਰ ਵਿਚ ਅਜਿਹੇ ਵਿਚਾਰਾਂ ਵੱਲ ਕੋਈ ਬਹੁਤੀ ਤਵੱਜੋ ਨਹੀਂ ਸੀ ਦਿੱਤੀ।

ਮੋਗਾ ਦੀ ਉਪ ਚੋਣ ਸਮੇਂ ਵੀ ਕੁਝ ਆਗੂਆਂ ਨੇ ਗੈਰ-ਰਸਮੀ ਤੌਰ 'ਤੇ ਅਜਿਹੀਆਂ ਗੱਲਾਂ ਪਾਰਟੀ ਲੀਡਰਸ਼ਿਪ ਦੇ ਕੰਨੀਂ ਪਾਉਣ ਦਾ ਯਤਨ ਕੀਤਾ ਸੀ। ਸੂਤਰਾਂ ਅਨੁਸਾਰ ਬਰਨਾਲਾ ਪਰਿਵਾਰ ਘਰ ਵਾਪਸੀ ਲਈ ਬੇਹੱਦ ਕਾਹਲਾ ਹੈ। ਉਨ੍ਹਾਂ ਦੀ ਅੱਖ ਮਲਕੀਅਤ ਸਿੰਘ ਕੀਤੂ ਦੇ ਕਤਲ ਤੋਂ ਬਾਅਦ ਖਾਲੀ ਪਏ ਬਰਨਾਲਾ ਵਿਧਾਨ ਸਭਾ ਹਲਕੇ ਉਪਰ ਹੈ। ਕੀਤੂ ਬਰਨਾਲਾ ਹਲਕੇ ਵਿਚ ਅਕਾਲੀ ਦਲ ਦੇ ਇੰਚਾਰਜ ਸਨ ਤੇ ਉਨ੍ਹਾਂ ਦੇ ਕਤਲ ਤੋਂ ਬਾਅਦ ਪਾਰਟੀ ਨੇ ਕਿਸੇ ਹੋਰ ਆਗੂ ਨੂੰ ਅਜੇ ਤੱਕ ਇੰਚਾਰਜ ਨਹੀਂ ਥਾਪਿਆ। ਸ. ਸੁਰਜੀਤ ਸਿੰਘ ਬਰਨਾਲਾ ਇਸ ਹਲਕੇ ਨੂੰ ਮੁੜ ਆਪਣੇ ਪਰਿਵਾਰ ਦੇ ਕਲਾਵੇ ਵਿਚ ਲਿਆਉਣਾ ਚਾਹੁੰਦੇ ਹਨ।

ਪਤਾ ਲੱਗਾ ਹੈ ਕਿ ਸ. ਸੁਖਦੇਵ ਸਿੰਘ ਢੀਂਡਸਾ ਨੇ ਬਰਨਾਲਾ ਪਰਿਵਾਰ ਦੇ ਅਜਿਹੇ ਯਤਨਾਂ ਨੂੰ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਦਿੱਤਾ ਸਗੋਂ ਉਲਟਾ ਸੁਲਾਹ-ਸਫ਼ਾਈ ਦੀ ਗੱਲ ਕਰਨ ਵਾਲੇ ਰਸੂਖ਼ਦਾਰ ਬੰਦਿਆਂ ਨੂੰ ਅਜਿਹੇ ਯਤਨ ਨਾ ਹੀ ਕਰਨ ਦੀ ਸਲਾਹ ਦਿੱਤੀ। ਸੰਗਰੂਰ ਜ਼ਿਲ੍ਹੇ ਵਿਚ ਬਰਨਾਲਾ ਤੇ ਢੀਂਡਸਾ ਵਿਚਕਾਰ ਸਿਆਸੀ ਸ਼ਰੀਕੇਬਾਜ਼ੀ ਕੋਈ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਚਲਦੀ ਆ ਰਹੀ ਹੈ ਤੇ ਸ. ਢੀਂਡਸਾ ਨੂੰ ਪਿੜ ਵਿਚੋਂ ਕੱਢਣ ਲਈ ਬਰਨਾਲਾ ਧੜੇ ਵੱਲੋਂ ਅਨੇਕ ਯਤਨ ਕੀਤੇ ਜਾਂਦੇ ਰਹੇ ਹਨ।

ਪਤਾ ਲੱਗਾ ਹੈ ਕਿ ਪਿਛਲੇ ਦਿਨਾਂ ਵਿਚ ਸ. ਬਾਦਲ ਤੇ ਸ. ਸੁਖਬੀਰ ਸਿੰਘ ਨੇ ਵੀ ਬਰਨਾਲਾ ਪਰਿਵਾਰ ਨੂੰ ਵਾਪਸ ਲਿਆਉਣ ਵਾਲਿਆਂ ਨੂੰ ਸ. ਢੀਂਡਸਾ ਨਾਲ ਹੀ ਗੱਲ ਕਰਨ ਦੀ ਸਲਾਹ ਦਿੱਤੀ ਸੀ ਪਰ ਸ. ਢੀਂਡਸਾ ਕਿਸੇ ਵੀ ਤਰ੍ਹਾਂ ਇਸ ਤਜਵੀਜ਼ ਨੂੰ ਪ੍ਰਵਾਨ ਕਰਨ ਲਈ ਫਿਲਹਾਲ ਤਿਆਰ ਨਹੀਂ। ਸ. ਢੀਂਡਸਾ ਦੇ ਦੋ-ਟੁੱਕ ਜਵਾਬ ਬਾਅਦ ਏਕਤਾ ਦੇ ਚਾਹਵਾਨ ਢਿੱਲੇ ਪੈ ਗਏ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਇਰਾਨ ਤੇ ਆਲਮੀ ਸ਼ਕਤੀਆਂ ਵਿਚਕਾਰ ਪਰਮਾਣੂ ਸੰਧੀ

**ਜਨੇਵਾ (ਬਿਊਰੋ):** ਇਰਾਨ ਨੇ ਆਲਮੀ ਸ਼ਕਤੀਆਂ ਨਾਲ ਇਤਿਹਾਸਕ ਸੰਧੀ 'ਤੇ ਦਸਤਖ਼ਤ ਕੀਤੇ ਹਨ ਜਿਸ ਤਹਿਤ ਉਹ ਆਰਥਿਕ ਪਾਬੰਦੀਆਂ ਤੋਂ ਛੋਟਾਂ ਮਿਲਣ ਬਦਲੇ ਆਪਣੇ ਪਰਮਾਣੂ ਪ੍ਰੋਗਰਾਮ ਦਾ ਦਾਇਰਾ ਘਟਾਉਣ ਲਈ ਸਹਿਮਤ ਹੋ ਗਿਆ ਹੈ।

ਇਥੇ ਚਾਰ ਦਿਨਾਂ ਦੀ ਵਾਰਤਾ ਤੋਂ ਬਾਅਦ ਅਮਰੀਕਾ, ਬਰਤਾਨੀਆ, ਰੂਸ, ਚੀਨ, ਫਰਾਂਸ ਅਤੇ ਜਰਮਨੀ ਵੱਲੋਂ ਇਰਾਨ ਨਾਲ ਇਹ ਸੰਧੀ ਸਿਰੇ ਚੜ੍ਹ ਗਈ। ਯੂਰਪੀ ਸੰਘ ਦੀ ਵਿਦੇਸ਼ ਨੀਤੀ ਬਾਰੇ ਮੁਖੀ ਕੈਥਰੀਨ ਐਸ਼ਟਨ ਵੱਲੋਂ ਸੰਧੀ ਬਾਰੇ ਬਾਕਾਇਦਾ ਐਲਾਨ ਕੀਤਾ ਗਿਆ। ਸੰਧੀ ਤਹਿਤ ਇਰਾਨ ਨਿਰੀਖਕਾਂ ਨੂੰ ਆਪਣੇ ਪਲਾਂਟਾਂ ਤੱਕ ਰਸਾਈ ਦੇਣ ਅਤੇ ਯੂਰੇਨੀਅਮ ਸੁਧਾਈ ਦਾ ਕਾਰਜ ਰੋਕਣ ਲਈ ਰਾਜ਼ੀ ਹੋ ਗਿਆ। ਇਸ ਦੇ ਇਵਜ਼ ਵਿਚ ਇਰਾਨ ਉਤੇ ਛੇ ਮਹੀਨਿਆਂ ਲਈ ਪਰਮਾਣੂ ਗਤੀਵਿਧੀਆਂ ਨਾਲ ਸਬੰਧਤ ਕੋਈ ਪਾਬੰਦੀ ਨਹੀਂ ਲੱਗੇਗੀ। ਇਰਾਨ 5 ਫੀਸਦ ਤੋਂ ਵੱਧ ਯੂਰੇਨੀਅਮ ਸੁਧਾਈ ਦੇ ਕਾਰਜ ਰੋਕ ਦੇਵੇਗਾ ਅਤੇ ਇਸ ਪੱਧਰ ਤੋਂ ਵੱਧ ਸੋਧੇ ਹੋਏ ਯੂਰੇਨੀਅਮ ਦੇ ਭੰਡਾਰਾਂ ਵਿਚ ਕਮੀ ਲਿਆਵੇਗਾ। ਪਾਬੰਦੀਆਂ ਤੋਂ ਛੋਟ ਤੋਂ ਇਲਾਵਾ ਇਰਾਨ ਨੂੰ ਬੇਸ਼ਕੀਮਤੀ ਧਾਤਾਂ ਆਦਿ ਜਿਹੇ ਖੇਤਰਾਂ ਲਈ 7 ਅਰਬ ਡਾਲਰ ਦੀ ਰਾਹਤ ਵੀ ਦਿੱਤੀ ਜਾਵੇਗੀ। ਇਰਾਨ 'ਤੇ ਪੱਛਮੀ ਦੇਸ਼ਾਂ ਵੱਲੋਂ ਆਰਥਿਕ ਪਾਬੰਦੀਆਂ ਲਾਉਣ ਕਾਰਨ ਭਾਰਤ ਦੀਆਂ ਤੇਲ ਦਰਾਮਦਾਂ 'ਤੇ ਵੀ ਕਾਫੀ ਅਸਰ ਪਿਆ ਸੀ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸੰਧੀ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਇਰਾਨ ਦੇ ਪਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ ਦੇ ਸਰੋਕਾਰਾਂ ਨੂੰ ਮੁਖ਼ਾਤਬ ਹੋਣ ਵੱਲ ਇਕ ਕਦਮ ਹੈ। ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲੈਵਰਾਵ ਨੇ ਸੰਧੀ ਹੋਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਸ ਵਿਚ ਸਭਨਾਂ ਦੀ ਜਿੱਤ ਹੋਈ ਹੈ। ਉਨ੍ਹਾਂ ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਦੀ ਪਹੁੰਚ ਦੀ ਤਾਰੀਫ਼ ਕੀਤੀ ਅਤੇ ਉਮੀਦ ਜ਼ਾਹਰ ਕੀਤੀ ਕਿ ਇਰਾਨ ਕੌਮਾਂਤਰੀ ਐਟਮੀ ਊਰਜਾ ਏਜੰਸੀ ਨੂੰ ਪੂਰਾ ਸਹਿਯੋਗ ਦੇਵੇਗਾ। ਇਸਰਾਇਲ ਨੇ ਹੀ ਇਸ ਸੰਧੀ ਦਾ ਵਿਰੋਧ ਕੀਤਾ ਹੈ। ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫ਼ਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਮਾੜੀ ਸੰਧੀ ਹੈ। ਇਰਾਨ ਜੋ ਚਾਹੁੰਦਾ ਸੀ, ਉਸ ਨੂੰ ਮਿਲ ਗਿਆ ਹੈ। ਭਾਰਤ ਨੇ ਇਸ ਸਮਝੌਤੇ ਦਾ ਸਵਾਗਤ ਕੀਤਾ ਹੈ।

# ਸੰਸਾਰ ਦੇ ਪਹਿਲੇ ਗਰੀਨ ਹੈਲੀਕਾਪਟਰ ਦੀ ਅਜ਼ਮਾਇਸ਼

**ਬਰਲਿਨ:** ਜਰਮਨੀ ਵਿਚ ਦੁਨੀਆਂ ਦੇ ਪਹਿਲੇ ਪ੍ਰਦੂਸ਼ਣ ਮੁਕਤ ਗਰੀਨ ਹੈਲੀਕਾਪਟਰ ਦੀ ਸਫ਼ਲਤਾਪੂਰਵਕ ਅਜ਼ਮਾਇਸ਼ ਕੀਤੀ ਗਈ। ਇਹ ਹੈਲੀਕਾਪਟਰ ਨਾ ਕੋਈ ਆਵਾਜ਼ ਕਰੇਗਾ ਤੇ ਨਾ ਹੀ ਧੂੰਆਂ ਛੱਡੇਗਾ। ਈ. ਵੋਲਵੋ ਕੰਪਨੀ ਦੇ ਦੋ ਸੀਟਾਂ ਵਾਲੇ ਇਸ 'ਵੋਲੋਕੋਪਟਰ' ਦੀ ਅਜ਼ਮਾਇਸ਼ ਕਾਰਲਸਰੂਹੇ (ਜਰਮਨੀ) ਵਿਚ ਕੀਤੀ ਗਈ। ਵੋਲੋਕੋਪਟਰ ਵਾਤਾਵਰਣ-ਪੱਖੀ ਤੇ ਧੂੰਆਂ-ਮੁਕਤ ਹੈਲੀਕਾਪਟਰ ਹੈ।

ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਐਲੇਗਜ਼ੈਂਡਰ ਜ਼ੋਸਲ ਨੇ ਕਿਹਾ ਕਿ ਇਸ ਵੋਲੋਕੋਪਟਰ ਲਈ ਉਨ੍ਹਾਂ ਨੂੰ ਪਹਿਲਾਂ ਹੀ ਦੁਨੀਆਂ ਭਰ ਵਿਚੋਂ ਅਨੇਕਾਂ ਦਰਖ਼ਾਸਤਾਂ ਮਿਲ ਚੁੱਕੀਆਂ ਹਨ।

## ਸੁੱਚਾ ਰਾਮ ਭਾਰਟਾ ਨੂੰ ਸਦਮਾ, ਭਤੀਜੇ ਦੀ ਮੌਤ

**ਫਰੀਮਾਂਟ (ਬਿਊਰੋ):** ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਦੇ ਚੇਅਰਮੈਨ ਸੁੱਚਾ ਰਾਮ ਭਾਰਟਾ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਭਤੀਜੇ ਬਲਵਿੰਦਰ ਰਾਮ (44 ਸਾਲ) ਦੀ ਅਚਾਨਕ ਮੌਤ ਹੋ ਗਈ। ਉਹ ਸ੍ਰੀ ਭਾਰਟਾ ਦੇ ਵਡੇ ਭਰਾ ਪਾਲ ਰਾਮ ਦਾ ਪੁੱਤਰ ਸੀ। ਉਹ ਆਪਣੇ ਪਿਛੇ ਪਤਨੀ ਕੁਲਦੀਪ ਕੌਰ ਤੋਂ ਇਲਾਵਾ ਦੋ ਧੀਆਂ ਅਤੇ ਇਕ ਬੇਟਾ ਛਡ ਗਿਆ ਹੈ।

ਬਲਵਿੰਦਰ ਰਾਮ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਪਿੰਡ ਭਾਰਟਾ (ਜਿਲਾ ਸ਼ਹੀਦ ਭਗਤ ਸਿੰਘ ਨਗਰ) ਵਿਚ ਕਰ ਦਿਤਾ ਗਿਆ। ਸ੍ਰੀ ਭਾਰਟਾ ਨਾਲ ਸੰਪਰਕ ਫੋਨ 650-207-6286 ਰਾਹੀਂ ਕੀਤਾ ਜਾ ਸਕਦਾ ਹੈ।


**Convenience Store For Sale**

Turn key convenience store with a lot of potential for sale in Bakersfield.
3400 Sqf. of space. Good location.
Price $149,000 plus inventory

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ
ਕੀਮਤ: $149,000+ਇਨਵੈਂਟਰੀ
*ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ*
ਸੰਪਰਕ ਕਰੋ: ਜਿੰਮੀ ਬਸਰਾ

**Cell: 661-205-5450**

Miramar International, Fax: 866-605-4167



**ਲੋੜ ਹੈ**

ਬੇਕਰਸਫੀਲਡ ਕੈਲੀਫੋਰਨੀਆਂ ਵਿੱਚ ਸਟੋਰ ਲਈ ਕੈਸ਼ੀਅਰਜ਼
$9:00 (ਪ੍ਰਤੀ ਘੰਟਾ) ਤੋਂ ਸ਼ੁਰੂ

**Need Cashiers Immediately**

ਸੰਪਰਕ ਕਰੋ
661-364-0341



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

***National Truck Driving School***

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



**Pinnacle Carriers Inc., San Jose, CA**

**Now Hiring Company Drivers**

team and solo (With Two Yr Experience )

**Owner Operators**

Specialized in Reefer & Dry Loads.
Run All 48 States



*Trailer rentals
*Get paid weekly on time.
*Fuel advance
*Also provide fuel cards

We have late model trucks and brand new refers.

**ਕੰਪਨੀ ਡਰਾਈਵਰਾਂ**

*ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)*

**ਓਨਰ ਅਪਰੇਟਰਾਂ ਦੀ ਲੋੜ ਹੈ**

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਂਡਵਾਂਸ ਅਤੇ ਫਿਊਲ ਕਾਰਡ

Sharanbeer Atwal: 408-373-4168
Manpreet and Preet: 408-835-3007
www.pinnaclecarriers.com
47-5

# ਡਰੱਗ ਕਾਂਡ ਵਿਚ ਕਸੂਤਾ ਫਸਿਆ ਅਜਨਾਲਾ ਪਰਿਵਾਰ

## ਡਾ. ਰਤਨ ਸਿੰਘ ਤੇ ਬੋਨੀ ਅਜਨਾਲਾ ਦੀ ਬੋਲਤੀ ਬੰਦ





**ਅੰਮ੍ਰਿਤਸਰ:** ਡਰੱਗ ਤਸਕਰ ਜਗਦੀਸ਼ ਸਿੰਘ ਭੋਲਾ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਅਕਾਲੀ ਆਗੂ ਦੇ ਸਬੰਧ ਸਿਆਸੀ ਸ਼ਖ਼ਸੀਅਤਾਂ ਨਾਲ ਹੋਣ ਦੇ ਖ਼ੁਲਾਸੇ ਮਗਰੋਂ ਖਡੂਰ ਸਾਹਿਬ ਤੋਂ ਅਕਾਲੀ ਦਲ ਦੇ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਤੇ ਉਨ੍ਹਾਂ ਦੇ ਪੁੱਤਰ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਅਜੇ ਤੱਕ ਚੁੱਪ ਧਾਰੀ ਹੋਈ ਹੈ। ਉਨ੍ਹਾਂ ਨਾ ਸਿਰਫ਼ ਸਿਆਸੀ ਸਰਗਰਮੀਆਂ ਖ਼ਤਮ ਕਰ ਦਿੱਤੀਆਂ ਹਨ ਸਗੋਂ ਉਹ ਮੀਡੀਆ ਤੋਂ ਵੀ ਕਿਨਾਰਾ ਕਰ ਰਹੇ ਹਨ।

ਪਟਿਆਲਾ ਪੁਲਿਸ ਨੇ 14 ਨਵੰਬਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਦੋ ਨੌਜਵਾਨਾਂ ਮਨਜਿੰਦਰ ਸਿੰਘ ਬਿੱਟੂ ਔਲਖ ਤੇ ਜਗਜੀਤ ਸਿੰਘ ਚਾਹਲ ਨੂੰ ਜਗਦੀਸ਼ ਸਿੰਘ ਭੋਲਾ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ। ਦੋਵਾਂ ਕੋਲੋਂ ਪੁਲਿਸ ਨੇ ਕਰੋੜਾਂ ਰੁਪਏ ਦੇ ਸਿੰਥੈਟਿਕ ਨਸ਼ੇ ਬਰਾਮਦ ਕੀਤੇ ਸਨ। ਗ੍ਰਿਫ਼ਤਾਰੀ ਤੋਂ ਬਾਅਦ ਖ਼ੁਲਾਸਾ ਹੋਇਆ ਸੀ ਕਿ ਇਹ ਦੋਵੇਂ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਵਿਚ ਸਰਗਰਮ ਹਨ ਤੇ ਇਨ੍ਹਾਂ ਦੇ ਕਈ ਸਿਆਸੀ ਸ਼ਖ਼ਸੀਅਤਾਂ ਨਾਲ ਨੇੜੇ ਦੇ ਸਬੰਧ ਹਨ। ਖ਼ਾਸ ਕਰਕੇ ਬਿੱਟੂ ਔਲਖ ਦੀ ਅਕਾਲੀ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਤੇ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਨਾਲ ਕਾਫੀ ਨੇੜਤਾ ਹੈ।

ਇਹ ਵੀ ਖ਼ੁਲਾਸਾ ਹੋਇਆ ਸੀ ਕਿ ਅਜਨਾਲਾ ਪਰਿਵਾਰ ਵੱਲੋਂ ਮਿਲੀ ਸ਼ਹਿ ਕਾਰਨ ਇਹ ਨੌਜਵਾਨ ਲਾਲ ਬੱਤੀ ਵਾਲੀ ਗੱਡੀ ਤੇ ਗੰਨਮੈਨਾਂ ਦੀ ਵਰਤੋਂ ਕਰਦਾ ਸੀ। ਇਸ ਦੌਰਾਨ ਸਾਬਕਾ ਅਕਾਲੀ ਵਿਧਾਇਕ ਵੀਰ ਸਿੰਘ ਲੋਪੋਕੇ ਨੇ ਵੀ ਪ੍ਰੈੱਸ ਕਾਨਫਰੰਸ ਦੌਰਾਨ ਖ਼ੁਲਾਸਾ ਕੀਤਾ ਕਿ ਬਿੱਟੂ ਔਲਖ ਜੋ ਯੂਥ ਅਕਾਲੀ ਦਲ ਦਾ ਜਨਰਲ ਸਕੱਤਰ ਸੀ ਤੇ ਅਜਨਾਲਾ ਪਰਿਵਾਰ ਦਾ ਸਮਰਥਨ ਪ੍ਰਾਪਤ ਸੀ, ਨੂੰ ਨਵੰਬਰ 2011 ਵਿਚ ਪਾਰਟੀ ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਅਜਨਾਲਾ ਪਰਿਵਾਰ ਵੱਲੋਂ ਉਸ ਨੂੰ ਸਮਰਥਨ ਦਿੱਤਾ ਜਾ ਰਿਹਾ ਸੀ।

ਉਸ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਦਿਹਾਤੀ ਇਕਾਈ ਵਿਚ ਖ਼ਜ਼ਾਨਚੀ ਬਣਾ ਦਿੱਤਾ ਗਿਆ ਸੀ। ਅਜਿਹਾ ਸਿਰਫ ਲੋਪੋਕੇ ਪਰਿਵਾਰ ਨੂੰ ਸਿਆਸਤ ਵਿਚ ਦਬਾਉਣ ਲਈ ਕੀਤਾ ਜਾ ਰਿਹਾ ਸੀ। ਸ. ਲੋਪੋਕੇ ਜੋ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਵੀ ਹਨ, ਵੱਲੋਂ ਇਸ ਬਾਰੇ ਪਾਰਟੀ ਪ੍ਰਧਾਨ ਨੂੰ ਵੀ ਜਾਣੂ ਕਰਵਾਇਆ ਗਿਆ ਸੀ। ਉਨ੍ਹਾਂ ਪ੍ਰੈੱਸ ਕਾਨਫਰੰਸ ਦੌਰਾਨ ਕੁਝ ਅਜਿਹੀਆਂ ਤਸਵੀਰਾਂ ਵੀ ਮੀਡੀਆ ਸਾਹਮਣੇ ਰੱਖੀਆਂ ਸਨ ਜਿਨ੍ਹਾਂ ਤੋਂ ਅਜਨਾਲਾ ਪਰਿਵਾਰ ਤੇ ਬਿੱਟੂ ਔਲਖ ਦੀ ਨੇੜਤਾ ਜੱਗ ਜ਼ਾਹਰ ਹੁੰਦੀ ਸੀ।

ਇਹ ਤਸਵੀਰ ਹਾਲ ਹੀ ਵਿਚ 25 ਸਤੰਬਰ ਨੂੰ ਉਸ ਵੇਲੇ ਖਿੱਚੀ ਗਈ ਸੀ ਜਦੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਜਨਾਲਾ ਹਲਕੇ ਦਾ ਦੌਰਾ ਕੀਤਾ ਸੀ। ਇਸ ਤਸਵੀਰ ਵਿਚ ਬਿੱਟੂ ਔਲਖ ਵੱਲੋਂ ਉਪ ਮੁੱਖ ਮੰਤਰੀ ਦਾ ਸਵਾਗਤ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਡਾ. ਅਜਨਾਲਾ ਤੇ ਵਿਧਾਇਕ ਬੋਨੀ ਅਜਨਾਲਾ ਵੀ ਖੜ੍ਹੇ ਹਨ। ਉਨ੍ਹਾਂ ਦੇ ਨਾਲ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਮੁੱਖ ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ ਵੀ ਮੌਜੂਦ ਹਨ।

ਇਹ ਖ਼ੁਲਾਸਾ ਹੋਣ ਮਗਰੋਂ ਅਜਨਾਲਾ ਪਰਿਵਾਰ ਨੇ ਚੁੱਪੀ ਧਾਰ ਲਈ ਹੈ ਤੇ ਇਸ ਮਾਮਲੇ ਵਿਚ ਕੋਈ ਵੀ ਗੱਲ ਕਰਨ ਨੂੰ ਤਿਆਰ ਨਹੀਂ ਹੈ। ਸੰਸਦ ਮੈਂਬਰ ਤੇ ਵਿਧਾਇਕ ਦੋਵਾਂ ਵੱਲੋਂ ਸਿਆਸੀ ਸਰਗਰਮੀਆਂ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ ਤੇ ਮੀਡੀਆ ਤੋਂ ਵੀ ਸੰਕੋਚ ਵਰਤਿਆ ਜਾ ਰਿਹਾ ਹੈ। ਇਸ ਸਬੰਧੀ ਸੰਸਦ ਮੈਂਬਰ ਤੇ ਵਿਧਾਇਕ ਨਾਲ ਕਈ ਵਾਰ ਸੰਪਰਕ ਕਰਨ ਦਾ ਯਤਨ ਕੀਤਾ ਗਿਆ ਪਰ ਉਨ੍ਹਾਂ ਨੇ ਕੋਈ ਹੁੰਗਾਰਾ ਨਹੀਂ ਦਿੱਤਾ।

ਸੰਸਦ ਮੈਂਬਰ ਦੇ ਨਿੱਜੀ ਸਕੱਤਰ ਨੇ ਹਰ ਵਾਰ ਇਹੀ ਜਵਾਬ ਦਿੱਤਾ ਕਿ ਉਹ ਦੂਜੇ ਨੰਬਰ 'ਤੇ ਹੋਣਗੇ ਜਦਕਿ ਦੂਜਾ ਫੋਨ ਨੰਬਰ ਬੰਦ ਕੀਤਾ ਹੋਇਆ ਹੈ। ਹਾਲ ਹੀ ਵਿਚ ਮੀਡੀਆ ਦੇ ਇਕ ਹਿੱਸੇ ਵਿਚ ਇਹ ਖ਼ਬਰਾਂ ਵੀ ਆਈਆਂ ਹਨ ਕਿ ਜਗਦੀਸ਼ ਭੋਲਾ ਮਾਮਲੇ ਵਿਚ ਡਾ. ਰਤਨ ਸਿੰਘ ਅਜਨਾਲਾ ਤੇ ਬੋਨੀ ਅਜਨਾਲਾ ਕੋਲੋਂ ਵੀ ਪੁੱਛਗਿੱਛ ਹੋ ਸਕਦੀ ਹੈ। ਇਸ ਬਾਰੇ ਪੰਜਾਬ ਪੁਲਿਸ ਦੇ ਬਾਰਡਰ ਰੇਂਜ ਦੇ ਆਈ.ਜੀ. ਇਸ਼ਵਰ ਚੰਦਰ ਨੇ ਆਖਿਆ ਕਿ ਇਸ ਮਾਮਲੇ ਵਿਚ ਅੰਮ੍ਰਿਤਸਰ ਪੁਲਿਸ ਵੱਲੋਂ ਕੋਈ ਪੁੱਛਗਿੱਛ ਨਹੀਂ ਕੀਤੀ ਜਾ ਰਹੀ ਕਿਉਂਕਿ ਇਹ ਸਮੁੱਚਾ ਮਾਮਲਾ ਪਟਿਆਲਾ ਪੁਲਿਸ ਕੋਲ ਹੈ ਤੇ ਉਸ ਵੱਲੋਂ ਹੀ ਸਾਰੀ ਕਾਰਵਾਈ ਕੀਤੀ ਜਾ ਰਹੀ ਹੈ।

ਦੂਜੇ ਪਾਸੇ ਪੰਜਾਬ ਕਾਂਗਰਸ ਵੱਲੋਂ ਅਜਨਾਲਾ ਪਰਿਵਾਰ ਦੀ ਨਸ਼ਿਆਂ ਦੇ ਕਾਰੋਬਾਰ ਕਰਨ ਵਾਲਿਆਂ ਨਾਲ ਨੇੜਤਾ ਸਾਹਮਣੇ ਆਉਣ ਮਗਰੋਂ ਉਥੇ ਰੋਸ ਪ੍ਰਦਰਸ਼ਨ ਕਰਕੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ ਗਈ ਹੈ। ਕਾਂਗਰਸ ਵੱਲੋਂ ਚੋਣ ਕਮਿਸ਼ਨ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਦੋਵਾਂ ਅਕਾਲੀ ਆਗੂਆਂ ਦੇ ਚੋਣ ਲੜਨ 'ਤੇ ਰੋਕ ਲਾਈ ਜਾਵੇ।

## ਦਿੱਲੀ ਦੀ ਅਦਾਲਤ ਵੱਲੋਂ ਪੁਲਿਸ ਮੁਖੀ ਸੁਮੇਧ ਸੈਣੀ ਤਲਬ

**ਚੰਡੀਗੜ੍ਹ:** ਨਾਜਾਇਜ਼ ਢੰਗ ਨਾਲ ਹਿਰਾਸਤ ਵਿਚ ਰੱਖਣ ਤੇ ਅਗਵਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਡੀ.ਜੀ.ਪੀ. ਸੁਮੇਧ ਸੈਣੀ ਨੂੰ ਦਿੱਲੀ ਦੀ ਹੇਠਲੀ ਅਦਾਲਤ ਵਿਚ ਪੇਸ਼ ਹੋਣਾ ਪਵੇਗਾ। ਦਿੱਲੀ ਤੋਂ ਮਿਲੀ ਜਾਣਕਾਰੀ ਅਨੁਸਾਰ ਸੈਣੀ ਨੂੰ 28 ਨਵੰਬਰ ਤੋਂ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਨੂੰ ਨਿੱਜੀ ਪੇਸ਼ੀ ਤੋਂ ਮਿਲੀ ਛੋਟ ਰੱਦ ਕਰ ਦਿੱਤੀ ਗਈ ਹੈ। ਇਹ ਆਦੇਸ਼ ਸ਼ਿਕਾਇਤਕਰਤਾ ਅਸ਼ੀਸ਼ ਕੁਮਾਰ ਵੱਲੋਂ ਦਾਇਰ ਅਰਜ਼ੀ 'ਤੇ ਦਿੱਤੇ ਗਏ ਹਨ।

ਆਪਣੀ ਅਰਜ਼ੀ ਵਿਚ ਅਸ਼ੀਸ਼ ਕੁਮਾਰ ਨੇ ਦੋਸ਼ ਲਾਇਆ ਕਿ ਮੁਲਜ਼ਮ ਵੱਲੋਂ ਵਾਰ-ਵਾਰ ਕੋਈ ਨਾ ਕੋਈ ਤਰੀਕਾ ਅਪਣਾ ਕੇ ਕੇਸ ਦੀ ਕਾਰਵਾਈ ਅੱਗੇ ਚੱਲਣ ਵਿਚ ਦੇਰੀ ਕਰਵਾਈ ਜਾ ਰਹੀ ਹੈ। ਹੁਣ ਤਕ ਬਚਾਅ ਪੱਖ ਦੇ ਵਕੀਲ ਕੇਵਲ ਸੈਣੀ ਲਈ ਹੀ 27 ਤੋਂ ਜ਼ਿਆਦਾ ਤਰੀਕਾਂ ਲੈ ਚੁੱਕੇ ਹਨ। ਕੁਮਾਰ ਨੇ ਇਸ ਮਾਮਲੇ ਦੀ ਰੋਜ਼ਾਨਾ ਕਾਰਵਾਈ ਚਲਾਉਣ ਦੀ ਮੰਗ ਕਰਦਿਆਂ ਦੋਸ਼ ਲਾਇਆ ਕਿ ਮੁਲਜ਼ਮ ਵੱਲੋਂ ਸ਼ਿਕਾਇਤਕਰਤਾ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਲਈ ਨਵਾਂ ਤਰੀਕਾ ਅਪਣਾਇਆ ਗਿਆ ਹੈ ਤਾਂ ਜੋ ਉਹ ਕੇਸ ਸਬੰਧੀ ਕੋਈ ਸਬੂਤ ਪੇਸ਼ ਨਾ ਕਰ ਸਕੇ। ਕੁਮਾਰ ਨੇ ਦੋਸ਼ ਲਾਇਆ ਕਿ ਉਸ ਨੂੰ ਫਸਾਉਣ ਲਈ ਲੁਧਿਆਣਾ ਵਿਚ ਦਰਜ ਕਰਵਾਏ ਗਏ ਕੇਸ ਸਬੰਧੀ ਉਸ ਦੀ 90 ਸਾਲਾ ਮਾਂ ਅਮਰ ਕੌਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਨਿੱਜੀ ਪੇਸ਼ੀ ਤੋਂ ਛੋਟ ਦਿੱਤੀ ਸੀ ਪਰ ਇਸ ਦੇ ਬਾਵਜੂਦ ਉਸ ਦੀ ਮਾਤਾ ਨੂੰ 20 ਅਕਤੂਬਰ ਨੂੰ ਸੰਮਨ ਮਿਲੇ ਜਿਸ ਵਿਚ ਉਨ੍ਹਾਂ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ। ਜਦੋਂ ਇਹ ਸੰਮਨ ਪ੍ਰਾਪਤ ਕੀਤੇ ਗਏ, ਉਸ ਵੇਲੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨਾਲ ਦਿੱਲੀ ਪੁਲਿਸ ਦਾ ਇਕ ਅਫਸਰ ਵੀ ਆਇਆ ਸੀ। ਪੁਲਿਸ ਅਫਸਰਾਂ ਨੇ ਉਸ ਦੀ ਮਾਤਾ ਨੂੰ ਧਮਕਾਇਆ ਕਿ ਜੇਕਰ ਉਸ ਨੇ ਸੰਮਨ 'ਤੇ ਦਸਤਖਤ ਕਰਨ ਤੋਂ ਇਨਕਾਰ ਕੀਤਾ ਤਾਂ ਉਸ ਨੂੰ ਜਬਰੀ ਚੁੱਕ ਲਿਆ ਜਾਵੇਗਾੲ। ਇਸ ਮਗਰੋਂ ਚਾਰ ਨਵੰਬਰ ਨੂੰ ਮੁੜ ਰਾਤ ਦੇ 10.30 ਵਜੇ ਉਸੇ ਪੁਲਿਸ ਸਟੇਸ਼ਨ ਵੱਲੋਂ ਅਮਰ ਕੌਰ ਨੇ ਸੰਮਨ ਪ੍ਰਾਪਤ ਕੀਤੇ। ਕੁਮਾਰ ਨੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਤੋਂ ਸਪਸ਼ਟ ਹੈ ਕਿ ਉਸ ਦੀ ਮਾਂ ਰਾਹੀਂ ਉਸ 'ਤੇ ਦਬਾਅ ਪਾਇਆ ਜਾ ਰਿਹਾ ਹੈ।

## ਭਤੀਜੇ ਨਾਲ ਮਿਲ ਕੇ ਭਰਾ ਦਾ ਕਤਲ

**ਘੁਮਾਣ:** ਨਜ਼ਦੀਕ ਪਿੰਡ ਪੇਰੋਸ਼ਾਹ ਵਿਚ ਚਾਰ ਵਿਅਕਤੀਆਂ ਵੱਲੋਂ ਘਰ ਵਿਚ ਦਾਖ਼ਲ ਹੋ ਕੇ ਇਕ ਵਿਅਕਤੀ ਦਾ ਮਾਰੂ ਹਥਿਆਰਾਂ ਨਾਲ ਬੇਰਿਹਮੀ ਨਾਲ ਕਤਲ ਕਰ ਦਿੱਤਾ ਗਿਆ। ਇਸ ਸਬੰਧੀ ਥਾਣਾ ਘੁਮਾਣ ਦੇ ਐਸ.ਐਚ.ਓ. ਕਮਲਮੀਤ ਸਿੰਘ ਰੰਧਾਵਾ ਨੇ ਕਿਹਾ ਕਿ ਸੁਰਜੀਤ ਕੌਰ ਪਤਨੀ ਸੁੱਚਾ ਸਿੰਘ ਵਾਸੀ ਪੇਰੋਸ਼ਾਹ ਨੇ ਪੁਲਿਸ ਨੂੰ ਇਤਲਾਹ ਦਿੱਤੀ ਕਿ ਉਹ ਆਪਣੇ ਘਰ ਵਿਚ ਸ਼ਾਮ ਸਮੇਂ ਰੋਟੀ ਖਾਣ ਤੋਂ ਬਾਅਦ ਸੌਣ ਲਈ ਬਿਸਤਰੇ ਵਿਛਾਅ ਰਹੇ ਸੀ ਕਿ ਏਨੇ ਚਿਰ ਨੂੰ ਪਿੰਡ ਦੇ ਵਿਅਕਤੀ ਹਰਮਨਦੀਪ ਸਿੰਘ, ਸਰਬਜੀਤ ਸਿੰਘ, ਗੁਰਵਿੰਦਰ ਸਿੰਘ, ਸਾਹਿਬ ਸਿੰਘ ਵਿਹੜੇ ਵਿਚ ਦਾਖ਼ਲ ਹੋਏ ਜਿਨ੍ਹਾਂ ਦੇ ਹੱਥਾਂ ਵਿਚ ਲੋਹੇ ਦੇ ਹਥਿਆਰ ਸਨ।

ਉਸ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ ਉਸ ਦੇ ਪਤੀ ਸੁੱਚਾ ਸਿੰਘ (45) ਪੁੱਤਰ ਚੰਨਣ ਸਿੰਘ ਨੂੰ ਹੇਠਾਂ ਸੁੱਟ ਲਿਆ ਤੇ ਉਸ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਉਸ ਨੇ ਆਪਣੇ ਪਤੀ ਨੂੰ ਬਚਾਉਣ ਲਈ ਰੌਲਾ ਪਾਇਆ ਪਰ ਉਹ ਵਿਅਕਤੀ ਲਗਾਤਾਰ ਉਸ ਦੇ ਪਤੀ ਨੂੰ ਮਾਰਦੇ ਰਹੇ ਤੇ ਉਸ ਨੂੰ ਜਾਨੋਂ ਮਾਰਨ ਤੋਂ ਬਾਅਦ ਉਕਤ ਚਾਰੇ ਵਿਅਕਤੀ ਘਰੋਂ ਦੌੜ ਗਏ। ਇਸ ਬਾਰੇ ਥਾਣਾ ਮੁਖੀ ਸ: ਰੰਧਾਵਾ ਨੇ ਦੱਸਿਆ ਕਿ ਸੁੱਚਾ ਸਿੰਘ ਦਾ ਕਤਲ ਕਰਨ ਵਾਲੇ ਦੋਸ਼ੀਆਂ ਵਿਚੋਂ ਇਕ ਤਾਂ ਉਸ ਦਾ ਸਕਾ ਭਰਾ, ਭਤੀਜਾ ਤੇ ਦੋ ਹੋਰ ਸਾਥੀ ਸ਼ਾਮਲ ਸਨ। ਕਤਲ ਹੋਏ ਵਿਅਕਤੀ ਦੀ ਪਤਨੀ ਦੇ ਬਿਆਨਾਂ ਦੇ ਆਧਾਰ 'ਤੇ ਉਕਤ ਮੁਲਜ਼ਮਾਂ 'ਤੇ ਕੇਸ ਦਰਜ ਕਰ ਲਿਆ ਹੈ।

## ਢੈਪਈ ਵਿਚ ਜ਼ਮੀਨ ਖਾਤਰ ਸਹੁਰੇ ਹੱਥੋਂ ਜਵਾਈ ਦਾ ਕਤਲ

**ਫਰੀਦਕੋਟ:** ਜ਼ਮੀਨ ਹਥਿਆਉਣ ਲਈ ਸਹੁਰੇ ਨੇ ਜੈਤੋ ਨੇੜੇ ਪਿੰਡ ਢੈਪਈ ਵਿਚ ਆਪਣੇ ਜਵਾਈ ਨੂੰ ਦਾਤ ਨਾਲ ਵੱਢ ਦਿੱਤਾ। ਕੁਝ ਅਰਸਾ ਪਹਿਲਾਂ ਗੁਰਜੰਟ ਸਿੰਘ ਨੇ ਆਪਣੇ ਜਵਾਈ ਰਸ਼ਪਾਲ ਸਿੰਘ ਉਰਫ਼ ਪਾਲੀ ਤੋਂ ਪਿੰਡ ਮੱਤੇ ਵਿਚ ਇਕ ਕਨਾਲ 17 ਮਰਲੇ ਜ਼ਮੀਨ ਖ਼ਰੀਦੀ ਸੀ ਜਿਸ ਦਾ ਇੰਤਕਾਲ ਹੋਣਾ ਹਾਲੇ ਬਾਕੀ ਸੀ।

ਸੂਤਰਾਂ ਅਨੁਸਾਰ ਰਸ਼ਪਾਲ ਨੇ ਇਹ ਜ਼ਮੀਨ ਆਪਣੇ ਭਰਾਵਾਂ ਤੋਂ ਪਰਦਾਪੋਸ਼ੀ ਕਰ ਕੇ ਸਹੁਰੇ ਨੂੰ ਵੇਚੀ ਸੀ। ਜਦੋਂ ਭਰਾਵਾਂ ਨੂੰ ਸੌਦੇ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਤਹਿਸੀਲਦਾਰ ਨੂੰ ਅਰਜ਼ੀ ਦੇ ਕੇ ਜ਼ਮੀਨ ਦਾ ਇੰਤਕਾਲ ਰੁਕਵਾ ਦਿੱਤਾ। ਐਸ.ਐਚ.ਓ. ਜੈਤੋ ਨਰਿੰਦਰ ਸਿੰਘ ਅਨੁਸਾਰ ਇਸ ਸੌਦੇ ਕਰਕੇ ਦੋਵਾਂ ਧਿਰਾਂ ਵਿਚ ਰੰਜਿਸ਼ ਉਭਰ ਆਈ ਸੀ। ਘਟਨਾ ਸਮੇਂ ਸਹੁਰਾ ਤੇ ਜਵਾਈ ਵਿਵਾਦਤ ਜ਼ਮੀਨ ਵਿਚ ਕਣਕ ਬੀਜ ਕੇ ਇਕੋ ਮੋਟਰਸਾਈਕਲ 'ਤੇ ਵਾਪਸ ਪਰਤ ਰਹੇ ਸਨ। ਸਹੁਰੇ ਨੇ ਮਨ ਵਿਚ ਪਹਿਲਾਂ ਬਣਾਈ ਤਰਕੀਬ ਮੁਤਾਬਕ ਪਿੰਡ ਢੈਪਈ ਦੇ ਹਾਈ ਸਕੂਲ ਕੋਲ ਮੋਟਰਸਾਈਕਲ ਚਲਾ ਰਹੇ ਆਪਣੇ ਜਵਾਈ ਨੂੰ ਉਲਝਾ ਕੇ ਹੇਠਾਂ ਸੜਕ 'ਤੇ ਸੁੱਟ ਲਿਆ ਤੇ ਬੇਰਹਿਮੀ ਨਾਲ ਆਪਣੇ ਕੋਲ ਲੁਕਾਏ ਦਾਤ ਨਾਲ ਉਸ ਦਾ ਗ਼ਲ ਵੱਢ ਦਿੱਤਾ।

## ਅਕਾਲੀ-ਭਾਜਪਾ ਸਮਗਲਰਾਂ ਦੀ ਕਰ ਰਹੇ ਨੇ ਪੁਸ਼ਤਪਨਾਹੀ: ਮਨਪ੍ਰੀਤ

**ਚਮਕੌਰ ਸਾਹਿਬ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦਾ ਖਜ਼ਾਨਾ ਭਾਵੇਂ ਖਾਲੀ ਹੋ ਰਿਹਾ ਹੈ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਪ੍ਰਾਈਵੇਟ ਟਰਾਂਸਪੋਰਟ ਤੇ ਹੋਰ ਵਪਾਰਕ ਅਦਾਰੇ ਖ਼ੁਸ਼ਹਾਲ ਹੋ ਰਹੇ ਹਨ।



ਸ. ਮਨਪ੍ਰੀਤ ਬਾਦਲ ਨੇ ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਲੋਕਾਂ ਦੀ ਭਲਾਈ ਦੀ ਥਾਂ ਸਮੱਗਲਰਾਂ ਦੀ ਪੁਸ਼ਤਪਨਾਹੀ ਕਰ ਰਹੀ ਹੈ।

ਇਸ ਕਾਰਨ ਲੋਕ ਇਸ ਸਰਕਾਰ ਨੂੰ ਚੱਲਦਾ ਕਰਨ ਲਈ ਉਤਾਵਲੇ ਹਨ। ਉਨ੍ਹਾਂ ਨਸ਼ੇ ਦੇ ਵਪਾਰੀਆਂ ਬਾਰੇ ਕਿਹਾ ਕਿ ਜੇ ਸਰਕਾਰ ਚਾਹੇ ਤਾਂ ਇਕ ਦਿਨ ਵਿਚ ਹੀ ਪੰਜਾਬ ਨਸ਼ਾ-ਮੁਕਤ ਹੋ ਸਕਦਾ ਹੈ। ਜਿਵੇਂ ਸਰਕਾਰ ਨੇ ਪੰਜਾਬ ਵਿਚੋਂ ਕੁਝ ਦਿਨਾਂ ਵਿਚ ਹੀ ਖਾੜਕੂਵਾਦ ਖਤਮ ਕਰ ਦਿੱਤਾ ਸੀ ਤਾਂ ਨਸ਼ੇ ਦੇ ਵਪਾਰੀਆਂ ਨੂੰ ਠੱਲ੍ਹ ਪਾਉਣੀ ਮੁਸ਼ਕਲ ਕੰਮ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਰੇਤਾ, ਬਜ਼ਰੀ, ਟਰਾਂਸਪੋਰਟ ਤੇ ਨਸ਼ਿਆਂ ਦੇ ਕਾਰੋਬਾਰ ਵਿਚ ਸਿਆਸੀ ਨੁਮਾਇੰਦੇ ਭਾਰੂ ਹੋ ਚੁੱਕੇ ਹਨ।

ਸ. ਬਾਦਲ ਨੇ ਕਿਹਾ ਕਿ ਅੱਜ ਸ਼ਾਮਲਾਟ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਵਿਚ ਅਕਾਲੀ ਦਲ ਤੇ ਕਾਂਗਰਸੀਆਂ ਦੀ ਭਰਮਾਰ ਹੈ। ਉਨ੍ਹਾਂ ਆਪਣੀ ਪਾਰਟੀ ਬਾਰੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਹੋਰ ਮਜ਼ਬੂਤ ਕਰਨ ਲਈ ਪੀਪਲਜ਼ ਪਾਰਟੀ ਆਫ ਪੰਜਾਬ ਬਣਾਈ ਗਈ ਸੀ ਤੇ ਪਾਰਟੀ ਕਦੇ ਵੀ ਆਪਣੇ ਸਿਧਾਂਤਾਂ ਤੋਂ ਨਹੀਂ ਥਿੜਕੇਗੀ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਹੋਂਦ ਵਿਚ ਆਉਣ ਦੇ ਤਿੰਨ ਸਾਲਾਂ ਦੇ ਅਰਸੇ ਦੌਰਾਨ ਪੀਪਲਜ਼ ਪਾਰਟੀ ਹਰ ਪਿੰਡ ਵਿਚ ਇਕਾਈਆਂ ਤੇ ਵਰਕਰ ਬਣਾਉਣ ਵਿਚ ਕਾਮਯਾਬ ਰਹੀ ਹੈ।

ਅੱਜ ਇਸ ਪਾਰਟੀ ਦੇ ਪੰਜਾਬ ਵਿਚ 1240 ਪੰਚਾਇਤ ਮੈਂਬਰ, 235 ਸਰਪੰਚ, 48 ਬਲਾਕ ਸਮਿਤੀ ਮੈਂਬਰ, 8 ਕੌਂਸਲਰ ਤੇ ਤਿੰਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਨ। ਆਗਾਮੀ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨਾਲ ਕਿਸੇ ਵੀ ਗੱਠਜੋੜ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਪੀਪਲਜ਼ ਪਾਰਟੀ ਨੇ ਸੀ.ਪੀ.ਐਮ., ਸੀ.ਪੀ.ਆਈ. ਤੇ ਅਕਾਲੀ ਦਲ ਲੌਂਗੋਵਾਲ ਨਾਲ ਰਲ ਕੇ ਸਾਂਝਾ ਮੋਰਚਾ ਬਣਾਇਆ ਹੋਇਆ ਹੈ।

# ਐਨ.ਕੇ. ਸ਼ਰਮਾ ਦੇ ਅੱਠ ਪ੍ਰੋਜੈਕਟ ਗੈਰਕਾਨੂੰਨੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਅਕਾਲੀ ਦਲ ਦੇ ਖਜ਼ਾਨਚੀ ਤੇ ਮੁੱਖ ਪਾਰਲੀਮਾਨੀ ਸਕੱਤਰ ਐਨ.ਕੇ. ਸ਼ਰਮਾ ਦੀ ਕੰਪਨੀ ਦੇ ਅੱਠ ਪ੍ਰੋਜੈਕਟਾਂ ਵਿਚ ਸਰਕਾਰੀ ਨਿਯਮਾਂ ਤੇ ਕਾਨੂੰਨ ਨੂੰ ਛਿੱਕੇ ਟੰਗਣ ਦਾ ਦੋਸ਼ ਲਾਉਂਦਿਆਂ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਦੂਸਰੇ ਪਾਸੇ ਪੰਜਾਬ ਸਰਕਾਰ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਸ਼ਾਮਲਾਟ ਜ਼ਮੀਨ ਖਰੀਦਣ ਦੇ ਮਾਮਲੇ ਸਬੰਧੀ ਹੰਗਾਮਾ ਕੀਤਾ ਜਾ ਰਿਹਾ ਹੈ।

ਪੰਜਾਬ ਕਾਂਗਰਸ ਨੇ ਸ੍ਰੀ ਸ਼ਰਮਾ ਦੇ ਐਨ.ਕੇ. ਸ਼ਰਮਾ ਗਰੁੱਪ ਆਫ ਕੰਪਨੀ ਨਾਲ ਸਬੰਧਤ ਜ਼ੀਰਕਪੁਰ ਤੇ ਮੁਹਾਲੀ ਸਥਿਤ ਅੱਠ ਪ੍ਰੋਜੈਕਟਾਂ ਬਾਰੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਤੋਂ ਆਰ.ਟੀ.ਆਈ. ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਦੇ ਆਧਾਰ 'ਤੇ ਦੋਸ਼ ਲਾਏ ਹਨ। ਪੰਜਾਬ ਕਾਂਗਰਸ ਨੇ ਵਾਤਾਵਰਨ ਵਿਭਾਗ ਪੰਜਾਬ ਦੀ ਸਕੱਤਰ ਸੀਮਾ ਜੈਨ ਨੂੰ ਇਸ ਬਾਰੇ ਮੈਮੋਰੰਡਮ ਦਿੰਦਿਆਂ ਦੋਸ਼ ਲਾਇਆ ਕਿ ਐਨ.ਕੇ. ਸ਼ਰਮਾ ਗੈਰ ਕਾਨੂੰਨੀ ਪ੍ਰੋਜੈਕਟ ਚਲਾ ਰਹੇ ਹਨ ਤੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ



ਦੀ ਨੇੜਤਾ ਦੀ ਗਲਤ ਵਰਤੋਂ ਕਰ ਰਹੇ ਹਨ।

ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਮੁਹਾਲੀ ਦੇ ਵਿਧਾਇਕ ਬਲਬੀਰ ਸਿੰਘ ਸਿੱਧੂ ਤੇ ਜ਼ਿਲ੍ਹਾ ਮੁਹਾਲੀ ਕਾਂਗਰਸ ਦੇ ਪ੍ਰਧਾਨ ਰਜਿੰਦਰ ਸਿੰਘ ਰਾਣਾ ਸਮੇਤ ਆਰ.ਟੀ.ਆਈ. ਰਾਹੀਂ ਹਾਸਲ ਕੀਤੇ ਦਸਤਾਵੇਜ਼ ਪੱਤਰਕਾਰਾਂ ਨੂੰ ਦਿੰਦਿਆਂ ਦੋਸ਼ ਲਾਇਆ ਕਿ ਸ੍ਰੀ ਸ਼ਰਮਾ ਦੇ ਪ੍ਰੋਜੈਕਟਾਂ ਵਿਚ ਹੋਈਆਂ ਭਾਰੀ ਬੇਨਿਯਮੀਆਂ ਦੇ ਬਾਵਜੂਦ ਸਰਕਾਰ ਵੱਲੋਂ ਅੱਖਾਂ ਬੰਦ ਕਰਨ ਕਾਰਨ ਸ਼ੰਕੇ ਜ਼ਾਹਿਰ ਹੁੰਦੇ ਹਨ ਕਿ ਇਨ੍ਹਾਂ ਪ੍ਰੋਜੈਕਟਾਂ ਵਿਚ ਬਾਦਲ ਪਰਿਵਾਰ ਦਾ ਵੀ ਹਿੱਸਾ ਹੋ ਸਕਦਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਸ. ਬਾਦਲ ਸ਼ਰੇਆਮ ਬਦਲਾਲਊ ਸਿਆਸਤ ਕਰ ਰਹੇ ਹਨ ਕਿਉਂਕਿ ਸ. ਬਾਜਵਾ ਵਿਰੁੱਧ ਕੋਈ ਸ਼ਿਕਾਇਤ ਨਾ ਹੋਣ ਤੇ ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਅਨੁਸਾਰ ਜ਼ਮੀਨਾਂ ਦੀ ਖਰੀਦ-ਵੇਚ ਦੇ 70 ਹਜ਼ਾਰ ਮਾਮਲਿਆਂ ਵਿਚ ਗੜਬੜ ਹੋਣ ਦਾ ਸੰਕੇਤ ਦੇਣ ਦੇ ਬਾਵਜੂਦ ਕੇਵਲ ਕਾਂਗਰਸ ਪ੍ਰਧਾਨ ਦੇ ਮਾਮਲੇ ਦੀ ਹੀ ਜਾਂਚ ਕਰਵਾਈ ਜਾ ਰਹੀ ਹੈ। ਉਨ੍ਹਾਂ ਮੰਨਿਆ ਕਿ ਕਾਂਗਰਸ ਪਾਰਟੀ ਨੇ ਵਿਧਾਨ ਸਭਾ ਦੇ ਸ਼ੈਸ਼ਨ ਦੌਰਾਨ ਇਹ ਮੁੱਦਾ ਉਠਾਉਣ ਦਾ ਮੌਕਾ ਖੁੰਝਾ ਲਿਆ ਹੈ। ਇਸ ਮੌਕੇ ਉਨ੍ਹਾਂ ਸ੍ਰੀ ਸ਼ਰਮਾ ਨੂੰ ਮੁੜ ਚੁਣੌਤੀ ਦਿੱਤੀ ਕਿ ਉਹ ਆਪਣੇ ਪਹਿਲੇ ਕਥਨ ਅਨੁਸਾਰ 100 ਕਰੋੜ ਰੁਪਏ ਦੀ ਮਾਣਹਾਨੀ ਦਾ ਨੋਟਿਸ ਦੇਣ ਤਾਂ ਜੋ ਉਹ ਇਸ ਦਾ ਜਵਾਬ ਦੇ ਸਕਣ।

## Matrimonial

### ਕੰਨਿਆਂ ਦੀ ਲੋੜ

ਸੈਣੀ ਸਿੱਖ, 30 ਸਾਲ, 5’-11”, ਪੀ ਜੀ ਡੀ ਬੀ ਐਮ ਸੋਹਣੇ ਸੁਨੱਖੇ ਅਮਰੀਕਾ ਵਿਚ ਵਰਕ ਪਰਮਿਟ ‘ਤੇ ਕੰਮ ਕਰਦੇ, ਮਾਤਾ-ਪਿਤਾ ਦੇ ਨਾਲ ਰਹਿੰਦੇ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 804-502-9507
*47-5*

ਲੁਬਾਣਾ ਸਿੱਖ ਲੜਕੇ, 26, ਕੱਦ 5’-11”, ਅਮਰੀਕਾ ਵਿਚ ਵਰਕ ਪਰਮਿਟ ‘ਤੇ ਕੰਮ ਕਰਦੇ ਤੇ ਆਰ ਐਨ ਦਾ ਕੋਰਸ ਕਰ ਰਹੇ ਗੁਰਸਿੱਖ ਲੜਕੇ ਲਈ ਸੁਨੱਖੀ ਗੁਰਸਿੱਖ ਲੜਕੀ ਦੀ ਲੋੜ ਹੈ। ਇੰਡੀਆ ਤੋਂ ਸਟੂਡੈਂਟ ਵੀਜ਼ੇ ‘ਤੇ ਆਈ ਲੜਕੀ ਵੀ ਵਿਚਾਰਯੋਗ। ਸੰਪਰਕ ਕਰੋ, ਫੋਨ: 480-241-7596, singhkhalsapunjabi1987@gmail.com
*45-4*

Wanted suitable girl from USA, Canada, India for US citizen Amritdhari Sikh male 34, living in Ohio, truck driver, own house, divorced after 2 years of marriage, one daughter living with mom. Undocumented girls can also be considered. Contact: Ph.513-305-4654.
*46-4*

### ਵਰ ਦੀ ਲੋੜ

Doctor/professional match for a Jatt Sikh, US citizen beautiful girl, 30yrs, 5’-8”, divorcee, working as RN in a state hospital of California, only child of doctor parents. Call, Ph: 559-355-3073, e-mail: gulkaur818@gmail.com
*47-2*


# ਦੁੱਖ ਭੰਜਨੀ ਬੇਰੀ ਦਾ ਇਕ ਬੂਟਾ ਸੁੱਕਣ ਲੱਗਿਆ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਇਸ ਵੇਲੇ ਤਿੰਨ ਪੁਰਾਤਨ ਬੇਰੀਆਂ ਹਨ ਜਿਨ੍ਹਾਂ ਵਿਚ ਦੁੱਖ ਭੰਜਨੀ ਬੇਰੀ, ਲਾਚੀ ਬੇਰੀ ਅਤੇ ਬੇਰ ਬਾਬਾ ਬੁੱਢਾ ਸਾਹਿਬ ਸ਼ਾਮਲ ਹਨ। ਦੁੱਖ ਭੰਜਨੀ ਬੇਰੀ ਦੇ ਦੋ ਬੂਟੇ ਹਨ ਜਿਨ੍ਹਾਂ ਵਿਚੋਂ ਇਕ ਪੁਰਾਤਨ ਬੂਟੇ ਹੇਠਾਂ ਬੀਬੀਆਂ ਵਾਸਤੇ ਇਸ਼ਨਾਨ ਕਰਨ ਲਈ ਪੌਣਾ ਅਤੇ ਇਸ ਦੇ ਅਗਲੇ ਹਿੱਸੇ ਵਿਚ ਅਖੰਡ ਪਾਠ ਰੱਖਣ ਲਈ ਕਮਰੇ ਬਣੇ ਹੋਏ ਹਨ। ਇਸ ਦੀਆਂ ਜੜ੍ਹਾਂ ਇਸ ਇਮਾਰਤ ਹੇਠ ਆ ਚੁੱਕੀਆਂ ਹਨ ਜਿਨ੍ਹਾਂ ਨੂੰ ਹੁਣ ਬਾਹਰ ਕੱਢਣ ਲਈ ਇਸ ਇਮਾਰਤ ਦਾ ਕੁਝ ਹਿੱਸਾ ਢਾਹੁਣ ਦੀ ਯੋਜਨਾ ਹੈ ਤਾਂ ਜੋ ਇਸ ਦੀਆਂ ਜੜ੍ਹਾਂ ਨੂੰ ਲੋੜੀਂਦਾ ਹਵਾ ਪਾਣੀ ਮਿਲਦਾ ਰਹੇ।



*ਸੁੱਕ ਰਹੀ ਬੇਰੀ ਦੇ ਰੁੰਡ-ਮਰੁੰਡ ਟਾਹਣ*

ਦੁੱਖ ਭੰਜਨੀ ਬੇਰੀ ਦਾ ਦੂਜਾ ਬੂਟਾ ਵੀ ਨੇੜੇ ਹੀ ਸਰੋਵਰ ਕੰਢੇ ਹੈ ਜਿਥੇ ਮਰਦ ਇਸ਼ਨਾਨ ਕਰਦੇ ਹਨ। ਇਹ ਬੂਟਾ ਹੁਣ ਅਚਨਚੇਤੀ ਸੁੱਕਣ ਲੱਗ ਪਿਆ ਹੈ ਅਤੇ ਇਸ ਦੇ ਸਾਰੇ ਪੱਤੇ ਝੜ ਗਏ ਹਨ। ਹੁਣ ਇਸ ਦਾ ਸਿਰਫ਼ ਤਣਾ ਤੇ ਖਾਲੀ ਟਹਿਣੀਆਂ ਦਿਖਾਈ ਦਿੰਦੀਆਂ ਹਨ। ਸੁੱਕ ਰਹੇ ਇਸ ਬੂਟੇ ਨੂੰ ਸਿਹਤਯਾਬ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਵੱਲੋਂ ਯਤਨ ਵੀ ਕੀਤੇ ਗਏ ਪਰ ਹੁਣ ਤੱਕ ਇਨ੍ਹਾਂ ਯਤਨਾਂ ਨੂੰ ਬੂਰ ਨਹੀਂ ਪਿਆ। ਯੂਨੀਵਰਸਿਟੀ ਦੇ ਬਾਗ਼ਬਾਨੀ ਵਿਭਾਗ ਦੇ ਮਾਹਰ ਡਾ. ਪੀ.ਐਸ. ਔਲਖ ਨੇ ਦੱਸਿਆ ਕਿ ਇਸ ਬੂਟੇ ਨੂੰ ਸਿਹਤਯਾਬ ਕਰਨ ਲਈ ਇਸ ਵਰ੍ਹੇ ਮਈ ਤੇ ਅਕਤੂਬਰ ਵਿਚ ਦੋ ਵਾਰ ਇਸ ਦੀਆਂ ਜੜ੍ਹਾਂ ਕੋਲ ਦਵਾਈ ਤੇ ਖਾਦ ਵੀ ਪਾਈ ਗਈ ਪਰ ਹੁਣ ਤੱਕ ਇਸ ਦਾ ਕੋਈ ਅਸਰ ਨਹੀਂ ਹੋਇਆ। ਬੂਟੇ ਦਾ ਇਕ ਹਿੱਸਾ ਪੂਰੀ ਤਰ੍ਹਾਂ ਸੁੱਕ ਚੁੱਕਾ ਹੈ, ਜਦੋਂ ਕਿ ਦੂਜੇ ਹਿੱਸੇ ਵਿਚ ਕੁਝ ਨਮੀ ਤੇ ਹਰਿਆਲੀ ਹੈ ਜਿਸ ਕਾਰਨ 20 ਫੀਸਦ ਆਸ ਹੈ ਕਿ ਪੁੰਗਾਰੇ ਦੀ ਰੁੱਤ ਵਿਚ ਇਸ ਉਪਰ ਨਵਾਂ ਫੁਟਾਰਾ ਆਵੇਗਾ।

ਮਾਹਰਾਂ ਅਨੁਸਾਰ ਇਸ ਬੂਟੇ ਦੀਆਂ ਜੜ੍ਹਾਂ ਕੋਲੋਂ ਮਿੱਟੀ ਨੂੰ ਨਰਮ ਕਰਨ ਸਮੇਂ ਪਤਾ ਲੱਗਾ ਸੀ ਕਿ ਇਸ ਦੀ ਇਕ ਪਾਸੇ ਦੀ ਜੜ੍ਹ ਦਾ ਵੱਡਾ ਹਿੱਸਾ ਕੱਟਿਆ ਹੋਇਆ ਸੀ। ਸ਼ਾਇਦ ਇਸ ਕਾਰਨ ਬੂਟੇ ਨੂੰ ਖੁਰਾਕ ਮਿਲਣੀ ਬੰਦ ਹੋ ਗਈ ਅਤੇ ਇਹ ਸੁੱਕ ਗਿਆ। ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਮਾਹਰਾਂ ਦੀ ਰਾਏ ’ਤੇ ਇਸ ਬੂਟੇ ਦੇ ਆਲੇ-ਦੁਆਲੇ ਘੇਰੇ ਨੂੰ ਖੁੱਲ੍ਹਾ ਕੀਤਾ ਗਿਆ ਹੈ। ਇਸ ਦੁਆਲੇ ਜੰਗਲਾ ਵੀ ਲਾਇਆ ਹੈ। ਇਹ ਬੂਟਾ ਇਕ ਵਾਰ ਪਹਿਲਾਂ ਵੀ ਸੁੱਕ ਚੁੱਕਾ ਹੈ ਤੇ 3 ਦਹਾਕੇ ਪਹਿਲਾਂ ਸੁੱਕੇ ਬੂਟੇ ਦੀ ਥਾਂ ਦੂਜੇ ਬੂਟੇ ਦੀ ਪਿਉਂਦ ਲਾਈ ਗਈ ਸੀ।

# ਸਿੱਖ ਇਤਿਹਾਸ ਲਾਇਬ੍ਰੇਰੀ ਦਾ ਖ਼ਜ਼ਾਨਾ ਡਿਜੀਟਲ ਰੂਪ ’ਚ ਸੰਭਾਲਣ ਦੇ ਯਤਨ

**ਅੰਮ੍ਰਿਤਸਰ (ਬਿਊਰੋ):** ਖਾਲਸਾ ਕਾਲਜ ਦੀ 83 ਵਰ੍ਹੇ ਪੁਰਾਣੀ ‘ਸਿੱਖ ਇਤਿਹਾਸ ਲਾਇਬ੍ਰੇਰੀ’ ਅਤੇ ਸਿੱਖ ਮਿਊਜ਼ੀਅਮ ਵਿਚ ਪਏ ਇਤਿਹਾਸਕ ਦਸਤਾਵੇਜ਼, ਦੁਰਲੱਭ ਪੁਸਤਕਾਂ ਅਤੇ ਸਿੱਖ ਗੁਰੂਆਂ ਦੇ ਹੱਥਲਿਖਤ ਖਰੜੇ ਕੌਮ ਦਾ ਉਹ ਅਮੁੱਲੀ ਪੂੰਜੀ ਹਨ ਜੋ ਹੁਣ ਕਾਲਜ ਨੇ ਡਿਜੀਟਲ ਢੰਗ ਨਾਲ ਸੰਭਾਲਣ ਦੇ ਉਪਰਾਲੇ ਸ਼ੁਰੂ ਕੀਤੇ ਹਨ। ਦਰਬਾਰ ਸਾਹਿਬ ਕੰਪਲੈਕਸ ਵਿਚ ਸਾਕਾ ਨੀਲਾ ਤਾਰਾ ਮੌਕੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਅਗਨ ਭੇਟ ਹੋਣ ਤੋਂ ਬਾਅਦ ਸਿੱਖ ਇਤਿਹਾਸ ਨਾਲ ਸਬੰਧਤ ਬਹੁਤ ਸਾਰਾ ਅਮੁੱਲਾ ਖ਼ਜ਼ਾਨਾ ਹੁਣ ਕੇਵਲ ਖਾਲਸਾ ਕਾਲਜ ਦੀ ਇਸ ਲਾਇਬ੍ਰੇਰੀ ਵਿਚ ਹੀ ਮੌਜੂਦ ਹੈ।

ਖਾਲਸਾ ਕਾਲਜ 1892 ਵਿਚ ਹੋਂਦ ਵਿਚ ਆਇਆ ਸੀ ਅਤੇ ਸਿੱਖ ਇਤਿਹਾਸ ਲਾਇਬ੍ਰੇਰੀ 1930 ਵਿਚ ਕਾਇਮ ਕੀਤੀ ਗਈ ਸੀ। ਇਸ ਵਿਚ 6274 ਪੁਸਤਕਾਂ ਹਨ ਜਿਨ੍ਹਾਂ ਵਿਚ 16ਵੀਂ ਤੇ 17ਵੀਂ ਸਦੀ ਦੀਆਂ 442 ਪੁਸਤਕਾਂ ਅੰਗਰੇਜ਼ੀ, ਫਾਰਸੀ, ਉਰਦੂ ਤੇ ਸੰਸਕ੍ਰਿਤ ਵਿਚ ਹਨ। ਇਸ ਵਿਚ 590 ਦੁਰਲੱਭ ਖਰੜੇ ਹਨ। ਇਨ੍ਹਾਂ ਵਿਚ 43 ਉਹ ਦੁਰਲੱਭ ਇਤਿਹਾਸਕ ਪੁਸਤਕਾਂ ਵੀ ਹਨ ਜੋ 1833 ਤੋਂ ਲੈ ਕੇ 1900 ਤੱਕ ਛਪੀਆਂ ਸਨ। ਇਸ ਤੋਂ ਇਲਾਵਾ 1742 ਤੋਂ ਲੈ ਕੇ 1899 ਤੱਕ ਅੰਗਰੇਜ਼ੀ ’ਚ ਛਪੀਆਂ 442 ਪੁਸਤਕਾਂ ਸਿੱਖ ਇਤਿਹਾਸ ਨਾਲ ਸਬੰਧਤ ਹਨ।

ਲਾਇਬਰੇਰੀ ਵਿਚ 1930 ਤੋਂ ਲੈ ਕੇ ਹੁਣ ਤੱਕ ‘ਟ੍ਰਿਬਿਊਨ’ ਅਖ਼ਬਾਰ ਦੀਆਂ ਕਾਪੀਆਂ ਵੀ ਮੌਜੂਦ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ ਰਸਾਲੇ ਵੀ ਸਾਂਭੇ ਹੋਏ ਹਨ।

ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਅਨੁਸਾਰ ਲਾਇਬ੍ਰੇਰੀ ਵਿਚ ਮੁਹੰਮਦ ਜਮਾਲ ਦੀ ਲਿਖਤ ‘ਸ਼ਾਹਨਾਮਾ’ ਵੀ ਹੈ ਜਿਸ ਦੀਆਂ ਦੋ ਹੋਰ ਕਾਪੀਆਂ ਵੀ ਹਨ। ਇਨ੍ਹਾਂ ਵਿਚੋਂ ਇਕ ਲੰਡਨ ਅਤੇ ਦੂਜੀ ਲਾਹੌਰ ਮਿਊਜ਼ੀਅਮ ਵਿਚ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਦੋ ਹੱਥ ਲਿਖਤ ਬੀੜਾਂ ਵੀ ਹਨ। ਮਿਊਜ਼ੀਅਮ ਵਿਚ ਸਿੱਖ ਜੰਗਾਂ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਘਟਨਾਵਾਂ ਦੇ ਵੀ ਸਬੂਤ ਸਾਂਭੇ ਪਏ ਹਨ।

ਇਸ ਤੋਂ ਇਲਾਵਾ ਮਹਾਰਾਜ ਰਣਜੀਤ ਸਿੰਘ ਕਾਲ ਦੇ ਖਾਲਸਾ ਆਰਮੀ ਅਤੇ ਅੰਗਰੇਜ਼ਾਂ ਨਾਲ ਹੋਏ ਯੁੱਧ ਨਾਲ ਸਬੰਧਤ ਬਹੁਤ ਸਾਰੀ ਲਿਖਤ ਸਮੱਗਰੀ ਤੇ ਪੁਰਾਣੇ ਹਥਿਆਰ ਵੀ ਸੰਭਾਲੇ ਹੋਏ ਹਨ।

# ਸਿੱਖ ਚਿੰਤਕ ਪ੍ਰਭਸ਼ਰਨਦੀਪ ਸਿੰਘ ਦੇ ਪਿਤਾ ਸੁਰਗਵਾਸ

**ਹੇਵਰਡ (ਬਿਊਰੋ):** ਉਘੇ ਸਿਖਿਆ ਸਾਸ਼ਤਰੀ ਤੇ ਵਿਦਵਾਨ ਸ. ਹਰਭਜਨ ਸਿੰਘ ਸੰਧੂ ਦਾ ਲੰਘੀ 15 ਨਵੰਬਰ ਨੂੰ ਦਿਹਾਂਤ ਹੋ ਗਿਆ। ਉਹ ਸਿੱਖ ਚਿੰਤਕਾਂ-ਪ੍ਰਭਸ਼ਰਨਦੀਪ ਸਿੰਘ ਤੇ ਪ੍ਰਭਸ਼ਰਨਬੀਰ ਸਿੰਘ ਦੇ ਪਿਤਾ ਜੀ ਸਨ। ਸ. ਹਰਭਜਨ ਸਿੰਘ ਕਰੀਬ 64 ਸਾਲਾਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਬੀਬੀ ਸੁਰਿੰਦਰਪਾਲ ਕੌਰ ਤੋਂ ਇਲਾਵਾ ਦੋ ਪੁੱਤਰਾਂ-



*ਹਰਭਜਨ ਸਿੰਘ ਸੰਧੂ*

ਪ੍ਰਭਸ਼ਰਨਦੀਪ ਸਿੰਘ ਤੇ ਪ੍ਰਭਸ਼ਰਨਬੀਰ ਸਿੰਘ, ਨੂੰਹਾਂ-ਜਸਪ੍ਰੀਤ ਕੌਰ ਤੇ ਸੰਦੀਪ ਕੌਰ, ਧੀ ਪ੍ਰਭਸ਼ਰਨਜੋਤ ਕੌਰ ਤੇ ਦਾਮਾਦ ਗੁਰਪਿੰਦਰ ਸਿੰਘ (ਕੈਨੇਡਾ) ਛੱਡ ਗਏ ਹਨ।

ਸ. ਹਰਭਜਨ ਸਿੰਘ ਸੰਧੂ ਨੇ ਪੰਜਾਬੀ, ਇਤਿਹਾਸ, ਪੋਲੀਟੀਕਲ ਸਾਇੰਸ ਅਤੇ ਜਨਰਲਿਜ਼ਮ ਸਮੇਤ ਪੰਜ ਐਮ.ਏ. ਕੀਤੀਆਂ। ਉਨ੍ਹਾਂ ਨਮਿਤ ਭੋਗ ਤੇ ਅੰਤਿਮ ਅਰਦਾਸ 27 ਨਵੰਬਰ ਨੂੰ ਗੁਰਦੁਆਰਾ ਗੋਦੜੀ ਸਾਹਿਬ, ਫਰੀਦਕੋਟ ਹੋਵੇਗੀ। ਪ੍ਰਭਸ਼ਰਨਦੀਪ ਸਿੰਘ ਨਾਲ ਇੰਗਲੈਂਡ ਵਿਚ ਸੰਪਰਕ ਫੋਨ 44-7574484733 ਰਾਹੀਂ ਅਤੇ ਪੰਜਾਬ ਵਿਚ ਬਾਕੀ ਪਰਿਵਾਰ ਨਾਲ ਸੰਪਰਕ ਫੋਨ 91-97804-21976 ਰਾਹੀਂ ਕੀਤਾ ਜਾ ਸਕਦਾ ਹੈ।


**MRP TRAVEL**
*Lowest International and Domestic Fares*
ARC **FLY ANY AIRLINE OF YOUR CHOICE** IATA
*Providing the lowest Air-fare, Cruise and Travel Packages to Asia, Africa, Europe, the Middle East and North America*
**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*
*Passport & Visa services also available*

*India Vacation tour package also available.*
Asiana Airlines, Emirates, Singapore Airlines, Cathay Pacific, Korean Air, Lufthansa, China Airlines



**SUPER TRAVEL**
**847-676-9090, 773-465-5566**
*E-mail: supertravel2003@yahoo.com*
**Lowest Fares With Excellent Service**
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



FARMERS INSURANCE GROUP — Symbol of Superior Service
**FARMERS**
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
***Auto *Home *Life *Umbrella**
***Business Work Comp.**
**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



**Prince’s Barber Shop**
**37477 Fremont Blvd, suite C, Fremont, CA 94536**
**Men & Children’s Hair Cut**
*Threading *Custom Text
*Men’s Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**

**Cell: (510)-677-9942**
**Shop: (510)-505-9605**
*www.princebarbershop.com*

# ਬੇ-ਏਰੀਆ ਸਿੱਖ ਭਾਈਚਾਰੇ ਵਲੋਂ ਲੋੜਵੰਦਾਂ ਲਈ ਲੰਗਰ

**ਫਰੀਮਾਂਟ (ਬਿਊਰੋ):** ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੰਬਰ ਮਹੀਨੇ ਨੂੰ ਸਿੱਖ ਚੇਤਨਾ ਅਤੇ ਮਾਨਤਾ ਮਹੀਨੇ ਵਜੋਂ ਮਨਾਉਂਦਿਆਂ ਸਿੱਖ ਭਾਈਚਾਰੇ ਵਲੋਂ ਲੰਘੀ 23 ਨਵੰਬਰ ਨੂੰ ਸੈਨ ਫਰਾਂਸਿਸਕੋ ਦੇ ਗਲਾਈਡ ਮੈਮੋਰੀਅਲ ਚਰਚ (330 ਐਲਿਸ ਸਟ੍ਰੀਟ) ਵਿਖੇ ਲੰਗਰ ਲਾਇਆ ਗਿਆ ਜਿਸ ਦਾ ਲਾਭ ਕਰੀਬ 800 ਲੋਕਾਂ ਨੇ ਉਠਾਇਆ। ਇਹ ਉਪਰਾਲਾ ਬੇ-ਏਰੀਆ ਦੇ ਸਿੱਖ ਵਾਲੰਟੀਅਰਾਂ ਵਲੋਂ ਗੁਰਦੁਆਰਾ ਫਰੀਮਾਂਟ, ਚਾਰਟਰ ਪਰੋਸ, ਕਬੀਲਾ ਰੈਸਟੋਰੈਂਟ ਅਤੇ ਮੈਨਜਾਸ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਕੀਤਾ ਗਿਆ।

ਕਰੀਬ 75 ਵਾਲੰਟੀਅਰਾਂ ਵਲੋਂ ਲੰਗਰ ਵਿਚ ਸਮੋਸੇ, ਚਾਵਲ, ਨਾਨ, ਰਾਜਮਾਂਹ, ਸਬਜੀ, ਖੀਰ, ਚਾਹ, ਹਾਟ ਚਾਕਲੇਟ, ਦੁੱਧ ਅਤੇ ਫਲ ਵਰਤਾਏ ਗਏ। ਲੰਗਰ ਗੁਰਦੁਆਰਾ ਫਰੀਮਾਂਟ ਵਿਚ ਤਿਆਰ ਕੀਤਾ ਗਿਆ। ਇਸ ਤੋਂ ਪਹਿਲਾਂ ਵਾਲੰਟੀਅਰਾਂ ਨੇ ਗਲਾਈਡ ਚਰਚ ਦੇ ਮੈਨੇਜਰ ਬਰੂਸ ਮੈਕਿਨਲੀ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਨੇ ਉਨ੍ਹਾਂ ਨੂੰ ਕਤਾਰਾਂ ਲਾਉਣ ਅਤੇ ਫੂਡ ਟਿਕਟਾਂ ਮੈਨੇਜ ਕਰਨ ਦਾ ਤਰੀਕਾ ਸਮਝਾਇਆ। ਵਾਲੰਟੀਅਰਾਂ ਨੇ ਆਏ ਮਹਿਮਾਨਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਕਾਰਡ ਵੀ ਵੰਡੇ। ਵਾਲੰਟੀਅਰਾਂ ਨੂੰ ਸੈਨ ਫਰਾਂਸਿਸਕੋ ਲੈ ਜਾਣ ਦੀ ਬੱਸਾਂ ਦੀ ਸੇਵਾ ਚਾਰਟਰ ਪਰੋਸ ਦੇ ਭਾਈ ਤਰਸੇਮ ਸਿੰਘ ਨੇ ਕੀਤੀ।

ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਬਰੂਸ ਮੈਕਿਨਲੀ ਨੇ ਕਿਹਾ ਕਿ ਇਹ ਸਿੱਖੀ ਸਭਿਆਚਾਰ ਸਾਂਝਾ ਕਰਨ ਅਤੇ ਲੋਕਾਂ ਤਕ ਪਿਆਰ ਭਰੇ ਤਰੀਕੇ ਨਾਲ ਪਹੁੰਚਣ ਦਾ ਬਹੁਤ ਵਧੀਆ ਤਰੀਕਾ ਹੈ। ਉਮੀਦ ਹੈ ਸਿੱਖ ਭਾਈਚਾਰੇ ਵਲੋਂ ਅੱਗੋਂ ਵੀ ਅਜਿਹੇ ਉਦਮ ਹੁੰਦੇ ਰਹਿਣਗੇ।

ਜ਼ਿਕਰਯੋਗ ਹੈ ਕਿ ਸੈਨ ਫਰਾਂਸਿਸਕੋ ਫੂਡ ਬੈਂਕ ਅਨੁਸਾਰ ਸੈਨ ਫਰਾਂਸਿਸਕੋ ਵਿਚ ਕੋਈ 197,000 ਲੋਕ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਭਰਨ ਲਈ ਜਦੋਜਹਿਦ ਕਰਦੇ ਹਨ। ਉਨ੍ਹਾਂ ਨੂੰ ਮਿਲਦੀ ਖੁਰਾਕ ਪੌਸ਼ਟਿਕਤਾ ਦੇ ਪੱਖੋਂ ਸੰਤੁਲਿਤ ਨਹੀਂ ਹੁੰਦੀ।



*ਸੈਨ ਫਰਾਂਸਿਸਕੋ ਦੇ ਗਲਾਈਡ ਮੈਮੋਰੀਅਲ ਚਰਚ ਦੇ ਸਾਹਮਣੇ ਖੜ੍ਹੇ ਸਿੱਖ ਵਾਲੰਟੀਅਰ*

## ਗੁਰਦਿਆਂ ਦੀ ਸਮੱਸਿਆ ਬਾਰੇ ਪਟੀਸ਼ਨ 'ਤੇ ਜਵਾਬ ਤਲਬ

**ਨਵੀਂ ਦਿੱਲੀ:** ਹਰ ਜ਼ਿਲ੍ਹੇ ਵਿਚ ਡਾਇਲਸਿਸ ਯੂਨਿਟ ਖੋਲ੍ਹਣ ਦੀ ਮੰਗ ਸਬੰਧੀ ਪਾਈ ਜਨਹਿੱਤ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਤੋਂ ਜਵਾਬ ਮੰਗਿਆ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਹਰ ਸਾਲ ਦੋ ਲੱਖ ਲੋਕ ਗੁਰਦਿਆਂ ਦੀ ਸਮੱਸਿਆ ਕਾਰਨ ਮੌਤ ਦੇ ਮੂੰਹ ਚਲੇ ਜਾਂਦੇ ਹਨ।

## ਪਰਵਾਸੀ ਭਾਰਤੀ ਦੀ ਅਹਿਮ ਅਹੁਦੇ 'ਤੇ ਨਿਯੁਕਤੀ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਵਿਕਾਸ ਨੀਤੀ ਤੇ ਵਿੱਤ ਬਾਰੇ ਭਾਰਤੀ-ਅਮਰੀਕੀ ਮਾਹਿਰ ਗਾਰਗੀ ਘੋਸ਼ ਦੀ ਅਹਿਮ ਪ੍ਰਸ਼ਾਸਨਿਕ ਅਹੁਦੇ ਲਈ ਨਿਯੁਕਤੀ ਕੀਤੀ ਗਈ ਹੈ। ਇਸ ਸਮੇਂ ਬਿੱਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ ਵਿਚ ਨਿਰਦੇਸ਼ਕ (ਨੀਤੀ ਅਧਿਐਨ ਤੇ ਵਿੱਤ) ਦੇ ਅਹੁਦੇ 'ਤੇ ਤਾਇਨਾਤ ਗਾਰਗੀ ਘੋਸ਼ ਦੀ ਨਿਯੁਕਤੀ ਰਾਸ਼ਟਰਪਤੀ ਦੀ ਆਲਮੀ ਵਿਕਾਸ ਕੌਂਸਲ ਦੇ ਮੈਂਬਰ ਵਜੋਂ ਹੋਈ ਹੈ।

# ਹਾਈ ਕੋਰਟ ਵੱਲੋਂ ਪੁਲਿਸ ਮੁਕਾਬਲਿਆਂ ਬਾਰੇ ਸਾਬਕਾ ਜੱਜ ਦਾ ਫ਼ੈਸਲਾ ਰੱਦ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਹੀ ਇੱਕ ਜੱਜ ਦੇ ਫ਼ੈਸਲੇ ਦੀ ਤਿੱਖੀ ਨੁਕਤਾਚੀਨੀ ਕਰਦਿਆਂ ਪੰਜਾਬ ਵਿਚ ਝੂਠੇ ਮੁਕਾਬਲਿਆਂ ਬਾਰੇ ਕੀਤੀਆਂ ਟਿੱਪਣੀਆਂ ਨੂੰ 'ਬੇਲੋੜਾ' ਤੇ 'ਬੇਬੁਨਿਆਦੀ' ਦੱਸਿਆ ਹੈ। ਇਸ ਦੇ ਨਾਲ ਹੀ ਦੋ ਮੈਂਬਰੀ ਬੈਂਚ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਪੰਜਾਬ ਵਿਚ ਅਤਿਵਾਦ ਵਿਰੁੱਧ ਘੋਲ ਵਿਚ ਪੰਜਾਬ ਪੁਲਿਸ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ ਅਤੇ ਇਸ ਨੂੰ ਬੇਵਜ੍ਹਾ ਭੰਡਿਆ ਨਹੀਂ ਜਾਣਾ ਚਾਹੀਦਾ।

ਇਹ ਸ਼ਾਇਦ ਪਹਿਲੀ ਵਾਰ ਹੈ ਜਦੋਂ ਹਾਈ ਕੋਰਟ ਨੇ ਆਪਣੇ ਹੀ ਕਿਸੇ ਜੱਜ ਦੀ ਇਸ ਕਿਸਮ ਦੀ ਨੁਕਤਾਚੀਨੀ ਕੀਤੀ ਹੈ। ਚੀਫ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਅਗਸਟਿਨ ਮਸੀਹ ਨੇ ਪੰਜਾਬ ਸਰਕਾਰ ਵੱਲੋਂ ਕੀਤੀ ਅਪੀਲ 'ਤੇ ਜਸਟਿਸ ਰਣਜੀਤ ਸਿੰਘ (ਹੁਣ ਸੇਵਾਮੁਕਤ) ਦੇ ਉਸ ਫ਼ੈਸਲੇ ਨੂੰ ਰੱਦ ਕਰ ਦਿੱਤਾ ਜਿਸ ਵਿਚ ਉਸ ਜੱਜ ਨੇ ਮੋਗਾ ਜ਼ਿਲ੍ਹੇ ਵਿਚ ਪੁਲਿਸ ਮੁਕਾਬਲਿਆਂ ਦੀ ਸੀ.ਬੀ.ਆਈ. ਜਾਂਚ ਦੇ ਹੁਕਮ ਦਿੱਤੇ ਸਨ। ਜਸਟਿਸ ਰਣਜੀਤ ਸਿੰਘ ਨੇ ਇਹ ਫੈਸਲਾ ਪਹਿਲੀ ਅਪਰੈਲ, 2008 ਵਿਚ ਸੁਣਾਇਆ ਸੀ ਜਿਸ ਮਗਰੋਂ ਸੀ.ਬੀ.ਆਈ. ਨੇ ਸੀ.ਆਈ.ਏ. ਸਟਾਫ, ਮੋਗਾ ਖ਼ਿਲਾਫ਼ 10 ਕਤਲਾਂ ਦੀਆਂ ਐਫ.ਆਈ.ਆਰ ਦਰਜ ਕਰ.ਕੇ ਕਾਰਵਾਈ ਆਰੰਭ ਕਰ ਦਿੱਤੀ ਸੀ। ਜਸਟਿਸ ਰਣਜੀਤ ਸਿੰਘ ਨੇ ਇਹ ਫ਼ੈਸਲਾ ਬਲੈਕ ਕੈਟ ਕਮਾਂਡੋ ਸਤਵੰਤ ਸਿੰਘ ਮਾਣਕ ਦੀ ਪਟੀਸ਼ਨ 'ਤੇ ਸੁਣਾਇਆ ਸੀ। ਇਸ ਫ਼ੈਸਲੇ ਦੇ ਖ਼ਿਲਾਫ਼ ਸੀ.ਆਈ.ਏ. ਸਟਾਫ਼ ਦੇ ਕੁਝ ਸਾਬਕਾ ਮੈਂਬਰਾਂ ਤੇ ਹੋਰ ਪੁਲਿਸ ਅਧਿਕਾਰੀਆਂ ਨੇ ਅਪੀਲ ਦਾਇਰ ਕੀਤੀ ਸੀ ਜਿਸ ਦਾ ਫੈਸਲਾ ਹੁਣ ਹੋਇਆ। ਡਿਵੀਜ਼ਨ ਬੈਂਚ ਨੇ ਜਸਟਿਸ ਰਣਜੀਤ ਸਿੰਘ ਦੇ ਸਮੁੱਚੇ ਫੈਸਲੇ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਫਾਜ਼ਿਲ ਜੱਜ ਨੇ ਇਸ ਵਿਚ ਜੋ ਟਿੱਪਣੀਆਂ ਕੀਤੀਆਂ, ਉਹ ਬੇਲੋੜੀਆਂ ਸਨ।

# ਸੱਜਣ ਕੁਮਾਰ ਖ਼ਿਲਾਫ਼ ਪੱਕੇ ਸਬੂਤ: ਸੀ.ਬੀ.ਆਈ.

**ਨਵੀਂ ਦਿੱਲੀ:** ਕਾਂਗਰਸੀ ਆਗੂ ਸੱਜਣ ਕੁਮਾਰ ਵੱਲੋਂ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ 'ਤੇ ਭਖਵੀਂ ਬਹਿਸ ਹੋਈ। ਸੀ.ਬੀ.ਆਈ. ਨੇ ਦਾਅਵਾ ਕੀਤਾ ਕਿ ਉਸ ਕੋਲ ਸੱਜਣ ਕੁਮਾਰ ਖ਼ਿਲਾਫ਼ ਪੱਕੇ ਸਬੂਤ ਮੌਜੂਦ ਹਨ। ਸੱਜਣ ਕੁਮਾਰ ਵੱਲੋਂ ਸੁਪਰੀਮ ਕੋਰਟ ਵਿਚ 1984 ਦੇ ਸਿੱਖ ਕਤਲੇਆਮ ਸਬੰਧੀ ਕਤਲ ਦੇ ਕੇਸ ਵਿਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ ਪਾਈ ਹੋਈ ਹੈ।

ਬਹਿਸ ਦੌਰਾਨ ਪੀੜਤਾਂ ਦੇ ਵਕੀਲ ਵੱਲੋਂ ਕੀਤੀ ਭਾਵੁਕ ਅਪੀਲ 'ਤੇ ਟਿੱਪਣੀ ਕਰਦਿਆਂ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਉੱਚੀ ਬੋਲਣ ਜਾਂ ਰੌਲਾ ਪਾਉਣ ਨਾਲ ਮਾਮਲੇ 'ਤੇ ਕੋਈ ਅਸਰ ਨਹੀਂ ਪਵੇਗਾ। ਪੀੜਤਾਂ ਵੱਲੋਂ ਕੇਸ ਲੜ ਰਹੇ ਸੀਨੀਅਰ ਵਕੀਲ ਦੁਸ਼ਿੰਤ ਦਵੇ ਨੂੰ ਜਸਟਿਸ ਏ.ਕੇ. ਪਟਨਾਇਕ ਅਤੇ ਜਸਟਿਸ ਪੀ. ਗੋਪਾਲਾ ਗੌੜਾ 'ਤੇ ਆਧਾਰਤ ਬੈਂਚ ਨੇ ਕਿਹਾ, "ਜੇ ਤੁਸੀਂ ਭਾਵੁਕ ਹੋਵੋਗੇ ਤਾਂ ਤੁਸੀਂ ਤਰਕ ਨਹੀਂ ਦੇ ਸਕੋਗੇ।" ਇਸ 'ਤੇ ਐਡਵੋਕੇਟ ਦਵੇ ਨੇ ਕਿਹਾ ਕਿ ਉਸ ਨੂੰ ਵੱਡੇ ਪੱਧਰ 'ਤੇ ਹੋਈ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਿਸ ਵਿਚ 1400 ਲੋਕ ਮਾਰੇ ਗਏ, ਦੇ ਮੁੱਦੇ 'ਤੇ ਭਾਵੁਕ ਹੋਣ ਵਿਚ ਕੋਈ 'ਸ਼ਰਮ ਜਾਂ ਅਫਸੋਸ' ਨਹੀਂ ਹੈ। ਬੈਂਚ ਨੇ ਦਵੇ ਨੂੰ ਕਤਲ ਜਾਂ ਕਤਲ ਲਈ ਉਕਸਾਉਣ ਦੇ ਦੋਸ਼ ਸਾਬਤ ਕਰਨ ਲਈ ਕਿਹਾ। ਇਸੇ ਦੌਰਾਨ ਸੀ.ਬੀ.ਆਈ. ਦੇ ਵਿਸ਼ੇਸ਼ ਵਕੀਲ ਨੇ ਕਿਹਾ ਕਿ ਸੁਲਤਾਨਪੁਰੀ ਖੇਤਰ ਵਿਚ ਛੇ ਹੋਰ ਵਿਅਕਤੀਆਂ ਸਣੇ ਹੋਈ ਸੁਰਜੀਤ ਸਿੰਘ ਦੀ ਹੱਤਿਆ ਸਬੰਧੀ ਉਨ੍ਹਾਂ ਕੋਲ ਸੱਜਣ ਕੁਮਾਰ ਖ਼ਿਲਾਫ਼ ਕਈ ਸਬੂਤ ਮੌਜੂਦ ਹਨ। ਅਦਾਲਤ ਵਿਚ ਦਾਇਰ ਕੀਤੇ ਦਸਤਾਵੇਜ਼ਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਖ਼ੁਦ ਭੀੜ ਦੀ ਅਗਵਾਈ ਕਰ ਰਹੇ ਸਨ ਜੋ ਘਰ-ਘਰ ਜਾ ਕੇ ਸਿੱਖਾਂ ਨੂੰ ਮਾਰਨ ਲਈ ਉਕਸਾ ਰਹੀ ਸੀ। ਉਨ੍ਹਾਂ ਹੋਰ ਸਬੂਤ ਪੇਸ਼ ਕਰਨ ਲਈ ਕੁਝ ਸਮਾਂ ਮੰਗਿਆ ਜਿਸ 'ਤੇ ਬੈਂਚ ਨੇ ਅਗਲੀ ਸੁਣਵਾਈ 3 ਦਸੰਬਰ 'ਤੇ ਪਾ ਦਿੱਤੀ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

**Transportation Funding Group, Inc.**

Minneapolis , MN 55426

**Short Sale Specialist**

**Do you want to sell your home**

*Sacramento, Stockton, Roseville area prices are on rise.*



Sohanpreet (Sam) Chahal
CA Lic. 01504071
Realtor/Notary Public
email:samchahal@hotmail.com

Please call me to find out value of your home.
Listing: 4 bed, 2 bath in Stockton $189,000
If you want to Buy or Sell

*Call: Sohanpreet 'Sam' Chahal*

@916-612-5773

visit: www.hudhomestore.com
Serving from Bay Area to Sacramento

Multi-Million Dollars Producer-2007 to 2011

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

# ਸੀਨੀਅਰ ਅਕਾਲੀ ਆਗੂਆਂ ਦਾ ਬਹੁਤ ਕਰੀਬੀ ਸੀ ਬਿੱਟੂ ਔਲਖ

**ਅੰਮ੍ਰਿਤਸਰ:** ਜਗਦੀਸ਼ ਭੋਲਾ ਡਰੱਗ ਕਾਂਡ 'ਚ ਫੜੇ ਗਏ ਅਕਾਲੀ ਆਗੂ ਮਨਿੰਦਰ ਸਿੰਘ ਬਿੱਟੂ ਔਲਖ ਨੇ ਆਪਣੀਆਂ ਅਜਿਹੀਆਂ ਸਰਗਰਮੀਆਂ ਜ਼ਾਹਰ ਹੋਣ ਅਤੇ ਫੜੇ ਜਾਣ ਤੋਂ ਸਿਰਫ ਦੋ ਹਫਤੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਸਟੇਜ ਸਾਂਝੀ ਕਰਨ ਦਾ ਮਾਣ ਹਾਸਲ ਕੀਤਾ ਸੀ।

ਜਦੋਂ 27 ਅਕਤੂਬਰ ਨੂੰ ਦਵਿੰਦਰ ਸਿੰਘ ਲਾਲੀ (ਢਾਲਾ) ਨੂੰ ਮੁੜ ਅਕਾਲੀ ਦਲ 'ਚ ਸ਼ਾਮਲ ਕੀਤਾ ਗਿਆ ਸੀ ਤਾਂ ਉਹ ਸੀਨੀਅਰ ਅਕਾਲੀ ਆਗੂਆਂ ਨਾਲ ਮੰਚ 'ਤੇ ਸੀ। ਸੀਨੀਅਰ ਅਕਾਲੀ ਆਗੂਆਂ ਨਾਲ ਜੇਤੂ ਅੰਦਾਜ਼ 'ਚ ਹੱਥ ਉਤੇ ਕਰ ਕੇ ਰਵਾਇਤੀ ਤਸਵੀਰ ਕਰਵਾਉਣ ਵੇਲੇ ਪੰਜਾਬ ਦੇ ਰੈਵੇਨਿਊ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਉਨ੍ਹਾਂ ਦੇ ਓ.ਐਸ.ਡੀ. ਤਲਬੀਰ ਸਿੰਘ ਤੋਂ ਇਲਾਵਾ ਪੰਜਾਬ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਵੀ ਮੰਚ ਉਤੇ ਉਸ ਦੇ ਨਾਲ ਸਨ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਤੇ ਉਨ੍ਹਾਂ ਦੇ ਸਹੁਰੇ ਕੰਵਰਜੀਤ ਸਿੰਘ ਸੰਧੂ (ਪਹਿਲਵਾਨ) ਜੋ ਮੁੰਬਈ ਦੇ ਨਾਮਵਰ ਟਰਾਂਸਪੋਰਟਰ ਹਨ ਅਤੇ ਵਿਧਾਇਕ ਹਰਮੀਤ ਸਿੰਘ ਵੀ ਨਾਲ ਸਨ। ਇਹ ਸਮਾਗਮ ਭਾਵੇਂ ਸਰਕਾਰੀ ਨਾ ਹੋ ਕੇ ਸ਼੍ਰੋਮਣੀ ਅਕਾਲੀ ਦਲ ਦਾ ਆਪਣਾ ਸਮਾਗਮ ਸੀ, ਪਰ ਪ੍ਰੈਸ ਰਿਲੀਜ਼ ਤੇ ਤਸਵੀਰਾਂ, ਲੋਕ ਸੰਪਰਕ ਵਿਭਾਗ ਤਰਨ ਤਾਰਨ ਰਾਹੀਂ ਪੱਤਰਕਾਰਾਂ ਨੂੰ ਭੇਜੀਆਂ ਗਈਆਂ ਸਨ। ਸ. ਮਜੀਠੀਆ ਸੂਬੇ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਨ।

ਇਸ ਬਾਰੇ ਸ. ਮਜੀਠੀਆ ਨੇ ਕਿਹਾ ਕਿ ਉਸ ਨੂੰ ਤਾਂ ਸਮਾਗਮ 'ਚ ਸੱਦਿਆ ਗਿਆ ਸੀ, ਇਹ ਦੇਖਣਾ ਉਸ ਦਾ ਕੰਮ ਨਹੀਂ ਸੀ ਕਿ ਉਥੇ ਹੋਰ ਕੌਣ ਕੌਣ ਪੁੱਜਿਆ ਸੀ। ਨਾਲੇ ਔਲਖ ਦਾ ਪਿਛਲਾ ਰਿਕਾਰਡ ਅਜਿਹਾ ਨਹੀਂ ਸੀ ਅਤੇ



*ਗੁਲਜ਼ਾਰ ਸਿੰਘ ਰਣੀਕੇ ਨਾਲ ਸਟੇਜ 'ਤੇ ਬੈਠਾ ਬਿੱਟੂ ਔਲਖ।*

ਕਾਂਗਰਸੀਆਂ ਦੇ ਵਿਹਾਰ ਤੋਂ ਉਹ ਹੈਰਾਨ ਹਨ। ਅਸਲ 'ਚ ਉਹ ਕਾਂਗਰਸੀਆਂ ਦੇ ਵੀ ਬਹੁਤ ਨੇੜੇ ਸੀ ਤੇ ਇਸ ਬਾਰੇ ਬਹੁਤ ਸਾਰੀਆਂ ਤਸਵੀਰਾਂ ਮਿਲਦੀਆਂ ਹਨ। ਸਭ ਨੂੰ ਪਤਾ ਹੈ ਕਿ ਉਸ ਨੇ ਪਿਛਲੀਆਂ ਚੋਣਾਂ 'ਚ ਕਿਸ ਦੀ ਮੱਦਦ ਕੀਤੀ ਸੀ। ਸ. ਰਣੀਕੇ ਮੁਤਾਬਕ ਅਜਿਹੇ ਮੌਕਿਆਂ 'ਤੇ ਕੋਈ ਵੀ ਕਿਸੇ ਨਾਲ ਆ ਕੇ ਤਸਵੀਰ ਕਰਵਾ ਲੈਂਦਾ ਹੈ। ਯਾਦ ਰਹੇ ਕਿ ਬਿੱਟੂ ਔਲਖ ਵੱਖ-ਵੱਖ ਸਮਿਆਂ 'ਤੇ ਉਹ ਖਡੂਰ ਸਾਹਿਬ ਦੇ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ, ਉਸ ਦੇ ਵਿਧਾਇਕ ਪੁੱਤਰ ਅਮਰਪਾਲ ਸਿੰਘ ਬੋਨੀ ਤੇ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਵਿਧਾਇਕ ਵੀਰ ਸਿੰਘ ਲੋਪੋਕੇ ਦੇ ਵੀ ਨੇੜਲਾ ਰਿਹਾ ਹੈ। 1997 'ਚ ਬਿੱਟੂ ਨੇ ਆਪਣਾ ਸਿਆਸੀ ਕਰੀਅਰ ਕਾਂਗਰਸ ਤੋਂ ਸ਼ੁਰੂ ਕਰ ਕੇ ਮਗਰੋਂ ਬਾਦਲ ਦਲ ਨਾਲ ਵਫ਼ਾਦਾਰੀ ਪਾ ਲਈ ਸੀ। ਉਹ ਇਨ੍ਹਾਂ 'ਚੋਂ ਕੁਝ ਆਗੂਆਂ ਲਈ ਚੋਣਾਂ ਮੌਕੇ ਧਨ ਜੁਟਾਉਂਦਾ ਸੀ ਤੇ ਸਿਆਸੀ ਰੈਲੀਆਂ ਕਰਾਉਂਦਾ ਸੀ। ਬੋਨੀ ਅਜਨਾਲਾ ਨੇ ਔਲਖ ਨੂੰ ਆਪਣੇ ਗੰਨਮੈਨ ਤੇ ਲਾਲ ਬੱਤੀ ਵਾਲੀ ਕਾਰ ਮੁਹੱਈਆ ਕਰਾਈ ਸੀ। ਲਾਲ ਬੱਤੀ ਵਾਲੀ ਇਹੀ ਕਾਰ ਉਹਨੇ ਭੋਲੇ ਤਕ ਰਸਾਇਣ ਪਹੁੰਚਾਉਣ ਲਈ ਵਰਤੀ ਸੀ।

# ਮਾਨ ਨੇ ਮੋਦੀ ਖਿਲਾਫ਼ ਮੋਰਚਾ ਮੱਲਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰੇਂਦਰ ਮੋਦੀ ਦੀ ਮੋਗਾ ਫੇਰੀ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ। ਦਲ ਵਲੋਂ ਮੋਦੀ ਦਾ ਰਸਤਾ ਰੋਕ ਕੇ ਕਾਲੀਆਂ ਝੰਡੀਆਂ ਦਿਖਾਈਆਂ ਜਾਣਗੀਆਂ। ਦਲ ਨੇ ਮੋਗਾ ਵਿਖੇ 'ਮੋਦੀ ਵਿਰੋਧੀ ਦਫਤਰ' ਵੀ ਖੋਲ੍ਹਿਆ ਹੈ। ਵਿਰੋਧ ਲਈ ਪੰਜ ਤਖ਼ਤਾਂ ਦੇ ਜਥੇਦਾਰਾਂ ਅਤੇ ਸੰਤ ਸਮਾਜ ਨੂੰ ਵੀ ਪੱਤਰ ਲਿਖਿਆ ਜਾ ਰਿਹਾ ਹੈ। ਦੂਜੀਆਂ ਪਾਰਟੀਆਂ ਨਾਲ ਗੱਲਬਾਤ ਕਰਨ ਦੀ ਜ਼ਿੰਮੇਵਾਰੀ ਸਾਬਕਾ ਮੈਂਬਰ ਪਾਰਲੀਮੈਂਟ ਧਿਆਨ ਸਿੰਘ ਮੰਡ ਨੂੰ ਸੌਂਪੀ ਗਈ ਹੈ।

ਇਸੇ ਦੌਰਾਨ ਦਲ ਨੇ ਇੱਕ ਹੋਰ ਅਹਿਮ ਫੈਸਲੇ ਰਾਹੀਂ ਯੂਨਾਈਟਿਡ ਸਿੱਖ ਮੂਵਮੈਂਟ ਦੇ 30 ਨਵੰਬਰ ਦੇ ਸਮਾਗਮ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਇਸ ਸਮਾਗਮ ਵਿਚ ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਹੇ ਹਨ। ਇਹ ਸਮਾਗਮ ਫਤਿਹਗੜ੍ਹ ਸਾਹਿਬ ਵਿਖੇ ਹੋ ਰਿਹਾ ਹੈ। ਮੂਵਮੈਂਟ ਵਲੋਂ ਫਤਿਹਗੜ੍ਹ ਸਾਹਿਬ ਵਿਚ ਪੰਜਾਬ ਦੀ ਦੁਰਦਸ਼ਾ 'ਤੇ ਕੌਮੀ ਸੈਮੀਨਾਰ ਕਰਾਇਆ ਜਾ ਰਿਹਾ ਹੈ। ਮੂਵਮੈਂਟ ਦੇ ਭਾਈ ਮੋਹਕਮ ਸਿੰਘ ਨੇ ਕਿਹਾ ਹੈ ਕਿ ਸੈਮੀਨਾਰ ਦੌਰਾਨ ਪੰਜਾਬ ਦੀ ਨਿੱਘਰ ਰਹੀ ਸਿਆਸੀ ਹਾਲਤ ਉਤੇ ਹੀ ਨਹੀਂ, ਸਗੋਂ ਡਿੱਗ ਰਹੀ ਆਰਥਿਕਤਾ ਅਤੇ ਸਭਿਆਚਾਰ ਬਾਰੇ ਵੀ ਵਿਚਾਰ-ਵਟਾਂਦਰਾ ਹੋਵੇਗਾ।

ਦਲ ਦੇ ਆਗੂਆਂ ਮੁਤਾਬਕ ਦਲ ਵਲੋਂ ਲੋਕ ਸਭਾ ਹਲਕਾ ਪਟਿਆਲਾ ਤੋਂ ਆਪਣਾ ਵੱਖਰਾ ਉਮੀਦਵਾਰ ਖੜ੍ਹਾ ਕੀਤਾ ਜਾਵੇਗਾ ਅਤੇ ਫਾਂਸੀ ਦੀ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਦੀ ਮੱਦਦ ਨਹੀਂ ਕੀਤੀ ਜਾਵੇਗੀ। ਦਲ ਨੇ ਸਪੱਸ਼ਟ ਕੀਤਾ ਹੈ ਕਿ ਬਲਵੰਤ ਸਿੰਘ ਰਾਜੋਆਣਾ ਦੀ ਹਮਾਇਤ ਕੇਵਲ ਫਾਂਸੀ ਦਾ ਸਜ਼ਾ ਰੁਕਵਾਉਣ ਤਕ ਸੀ, ਉਸ ਨਾਲ ਕੋਈ ਸਿਆਸੀ ਸਾਂਝ ਨਹੀਂ ਹੈ।

# ਮਲਾਲਾ ਦੇ ਹੱਕ 'ਚ ਗੂੰਜਣ ਲੱਗੇ ਗੀਤ

**ਇਸਲਾਮਾਬਾਦ:** ਪਾਕਿਸਤਾਨ ਵਿਚ ਮਨੁੱਖੀ ਅਧਿਕਾਰਾਂ ਅਤੇ ਕੁੜੀਆਂ ਲਈ ਸਿੱਖਿਆ ਦੀ ਪਹਿਰੇਦਾਰ ਵਜੋਂ ਉਭਰੀ ਮਲਾਲਾ ਯੂਸਫਜ਼ਈ ਦੇ ਹੱਕ ਵਿਚ ਰੌਕ ਬੈਂਡ ਨੇ ਗੀਤ ਗਾਏ ਹਨ ਤੇ ਕੱਟੜਪੰਥੀਆਂ ਦੇ ਵਿਰੋਧ ਦੇ ਬਾਵਜੂਦ ਇਨ੍ਹਾਂ ਗੀਤਾਂ ਨੂੰ ਪਾਕਿਸਤਾਨ ਵਿਚ ਹੁੰਗਾਰਾ ਮਿਲ ਰਿਹਾ ਹੈ। ਲਾਲ ਬੈਂਡ ਵਜੋਂ ਮਸ਼ਹੂਰ ਇਸ ਬੈਂਡ ਨੇ ਮਲਾਲਾ ਦੇ ਹੱਕ ਵਿਚ 'ਡਰਤੇ ਹੈਂ ਬੰਦੂਕੋਂ ਵਾਲੇ ਏਕ ਨਿਹੱਥੀ ਲੜਕੀ ਸੇ' ਅਤੇ ਇੰਗਲਿਸ਼ ਰੌਕ ਗੀਤ 'ਯੂ ਗਿਵ ਮੀ ਹੋਪ ਮਲਾਲਾ' ਗਾਇਆ ਹੈ। ਇਸ ਗੀਤ ਦੇ ਰਚਣਹਾਰ ਤੇ ਮੁੱਖ ਗਾਇਕ ਤੈਮੂਰ ਨੇ ਕੀਤਾ ਹੈ।

ਤੈਮੂਰ ਅਨੁਸਾਰ ਇਸ ਗੀਤ ਨੂੰ ਲਾਹੌਰ, ਕਰਾਚੀ, ਇਸਲਾਮਾਬਾਦ ਤੇ ਰਾਵਲਪਿੰਡੀ ਤੋਂ ਇਲਾਵਾ ਸਵਾਤ ਵਾਦੀ ਵਿਚ ਵੀ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ ਲੜਕੀਆਂ ਦੀ ਪੜ੍ਹਾਈ ਦੇ ਹੱਕ ਵਿਚ ਮਲਾਲਾ ਯੂਸਫਜ਼ਈ ਨੇ ਸਵਾਤ ਵਾਦੀ ਵਿਚ ਹੀ ਆਵਾਜ਼ ਉਠਾਈ ਸੀ ਤੇ ਉਥੇ ਤਾਲਿਬਾਨ ਨੇ ਉਸ ਨੂੰ ਗੋਲੀ ਮਾਰ ਕੇ ਉਸ ਦੀ ਆਵਾਜ਼ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਸੀ। ਤੈਮੂਰ ਕੌਮਾਂਤਰੀ ਸੰਸਥਾ 'ਐਕਸ਼ਨਏਡ' ਵੱਲੋਂ 'ਬੇਟੀ ਜ਼ਿੰਦਾਬਾਦ' ਮੁਹਿੰਮ ਵਿਚ ਵੀ ਹਿੱਸਾ ਲੈ ਰਿਹਾ ਹੈ।

# ਦਲਜੀਤ ਸਿੰਘ ਬਿੱਟੂ ਤੇ ਭੂਤਨਾ ਦੀ ਪੇਸ਼ੀ 3 ਨੂੰ

**ਮਾਨਸਾ:** ਬੱਬਰ ਖ਼ਾਲਸਾ ਦੇ ਖਾੜਕੂ ਬਲਵੀਰ ਸਿੰਘ ਭੂਤਨਾ, ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਦਲਜੀਤ ਸਿੰਘ ਬਿੱਟੂ ਅਤੇ ਹੋਰਾਂ ਦੀ ਡੇਰਾ ਪ੍ਰੇਮੀ ਲੀਲੀ ਕਤਲ ਕਾਂਡ 'ਚ ਅਦਾਲਤ ਨੇ ਮੁੜ ਪੇਸ਼ੀ 3 ਦਸੰਬਰ 'ਤੇ ਪਾ ਦਿੱਤੀ ਹੈ। ਇਨ੍ਹਾਂ ਤੋਂ ਇਲਾਵਾ ਪ੍ਰੋ. ਗੁਰਬੀਰ ਸਿੰਘ, ਮੱਖਣ ਸਿੰਘ ਸਮਾਉਂ, ਰਾਜਪਾਲ ਸਿੰਘ, ਕਰਨ ਸਿੰਘ ਝੰਡੂਕੇ, ਗੁਰਦੀਪ ਸਿੰਘ ਰਾਜੂ ਲੁਧਿਆਣਾ, ਗਮਦੂਰ ਸਿੰਘ ਝੰਡੂਕੇ, ਅੰਮ੍ਰਿਤਪਾਲ ਸਿੰਘ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਵਧੀਕ ਸੈਸ਼ਨ ਜੱਜ ਰਾਜ ਕੁਮਾਰ ਦੀ ਅਦਾਲਤ 'ਚ ਪੇਸ਼ ਕੀਤਾ ਗਿਆ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268

732-983-4332/4333





Global Multi Services

1950 E. Miner Ave., Stockton, CA 95205

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

2 steer tire Michellin 22.5 lp for 1150.00 including wheel balancing.



**Repair Shop**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210
ਫੈਕਸ: 209-547-9211

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

**Registration Services**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com

ਪੰਜਾਬ ਟਾਈਮਜ਼

*ਸਨਿਚਰਵਾਰ, 30 ਨਵੰਬਰ 2013*

## ਤਹਿਲਕਾ-ਦਰ-ਤਹਿਲਕਾ

'ਤਹਿਲਕਾ' ਨੇ ਇਕ ਵਾਰ ਫਿਰ ਤਹਿਲਕਾ ਮਚਾ ਦਿੱਤਾ ਹੈ ਪਰ ਇਸ ਵਾਰ ਦਾ ਤਹਿਲਕਾ ਬਹੁਤ ਤੰਗ ਕਰਨ ਵਾਲਾ ਹੈ ਅਤੇ ਇਸ ਨੇ ਆਪਣੇ ਪਿੱਛੇ ਬਹੁਤ ਸਾਰੇ ਸਵਾਲ ਛੱਡ ਦਿੱਤੇ ਹਨ। ਇਨ੍ਹਾਂ ਵਿਚੋਂ ਇਕ ਸਵਾਲ ਇਹ ਹੈ ਕਿ ਜਿਨ੍ਹਾਂ ਕਦਰਾਂ-ਕੀਮਤਾਂ ਦੀ ਰਾਖੀ ਦਾ ਦਾਅਵਾ ਇਸ ਨੂੰ ਚਲਾਉਣ ਵਾਲੇ ਕਰਦੇ ਸਨ, ਉਨ੍ਹਾਂ ਉਤੇ ਇਹ ਖੁਦ ਹੀ ਪੂਰੇ ਨਾ ਉਤਰ ਸਕੇ। ਇਹੀ ਨਹੀਂ, ਅਦਾਰੇ ਦੇ ਕਰਤਾ-ਧਰਤਾ ਵੀ ਕੀਤੀ ਗਈ ਗਲਤੀ ਦੇ ਸਿਲਸਿਲੇ ਵਿਚ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਨਹੀਂ ਦੇਖ ਸਕੇ। ਮਸ਼ਹੂਰ ਲੇਖਕਾ ਅਤੇ ਲੋਕਾਂ ਦੇ ਦੁੱਖਾ-ਦਰਦਾਂ ਤੇ ਘੋਲਾਂ ਨੂੰ ਆਪਣੀ ਆਵਾਜ਼ ਰਾਹੀਂ ਬੁਲੰਦ ਕਰਨ ਵਾਲੀ ਕਾਰਕੁਨ ਅਰੁੰਧਤੀ ਰਾਏ ਨੇ ਇਸ ਮੌਕੇ ਠੀਕ ਹੀ ਸਵਾਲ ਉਠਾਇਆ ਹੈ ਕਿ ਜਿਸ ਪਰਚੇ ਦੇ ਮੱਥੇ ਉਤੇ 'ਫਰੀ, ਫੇਅਰ ਐਂਡ ਫੀਅਰਲੈਸ' ਲਿਖਿਆ ਹੋਵੇ, ਉਸ ਦੇ ਕਰਤਿਆਂ-ਧਰਤਿਆਂ ਦਾ ਹੌਸਲਾ ਹੁਣ ਕਿੱਥੇ ਹੈ? ਹੁਣ ਤੱਕ 'ਤਹਿਲਕਾ' ਹਰ ਪਾਸੇ ਬ੍ਰਾਂਡ ਨਾਂ ਬਣ ਚੁੱਕਿਆ ਸੀ। ਇਸ ਨੇ ਮੁੱਢ ਤੋਂ ਲੈ ਕੇ ਹੁਣ ਤੱਕ ਅਜਿਹੇ ਮਾਮਲੇ ਅਤੇ ਮੁੱਦੇ ਲੋਕਾਂ ਸਾਹਮਣੇ ਰੱਖੇ ਸਨ ਕਿ ਸਰਕਾਰਾਂ ਤੱਕ ਹਿਲਾ ਦਿੱਤੀਆਂ ਸਨ। ਇਸ ਨੇ 2001 ਵਿਚ 'ਓਪਰੇਸ਼ਨ ਵੈਸਟ ਐਂਡ' ਨਾਲ ਸਭ ਤੋਂ ਵੱਡਾ ਅਤੇ ਵਿਰਾਟ ਤਹਿਲਕਾ ਮਚਾਇਆ ਸੀ। ਇਸ ਸਟ੍ਰਿੰਗ ਓਪਰੇਸ਼ਨ ਵਿਚ ਫੌਜ ਅਤੇ ਰੱਖਿਆ ਮਹਿਕਮੇ ਦੇ ਭ੍ਰਿਸ਼ਟਾਚਾਰ ਨੂੰ ਜਿਸ ਢੰਗ ਨਾਲ ਨੰਗਾ ਕੀਤਾ ਗਿਆ ਸੀ, ਉਸ ਨਾਲ ਉਸ ਵੇਲੇ ਦੀ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕ ਗਈ ਸੀ। ਉਦੋਂ ਰੱਖਿਆ ਮੰਤਰੀ ਜਾਰਜ ਫਰਨਾਂਡੀਜ਼ ਨੂੰ ਅਸਤੀਫਾ ਦੇਣਾ ਪੈ ਗਿਆ ਸੀ। ਭਾਰਤੀ ਜਨਤਾ ਪਾਰਟੀ ਅਤੇ ਬਜਰੰਗ ਦਲ ਦੀ ਜੋ ਦੁਰਗਤ ਹੋਈ ਸੀ, ਉਸ ਦਾ ਤਾਂ ਕੋਈ ਅੰਤ ਹੀ ਨਹੀਂ ਸੀ। ਇਸ ਤੋਂ ਇਲਾਵਾ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ, ਮਨੀਪੁਰ ਵਿਚ ਝੂਠੇ ਮੁਕਾਬਲੇ, ਸ੍ਰੀ ਰਾਮ ਸੈਨਾ ਦੇ ਆਗੂਆਂ ਦੀ ਬਦਮਾਸ਼ੀ ਅਤੇ ਕ੍ਰਿਕਟ ਦੇ ਮੈਚ-ਫਿਕਸਿੰਗ ਬਾਰੇ ਜੋ ਤੱਥ ਆਵਾਮ ਅੱਗੇ ਪੇਸ਼ ਕੀਤੇ ਗਏ, ਉਸ ਨੇ ਪੱਤਰਕਾਰੀ ਦੇ ਖੇਤਰ ਵਿਚ ਨਵੇਂ ਦਿਸਹੱਦਿਆਂ ਵੱਲ ਰਾਹ ਖੋਲ੍ਹੇ। ਇਹ ਤੱਥ ਜੱਗ-ਜ਼ਾਹਿਰ ਕਰਨ ਲਈ ਜਿਸ ਤਰ੍ਹਾਂ ਦੇ ਢੰਗ-ਤਰੀਕੇ ਅਪਨਾਏ ਗਏ, ਉਨ੍ਹਾਂ ਬਾਰੇ ਭਾਵੇਂ ਕੁਝ ਲੋਕਾਂ ਨੇ ਕੁਝ ਕੁ ਇਤਰਾਜ਼ ਪ੍ਰਗਟ ਕੀਤੇ ਪਰ ਇਨ੍ਹਾਂ ਸਟ੍ਰਿੰਗ ਓਪਰੇਸ਼ਨਾਂ ਨਾਲ ਜਿੰਨਾ ਗੰਦ ਬਾਹਰ ਆ ਰਿਹਾ ਸੀ, ਇਹ ਇਤਰਾਜ਼ ਬਹੁਤੀ ਦੇਰ ਲੋਕਾਂ ਦੇ ਚੇਤਿਆਂ 'ਚ ਰਹੇ ਨਹੀਂ। ਲੋਕਾਂ ਦੇ ਚੇਤਿਆਂ 'ਚ ਜੋ ਕੁਝ ਵੱਸਿਆ, ਉਹ ਇਹੀ ਸੀ ਕਿ ਅਦਾਰਾ ਅਤੇ ਅਦਾਰੇ ਦਾ ਮੁਖੀ ਤਰੁਣ ਤੇਜਪਾਲ ਪੂਰਾ ਜੀਅ-ਜਾਨ ਲਾ ਕੇ ਮਿੱਟੀ ਫਰੋਲਣ ਦਾ ਯਤਨ ਕਰ ਰਿਹਾ ਹੈ। ਜ਼ਾਹਿਰ ਹੈ ਕਿ ਉਸ ਦੀਆਂ ਨਿੱਕੀਆਂ-ਮੋਟੀਆਂ ਕਮੀਆਂ-ਪੇਸ਼ੀਆਂ ਖੁਦ-ਬਖੁਦ ਹੀ ਲਾਂਭੇ ਹੋ ਗਈਆਂ। ਨਾਲੇ 'ਤਹਿਲਕਾ' ਨੇ ਜਿਸ ਤਰ੍ਹਾਂ ਦੀ ਪਛਾਣ ਬਣਾਈ, ਉਸ ਨਾਲ ਪੱਤਰਕਾਰੀ ਦੇ ਉਚੇ-ਸੁੱਚੇ ਮਿਆਰ ਕਾਇਮ ਹੋ ਰਹੇ ਸਨ। ਨਤੀਜਨ ਹਰ ਸੰਜੀਦਾ ਸ਼ਖਸ 'ਤਹਿਲਕਾ' ਦਾ ਪ੍ਰਸ਼ੰਸਕ ਹੋ ਨਿਬੜਿਆ। 'ਤਹਿਲਕਾ' ਦਾ ਮਤਲਬ ਨਿਰਭੈ ਹੋ ਕੇ ਸੱਚ 'ਤੇ ਪਹਿਰਾ ਦੇਣਾ ਬਣ ਗਿਆ ਸੀ।

'ਤਹਿਲਕਾ' ਦੀ ਇਹ ਕੱਲ੍ਹ ਤੱਕ ਦੀ ਕਹਾਣੀ ਸੀ, ਨਾਇਕਾਂ ਵਾਲੀ। 'ਤਹਿਲਕਾ' ਦੇ ਮੁਖੀ ਤਰੁਣ ਤੇਜਪਾਲ ਨੇ ਪੱਤਰਕਾਰੀ ਦੇ ਖੇਤਰ ਵਿਚ ਮਿਸਾਲੀ ਕੰਮ ਕੀਤਾ। ਉਸ ਨੇ 'ਤਹਿਲਕਾ' ਰਾਹੀਂ ਭਾਵੇਂ ਪੈਸਾ-ਧੇਲਾ ਵੀ ਵਾਹਵਾ ਇਕੱਠ ਕੀਤਾ ਪਰ ਉਸ ਦੀ ਪੱਤਰਕਾਰੀ ਮਿਸ਼ਨਰੀ ਵਾਲੀ ਭਾਵਨਾ ਦੇ ਐਨ ਮੇਚ ਦੀ ਸੀ। ਉਸ ਵੱਲੋਂ ਜਾਨ ਲਾ ਕੇ ਖੜ੍ਹੇ ਕੀਤੇ 'ਤਹਿਲਕਾ' ਦਾ ਮਿਸ਼ਨ ਅਤੇ ਮੀਡੀਆ ਦਾ ਮਿਸ਼ਨ ਇਕ-ਮਿਕ ਹੋਏ ਪਏ ਸਨ ਪਰ ਇਖਲਾਕ ਦੀ ਗਲੀ ਵਿਚੋਂ ਲੰਘਦਾ ਤਰੁਣ ਤੇਜਪਾਲ ਮੂਧੇ ਮੂੰਹ ਜਾ ਡਿੱਗਾ। ਪਹਿਲਾਂ ਤਾਂ ਬਹੁਤਿਆਂ ਨੂੰ ਇੰਜ ਹੀ ਜਾਪਿਆ ਸੀ ਕਿ ਇਹ ਉਸ ਦੇ 'ਦੁਸ਼ਮਣਾਂ' ਵੱਲੋਂ ਉਸ ਖਿਲਾਫ ਚੱਲੀ ਗਈ ਕੋਈ ਚਾਲ ਹੈ ਪਰ ਨਹੀਂ! ਜਿਸ ਤਰ੍ਹਾਂ ਦਿਨ-ਬਦਿਨ ਇਸ ਕਾਂਡ ਤੋਂ ਪਰਦਾ ਪਰ੍ਹੇ ਹੋਇਆ, ਉਸ ਤੋਂ ਸਪਸ਼ਟ ਹੋ ਗਿਆ ਕਿ 'ਤਹਿਲਕਾ' ਦੀ ਨਾਇਕ ਵਾਲੀ ਕਹਾਣੀ ਅੰਨ੍ਹੀ ਗਲੀ ਵਿਚ ਜਾ ਫਸੀ ਹੈ। ਇਸ ਕੇਸ ਵਿਚ ਸਭ ਤੋਂ ਵੱਡੀ ਸਿਤਮਜ਼ਰੀਫੀ ਇਸ ਕੇਸ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਸੀ। ਅਜਿਹੇ ਕੇਸਾਂ ਵਿਚ ਅਕਸਰ ਹੀ ਹੁੰਦਾ ਹੈ ਕਿ ਕੇਸ ਨੂੰ ਰਫਾ-ਦਫਾ ਕਰਨ ਲਈ ਹਰ ਹੀਲਾ ਵਰਤਿਆ ਜਾਂਦਾ ਹੈ। ਇਸ ਕੇਸ ਵਿਚ ਤਾਂ 'ਤਹਿਲਕਾ' ਵਾਲੇ ਸਗੋਂ ਦੋ ਕਦਮ ਅਗਾਂਹ ਹੀ ਨਿਕਲ ਗਏ। ਅਦਾਰੇ ਦੀ ਮੈਨੇਜਿੰਗ ਐਡੀਟਰ ਸ਼ੋਮਾ ਚੌਧਰੀ ਜੋ ਵੱਖ-ਵੱਖ ਮੰਚਾਂ ਤੋਂ ਔਰਤਾਂ ਦੇ ਹੱਕ ਵਿਚ ਅਕਸਰ ਆਵਾਜ਼ ਬੁਲੰਦ ਕਰਦੀ ਸੀ, ਵੀ ਉਸੇ ਅੰਨ੍ਹੀ ਗਲੀ ਵਿਚ ਜਾ ਫਸੀ। ਇਸੇ ਕਰ ਕੇ ਉਹ ਬਾਅਦ ਵਿਚ ਸਭ ਤੋਂ ਵੱਧ ਨਿਸ਼ਾਨੇ ਹੇਠ ਆਈ ਜਿਸ ਨੇ ਆਪਣੇ ਬੌਸ ਨੂੰ ਬਚਾਉਣ ਲਈ ਉਹੀ ਕੁਝ ਕੀਤਾ ਜੋ ਆਏ ਦਿਨ ਇਹ ਸਿਸਟਮ ਅਤੇ ਇਸ ਸਿਸਟਮ ਨੂੰ ਚਲਾ ਰਹੇ ਹੈਂਕੜਬਾਜ਼, ਆਮ ਬੰਦੇ ਨਾਲ ਕਰਦੇ ਹਨ। ਇਹ ਕਿਸ ਤਰ੍ਹਾਂ ਦੀ ਲੜਾਈ ਸੀ ਜੋ ਸ਼ੋਮਾ ਚੌਧਰੀ ਲੜ ਰਹੀ ਸੀ? ਕੌਮੀ ਅਤੇ ਕੌਮਾਂਤਰੀ ਮੰਚਾਂ ਉਤੇ ਗੜਕਦੀ ਸ਼ੋਮਾ ਚੌਧਰੀ ਆਪਣੇ ਬੌਸ ਦੀ ਵਾਰੀ ਹਥਿਆਰ ਸੁੱਟ ਬੈਠੀ। ਤਰੁਣ ਤੇਜਪਾਲ ਨੇ ਉਹ ਗਲਤੀ ਕੀਤੀ ਸੀ ਜੋ ਕਿਸੇ ਵੀ ਸੂਰਤ ਮੁਆਫੀਯੋਗ ਨਹੀਂ ਸੀ। ਅਸਲ ਵਿਚ ਨਾਇਕ ਅਤੇ ਖਲਨਾਇਕ ਹੋਣ ਵਿਚਕਾਰ ਬਹੁਤ ਮਹੀਨ ਪਰਦਾ ਹੁੰਦਾ ਹੈ ਜੋ ਜਦੋਂ ਡਿੱਗ ਜਾਂਦਾ ਹੈ ਤਾਂ ਬੰਦੇ ਦੇ ਪਾਲੇ ਦਾ ਪਤਾ ਲੱਗਦਾ ਹੈ। ਕਹਿੰਦੇ-ਕਹਾਉਂਦੇ ਸ਼ਖਸ ਚੋਟੀ ਤੋਂ ਅਜਿਹੇ ਡਿੱਗੇ ਕਿ ਫਿਰ ਉਠਣ ਜੋਗੇ ਨਾ ਰਹੇ ਅਤੇ ਰਹਿੰਦੀ ਉਮਰ ਪਛਤਾਵੇ ਦੀ ਭੱਠੀ ਵਿਚ ਤਪਦੇ ਰਹੇ, ਜਾਂ ਸਾਰੀ ਉਮਰ ਉਹੀ ਇਕ ਘਟਨਾ ਵਾਰ-ਵਾਰ ਉਨ੍ਹਾਂ ਨੂੰ ਘੇਰਦੀ ਰਹੀ। ਸਮੇਂ ਦਾ ਸੱਚ ਹੀ ਇਹ ਹੈ ਕਿ ਜਿਨ੍ਹਾਂ ਕਦਰਾਂ-ਕੀਮਤਾਂ ਲਈ ਤੁਸੀਂ ਲੜਨ-ਮਰਨ ਨੂੰ ਤਿਆਰ ਰਹਿੰਦੇ ਹੋ, ਉਨ੍ਹਾਂ ਦੀ ਰਾਖੀ ਲਈ ਤੁਹਾਨੂੰ ਪੈਰ-ਪੈਰ 'ਤੇ ਇਮਤਿਹਾਨ ਪਾਸ ਕਰਨਾ ਪੈਂਦਾ ਹੈ; ਨਹੀਂ ਤਾਂ ਬਹੁਤ ਛੋਟੀ ਜਿਹੀ ਗਲਤੀ ਵੀ ਤੁਹਾਡੇ ਮਿਸ਼ਨ ਨੂੰ ਸਿਫਰ ਕਰ ਸੁੱਟਦੀ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਵੀ ਇਹੀ ਕੁਝ ਵਾਪਰਿਆ ਸੀ। ਪੰਜਾਬ, ਭਾਰਤ ਅਤੇ ਦੇਸ਼-ਵਿਦੇਸ਼ ਦੀਆਂ ਹੋਰ ਬਥੇਰੀਆਂ ਮਿਸਾਲਾਂ ਹਨ। ਤਰੁਣ ਤੇਜਪਾਲ ਵੀ ਹੁਣ ਇਸੇ ਸੂਚੀ ਦਾ ਅੰਗ ਬਣ ਗਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਡਰਨ ਚੋਣ-ਪ੍ਰਚਾਰ*

ਇਕੋ ਰੰਗ ਹੀ ਚਾੜ੍ਹਨਾ ਸਾਰਿਆਂ ਨੂੰ ਇਹ ਹੈ ਦੇਸ਼ ਦਾ ਸਭਿਆਚਾਰ ਕਹਿੰਦੇ।
ਆਪੋ ਆਪਣੇ ਰਸਮ-ਵਿਹਾਰ ਛੱਡ, ਸਾਡੇ ਰਹੋ ਜੀ ਤਾਬਿਆਦਾਰ ਕਹਿੰਦੇ।
ਫਿਰਕੇ ਵੱਖਰੇ ਕਾਸ ਨੂੰ ਰੱਖਣੇ ਨੇ ਪਉ ਸ਼ਰਣ ਵਿਚ ਸੰਘ-ਪਰਿਵਾਰ ਕਹਿੰਦੇ।
ਸੁੱਕਾ ਵਾਰ ਨਾ ਐਤਕੀਂ ਜਾਣ ਦੇਣਾ ਬੈਠੇ 'ਕਰੋ ਜਾਂ ਮਰੋ' ਲਈ ਤਿਆਰ ਕਹਿੰਦੇ।
ਇਕ ਦੂਜੇ ਦੇ ਪੋਤੜੇ ਫੋਲਦੇ ਨੇ ਮੂਹੋਂ ਸੁੱਟਦੇ ਨਿਰੇ ਅੰਗਿਆਰ ਕਹਿੰਦੇ।
ਬੋਲੀ ਬੋਲਦੇ ਚੰਦਰੀ ਲੂਹਣ ਵਾਲੀ, ਅੱਗਾਂ ਲਾਉਣ ਨੂੰ ਚੋਣ-ਪ੍ਰਚਾਰ ਕਹਿੰਦੇ!

# ਤਹਿਲਕਾ ਕਾਂਡ ਨਾਲ ਖੜ੍ਹੇ ਹੋਏ ਅਣਗਿਣਤ ਸਵਾਲ

## ਜਦੋ-ਜਹਿਦ ਹੀ ਔਰਤਾਂ ਦੀ ਮੁਕਤੀ ਦਾ ਰਾਹ

ਬੂਟਾ ਸਿੰਘ

ਫੋਨ: 91-94634-74342

ਮਸ਼ਹੂਰ ਰਸਾਲੇ 'ਤਹਿਲਕਾ' ਦੇ ਮੁੱਖ ਸੰਪਾਦਕ ਤਰੁਣ ਤੇਜਪਾਲ ਵਲੋਂ ਆਪਣੇ ਅਦਾਰੇ ਦੀ ਮੁਲਾਜ਼ਮ ਕੁੜੀ ਨਾਲ ਬਦਤਮੀਜ਼ੀ ਨੇ ਇਹ ਸਵਾਲ ਉਠਾ ਦਿੱਤਾ ਹੈ ਕਿ ਇਸ ਮੁਲਕ ਅੰਦਰ ਔਰਤ ਕੀ ਉਨ੍ਹਾਂ ਅਦਾਰਿਆਂ ਵਿਚ ਵੀ ਮਹਿਫ਼ੂਜ਼ ਨਹੀਂ ਹੈ ਜੋ ਔਰਤਾਂ ਦੇ ਹੱਕਾਂ ਦੀ ਆਵਾਜ਼ ਅੱਗੇ ਹੋ ਕੇ ਉਠਾ ਰਹੇ ਹਨ? ਇਨ੍ਹਾਂ ਹਾਲਾਤ ਵਿਚ ਆਖ਼ਿਰ ਮਜ਼ਲੂਮ ਲਈ ਢੋਈ ਕਿਥੇ ਹੈ? ਇਕ ਨਾਮਵਰ ਟੀ.ਵੀ. ਪੱਤਰਕਾਰ ਸਾਗਰਿਕਾ ਘੋਸ਼ ਦੀ ਇਹ ਟਵੀਟ ਕਾਬਲੇ-ਗ਼ੌਰ ਹੈ ਕਿ 'ਇਹ ਸਾਰੇ ਸੰਪਾਦਕਾਂ ਲਈ ਅੰਤਰ ਝਾਤੀ ਮਾਰਨ ਦਾ ਵਕਤ ਹੈ। ... ਕਿੰਨੀਆਂ ਔਰਤ ਪੱਤਰਕਾਰਾਂ ਨੇ ਇਹ ਹਮਲੇ ਝੱਲੇ ਜੋ ਡਰਦੀਆਂ ਖ਼ਾਮੋਸ਼ ਰਹੀਆਂ। ਇਸ ਲੱਜਾ ਦੇ ਕੋਡ ਨੂੰ ਤੋੜਨਾ ਹੋਵੇਗਾ।'

ਮਾਮਲੇ ਦੀ ਗੰਭੀਰਤਾ ਇਸ ਕਰ ਕੇ ਵੀ ਵਧੇਰੇ ਹੈ ਕਿ ਇਸ ਵਾਰ ਅਜਿਹੇ ਕੁਕਰਮ ਦਾ ਇਲਜ਼ਾਮ ਉਸ ਸ਼ਖ਼ਸੀਅਤ ਉੱਪਰ ਹੈ ਜਿਸ ਨੇ ਪੱਤਰਕਾਰੀ ਰਾਹੀਂ ਪਿਛਲੇ ਡੇਢ ਦਹਾਕੇ 'ਚ ਇਸ ਸਮਾਜ ਦੇ ਪੂਰੀ ਤਰ੍ਹਾਂ ਕੰਨੀ 'ਤੇ ਧੱਕੇ ਮਜ਼ਲੂਮ, ਦੱਬੇ-ਕੁਚਲੇ ਹਿੱਸਿਆਂ- ਔਰਤਾਂ, ਦਲਿਤਾਂ, ਆਦਿਵਾਸੀਆਂ, ਮੁਸਲਮਾਨਾਂ ਆਦਿ- ਦੇ ਹੱਕ ਵਿਚ ਧੜੱਲੇ ਨਾਲ ਆਵਾਜ਼ ਉਠਾਈ ਹੈ। 'ਤਹਿਲਕਾ' ਨੇ ਜਿਥੇ ਇਸ ਰਾਜ-ਢਾਂਚੇ ਵਿਚ ਕੈਂਸਰ ਵਾਂਗ ਫੈਲੇ ਬੇਥਾਹ ਭ੍ਰਿਸ਼ਟਾਚਾਰ ਦਾ ਖ਼ੁਰਾ ਨੱਪਦਿਆਂ ਸੰਘ ਪਰਿਵਾਰ ਦੇ ਇਖ਼ਲਾਕੀ ਢੌਂਗ ਦਾ ਬੁਰਕਾ ਲਾਹੁਣ ਦੀ ਪਹਿਲ ਕੀਤੀ ਅਤੇ ਇਸ ਦਾ ਭ੍ਰਿਸ਼ਟਾਚਾਰ ਵਿਚ ਗਰਕਿਆ ਘਿਨਾਉਣਾ ਚਿਹਰਾ ਸਾਹਮਣੇ ਲਿਆਂਦਾ, ਉਥੇ ਭਾਰਤੀ ਹੁਕਮਰਾਨਾਂ ਵਲੋਂ ਆਲਮੀ ਤੇ ਦੇਸੀ ਕਾਰਪੋਰੇਟਸ਼ਾਹੀ ਦੀ ਖ਼ਿਦਮਤ 'ਚ ਵਿੱਢੀ ਆਪਣੇ ਹੀ ਲੋਕਾਂ ਵਿਰੁੱਧ ਜੰਗ 'ਓਪਰੇਸ਼ਨ ਗ੍ਰੀਨ ਹੰਟ' ਪਿੱਛੇ ਕੰਮ ਕਰਦੇ ਅਸਲ ਮਕਸਦ ਅਤੇ ਆਦਿਵਾਸੀਆਂ ਦੇ ਘਾਣ ਨੂੰ ਪੂਰੀ ਬੇਬਾਕੀ ਨਾਲ ਪਾਠਕਾਂ ਅੱਗੇ ਪੇਸ਼ ਕੀਤਾ। ਇਹ 'ਤਹਿਲਕਾ' ਹੀ ਸੀ ਜਿਸ ਨੇ ਆਦਿਵਾਸੀ ਅਧਿਆਪਕਾ ਸੋਨੀ ਸੋਰੀ ਅਤੇ ਉਸ ਦੇ ਪਰਿਵਾਰ ਉੱਪਰ ਰਾਜਤੰਤਰ ਵਲੋਂ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤੇ ਜਾ ਰਹੇ ਜ਼ੁਲਮਾਂ ਨੂੰ ਉਦੋਂ ਜੱਗ ਜ਼ਾਹਰ ਕੀਤਾ ਜਦੋਂ ਪ੍ਰਿੰਟ ਤੇ ਵਿਜ਼ੂਅਲ ਮੀਡੀਆ ਦੇ ਜ਼ਿਆਦਾਤਰ ਹਿੱਸੇ ਵਲੋਂ ਇਸ ਨੂੰ ਉਕਾ ਹੀ ਨਜ਼ਰਅੰਦਾਜ਼ ਕੀਤਾ ਹੋਇਆ ਸੀ। 'ਤਹਿਲਕਾ' ਦੀ ਬਦੌਲਤ ਦੁਨੀਆਂ ਨੂੰ ਮਾਮਲੇ ਦੀ ਅਸਲੀਅਤ ਪਤਾ ਲੱਗੀ।

ਤਰੁਣ ਤੇਜਪਾਲ ਤੇ 'ਤਹਿਲਕਾ' ਦੀ ਇੰਤਜ਼ਾਮੀਆ ਸੰਪਾਦਕ ਸ਼ੋਮਾ ਚੌਧਰੀ ਔਰਤਾਂ ਦੇ ਮਸਲਿਆਂ ਨੂੰ ਪੂਰੀ ਸ਼ਿੱਦਤ ਨਾਲ ਉਠਾਉਂਦੇ ਰਹੇ ਹਨ ਪਰ ਜਦੋਂ ਇਸ ਅਦਾਰੇ ਦੇ ਅੰਦਰ ਪੱਤਰਕਾਰ ਕੁੜੀ ਨਾਲ ਵਧੀਕੀ ਖ਼ੁਦ ਇਸੇ ਦੇ ਮੁੱਖ ਸੰਪਾਦਕ ਨੇ ਕੀਤੀ ਤਾਂ ਸ਼ੋਮਾ ਚੌਧਰੀ ਵਲੋਂ ਹੀ ਦੋਹਰੇ ਮਿਆਰ ਅਖ਼ਤਿਆਰ ਕਰਦਿਆਂ ਤੇਜਪਾਲ ਦੇ 'ਪਛਤਾਵੇ' ਦੇ ਨਾਂ ਹੇਠ ਇਸ ਉਪਰ ਮਿੱਟੀ ਪਾਉਣ ਦਾ ਯਤਨ ਕੀਤਾ ਗਿਆ। ਉਸ ਨੇ ਅਦਾਰੇ ਦਾ ਅਕਸ ਬਚਾਉਣ ਦੇ ਚੱਕਰ ਵਿਚ ਕੁੜੀ ਨੂੰ ਨਿਆਂ ਦਿੱਤੇ ਜਾਣ ਦੇ ਤਕਾਜ਼ੇ ਨੂੰ ਹੀ ਪੂਰੀ ਤਰ੍ਹਾਂ ਦਾਅ 'ਤੇ ਲਾ ਕੇ ਮਾਮਲਾ ਦਬਾਉਣ ਦੀ ਪੂਰੀ ਵਾਹ ਲਾਈ। ਇਹ ਵੱਖਰੀ ਗੱਲ ਹੈ ਕਿ ਮਾਮਲਾ ਦਬਿਆ ਨਹੀਂ। ਤੇਜਪਾਲ ਦੀ ਮਰਦ ਹਉਮੈ ਨੇ ਕੁੜੀ ਦੀ ਜਨਤਕ ਮਾਫ਼ੀ ਦੀ ਮੰਗ ਸਵੀਕਾਰ ਨਹੀਂ ਕੀਤੀ ਜਿਸ ਦਾ ਖਮਿਆਜ਼ਾ ਹੁਣ ਉਸ ਨੂੰ ਤਹਿਲਕਾ ਦੀ ਤੋਇ-ਤੋਇ ਕਰਵਾ ਬੈਠਣ ਦੀ ਸ਼ਕਲ ਵਿਚ ਚੁਕਾਉਣਾ ਪਿਆ ਹੈ। ਉਸ ਦੇ ਖ਼ਿਲਾਫ਼ ਜਬਰ-ਜਨਾਹ ਦਾ ਮੁਕੱਦਮਾ ਦਰਜ ਹੋ ਗਿਆ ਹੈ ਅਤੇ ਉਸ ਦੇ ਸਿੱਧੇ-ਅਸਿੱਧੇ ਕੁਲ ਵਿਰੋਧੀ ਉਸ ਨੂੰ ਸੀਖਾਂ ਪਿੱਛੇ ਦੇਖਣ ਲਈ ਪੂਰਾ ਤਾਣ ਲਾ ਰਹੇ ਹਨ। ਅੰਦਰਖਾਤੇ ਸੁਲ੍ਹਾ ਕਰਨ ਵਿਚ ਨਾਕਾਮ ਰਹਿ ਕੇ ਹੁਣ ਉਹ ਪੇਸ਼ਗੀ ਜ਼ਮਾਨਤ ਕਰਾਉਣ ਦੇ ਯਤਨਾਂ 'ਚ ਹੈ।

ਉਸ ਨੂੰ ਜੇਲ੍ਹ ਦੀ ਸਜ਼ਾ ਨਾਲੋਂ ਵੱਡਾ ਸਵਾਲ ਇਹ ਹੈ ਕਿ ਤਹਿਲਕਾ ਵਰਗੇ ਅਦਾਰੇ ਵਿਚ, ਤੇ ਉਥੇ ਵੀ ਤੇਜਪਾਲ ਵਰਗੀ ਸ਼ਖਸੀਅਤ ਦਾ ਜੇ ਔਰਤ ਪ੍ਰਤੀ ਇਹ ਵਤੀਰਾ ਹੈ ਤਾਂ ਇਨਸਾਫ਼ ਦੀ ਉਮੀਦ ਕਿਥੇ ਹੈ? ਕਿਸੇ ਨੂੰ ਕੋਈ ਸ਼ੱਕ ਨਹੀਂ ਹੈ ਕਿ ਸਥਾਪਤੀ ਪੱਖੀ ਤਾਕਤਾਂ ਮਰਦ-ਪ੍ਰਧਾਨ ਸੱਤਾ, ਔਰਤ ਉੱਪਰ ਦਾਬੇ ਅਤੇ ਔਰਤ ਵਿਰੋਧੀ ਜ਼ਹਿਨੀਅਤ ਨੂੰ ਮਹਿਜ਼ ਬਰਕਰਾਰ ਰੱਖਣ ਲਈ ਹੀ ਨਹੀਂ, ਸਗੋਂ ਹਰ ਹੀਲੇ ਪੱਕੇ ਪੈਰੀਂ ਕਰਨ ਦੀ ਵਾਹ ਲਾ ਰਹੀਆਂ ਹਨ। ਅਜਿਹੇ 'ਕਲਯੁਗ' ਵਿਚ ਰੂਹਾਨੀਅਤ ਅਤੇ ਇਨਸਾਫ਼ ਦੇ ਮੰਦਰਾਂ ਨੂੰ ਮਜ਼ਲੂਮ ਦਾ ਸਹਾਰਾ ਮੰਨਣ ਦੀ ਸੋਚ ਸਮਾਜ ਦੀ ਗਿਆਨ ਵਿਹੂਣੀ ਜ਼ਹਿਨੀਅਤ 'ਚ ਜੜ੍ਹਾਂ ਜਮਾਈ ਬੈਠੀ ਹੈ ਪਰ ਆਸਾਰਾਮ ਦੀ ਮਿਸਾਲ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਖ਼ਲਕਤ ਨੂੰ 'ਰੂਹਾਨੀਅਤ' ਦਾ ਚਾਨਣ ਵੰਡਦੇ ਡੇਰੇਦਾਰਾਂ, ਸੰਤਾਂ-ਬਾਬਿਆਂ ਦੀਆਂ ਸ਼ਰਧਾਲੂ ਔਰਤਾਂ, ਇੱਥੋਂ ਤਕ ਕਿ ਪਰਿਵਾਰਾਂ ਦੀਆਂ ਮਾਸੂਮ ਧੀਆਂ ਵੀ 'ਰੂਹਾਨੀਅਤ' ਦੇ ਇਨ੍ਹਾਂ ਮੰਦਰਾਂ ਵਿਚ ਅਸੁਰੱਖਿਅਤ ਹੀ ਨਹੀਂ ਸਗੋਂ ਪੂਰੇ-ਸੂਰੇ ਜਿਸਮ-ਫਰੋਸ਼ੀ ਤੰਤਰ ਦੇ ਘੇਰੇ 'ਚ ਹਨ। ਦੂਜੇ ਪਾਸੇ, ਇਨ੍ਹੀਂ ਦਿਨੀਂ ਹੀ ਇਕ ਸਿਖਾਂਦਰੂ ਵਕੀਲ ਕੁੜੀ ਨੇ ਭਾਂਡਾ ਭੰਨਿਆ ਕਿ ਸੁਪਰੀਮ ਕੋਰਟ ਦੇ ਜੱਜ (ਹੁਣ ਸੇਵਾ-ਮੁਕਤ) ਵਲੋਂ ਉਸ ਨੂੰ ਦਿੱਲੀ ਵਿਚ ਹੀ ਉਨ੍ਹੀਂ ਦਿਨੀਂ ਬੇਪੱਤ ਕਰਨ ਦਾ ਯਤਨ ਕੀਤਾ ਗਿਆ ਜਦੋਂ ਉਥੇ ਪਿਛਲੇ ਵਰ੍ਹੇ ਦਾਮਨੀ ਕਾਂਡ ਵਿਰੁੱਧ ਰੋਹ ਦਾ ਤੂਫ਼ਾਨ ਉੱਠਿਆ ਹੋਇਆ ਸੀ। ਇਸ ਨੇ ਦਿਖਾ ਦਿੱਤਾ ਹੈ ਕਿ ਔਰਤ ਦੀ ਅਸੁਰੱਖਿਆ ਦਾ ਮਾਮਲਾ ਕਿਸ ਕਦਰ ਸੰਗੀਨ ਹੈ।

ਦਰ ਹਕੀਕਤ, ਮਜ਼ਲੂਮ ਦੀ ਅਸਲ ਪਨਾਹ ਕਾਨੂੰਨ ਨਹੀਂ ਵੰਨ-ਸੁਵੰਨੀ ਸਮਾਜੀ ਜੱਦੋ-ਜਹਿਦ ਹੈ। 'ਤਹਿਲਕਾ' ਵਲੋਂ ਕਰਵਾਏ ਜਾਂਦੇ ਗੋਆ ਚਿੰਤਨ ਬਾਰੇ ਕਿਸੇ ਦੇ ਵੀ ਬਹੁਤ ਸਾਰੇ ਸਵਾਲ ਹੋ ਸਕਦੇ ਹਨ, ਪਰ ਇਕ ਚੀਜ਼ ਤੈਅ ਹੈ ਕਿ ਘੱਟੋ-ਘੱਟ ਇਥੇ ਮਜ਼ਲੂਮਾਂ ਨੂੰ ਸਪੇਸ ਦਿੱਤੀ ਜਾਂਦੀ ਰਹੀ ਹੈ। ਮਸਲਨ, ਇਸ ਵਾਰ 'ਥਿੰਕ-2013' ਦੇ ਮੰਚ ਉੱਪਰ ਹਰਿਆਣਾ ਦੀ 16 ਸਾਲ ਦੀ ਕੁੜੀ ਸੰਧਿਆ ਨੂੰ ਹਾਜ਼ਰੀਨ ਦੇ ਰੂ-ਬ-ਰੂ ਕੀਤਾ ਗਿਆ ਸੀ ਜਿਸ ਨਾਲ ਪਿਛਲੇ ਸਾਲ ਅਗਸਤ ਮਹੀਨੇ ਦੋ ਉੱਚ ਜਾਤੀ ਧੌਂਸਬਾਜ਼ਾਂ ਨੇ ਸਮੂਹਕ ਜਬਰ ਜਨਾਹ ਹੀ ਨਹੀਂ ਸੀ ਕੀਤਾ, ਸਗੋਂ 20 ਦਿਨ ਬਾਅਦ ਉਸ ਦੀ ਮਾਂ ਨਾਲ ਦਿਨ-ਦਿਹਾੜੇ ਜਬਰ ਜਨਾਹ ਕਰ ਕੇ ਉਸ ਨੂੰ ਇਸ ਕਰ ਕੇ ਕਤਲ ਕਰ ਦਿੱਤਾ ਸੀ ਕਿਉਂਕਿ ਕੁੜੀ ਉਨ੍ਹਾਂ ਦੀ ਇੱਛਾ ਅਨੁਸਾਰ ਦਸ ਦਿਨਾਂ 'ਚ ਦੁਬਾਰਾ ਉਨ੍ਹਾਂ ਅੱਗੇ ਪੇਸ਼ ਨਹੀਂ ਸੀ ਹੋਈ।

'ਤਹਿਲਕਾ' ਵਰਗੇ ਨਾਮਵਰ ਅਦਾਰੇ ਦੇ ਅੰਦਰ, ਤੇਜਪਾਲ ਵਰਗੀ ਸ਼ਖ਼ਸੀਅਤ ਵਲੋਂ ਗੋਆ 'ਥਿੰਕ 2013' (8 ਤੋਂ 10 ਨਵੰਬਰ) ਦੇ ਮੌਕੇ ਔਰਤ ਦੀ ਹਸਤੀ ਉੱਪਰ ਅਜਿਹਾ ਹਮਲਾ ਸ਼ਰਮਨਾਕ ਤਾਂ ਹੈ ਹੀ, ਇਸ ਤੋਂ ਵੀ ਵੱਧ ਅਗਾਂਹਵਧੂ ਤੇ ਇਨਸਾਫ਼ਪਸੰਦ ਹਲਕਿਆਂ ਲਈ ਸਦਮਾ ਵੀ ਹੈ। ਇਕ ਪਾਸੇ, ਤਹਿਲਕਾ ਅਦਾਰੇ ਦੀ ਮੇਜ਼ਬਾਨੀ ਤੇ ਮੌਜੂਦਗੀ ਵਿਚ ਇਕ ਗ਼ੈਰਤਮੰਦ ਕੁੜੀ ਨੇ ਹਾਜ਼ਰੀਨ ਦੇ ਪੇਸ਼ੇ-ਨਜ਼ਰ ਹੋ ਕੇ ਆਪਣੀ ਰੌਂਗਟੇ ਖੜ੍ਹੇ ਕਰਨ ਵਾਲੀ ਦਰਦ ਕਹਾਣੀ ਬਿਆਨ ਕੀਤੀ ਹੋਵੇ, ਉਸ 'ਚਿੰਤਨ' ਦੇ ਮਾਹੌਲ ਵਿਚ ਤੇਜਪਾਲ ਦੀ ਜ਼ਹਿਨੀਅਤ ਅੰਦਰ ਕਿਸੇ ਖੂੰਜੇ ਛੁਪਿਆ ਦਰਿੰਦਾ ਸਾਥੀ ਮੁਲਾਜ਼ਮ ਕੁੜੀ ਨੂੰ ਉਪਰੋਥਲੀ ਦੋ ਦਿਨ ਆਪਣੀ ਹਵਸ ਦਾ ਸ਼ਿਕਾਰ ਬਣਾਉਣ 'ਤੇ ਉਤਾਰੂ ਹੋਇਆ ਪਿਆ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਔਰਤਾਂ ਉੱਪਰ ਜ਼ੁਲਮ ਰੋਕਣ ਲਈ ਔਰਤ ਦੀ ਮਜ਼ਲੂਮ ਤੇ ਨਿਤਾਣੀ ਸਮਾਜੀ ਹੈਸੀਅਤ ਵਿਚ ਬੁਨਿਆਦੀ ਬਦਲਾਅ ਕਿਉਂ ਜ਼ਰੂਰੀ ਹੈ।

ਇਸ ਮਾਮਲੇ ਵਿਚ ਵੀ ਲਗਭਗ ਉਹ ਸਾਰੇ ਘਿਨਾਉਣੇ ਲੱਛਣ ਖੁੱਲ੍ਹ ਕੇ ਸਾਹਮਣੇ ਆਏ ਹਨ ਜੋ ਅਜਿਹੇ ਮਾਮਲਿਆਂ 'ਚ ਆਮ ਹੀ ਸਾਹਮਣੇ ਆਉਂਦੇ ਹਨ। 'ਸਟੋਰੀ' ਦੀ ਭਾਲ ਵਿਚ ਹਰਲ-ਹਰਲ ਕਰਦੇ ਮੀਡੀਏ ਨੂੰ ਨਵੀਂ ਖ਼ਬਰ ਹੱਥ ਲੱਗ ਗਈ। 'ਇੰਡੀਅਨ ਐਕਸਪ੍ਰੈਸ' ਵਰਗੇ ਅਖ਼ਬਾਰਾਂ ਨੂੰ ਤਹਿਲਕਾ ਨੂੰ ਸੁਰਖ਼ੀਆਂ ਬਣਾ ਕੇ ਪੂਰਾ ਸਫ਼ਾ ਕਵਰੇਜ ਕਰਨ ਦਾ ਮੌਕਾ ਮਿਲ ਗਿਆ। ਕਾਨੂੰਨ ਦੀ ਦੁਹਾਈ ਦੇਣ ਵਾਲਿਆਂ ਨੇ ਇਸ ਨੂੰ ਸਨਸਨੀਖੇਜ਼ ਬਣਾਉਣ ਦੀ ਧੁਸ ਵਿਚ ਅਜਿਹੇ ਮਾਮਲਿਆਂ 'ਚ ਪੀੜਤ ਔਰਤ ਦੀ ਪਛਾਣ ਨਸ਼ਰ ਨਾ ਕਰਨ ਦੀਆਂ ਅਦਾਲਤੀ ਹਦਾਇਤਾਂ ਦੀ ਵੀ ਪ੍ਰਵਾਹ ਨਹੀਂ ਕੀਤੀ। ਤਹਿਲਕਾ ਦੇ ਦੁਸ਼ਮਣਾਂ ਨੂੰ ਕਿੜਾਂ ਕੱਢਣ ਦਾ ਵਧੀਆ ਮੌਕਾ ਹੱਥ ਲੱਗ ਗਿਆ।

ਉਸ ਕਾਂਗਰਸ ਦੇ ਬੁਲਾਰੇ 'ਕਾਨੂੰਨ ਅਨੁਸਾਰ ਕਾਰਵਾਈ ਕਰਨ' ਦੇ ਬਿਆਨ ਦੇ ਰਹੇ ਹਨ ਜਿਨ੍ਹਾਂ ਦੇ ਚੋਟੀ ਦੇ ਆਗੂਆਂ ਦੀਆਂ ਹਦਾਇਤਾਂ ਉੱਪਰ ਦਿੱਲੀ ਦੀਆਂ ਸੜਕਾਂ ਉਤੇ 1984 ਵਿਚ ਸਿੱਖ ਔਰਤਾਂ ਨਾਲ ਦੋ ਦਿਨ ਸਮੂਹਕ ਜਬਰ ਜਨਾਹ ਹੁੰਦੇ ਰਹੇ। ਜਿਨ੍ਹਾਂ ਨੇ ਪਿਛਲੇ ਸਾਲ ਦਾਮਨੀ ਜਬਰ ਜਨਾਹ ਕਾਂਡ ਮੌਕੇ ਆਪਣੀ ਘਿਨਾਉਣੀ ਖ਼ਾਮੋਸ਼ੀ ਬੇਮਿਸਾਲ ਅਵਾਮੀ ਰੋਹ ਦੇ ਦਬਾਅ ਹੇਠ ਆ ਕੇ ਹੀ ਤੋੜੀ ਸੀ। ਜਿਸ ਦੀ ਅਗਵਾਈ ਹੇਠ ਇਸ ਮੁਲਕ ਦੀਆਂ ਹਥਿਆਰਬੰਦ ਫ਼ੌਜਾਂ/ਨੀਮ ਫ਼ੌਜਾਂ ਤੇ ਪੁਲਿਸ ਨੇ ਆਜ਼ਾਦੀ ਦੇ ਸਾਢੇ ਦਹਾਕਿਆਂ ਵਿਚ ਭਾਰਤ, ਉਤਰ-ਪੂਰਬ ਅਤੇ ਕਸ਼ਮੀਰ ਵਿਚ ਸਭ ਤੋਂ ਵੱਧ ਸਮਾਂ ਔਰਤਾਂ ਨੂੰ ਬੇਪੱਤ ਕੀਤਾ ਹੈ। ਇਹ ਸਭ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਦੂਜੇ ਪਾਸੇ, ਭਗਵਾਂ ਬ੍ਰਿਗੇਡ ਦੀ ਦੁਖਦੀ ਰਗ ਨੇ ਇਸ ਵਕਤ ਥੋੜ੍ਹੀ ਰਾਹਤ ਮਹਿਸੂਸ ਕੀਤੀ ਹੈ। ਸੰਘੀਆਂ 'ਤੇ ਤਹਿਲਕਾ ਮਿਜ਼ਾਇਲਾਂ ਦਾਗ਼ਣ ਵਾਲਾ ਤੇਜਪਾਲ ਸੰਘੀ ਕੋੜਮੇ ਦੇ ਬੁਲਾਰਿਆਂ ਦੇ ਬਿਆਨਾਂ ਦੀ ਗੋਲਾਬਾਰੀ ਦੀ ਜ਼ੱਦ 'ਚ ਮਸਾਂ ਆਇਆ ਹੈ। ਚੋਟੀ ਦਾ ਆਗੂ ਅਰੁਣ ਜੇਤਲੀ ਇੱਥੋਂ ਤਕ ਕਹਿ ਗਿਆ ਹੈ ਕਿ ਜੇ ਸਬੰਧਤ ਕੁੜੀ ਨੇ ਪੁਲਿਸ ਨੂੰ ਸ਼ਿਕਾਇਤ ਨਹੀਂ ਕੀਤੀ, ਫਿਰ ਵੀ ਤੇਜਪਾਲ ਉੱਪਰ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ।

ਇਸ ਮਾਮਲੇ ਵਿਚ ਸਭ ਤੋਂ ਘਿਨਾਉਣੀ ਭੂਮਿਕਾ ਸੀ.ਪੀ.ਐੱਮ. ਦੀ ਆਹਲਾ ਆਗੂ ਬਰਿੰਦਾ ਕਰਤ ਦੀ ਹੈ ਜੋ ਕਹਿ ਰਹੀ ਹੈ ਕਿ 'ਪਛਤਾਵੇ' ਦੀਆਂ ਈ-ਮੇਲਾਂ ਨਾਲ ਕੰਮ ਨਹੀਂ ਚਲਣਾ। 'ਤੇਜਪਾਲ ਦੀ ਅਸਲ ਥਾਂ ਜੇਲ੍ਹ ਹੈ ਜਿਸ ਤੋਂ ਉਸ ਨੂੰ ਕੋਈ ਨਹੀਂ ਬਚਾ ਸਕਦਾ'। ਇਹ ਵੱਖਰੀ ਚੀਜ਼ ਹੈ ਕਿ ਉਸ ਦੀ ਆਪਣੀ ਪਾਰਟੀ ਲੀਡਰਸ਼ਿਪ ਉੱਪਰ ਸ਼ਰੇਆਮ ਇਹ ਇਲਜ਼ਾਮ ਲੱਗਦੇ ਰਹੇ ਹਨ, ਤੇ ਉਹ ਖ਼ੁਦ ਹੀ ਲਾਉਂਦੀ ਹੀ ਹੈ, ਕਿ ਇਥੇ ਔਰਤਾਂ ਨੂੰ ਅੱਗੇ ਨਹੀਂ ਆਉਣ ਦਿੱਤਾ ਜਾਂਦਾ। ਸ਼ੋਮਾ ਚੌਧਰੀ ਸਮੇਤ ਤਹਿਲਕਾ ਦੇ ਇੰਤਜ਼ਾਮੀਆਂ ਨੂੰ ਮੱਤਾਂ ਦੇਣ ਸਮੇਂ ਉਹ ਭੁੱਲ ਹੀ ਗਈ ਕਿ ਉਸ ਦੀ ਪਾਰਟੀ ਦੇ ਬੰਗਾਲ ਦੇ ਆਗੂ ਨੇ ਪੱਛਮੀ ਬੰਗਾਲ ਅੰਦਰ ਜਬਰ ਜਨਾਹ ਦੇ ਮਾਮਲੇ ਬਾਰੇ ਮਮਤਾ ਬੈਨਰਜੀ ਨੂੰ ਉਲਟਾ ਪੁੱਛਿਆ ਸੀ ਕਿ ਉਹ ਜਬਰ ਜਨਾਹ ਕਰਾਉਣ ਦਾ ਕਿੰਨਾ ਮੁੱਲ ਲੈਣਾ ਚਾਹੇਗੀ? ਉਸ ਦੀ ਪਾਰਟੀ ਦੇ ਪੰਜਾਬ ਦੇ ਇਕ ਸਾਬਕਾ ਮੁੱਖ ਆਗੂ 'ਪ੍ਰੋਫੈਸਰ ਸਾਹਬ' ਉਪਰ ਵੀ ਇਹੀ ਇਲਜ਼ਾਮ ਲੱਗਿਆ ਸੀ। ਲਾਲਗੜ੍ਹ ਵਿਚ ਸੀ.ਪੀ.ਐੱਮ. ਦੀ ਲੀਡਰਸ਼ਿਪ ਦੀ 'ਅਗਾਂਹਵਧੂ' ਰਹਿਨੁਮਾਈ ਹੇਠ ਇਨ੍ਹਾਂ ਦੀ ਨਿੱਜੀ ਹਰਮਦ ਵਾਹਨੀ ਅਤੇ ਸਰਕਾਰੀ ਹਥਿਆਰਬੰਦ ਤਾਕਤਾਂ ਵਲੋਂ ਪੂਰੇ ਤਿੰਨ ਸਾਲ ਆਦਿਵਾਸੀ ਔਰਤਾਂ ਨਾਲ ਸਮੂਹਕ ਜਬਰ ਜਨਾਹ ਹੀ ਨਹੀਂ ਕੀਤੇ ਗਏ ਸਗੋਂ ਗ੍ਰਿਫ਼ਤਾਰ ਕੀਤੀਆਂ ਮਾਓਵਾਦੀ ਔਰਤਾਂ ਨਾਲ ਪੁਲਿਸ ਹਿਰਾਸਤ 'ਚ ਮਿੱਥ ਕੇ ਜਬਰ ਜਨਾਹ ਕਰਵਾ ਕੇ ਉਨ੍ਹਾਂ ਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਮਾਮਲਿਆਂ ਵਿਚ ਤਾਂ ਬਰਿੰਦਾ ਨੇ ਕਦੇ ਜ਼ਬਾਨ ਨੇ ਖੋਲ੍ਹੀ ਕਿ ਉਸ ਦੀ ਪਾਰਟੀ ਦੇ ਸਬੰਧਤ ਆਗੂ ਅਤੇ ਪੁਲਿਸ ਅਧਿਕਾਰੀ ਵੀ ਜੇਲ੍ਹ ਭੇਜੇ ਜਾਣੇ ਚਾਹੀਦੇ ਹਨ!

ਇਨ੍ਹਾਂ ਤਿੰਨੇ ਮਿਸਾਲਾਂ ਅਤੇ ਆਏ ਦਿਨ ਮੀਡੀਆ ਵਿਚ ਰਿਪੋਰਟ ਹੋ ਰਹੀਆਂ ਸਮੂਹਕ ਜਬਰ ਜਨਾਹਾਂ ਦੀਆਂ ਵਾਰਦਾਤਾਂ ਉਨ੍ਹਾਂ ਤਾਕਤਾਂ

*(ਬਾਕੀ ਅਗਲੇ ਸਫੇ 'ਤੇ)*

# ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਕਮੇਟੀ ਦਾ ਮੁੱਦਾ ਫਿਰ ਭਖਿਆ

*ਹਰਿਆਣਾ ਵਿਚ ਲਗਭਗ ਸੌ ਇਤਿਹਾਸਕ ਗੁਰਦੁਆਰੇ ਹਨ ਜਿਨ੍ਹਾਂ ਵਿਚੋਂ 52 ਐਸ.ਜੀ.ਪੀ.ਸੀ., ਅੰਮ੍ਰਿਤਸਰ ਦੇ ਅਧੀਨ ਹਨ ਅਤੇ 48 ਉਸ ਦੇ ਕੰਟਰੋਲ ਤੋਂ ਬਾਹਰ ਹਨ। ਇਨ੍ਹਾਂ ਗੁਰਦੁਆਰਿਆਂ ਦੀ 3536 ਏਕੜ ਜ਼ਮੀਨ ਹੈ ਅਤੇ 500 ਕਰੋੜ ਦੀ ਅਚੱਲ ਜਾਇਦਾਦ ਹੈ। ਇਨ੍ਹਾਂ ਦੀ ਸਮੂਹਿਕ ਆਮਦਨ 100 ਕਰੋੜ ਸਾਲਾਨਾ ਹੈ ਜੋ ਸਾਰੀ ਪੰਜਾਬ ਦੀ ਐਸ.ਜੀ.ਪੀ.ਸੀ. ਨੂੰ ਜਾਂਦੀ ਹੈ ਪਰ ਉਥੋਂ ਦੇ ਖਾਤਿਆਂ ਵਿਚ ਸਿਰਫ 18 ਕਰੋੜ ਰੁਪਏ ਹੀ ਦਿਖਾਏ ਜਾਂਦੇ ਹਨ।... ਐਸ.ਜੀ.ਪੀ.ਸੀ. ਨੇ ਹਰਿਆਣਾ ਵਿਚ ਕੋਈ ਵੀ ਵਿੱਦਿਅਕ ਜਾਂ ਧਾਰਮਿਕ ਸੰਸਥਾ ਖੋਲ੍ਹਣ ਅਤੇ ਸਮਾਜਕ ਤਰੱਕੀ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ, ਜਦਕਿ ਪੰਜਾਬ ਵਿਚ 34 ਤੋਂ ਜ਼ਿਆਦਾ ਖਾਲਸਾ ਹਾਇਰ ਸੈਕੰਡਰੀ ਸਕੂਲ, 4 ਮੈਡੀਕਲ, ਨਰਸਿੰਗ ਅਤੇ ਡੈਂਟਲ ਕਾਲਜ, 2 ਇੰਜੀਨੀਅਰਿੰਗ ਅਤੇ 18 ਡਿਗਰੀ ਕਾਲਜ ਖੋਲ੍ਹੇ ਗਏ ਹਨ। ਸ਼ਾਹਬਾਦ ਵਿਚ ਇਕੋ-ਇਕ ਮੀਰੀ-ਪੀਰੀ ਮੈਡੀਕਲ ਕਾਲਜ ਖੋਲ੍ਹਿਆ ਗਿਆ ਹੈ ਜਿਸ ਨੂੰ ਟਰਸਟ ਬਣਾ ਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਦ ਉਸ ਦੇ ਚੇਅਰਮੈਨ ਬਣ ਗਏ।*

ਹਰਿਆਣਾ ਲਈ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਬਣਾਉਣ ਦਾ ਮਾਮਲਾ ਜਿਹੜਾ ਪਿਛਲੇ ਕਈ ਵਰ੍ਹਿਆਂ ਤੋਂ ਠੰਢਾ ਪਿਆ ਹੋਇਆ ਸੀ, ਹੁਣ ਚੋਣਾਂ ਦੀ ਦਸਤਕ ਦੇ ਨਾਲ ਹੀ ਫਿਰ ਭਖਣ ਲੱਗਾ ਹੈ। ਹਰਿਆਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਚ.ਐਸ.ਜੀ.ਪੀ.ਸੀ.)-ਐਡਹਾਕ ਦੇ ਆਗੂ ਜਗਦੀਸ਼ ਸਿੰਘ ਝੀਂਡਾ ਨੇ ਹੁਣੇ-ਹੁਣੇ ਕਾਂਗਰਸ ਉਤੇ ਧੋਖਾ ਦੇਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਇਸ ਨੇ ਦੋ ਵਾਰ ਆਪਣੇ ਚੋਣ ਮਨੋਰਥ ਪੱਤਰ ਵਿਚ ਵੱਖਰੀ ਪ੍ਰਬੰਧਕ ਕਮੇਟੀ ਬਣਾਉਣ ਦਾ

**ਸੰਜੀਵ ਸ਼ੁਕਲ**

ਵਾਅਦਾ ਕੀਤਾ ਤਾਂ ਪਰ ਨਿਭਾਇਆ ਨਹੀਂ।

ਜੇ ਸਾਰੇ ਹਾਲਾਤ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਾਰਾ ਮਾਮਲਾ ਕਮੇਟੀ ਸਮਰਥਕਾਂ ਅਤੇ ਸਰਕਾਰ ਵਿਚਾਲੇ 'ਨੂਰਾ ਕੁਸ਼ਤੀ' ਵਰਗਾ ਹੈ ਜਿਸ ਵਿਚ ਦੋਵੇਂ ਧਿਰਾਂ ਆਪਸ ਵਿਚ ਮਿਲ ਕੇ ਜ਼ੋਰ-ਅਜ਼ਮਾਈ ਕਰਦੀਆਂ ਹਨ। ਇੰਨੇ ਲੰਬੇ ਸਮੇਂ ਤੋਂ ਜਿਥੇ ਇਸ ਮਾਮਲੇ ਵਿਚ ਸਰਕਾਰ ਨੇ ਚੁੱਪ ਵੱਟੀ ਹੋਈ ਹੈ, ਉਥੇ ਹੀ ਐਚ.ਐਸ.ਜੀ.ਪੀ.ਸੀ. ਦੇ ਝੰਡਾਬਰਦਾਰ ਵੀ ਚੁੱਪ-ਚਾਪ ਬੈਠੇ ਚੋਣਾਂ ਦੀ ਹੀ ਉਡੀਕ ਕਰ ਰਹੇ ਸਨ ਜੋ ਸੌਦੇਬਾਜ਼ੀ ਦਾ ਸਭ ਤੋਂ ਵਧੀਆ ਸਮਾਂ ਹੁੰਦਾ ਹੈ।

ਜ਼ਿਕਰਯੋਗ ਹੈ ਕਿ 2005 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਹਰਿਆਣਾ ਦੇ ਸਿੱਖਾਂ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਵਾਅਦਾ ਆਪਣੇ ਮਨੋਰਥ ਪੱਤਰ ਵਿਚ ਕੀਤਾ ਸੀ ਅਤੇ ਇਸ ਦਾ ਕਾਂਗਰਸ ਨੂੰ ਲਾਭ ਵੀ ਹੋਇਆ। ਸਰਕਾਰ ਬਣਨ 'ਤੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਹਰਮੋਹਿੰਦਰ ਸਿੰਘ ਚੱਠਾ ਦੀ ਪ੍ਰਧਾਨਗੀ ਹੇਠ ਕਮੇਟੀ ਬਣਾ ਦਿੱਤੀ। ਕਈ ਸਾਲਾਂ ਬਾਅਦ ਇਸ ਕਮੇਟੀ ਨੇ ਆਪਣੀ ਰਿਪੋਰਟ ਦਿੱਤੀ। ਉਸ ਤੋਂ ਬਾਅਦ ਅੱਜ ਤਕ ਮੁੱਖ ਮੰਤਰੀ ਹੁੱਡਾ ਸਾਰਿਆਂ ਨੂੰ ਇਹੋ ਕਹਿ ਕੇ ਟਾਲ ਰਹੇ ਹਨ ਕਿ ਕਮੇਟੀ ਦੀ ਰਿਪੋਰਟ ਦੇ ਕਾਨੂੰਨੀ ਪਹਿਲੂਆਂ ਦਾ ਅਧਿਐਨ ਕੀਤਾ ਜਾ ਰਿਹਾ ਹੈ।

ਇਸ ਮੁਹਿੰਮ ਨੂੰ ਚਲਾਉਣ ਵਾਲੇ ਵੀ ਹੁਣ ਤਕ ਹੱਥ ਉਤੇ ਹੱਥ ਧਰੀ ਬੈਠੇ ਸਨ ਪਰ ਹੁਣ ਜਦੋਂ ਚੋਣਾਂ ਨੇੜੇ ਆ ਗਈਆਂ ਹਨ ਤਾਂ ਉਹ ਮੁੜ ਸਰਗਰਮ ਹੋ ਗਏ ਹਨ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ 30 ਨਵੰਬਰ ਤਕ ਹਰ ਜ਼ਿਲ੍ਹੇ ਵਿਚ ਹੁੱਡਾ ਸਰਕਾਰ ਦੇ ਪੁਤਲੇ ਸਾੜੇ ਜਾਣਗੇ ਅਤੇ ਦਸੰਬਰ ਦੇ ਪਹਿਲੇ ਹਫਤੇ ਦੌਰਾਨ ਐਚ.ਐਸ.ਜੀ.ਪੀ.ਸੀ. ਦੀ ਮੀਟਿੰਗ ਕਰ ਕੇ ਸਿਆਸੀ ਫੈਸਲਾ ਕੀਤਾ ਜਾਵੇਗਾ।

ਸ. ਝੀਂਡਾ ਨੇ ਕੁਝ ਸਮਾਂ ਪਹਿਲਾਂ ਜੋ ਅੰਕੜੇ ਦਿੱਤੇ ਸਨ, ਉਨ੍ਹਾਂ ਮੁਤਾਬਕ ਹਰਿਆਣਾ ਵਿਚ ਲਗਭਗ 16 ਲੱਖ ਸਿੱਖ ਹਨ। ਸਿਰਸਾ ਵਿਚ 3.5 ਲੱਖ, ਅੰਬਾਲਾ ਵਿਚ 2.5 ਲੱਖ, ਕੁਰੂਕਸ਼ੇਤਰ ਵਿਚ 2.70 ਲੱਖ ਅਤੇ ਕਰਨਾਲ ਵਿਚ 1.75 ਲੱਖ ਸਿੱਖ ਵੋਟਰ ਦੱਸੇ ਜਾਂਦੇ ਹਨ ਜੋ ਆਸਾਨੀ ਨਾਲ ਚਾਰ ਲੋਕ ਸਭਾ ਸੀਟਾਂ ਉਤੇ ਅਸਰ-ਅੰਦਾਜ਼ ਹੋ ਸਕਦੇ ਹਨ।

ਕੁਝ ਸਾਲ ਪਹਿਲਾਂ ਹਰਿਆਣਾ ਵਿਧਾਨ ਸਭਾ ਵਿਚ ਇਕ ਗ਼ੈਰ-ਸਰਕਾਰੀ ਮਤੇ ਦੇ ਜ਼ਰੀਏ ਵੀ ਇਹ ਮਾਮਲਾ ਉਠਿਆ ਸੀ ਜਿਸ ਵਿਚ ਸ. ਚੱਠਾ ਨੇ ਅੰਕੜੇ ਪੇਸ਼ ਕਰਦਿਆਂ ਕਿਹਾ ਸੀ ਕਿ ਸੂਬੇ ਵਿਚ ਲਗਭਗ ਸੌ ਇਤਿਹਾਸਕ ਗੁਰਦੁਆਰੇ ਹਨ ਜਿਨ੍ਹਾਂ ਵਿਚੋਂ 52 ਐਸ.ਜੀ.ਪੀ.ਸੀ., ਅੰਮ੍ਰਿਤਸਰ (ਪੰਜਾਬ) ਦੇ ਅਧੀਨ ਹਨ ਅਤੇ 48 ਉਸ ਦੇ ਕੰਟਰੋਲ ਤੋਂ ਬਾਹਰ ਹਨ। ਇਨ੍ਹਾਂ ਗੁਰਦੁਆਰਿਆਂ ਦੀ 3536 ਏਕੜ ਜ਼ਮੀਨ ਹੈ ਅਤੇ 500 ਕਰੋੜ ਦੀ ਅਚੱਲ ਜਾਇਦਾਦ ਹੈ। ਇਨ੍ਹਾਂ ਦੀ ਸਮੂਹਿਕ ਆਮਦਨ 100 ਕਰੋੜ ਸਾਲਾਨਾ ਹੈ ਜੋ ਸਾਰੀ ਪੰਜਾਬ ਦੀ ਐਸ.ਜੀ.ਪੀ.ਸੀ. ਨੂੰ ਜਾਂਦੀ ਹੈ ਪਰ ਉਥੋਂ ਦੇ ਖਾਤਿਆਂ ਵਿਚ ਸਿਰਫ 18 ਕਰੋੜ ਰੁਪਏ ਹੀ ਦਿਖਾਏ ਜਾਂਦੇ ਹਨ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਰਣਦੀਪ ਸਿੰਘ ਸੁਰਜੇਵਾਲਾ ਨੇ ਸਦਨ ਨੂੰ ਦੱਸਿਆ ਸੀ ਕਿ ਪੰਜਾਬ ਦੀ ਐਸ.ਜੀ.ਪੀ.ਸੀ. ਨੇ ਹਰਿਆਣਾ ਸੂਬੇ ਦੀ ਕਾਇਮੀ ਤੋਂ ਬਾਅਦ ਅੱਜ ਤਕ ਹਰਿਆਣਾ ਦੇ ਸਿੱਖਾਂ ਲਈ ਕੋਈ ਕੰਮ ਨਹੀਂ ਕੀਤਾ। ਉਨ੍ਹਾਂ ਮੁਤਾਬਕ ਸੂਬੇ ਦੇ ਅੱਠ ਗੁਰਦੁਆਰਿਆਂ ਦੀ ਆਮਦਨ 20 ਲੱਖ ਰੁਪਏ ਤੋਂ ਜ਼ਿਆਦਾ ਹੈ, ਜਦਕਿ 27 ਗੁਰਦੁਆਰਿਆਂ ਦੀ ਆਮਦਨ ਇਕ ਲੱਖ ਰੁਪਏ ਮਹੀਨਾ ਜਾਂ ਇਸ ਤੋਂ ਵੀ ਜ਼ਿਆਦਾ ਹੈ। ਪੰਜਾਬ ਦੀ ਐਸ.ਜੀ.ਪੀ.ਸੀ. ਨੇ ਹਰਿਆਣਾ ਵਿਚ ਕੋਈ ਵੀ ਵਿੱਦਿਅਕ ਜਾਂ ਧਾਰਮਿਕ ਸੰਸਥਾ ਖੋਲ੍ਹਣ ਅਤੇ ਸਮਾਜਕ ਤਰੱਕੀ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ, ਜਦਕਿ ਪੰਜਾਬ ਵਿਚ 34 ਤੋਂ ਜ਼ਿਆਦਾ ਖਾਲਸਾ ਹਾਇਰ ਸੈਕੰਡਰੀ ਸਕੂਲ, 4 ਮੈਡੀਕਲ, ਨਰਸਿੰਗ ਅਤੇ ਡੈਂਟਲ ਕਾਲਜ, 2 ਇੰਜੀਨੀਅਰਿੰਗ ਅਤੇ 18 ਡਿਗਰੀ ਕਾਲਜ ਖੋਲ੍ਹੇ ਗਏ ਹਨ। ਹਰਿਆਣਾ ਦੇ ਸ਼ਾਹਬਾਦ ਵਿਚ ਇਕੋ-ਇਕ ਮੀਰੀ-ਪੀਰੀ ਮੈਡੀਕਲ ਕਾਲਜ ਖੋਲ੍ਹਿਆ ਗਿਆ ਹੈ ਜਿਸ ਨੂੰ ਟਰਸਟ ਬਣਾ ਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਦ ਉਸ ਦੇ ਚੇਅਰਮੈਨ ਬਣ ਗਏ। ਉਨ੍ਹਾਂ ਮੁਤਾਬਕ ਹਰਿਆਣਾ ਦੇ ਗੁਰਦੁਆਰਿਆਂ ਵਿਚ 1500 ਤੋਂ ਜ਼ਿਆਦਾ ਮੁਲਾਜ਼ਮ ਹਨ ਜਿਨ੍ਹਾਂ ਵਿਚੋਂ 90 ਫੀਸਦੀ ਪੰਜਾਬ ਦੇ ਹਨ। ਸ੍ਰੀ ਸੁਰਜੇਵਾਲਾ ਦਾ ਦੋਸ਼ ਸੀ ਕਿ ਹਰਿਆਣਾ ਦਾ ਜਿਹੜਾ ਪੈਸਾ ਪੰਜਾਬ ਜਾਂਦਾ ਹੈ, ਉਸ ਦਾ ਇਸਤੇਮਾਲ ਪੰਜਾਬ ਵਿਚ ਅਕਾਲੀ ਸਿਆਸਤ ਚਲਾਉਣ ਉਤੇ ਖਰਚ ਹੁੰਦਾ ਹੈ।



*ਹਰਿਆਣਾ ਵਿਚ ਵੱਖਰੀ ਕਮੇਟੀ ਲਈ ਜੱਦੋ-ਜਹਿਦ ਕਰਨ ਵਾਲੇ ਆਗੂ ਜਗਦੀਸ਼ ਸਿੰਘ ਝੀਂਡਾ ਅਤੇ ਹੋਰ।*

## ਦੇਸ ਪਰਦੇਸ

ਐਚ.ਐਸ.ਜੀ.ਪੀ.ਸੀ. ਦੇ ਆਗੂਆਂ ਦਾ ਕਹਿਣਾ ਹੈ ਕਿ 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਐਸ.ਜੀ.ਪੀ.ਸੀ. ਦਾ ਹਰਿਆਣਾ ਦੇ ਗੁਰਦੁਆਰਿਆਂ ਉਤੇ ਕੰਟਰੋਲ ਰੱਖਣਾ ਗ਼ੈਰ-ਕਾਨੂੰਨੀ ਹੈ ਕਿਉਂਕਿ ਪੰਜਾਬ ਪੁਨਰਗਠਨ ਐਕਟ ਦੀ ਧਾਰਾ-72 ਮੁਤਾਬਕ ਵੱਖਰਾ ਸੂਬਾ ਬਣਨ ਤੋਂ ਬਾਅਦ ਵੱਖਰੀ ਐਸ.ਜੀ.ਪੀ.ਸੀ. ਬਣਾਉਣ ਦੇ ਪ੍ਰਬੰਧ ਹੋਣੇ ਚਾਹੀਦੇ ਹਨ। ਹਰਿਆਣਾ ਤੋਂ ਜੋ ਪੈਸਾ ਐਸ.ਜੀ.ਪੀ.ਸੀ. (ਪੰਜਾਬ) ਨੂੰ ਜਾਂਦਾ ਹੈ, ਉਸ ਵਿਚੋਂ ਇਕ ਵੀ ਰੁਪਿਆ ਅੱਜ ਤਕ ਹਰਿਆਣਾ ਦੇ ਗੁਰਦੁਆਰਿਆਂ ਉਤੇ ਖਰਚ ਨਹੀਂ ਕੀਤਾ ਗਿਆ।

ਐਚ.ਐਸ.ਜੀ.ਪੀ.ਸੀ. ਦੀ ਕਾਇਮੀ ਦੀ ਮੁਖਾਲਫਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਹਿ ਚੁੱਕੇ ਹਨ ਕਿ ਇਹ ਮੰਗ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਉਸ ਵੇਲੇ ਦੇ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਦਰਮਿਆਨ ਹੋਏ ਸਮਝੌਤੇ ਦੀ ਉਲੰਘਣਾ ਹੈ। ਇਸ ਬਾਰੇ ਹਰਿਆਣਾ ਦੇ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਉਸ ਸਮਝੌਤੇ ਦੀ ਪਾਲਣਾ ਅਕਾਲੀਆਂ ਨੇ ਖੁਦ ਕਿੱਥੇ ਅਤੇ ਕਦੋਂ ਕੀਤੀ ਹੈ?

ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦਾ ਦੋਸ਼ ਲੱਗਣ ਉਤੇ ਇਨ੍ਹਾਂ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਕੰਮ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਕਰ ਰਿਹਾ ਹੈ ਜੋ ਪੰਜਾਬ ਦੀ ਸਿਆਸੀ ਪਾਰਟੀ ਹੋ ਕੇ ਹਰਿਆਣਾ ਦੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦਿੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਸਟਿਸ ਹਰਬੰਸ ਸਿੰਘ ਨੇ ਆਲ ਇੰਡੀਆ ਗੁਰਦੁਆਰਾ ਐਕਟ ਦਾ ਜੋ ਖਰੜਾ ਤਿਆਰ ਕੀਤਾ ਸੀ, ਉਸ ਵਿਚ ਸਾਰੇ ਸੂਬਿਆਂ ਲਈ ਵੱਖਰੀਆਂ ਖੁਦਮੁਖਤਾਰ ਕਮੇਟੀਆਂ ਬਣਾਉਣ ਦੀ ਹਮਾਇਤ ਕੀਤੀ ਗਈ ਸੀ ਪਰ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਮਾਮਲੇ ਨੂੰ ਪੰਜਾਬ ਦੇ ਪੁਨਰਗਠਨ ਦੇ ਬਾਵਜੂਦ ਪੰਜਾਬ ਨਾਲ ਜੋੜ ਦਿੱਤਾ ਗਿਆ, ਜਦਕਿ ਹਰਿਆਣਾ ਦੇ ਸਿੱਖ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰ ਰਹੇ ਸਨ।

ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਹਰਿਆਣਾ ਦੇ ਸਿੱਖ ਆਗੂਆਂ ਦੀ ਜੋ ਅਚਾਨਕ ਮੁੜ ਸਰਗਰਮੀ ਜਾਗੀ ਹੈ, ਉਹ ਸੱਚਮੁਚ ਕੋਈ ਗੁੱਲ ਖਿੜਾਏਗੀ ਜਾਂ ਇਸ ਵਾਰ ਵੀ ਉਹੀ ਹੋਵੇਗਾ ਜੋ ਹੁਣ ਤੱਕ ਹੁੰਦਾ ਆਇਆ ਹੈ।

# ਸਿਆਸੀ ਪਾਰਟੀਆਂ ਨਹੀਂ ਚਾਹੁੰਦੀਆਂ ਸੁਥਰੀਆਂ ਚੋਣਾਂ

ਚੋਣਾਂ ਦੇ ਮਾਹੌਲ ਨੇ ਇਕ ਵਾਰ ਫਿਰ ਪੂਰੇ ਦੇਸ਼ ਦਾ ਧਿਆਨ ਇਸ ਮੁੱਦੇ ਵੱਲ ਕੇਂਦਰਤ ਕਰ ਦਿਤਾ ਹੈ ਕਿ ਸਿਆਸੀ ਵਰਗ ਸਾਫ-ਸੁਥਰੀਆਂ ਚੋਣਾਂ ਚਾਹੁੰਦਾ ਹੈ। ਇਸ ਸਵਾਲ ਦਾ ਜਵਾਬ ਜ਼ੋਰਦਾਰ 'ਨਹੀਂ' ਹੀ ਹੈ; ਕਿਉਂਕਿ ਸਿਆਸੀ

**ਕਲਿਆਣੀ ਸ਼ੰਕਰ**

ਪਾਰਟੀਆਂ ਨੂੰ ਇਸ ਤੱਥ ਪ੍ਰਤੀ ਚੌਕੰਨੇ ਹੋਣ ਦੀ ਲੋੜ ਹੈ ਕਿ ਲੋਕਾਂ ਦਾ ਹੁਣ ਉਨ੍ਹਾਂ ਉਤੋਂ ਭਰੋਸਾ ਉਠਣ ਦੇ ਨਾਲ-ਨਾਲ ਵਿਵਸਥਾ ਤੋਂ ਵੀ ਮੋਹ ਭੰਗ ਹੋ ਚੁੱਕਾ ਹੈ।

ਮਾੜਾ ਪ੍ਰਸ਼ਾਸਨ, ਭ੍ਰਿਸ਼ਟਾਚਾਰ, ਮਹਿੰਗਾਈ ਅਤੇ ਸਿੱਕੇ ਦੇ ਪਸਾਰ ਤੋਂ ਪ੍ਰੇਸ਼ਾਨ ਲੋਕ ਕਹਿ ਰਹੇ ਹਨ ਕਿ ਬਹੁਤ ਹੋ ਗਿਆ, ਹੁਣ ਹੋਰ ਬਰਦਾਸ਼ਤ ਨਹੀਂ ਕਰਾਂਗੇ। ਇਹ ਸਿਲਸਿਲਾ ਪੂਰੇ ਦੇਸ਼ 'ਚ ਚਲ ਰਿਹਾ ਹੈ। ਚੋਣ ਪ੍ਰਣਾਲੀ ਦੀਆਂ ਕਮੀਆਂ ਨੂੰ ਲੈ ਕੇ ਬਹੁਤ ਵਿਆਪਕ ਚਿੰਤਾ ਪ੍ਰਗਟ ਹੋ ਰਹੀ ਹੈ। ਅਜਿਹੀ ਗੱਲ ਵੀ ਨਹੀਂ ਕਿ ਬਾਕੀ ਦੇਸ਼ਾਂ 'ਚ ਅਜਿਹੀਆਂ ਸਮੱਸਿਆਵਾਂ ਨਾ ਹੋਣ। ਅਮਰੀਕਾ ਵਿਚ ਕਾਰਪੋਰੇਟ ਘਰਾਣੇ ਲੌਬੀਇੰਗ ਸਮੂਹਾਂ ਦੇ ਜ਼ਰੀਏ ਸਿਆਸੀ ਚੰਦਾ ਦਿੰਦੇ ਹਨ ਅਤੇ ਉਥੇ ਆਪਣੇ ਹਮਾਇਤੀ ਸਿਆਸਤਦਾਨਾਂ ਨੂੰ ਪੈਸਾ ਦੇਣਾ, ਫੰਡ ਇਕੱਠੇ ਕਰਨ ਲਈ ਡਿਨਰ ਦਾ ਪ੍ਰਬੰਧ ਕਰਨਾ ਕਾਨੂੰਨੀ ਤੌਰ 'ਤੇ ਜਾਇਜ਼ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਉਥੇ ਸਰਕਾਰੀ ਨੀਤੀਆਂ ਨੂੰ ਪ੍ਰਭਾਵਿਤ ਅਤੇ ਤਬਦੀਲ ਕੀਤਾ ਜਾਂਦਾ ਹੈ।

ਭਾਰਤ ਅਜਿਹਾ ਲੋਕਤੰਤਰ ਹੈ ਜਿਥੇ ਬਿਨਾਂ ਕਿਸੇ ਪੰਗੇ ਦੇ 15 ਵਾਰ ਸੱਤਾ ਬਦਲ ਚੁੱਕੀ ਹੈ। ਸਾਰੀਆਂ ਪਾਰਟੀਆਂ ਨੇ ਆਪਣੇ ਬਲਬੂਤੇ ਜਾਂ ਕਿਸੇ ਗਠਜੋੜ ਦਾ ਹਿੱਸਾ ਬਣ ਕੇ ਦੇਸ਼ 'ਤੇ ਰਾਜ ਕੀਤਾ ਹੈ। ਅੱਜ ਸਾਡੇ ਲਈ ਚਿੰਤਾ ਵਾਲੀ ਗੱਲ ਇਹ ਹੈ ਕਿ ਸਿਆਸੀ ਤੰਤਰ ਤਾਰ-ਤਾਰ ਹੋ ਰਿਹਾ ਹੈ। ਹੁਣ ਉਹ ਦਿਨ ਲੱਦ ਗਏ ਜਦੋਂ ਇਕ ਹੀ ਪਾਰਟੀ ਦੇਸ਼ 'ਤੇ ਰਾਜ ਕਰਦੀ ਸੀ। ਹੁਣ ਤਾਂ ਗਠਜੋੜ ਸਰਕਾਰਾਂ ਦਾ ਦੌਰ ਹੈ। ਭ੍ਰਿਸ਼ਟਾਚਾਰ ਅਤੇ ਮਾੜੇ ਪ੍ਰਸ਼ਾਸਨ ਨਾਲ ਨਜਿੱਠਣ ਦਾ ਸਭ ਤੋਂ ਅਹਿਮ ਤਰੀਕਾ ਹੈ ਚੋਣ ਪ੍ਰਕਿਰਿਆ ਨੂੰ ਸਾਫ-ਸੁਥਰੀ ਬਣਾਉਣਾ। ਸਪਸ਼ਟ ਹੈ ਕਿ ਇਸ ਉਦੇਸ਼ ਦੀ ਪ੍ਰਾਪਤੀ ਲਈ ਲੋਕਾਂ ਦੀ ਹਿੱਸੇਦਾਰੀ ਅਤੇ ਸ਼ਕਤੀਕਰਨ ਨੂੰ ਉਤਸ਼ਾਹ ਦੇਣਾ ਪਵੇਗਾ। ਨਾਲ ਹੀ ਬੁਨਿਆਦੀ ਪ੍ਰਸ਼ਾਸਨਕ ਸੁਧਾਰਾਂ ਦੇ ਨਾਲ-ਨਾਲ ਲੋੜੀਂਦੇ ਅਤੇ ਅਮਲੀ ਚੋਣ ਸੁਧਾਰ ਕਰਨੇ ਪੈਣਗੇ।

ਦੇਸ਼ ਦੀ ਸੰਸਦ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ 543 ਵਿਚੋਂ 158, ਭਾਵ ਇਕ-ਤਿਹਾਈ ਸੰਸਦ ਮੈਂਬਰਾਂ ਵਿਰੁੱਧ ਅਪਰਾਧ ਦੇ ਕੇਸ ਚੱਲ ਰਹੇ ਹਨ। ਸਾਰੀਆਂ ਪਾਰਟੀਆਂ ਨਾਲ ਸੰਬੰਧਤ ਇਨ੍ਹਾਂ ਸੰਸਦ ਮੈਂਬਰਾਂ 'ਤੇ 500 ਤੋਂ ਜ਼ਿਆਦਾ ਫੌਜਦਾਰੀ ਕੇਸ ਦਰਜ ਹਨ। ਸੋਚਣ ਵਾਲੀ ਗੱਲ ਹੈ ਕਿ ਅਜਿਹੇ ਅਪਰਾਧੀ ਆਪਣਾ ਗਲਬਾ ਕਾਇਮ ਕਰਨ 'ਚ ਸਫਲ ਕਿਵੇਂ ਹੋ ਰਹੇ ਹਨ? 'ਕੁਕੜੀ ਪਹਿਲਾਂ ਕਿ ਆਂਡਾ' ਵਾਲੀ ਹਾਲਤ ਹੈ। ਸਿਆਸੀ ਪਾਰਟੀਆਂ ਦਾਅਵਾ ਕਰਦੀਆਂ ਹਨ ਕਿ ਵੋਟਰ ਹੀ ਅਜਿਹੇ ਲੋਕਾਂ ਨੂੰ ਚੁਣ ਕੇ ਭੇਜ ਰਹੇ ਹਨ ਜਦ ਕਿ ਵੋਟਰਾਂ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਹੋਰ ਕੋਈ ਬਦਲ ਹੀ ਨਹੀਂ ਹੈ। ਉਂਞ ਕਹਿਣ ਨੂੰ ਸਾਰੀਆਂ ਪਾਰਟੀਆਂ ਇਸ ਗੱਲ 'ਤੇ ਸਹਿਮਤ ਹਨ ਕਿ ਅਪਰਾਧਕ ਪਿਛੋਕੜ ਵਾਲਿਆਂ ਨੂੰ ਚੋਣਾਂ ਨਹੀਂ ਲੜਨੀਆਂ ਚਾਹੀਦੀਆਂ ਪਰ ਅਮਲੀ ਤੌਰ 'ਤੇ ਉਹ ਅਜਿਹੇ ਫੈਸਲੇ ਲਾਗੂ ਨਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੀਆਂ ਹਨ। ਹੁਣ ਸਵਾਲ ਹੈ ਕਿ ਕੀ ਸਾਡੀ ਸਿਆਸੀ ਪ੍ਰਣਾਲੀ 'ਚ ਕੋਈ ਬੁਨਿਆਦੀ ਕਮੀਆਂ ਹਨ? ਕੀ ਅਸੀਂ ਲਿੱਪਾ-ਪੋਚੀ ਕਰਨ ਦੀ ਬਜਾਏ ਇਨ੍ਹਾਂ ਦੇ ਕਾਰਨਾਂ ਦੀ ਪਛਾਣ ਕਰ ਕੇ ਇਨ੍ਹਾਂ ਦਾ ਖਾਤਮਾ ਕਰ ਸਕਦੇ ਹਾਂ?

ਲੋਕਾਂ ਦਾ ਭਰੋਸਾ ਇਸ ਲਈ ਟੁੱਟਦਾ ਹੈ ਕਿਉਂਕਿ ਬਾਹੂਬਲੀਆਂ ਅਤੇ ਧਨਾਢਾਂ ਨੇ ਸਾਡੀ ਲੋਕਤੰਤਰੀ ਵਿਵਸਥਾ 'ਤੇ ਕਬਜ਼ਾ ਕੀਤਾ ਹੋਇਆ ਹੈ। ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਸਾਡੀ ਸੰਸਦ ਅਤੇ ਸਿਆਸੀ ਪਾਰਟੀਆਂ ਨੂੰ ਇਨ੍ਹਾਂ ਵਿਰੁੱਧ ਕਾਰਵਾਈ ਕਰਨ ਦਾ ਕਾਫੀ ਸਮਾਂ ਨਹੀਂ ਮਿਲਿਆ। ਚੋਣ ਸੁਧਾਰ ਬਿੱਲ ਪਿਛਲੇ ਦੋ ਦਹਾਕਿਆਂ ਤੋਂ ਸੰਸਦ ਕੋਲ ਪੈਂਡਿੰਗ ਪਿਆ ਹੈ। ਜੇ ਲੋਕਤੰਤਰ ਦੀ ਸਰਵਉੱਚ ਸੰਸਥਾ ਸੰਸਦ ਹੀ ਆਪਣੀ ਖੁਦ ਦੀ ਕਾਰਜਸ਼ੈਲੀ ਨਾਲ ਸੰਬੰਧਤ ਨੈਤਿਕਤਾ ਅਤੇ ਸੁਧਾਰ ਪ੍ਰਕਿਰਿਆ ਦੇ ਮਾਮਲੇ 'ਚ ਪ੍ਰਭਾਵਸ਼ਾਲੀ ਢੰਗ ਨਾਲ ਕਦਮ ਚੁੱਕਣ ਤੋਂ ਇਨਕਾਰ ਕਰਦੀ ਹੈ ਤਾਂ ਲੋਕ ਕਿਸ ਦਾ ਮੂੰਹ ਤੱਕਣਗੇ? ਮਜਬੂਰੀ 'ਚ ਉਹ ਅਦਾਲਤ ਦਾ ਬੂਹਾ ਹੀ ਖੜਕਾਉਣਗੇ। ਇਹੋ ਕਾਰਨ ਹੈ ਕਿ ਸੁਪਰੀਮ ਕੋਰਟ ਵਲੋਂ ਚੁੱਕੇ ਗਏ ਕਦਮਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਦੂਜਾ ਤੱਥ ਇਹ ਹੈ ਕਿ ਉਮੀਦਵਾਰਾਂ ਵਲੋਂ ਕਾਫੀ ਹੱਦ ਤਕ ਆਪਣੇ ਚੋਣ ਖਰਚੇ ਲੁਕੋਏ ਜਾਂਦੇ ਹਨ। 2009 ਦੀਆਂ ਆਮ ਚੋਣਾਂ ਦੌਰਾਨ ਲਗਭਗ ਸਾਰੇ 6753 ਉਮੀਦਵਾਰਾਂ ਨੇ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਕਿ ਉਨ੍ਹਾਂ ਨੇ ਕਾਨੂੰਨੀ ਹੱਦ ਦਾ 45 ਤੋਂ 55 ਫੀਸਦੀ ਤਕ ਹੀ ਖਰਚ ਕੀਤਾ ਹੈ।

ਚੋਣਾਂ 'ਚ ਬਹੁਤ ਜ਼ਿਆਦਾ, ਨਾਜਾਇਜ਼ ਅਤੇ ਅਨੈਤਿਕ ਖਰਚ ਹੀ ਭ੍ਰਿਸ਼ਟਾਚਾਰ ਦੀ ਜੜ੍ਹ ਹੈ। ਇਸ ਲਈ ਲਗਭਗ ਸਾਰੀਆਂ ਪਾਰਟੀਆਂ ਨੇ ਅਜਿਹੇ ਉਮੀਦਵਾਰਾਂ ਦਾ ਜੁਗਾੜ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਕੋਲ ਕਾਲਾ ਧਨ ਅਤੇ ਬਾਹੂਬਲ ਦੀ ਵਿਵਸਥਾ ਹੈ। ਜਿਹੜੇ ਉਮੀਦਵਾਰਾਂ ਦੀ ਸਿਆਸੀ ਨੀਂਹ ਕਾਨੂੰਨ ਤੋੜਨ 'ਤੇ ਹੀ ਟਿਕੀ ਹੋਈ ਹੈ, ਉਹ ਆਮ ਤੌਰ 'ਤੇ ਨਿੱਜੀ ਲਾਭ ਲਈ ਸਿਆਸੀ ਪ੍ਰਣਾਲੀ ਨੂੰ ਬੰਦੀ ਬਣਾ ਲੈਂਦੇ ਹਨ।

ਤੀਜਾ ਤੱਥ ਇਹ ਹੈ ਕਿ ਵੋਟਾਂ ਪਾਉਂਦੇ-ਪਾਉਂਦੇ ਲੋਕ ਅੱਕ ਗਏ ਹਨ। ਅਸੀਂ ਗਲਤ ਉਮੀਦਵਾਰਾਂ ਨੂੰ ਵੋਟ ਦੇਣ ਲਈ ਦੂਜਿਆਂ 'ਤੇ ਦੋਸ਼ ਮੜ੍ਹਦੇ ਹਾਂ ਅਤੇ ਖੁਦ ਇਹ ਭੁੱਲ ਜਾਂਦੇ ਹਾਂ ਕਿ ਅਸੀਂ ਵੋਟਾਂ ਪਾਉਣ ਲਈ ਪੋਲਿੰਗ ਬੂਥ ਤਕ ਜਾਣ ਦਾ ਕਸ਼ਟ ਨਹੀਂ ਕਰਦੇ। 1990 ਤੋਂ ਹੁਣ ਤਕ ਚੋਣ ਸੁਧਾਰਾਂ 'ਤੇ ਗੋਸਵਾਮੀ ਕਮੇਟੀ, ਵੋਹਰਾ ਕਮੇਟੀ, ਇੰਦਰਜੀਤ ਗੁਪਤ ਕਮੇਟੀ, ਕਾਨੂੰਨ ਕਮਿਸ਼ਨ ਰਿਪੋਰਟ ਅਤੇ ਪ੍ਰਸਤਾਵਿਤ ਚੋਣ ਸੁਧਾਰਾਂ 'ਤੇ ਚੋਣ ਕਮਿਸ਼ਨ ਦੀ 2004 ਦੀ ਰਿਪੋਰਟ ਸਮੇਤ ਸਰਕਾਰ ਵਲੋਂ ਤਿਆਰ ਘੱਟੋ-ਘੱਟ 7 ਵੱਡੀਆਂ ਰਿਪੋਰਟਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਜੇ ਚੋਣ ਸੁਧਾਰਾਂ 'ਤੇ ਵਿਆਪਕ ਆਮ ਰਾਏ ਹੈ ਤਾਂ ਪਿਛਲੇ ਦੋ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਇਕ ਤੋਂ ਬਾਅਦ ਇਕ ਸਰਕਾਰ ਨੇ ਅੱਖਾਂ ਕਿਉਂ ਮੀਚੀਆਂ ਹੋਈਆਂ ਹਨ?

ਅਸਲ 'ਚ ਸਾਡੀ ਸਿਆਸੀ ਪ੍ਰਣਾਲੀ ਅੰਦਰ ਸੁਧਾਰ ਲਈ ਕਿਸੇ ਤਰ੍ਹਾਂ ਦੀ ਕੋਸ਼ਿਸ਼ ਕਰਨ ਦੀ ਇੱਛਾ ਹੀ ਨਹੀਂ ਹੈ। ਸਭ ਤੋਂ ਵੱਡਾ, ਚਿੰਤਾ ਦਾ ਵਿਸ਼ਾ ਸਿਆਸੀ ਤੰਤਰ ਦੀ ਇਹ ਮਾਨਸਿਕਤਾ ਹੈ ਕਿ ਸਿਆਸਤਦਾਨਾਂ ਕੋਲ ਕਾਨੂੰਨ ਬਣਾਉਣ ਦੀ ਤਾਕਤ ਹੈ, ਇਸੇ ਲਈ ਖੁਦ ਉਨ੍ਹਾਂ 'ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਉਹ ਮੌਜੂਦਾ ਵਿਵਸਥਾ 'ਚ ਕਿਸੇ ਵੀ ਤਬਦੀਲੀ ਲਈ ਬਿਲਕੁਲ ਉਤਸ਼ਾਹਿਤ ਨਹੀਂ।

## ਤਹਿਲਕਾ ਕਾਂਡ ਨਾਲ ਖੜ੍ਹੇ ਹੋਏ ਅਣਗਿਣਤ ਸਵਾਲ

ਲਈ ਆਪਣੀ ਸੋਚ ਉਤੇ ਦੁਬਾਰਾ ਨਜ਼ਰਸਾਨੀ ਕਰਨ ਦੀ ਮੰਗ ਕਰਦੀਆਂ ਹਨ ਜਿਹੜੀਆਂ ਜਬਰ ਜਨਾਹਾਂ ਨੂੰ ਖਤਮ ਕਰਨ ਲਈ ਸਖਤ ਕਾਨੂੰਨ ਤੇ ਫਾਂਸੀ ਵਰਗੀਆਂ ਮਿਸਾਲੀ ਸਜ਼ਾਵਾਂ ਦੀ ਦੁਹਾਈ ਦਿੰਦੀਆਂ ਰਹੀਆਂ ਹਨ। ਹੁਣ ਤਾਂ ਸਖਤ ਕਾਨੂੰਨ ਵੀ ਹੈ, ਫਿਰ ਜਬਰ ਜਨਾਹ ਕਿਉਂ? ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਮਾਜ ਦੀ ਰਗ-ਰਗ ਵਿਚ ਫੈਲੇ ਔਰਤ ਵਿਰੋਧੀ ਨਜ਼ਰੀਏ ਦੇ ਹਾਲਾਤ 'ਚ ਹੋਣ ਵਾਲੇ ਸਮਾਜੀ ਜੁਰਮਾਂ ਨੂੰ ਰੋਕਣ 'ਚ ਸਖ਼ਤ ਕਾਨੂੰਨ/ਸਖ਼ਤ ਸਜ਼ਾਵਾਂ ਦੀ ਭੂਮਿਕਾ ਕਿੰਨੀ ਮਹਿਦੂਦ ਹੈ। ਅਸਲ ਹੱਲ ਔਰਤ ਦੀ ਨਾ-ਤਾਕਤੀ ਨੂੰ ਤਾਕਤ 'ਚ ਬਦਲਣ ਦਾ ਸਮਾਜੀ ਅਮਲ ਹੈ।

# ਅਖਬਾਰਾਂ ਕਿ ਇਸ਼ਤਿਹਾਰਾਂ ਦੀਆਂ ਪੰਡਾਂ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਇਸ ਕਾਲਮ ਵਿਚਲੀਆਂ ਮੇਰੀਆਂ ਕੁਝ ਸਤਰਾਂ ਅਖ਼ਬਾਰਾਂ ਦੇ ਮਾਲਕਾਂ-ਸੰਪਾਦਕਾਂ ਨੂੰ ਜ਼ਰੂਰ ਕੌੜੀਆਂ-ਕਸੈਲੀਆਂ ਲੱਗਣਗੀਆਂ ਪਰ ਇਹ ਅਖ਼ਬਾਰਾਂ ਦੇ ਅਸਲ ਮਾਲਕਾਂ ਦੇ ਦਿਲਾਂ ਨੂੰ ਜ਼ਰੂਰ ਸਕੂਨ ਦੇਣਗੀਆਂ। ਅਸਲ ਮਾਲਕਾਂ ਤੋਂ ਮੇਰਾ ਭਾਵ ਹੈ, ਅਖ਼ਬਾਰਾਂ ਦੇ ਪਾਠਕ। ਜੇ ਪਾਠਕਾਂ ਤੋਂ ਬਿਨਾਂ ਅਖ਼ਬਾਰਾਂ ਦਾ ਤਸੱਵਰ ਹੀ ਨਹੀਂ ਹੋ ਸਕਦਾ ਤਾਂ ਫਿਰ ਇਨ੍ਹਾਂ ਦੇ ਅਸਲ ਮਾਲਕ ਪਾਠਕ ਹੀ ਹੋਏ! ਅਖ਼ਬਾਰਾਂ ਦੇ ਮਾਲਕ-ਸੰਪਾਦਕ ਗਾਇਕ ਕਲਾਕਾਰਾਂ ਵੱਲੋਂ ਸਰੋਤਿਆਂ-ਦਰਸ਼ਕਾਂ ਨੂੰ 'ਰੱਬ ਵਰਗੇ' ਆਖਣ ਵਾਂਗ ਪਾਠਕਾਂ ਨੂੰ ਉਤੋਂ-ਉਤੋਂ ਮਾਲਕ ਕਹਿੰਦੇ ਰਹਿੰਦੇ ਹਨ, ਪਰ ਅਮਲੀ ਤੌਰ 'ਤੇ ਅਜਿਹਾ ਕੁਝ ਵੀ ਨਹੀਂ ਹੁੰਦਾ। ਕੋਈ ਵਿਰਲਾ ਟਾਵਾਂ ਹੀ ਪਾਠਕਾਂ ਦੇ ਹੱਕ ਦਾ ਸਤਿਕਾਰ ਕਰਦਾ ਨਜ਼ਰ ਆਉਂਦਾ ਹੈ; ਵਰਨਾ ਅਖ਼ਬਾਰਾਂ ਵਾਲੇ ਆਪਣਾ ਉਲੂ ਸਿੱਧਾ ਕਰਨ ਲਈ ਅੜਾਂਦੇ ਊਠ ਲੱਦੀ ਤੁਰੇ ਜਾਂਦੇ ਹਨ।

ਅਖ਼ਬਾਰਾਂ ਦੀ ਲੋੜ ਬਾਰੇ ਕਿਸੇ ਪੱਛਮੀ ਦਾਰਸ਼ਨਿਕ ਦਾ ਇਹ ਕਥਨ ਬੜਾ ਕਮਾਲ ਦਾ ਹੈ ਕਿ ਮੈਨੂੰ ਹਜ਼ਾਰਾਂ ਲੱਖਾਂ ਦੀ ਗਿਣਤੀ ਵਾਲੀ ਫੌਜ ਨਾਲੋਂ ਦੋ ਚਾਰ ਚੰਗੀਆਂ ਅਖ਼ਬਾਰਾਂ ਦੇ ਦਿਉ, ਮੈਂ ਅੜੇ ਹੋਏ ਮੋਰਚੇ ਵੀ ਫਤਿਹ ਕਰ ਸਕਦਾ ਹਾਂ। ਇਸ ਕਥਨ ਪਿੱਛੇ ਸੱਚਾਈ ਇਹ ਹੈ ਕਿ ਕਲਮ ਦੇ ਹਥਿਆਰ ਨਾਲ ਲੋਕਾਂ ਦੀ ਮਾਨਸਿਕਤਾ ਨੂੰ ਇਨਕਲਾਬੀ ਰੰਗ ਚਾੜ੍ਹਿਆ ਜਾ ਸਕਦਾ ਹੈ।

ਅਜਿਹੀ ਤਬਦੀਲੀ ਲਿਆਉਣ ਲਈ ਅਖ਼ਬਾਰਾਂ ਤਦੇ ਸਹਾਈ ਹੋ ਸਕਦੀਆਂ ਨੇ, ਜੇ ਉਨ੍ਹਾਂ ਦੇ ਸੰਪਾਦਕੀ ਅਮਲਾ ਪਾਠਕਾਂ ਦੇ ਦੁੱਖ-ਦਰਦ ਪ੍ਰਤੀ ਸੁਹਿਰਦ ਹੋਵੇ। ਜੇ ਉਹ ਅਖ਼ਬਾਰ ਨੂੰ ਨਿਰੇ ਕਾਰੋਬਾਰੀ ਨੁਕਤੇ ਤੋਂ ਹੀ ਹਾੜਦੇ ਰਹਿਣ, ਤਦ ਉਨ੍ਹਾਂ ਤੋਂ ਕਿਸੇ ਸਮਾਜਕ ਤਬਦੀਲੀ ਦੀ ਤਵੱਕੋ ਕਰਨੀ ਫਜ਼ੂਲ ਹੀ ਹੋਵੇਗੀ, ਢੰਡੋਰਾ ਬੇਸ਼ੱਕ ਉਹ ਸਮਾਜ ਸੇਵਾ ਦਾ ਹੀ ਪਿੱਟੀ ਜਾਣ।

ਇਸ ਪ੍ਰਸੰਗ ਵਿਚ ਗੱਲ ਕਰੀਏ ਅਮਰੀਕਾ/ਕੈਨੇਡਾ ਵਿਚ ਛਪਦੀਆਂ ਪੰਜਾਬੀ ਅਖ਼ਬਾਰਾਂ ਦੀ। ਅਮਰੀਕਾ/ਕੈਨੇਡਾ ਵਿਚ ਰੋਜ਼ਾਨਾ ਛਪਣ ਵਾਲੀਆਂ ਇਕ-ਦੋ ਅਖ਼ਬਾਰਾਂ ਨੂੰ ਛੱਡ ਕੇ ਸਾਰੀਆਂ ਹਫ਼ਤਾਵਾਰੀ ਹਨ। ਹਾਂ, ਕੁਝ ਕੁ ਪੰਦਰਾਂ ਰੋਜ਼ਾ ਵੀ ਹਨ। ਇਹ ਵੀ ਸਭ ਨੂੰ ਪਤਾ ਹੈ ਕਿ ਇਨ੍ਹਾਂ ਸਾਰੀਆਂ ਦੀ ਅੱਖਰ ਜੜਤ ਦੇਸ (ਪੰਜਾਬ) ਵਿਚ ਹੀ ਹੁੰਦੀ ਹੈ। ਪਰਵਾਸੀ ਮਾਲਕਾਂ ਦੇ ਇਹ ਦੇਸੀ ਕਾਮੇ, ਪੰਜਾਬ ਦੀਆਂ ਰੋਜ਼ਾਨਾ ਪੰਜਾਬੀ ਅਖ਼ਬਾਰਾਂ ਵਿਚੋਂ ਹੀ ਖ਼ਬਰਾਂ ਅਤੇ ਬਾਕੀ ਦੀ ਸਮੱਗਰੀ 'ਚੁੱਕ ਕੇ' ਪਰਵਾਸੀਆਂ ਨੂੰ ਪਰੋਸੀ ਜਾਂਦੇ ਹਨ। ਕੁਝ ਅਖ਼ਬਾਰਾਂ ਤਾਂ ਪੂਰੀਆਂ ਦੀਆਂ ਪੂਰੀਆਂ ਹੀ ਉਥੇ ਤਿਆਰ ਹੁੰਦੀਆਂ ਹਨ ਜਿਨ੍ਹਾਂ ਅਖ਼ਬਾਰਾਂ ਦੇ 'ਮੁੱਖ ਸੰਪਾਦਕਾਂ' ਨੂੰ ਕਈ ਵਾਰ ਇਹ ਵੀ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਦੇ ਅਖ਼ਬਾਰ ਵਿਚ ਛਪਿਆ ਕੀ ਹੈ?

ਇਨ੍ਹਾਂ ਵਿਚੋਂ ਬਹੁਤੇ ਖ਼ਬਰਾਂ ਚੁੱਕਣ ਵੇਲੇ ਮੱਖੀ 'ਤੇ ਮੱਖੀ ਮਾਰਨ ਦੇ ਫਾਰਮੂਲੇ ਦੀ ਖੁੱਲ੍ਹ ਕੇ ਵਰਤੋਂ ਕਰਦੇ ਹਨ। ਮਿਸਾਲ ਵਜੋਂ ਅਖ਼ਬਾਰਾਂ ਦਾ ਵਿਦੇਸ਼ੀ ਝਲਕ ਮਾਰਦਾ ਨਾਮ ਕੁਝ ਹੋਰ ਹੁੰਦਾ ਹੈ, ਪਰ ਉਸ ਵਿਚ ਛਪੀਆਂ ਖ਼ਬਰਾਂ ਦੀ ਇਬਾਰਤ ਵਿਚ ਇਹ ਕੁਝ ਹੁੰਦਾ ਏ, "...ਮੁੱਖ ਮੰਤਰੀ ਨੇ 'ਜੱਗ ਬਾਣੀ' ਨਾਲ ਗੱਲ ਕਰਦਿਆਂ ਆਖਿਆ...।"

ਅਜਿਹੀਆਂ ਅਖ਼ਬਾਰਾਂ ਦਾ ਮੌਜੂ ਉਡਾਉਣਾ ਇਸ ਲੇਖ ਦਾ ਵਿਸ਼ਾ ਨਹੀਂ। ਇਹ ਸਤਰਾਂ ਲਿਖਣ ਦਾ ਵਿਚਾਰ ਤਾਂ ਉਦੋਂ ਉਗਮਿਆ ਜਦੋਂ ਮੈਂ ਹਾਲ ਹੀ ਵਿਚ ਲੰਘੇ ਇਕ ਇਤਿਹਾਸਕ ਦਿਹਾੜੇ ਮੌਕੇ ਇਕ ਇੰਡੀਅਨ ਸਟੋਰ ਮੋਹਰੇ ਲੱਗੇ ਅਖ਼ਬਾਰਾਂ ਦੇ ਢੇਰ ਕੋਲ ਖੜ੍ਹਾ ਸਾਂ। ਬੱਝੇ ਪਏ ਬੰਡਲਾਂ ਵਿਚੋਂ ਵੱਖ-ਵੱਖ ਅਖ਼ਬਾਰਾਂ ਧੂਹ-ਧੂਹ ਕੇ, ਕੱਛੇ ਮਾਰਦਾ ਇਕ ਬਜ਼ੁਰਗ ਸਭ ਨਾਲੋਂ ਉਚੇ ਅਤੇ ਵੱਡੇ ਬੰਡਲ ਵਿਚੋਂ ਅਖ਼ਬਾਰਾਂ ਧੂੰਹਦਾ ਹਫਦਿਆਂ ਬੋਲਿਆ, "ਓਹ ਬੱਲੇ ਬੱਲੇ...ਆਹ ਅਖ਼ਬਾਰ ਤਾਂ ਬਈ ਰੋਟੀ ਖਾ ਕੇ ਚੁੱਕਣੇ ਆਲੀ ਐ...ਫਰੀ ਦਾ ਮਾਲ ਹੋਣ ਕਰ ਕੇ ਮੁੱਲ ਤਾਂ ਇਹਨੇ ਕੀ ਲਿਖਣਾ...ਇਹਨੂੰ ਇਹ ਜਰੂਰ ਲਿਖ ਦੇਣਾ ਚਾਹੀਦੈ ਕਿ ਇਕ ਕਿਲੋ ਭਾਰ ਵਾਲੀ ਸਰਵੋਤਮ ਪੰਜਾਬੀ ਅਖ਼ਬਾਰ...।"

ਨੇੜੇ ਹੋ ਕੇ ਮੈਂ ਵੀ ਇਸੇ ਉਤਸੁਕਤਾ ਨਾਲ ਉਹ ਮੋਟੀ ਅਖ਼ਬਾਰ ਫਰੋਲਣ ਲੱਗ ਪਿਆ ਕਿ ਇਸ ਵਿਚ ਜ਼ਰੂਰ ਸਬੰਧਤ ਦਿਹਾੜੇ ਬਾਬਤ ਵਿਦਵਾਨਾਂ ਦੀਆਂ ਖੋਜ ਭਰਪੂਰ ਲਿਖਤਾਂ ਹੋਣਗੀਆਂ ਪਰ ਹੋਇਆ ਇਹ ਕਿ 'ਈਸਬਗੋਲ ਤੇ ਕੁਝ ਨਾ ਫੋਲ।' ਦੋ ਚਾਰ ਕੁ ਸਫੇ ਛੱਡ ਕੇ ਬਾਕੀ ਸਾਰੇ ਇਸ਼ਤਿਹਾਰ! ਜ਼ਰਾ ਕੁਰਕਰੀ ਰੋਟੀ ਬਣਾਉਣ ਲਈ ਬੀਬੀਆਂ ਆਟੇ 'ਚ ਲੂਣ ਪਾ ਲੈਂਦੀਆਂ ਨੇ, ਪਰ ਸਭ ਤੋਂ ਵੱਧ ਭਾਰ ਵਾਲੀ ਇਸ ਅਖ਼ਬਾਰ ਨੇ ਨਿਰਾ 'ਲੂਣ ਦਾ ਪਿੰਨਾ' ਹੀ ਬੰਨ੍ਹਿਆ ਹੋਇਆ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਖ਼ਬਾਰਾਂ ਨੂੰ ਆਪਣਾ ਵਜੂਦ ਕਾਇਮ ਰੱਖਣ ਲਈ ਇਸ਼ਤਿਹਾਰਾਂ ਦੀਆਂ ਥੰਮ੍ਹੀਆਂ ਨਿਹਾਇਤ ਜ਼ਰੂਰੀ ਹਨ, ਪਰ ਉਕਤ ਅਖ਼ਬਾਰ ਵਿਚ ਇਸ਼ਤਿਹਾਰਾਂ ਦੀਆਂ ਅਣਗਿਣਤ ਥੰਮ੍ਹੀਆਂ ਦੇਖ ਕੇ ਮੈਨੂੰ ਮੀਰਜ਼ਾਦਿਆਂ ਦੀ ਕਹਾਣੀ ਯਾਦ ਆ ਗਈ। ਮਰਾਸੀ ਨੇ ਕਿਸੇ ਦੇ ਘਰ ਗਿਆਂ ਦੇਖਿਆ ਕਿ ਉਨ੍ਹਾਂ ਨੇ ਛੱਤ ਦੀਆਂ ਕੁਝ ਸ਼ਤੀਰੀਆਂ ਥੱਲੇ ਥੰਮ੍ਹੀਆਂ ਦਿੱਤੀਆਂ ਹੋਈਆਂ ਹਨ। ਮਰਾਸੀ ਨੇ ਘਰ ਵਾਲਿਆਂ ਤੋਂ ਪੁੱਛਿਆ, "ਇਨ੍ਹਾਂ ਥੰਮ੍ਹੀਆਂ ਦਾ ਕੀ ਫਾਇਦਾ?" "ਸਾਨੂੰ ਸ਼ੱਕ ਸੀ ਕਿ ਸ਼ਤੀਰੀਆਂ ਤਿੜਕੀਆਂ ਹੋਈਆਂ ਨੇ, ਸੋ ਛੱਤ ਦੇ ਡਿਗਣੋਂ ਬਚਾਉਣ ਲਈ ਥੱਲੇ ਥੰਮ੍ਹੀਆਂ ਦੇ ਦਿੱਤੀਆਂ।" ਜਵਾਬ ਸੁਣ ਕੇ ਮਰਾਸੀ ਆਪਣੇ ਘਰੇ ਆ ਗਿਆ। ਆਉਂਦੇ ਨੇ ਹੀ ਆਪਣੇ ਕੋਠੇ ਦੀ ਛੱਤ ਦੀਆਂ ਸਾਰੀਆਂ ਸ਼ਤੀਰੀਆਂ-ਕੜੀਆਂ ਥੱਲੇ ਥੰਮ੍ਹੀਆਂ ਹੀ ਥੰਮ੍ਹੀਆਂ ਦੇ ਦਿੱਤੀਆਂ। ਥੋੜ੍ਹੇ ਦਿਨਾਂ ਬਾਅਦ ਮੀਂਹ ਦੀ ਝੜੀ ਲੱਗ ਗਈ। ਮਰਾਸੀ ਮੀਂਹ ਨਾਲ ਭਿਜਿਆ ਆਪਣੇ ਕੋਠੇ ਦੇ ਬਾਹਰ ਖੜ੍ਹਾ ਠੁਰ-ਠੁਰ ਕਰੇ। ਕਿਸੇ ਨੇ ਹੈਰਾਨ ਹੁੰਦਿਆਂ ਪੁੱਛਿਆ, "ਮੀਰ, ਬਾਹਰ ਕਿਉਂ ਭਿੱਜੀ ਜਾਨੈਂ? ਅੰਦਰ ਵੜ ਕੇ ਬਹਿ।"

"ਓਏ ਮੂਰਖੋ, ਭਲਾ ਜੇ ਕੋਠੇ ਅੰਦਰ ਮੇਰੇ ਖੜ੍ਹਨ ਜੋਗੀ ਥਾਂ ਬਚਦੀ ਹੁੰਦੀ ਤਾਂ ਮੈਂ ਉਥੇ ਇਕ ਥੰਮ੍ਹੀ ਹੋਰ ਨਾ ਦੇ ਦਿੰਦਾ?" ਸਿਆਣੇ ਮਰਾਸੀ ਨੇ ਉਲਟਾ ਸਵਾਲ ਕਰ ਦਿੱਤਾ।

ਸੱਚਮੁੱਚ ਉਸ ਕਿਲੋ-ਡੇਢ ਕਿਲੋ ਭਾਰੀ ਅਖ਼ਬਾਰ ਵਿਚੋਂ ਕੋਈ ਇਤਿਹਾਸਕ ਸਮੱਗਰੀ ਲੱਭਦਿਆਂ ਮੈਨੂੰ ਮਹਿਸੂਸ ਹੋਇਆ ਕਿ ਇਸ ਦੇ ਸੰਪਾਦਕ ਨੂੰ ਅਗਰ ਇਸ ਬਾਰੇ ਪੁੱਛਿਆ ਜਾਵੇ, ਤਦ ਉਸ ਦਾ ਜਵਾਬ ਵੀ ਬਿਲਕੁਲ ਉਸ ਮੀਰਜ਼ਾਦੇ ਨਾਲ ਮਿਲਦਾ ਜੁਲਦਾ ਹੀ ਹੋਵੇਗਾ। ਅਜਿਹੀ ਹੀ ਇਕ ਹੋਰ ਅਖ਼ਬਾਰ ਦੇ ਕੁਲ ਅੱਸੀ ਪੰਨਿਆਂ ਵਿਚੋਂ ਮੁਸ਼ਕਿਲ ਨਾਲ 15 ਸਫੇ ਮੈਟਰ ਹੋਵੇਗਾ।

ਇਸ਼ਤਿਹਾਰਾਂ ਦੀਆਂ ਪੰਡਾਂ ਬਣਦੀਆਂ ਜਾ ਰਹੀਆਂ ਇਨ੍ਹਾਂ ਅਖ਼ਬਾਰਾਂ ਲਈ ਇਸ਼ਤਿਹਾਰ ਲੈਣ ਅਤੇ ਛਾਪਣ ਦਾ ਬਾਬਾ ਆਦਮ ਵੀ ਨਿਰਾਲਾ ਹੈ। ਆਮ ਲੋਕਾਂ ਵਿਚ ਅਖ਼ਬਾਰੀ ਇਸ਼ਤਿਹਾਰਾਂ ਬਾਬਤ ਇੰਨੇ ਲਤੀਫੇ ਪ੍ਰਚੱਲਤ ਹਨ ਕਿ ਜਾਪਦਾ ਹੈ, ਅਖ਼ਬਾਰਾਂ ਦੇ ਸੰਪਾਦਕਾਂ/ਮਾਲਕਾਂ ਨੇ 'ਢੀਠਤਾਈ' ਦੀ 'ਪੀਐਚ.ਡੀ.' ਹੀ ਕਰ ਲਈ ਹੈ ਜੋ ਕੰਨੀਂ ਕੌੜਾ ਤੇਲ ਪਾ ਕੇ ਇਹ ਸਭ ਕੁਝ ਸੁਣੀ ਜਾਂਦੇ ਨੇ।

ਇਕ ਬਿਜ਼ਨੈਸਮੈਨ ਕਹਿੰਦਾ ਕਿ ਜਦੋਂ ਪੰਜਾਬੀ ਦਾ ਕੋਈ ਨਵਾਂ ਅਖ਼ਬਾਰ ਜਾਂ ਮੈਗਜ਼ੀਨ ਨਿਕਲਦਾ ਹੈ, ਕਵੀ-ਲਿਖਾਰੀ ਲੋਕ ਵਧਾਈਆਂ ਦਿੰਦੇ ਨੇ ਕਿ ਮਾਂ ਬੋਲੀ ਦਾ ਇਕ ਹੋਰ ਸੇਵਾਦਾਰ ਜੰਮ ਪਿਆ ਹੈ ਪਰ ਸਾਨੂੰ ਬੁਖ਼ਾਰ ਚੜ੍ਹ ਜਾਂਦਾ ਹੈ ਕਿ ਲੈ ਬਈ, ਨਵਾਂ ਸੰਪਾਦਕ 'ਐਡ' ਮੰਗਣ ਲਈ ਸਾਡੇ ਦਫ਼ਤਰ ਵੀ ਆਇਆ ਕਿ ਆਇਆ!

ਇਹ ਅਖ਼ਬਾਰ ਕਿਸੇ ਸਧਾਰਨ ਜਿਹੇ ਬੰਦੇ ਨੂੰ ਵੀ ਪੰਥ ਦਾ ਮਹਾਨ ਆਗੂ ਜਾਂ ਸੇਵਾਦਾਰ ਦਾ ਖ਼ਿਤਾਬ ਦੇ ਛਡਦੇ ਹਨ। ਪੜ੍ਹ ਕੇ ਕਈ ਵਾਰ ਤਾਂ ਹਾਸਾ ਵੀ ਨਹੀਂ ਰੁਕਦਾ। ਇਕ ਗੁਰਪੁਰਬ ਮੌਕੇ ਇਕ ਅਖ਼ਬਾਰੀ ਬੱਬੇ ਵਿਚ ਬੜੀ ਵਧੀਆ ਸ਼ਬਦਾਵਲੀ ਵਾਲਾ ਵਧਾਈ ਇਸ਼ਤਿਹਾਰ ਨਜ਼ਰੀਂ ਪਿਆ। ਮੈਂ ਇਸ ਵਿਗਿਆਪਕ ਕਾਰੋਬਾਰੀ ਨੂੰ, ਜੋ ਮੇਰਾ ਜਾਣੂ ਹੀ ਸੀ, ਫੋਨ ਕੀਤਾ। ਹਾਲੇ ਮੈਂ ਉਸ ਨੂੰ ਦਾਦ ਦੇਣੀ ਸ਼ੁਰੂ ਹੀ ਕੀਤੀ ਸੀ ਕਿ ਉਹ ਅਗਿਉਂ ਇਉਂ ਬੋਲਿਆ ਜਿਵੇਂ ਮੈਂ ਕਿਸੇ ਡੰਗਰ ਚਾਰਦੇ ਹਾਲੀ-ਪਾਲੀ ਨੂੰ ਪੁੱਛ ਲਿਆ ਹੋਵੇ ਕਿ ਬਾਈ, ਤੂੰ ਕਿਤਾਬ ਬਹੁਤ ਵਧੀਆ ਲਿਖੀ ਹੈ! ਆਪਣੇ ਵੱਲੋਂ ਕੋਈ ਅਜਿਹਾ ਇਸ਼ਤਿਹਾਰ ਛਪਾਉਣ ਤੋਂ ਮੁੱਢੋਂ ਹੀ ਅਣਜਾਣਤਾ ਪ੍ਰਗਟਾਉਂਦਿਆਂ ਉਸ ਨੇ ਹੈਰਾਨੀ ਨਾਲ ਸਵਾਲ ਕਰਨੇ ਸ਼ੁਰੂ ਕਰ ਦਿੱਤੇ, "ਇਸ਼ਤਿਹਾਰ? ਕਿੱਥੇ? ਕਾਹਦੀ ਵਧਾਈ?"

ਜਦੋਂ ਮੈਂ ਥੋੜ੍ਹਾ ਵਿਸਥਾਰ ਨਾਲ ਦੱਸਿਆ, ਤਦ ਉਹ ਗੂੜ੍ਹੀ ਨੀਂਦ 'ਚੋਂ ਜਾਗਣ ਵਾਂਗ ਬੋਲਿਆ, "ਓ... ਹੋ! ਅੱਛਾ ਅੱਛਾ...ਇਕ ਦਿਨ ਗੁਰਦੁਆਰੇ ਗਏ ਨੂੰ ਮੈਨੂੰ ਫਲਾਣਾ ਸੂੰਹ ਗਲ ਵਿਚ ਕੈਮਰਾ ਲਟਕਾਈ ਫਿਰਦਾ ਮਿਲਿਆ ਸੀ। ਹੁਣ ਮੈਨੂੰ ਸਮਝ ਲੱਗੀ ਐ ਕਿ ਉਸ ਦਿਨ ਉਹ ਬਦੋ-ਬਦੀ ਮੇਰੇ ਗੋਡੀਂ-ਪੈਰੀਂ ਕਿਉਂ ਪਈ ਜਾ ਰਿਹਾ ਸੀ। ਓ ਯਾਰ! ਲਹੂ ਪੀ ਲਿਆ ਇਨ੍ਹਾਂ ਲੋਕਾਂ ਨੇ। ਉਹ 'ਮਾਨ ਨਾ ਮਾਨ, ਮੈਂ ਤੇਰਾ ਮਹਿਮਾਨ' ਵਾਂਗ ਬਿੱਲ ਸਿੱਧਾ ਸਾਨੂੰ ਭੇਜ ਦੇਣਾ ਐਂ! ਨਾਂਹ ਕਰੋ ਤਾਂ ਕਹੂ, 'ਹੁਣ ਤੇ ਛਪ ਗਿਆ, ਜੋ ਦੇਣਾ ਦੇ ਦਿਓ'... ਸ਼ਰਮ ਦੇ ਮਾਰਿਆਂ ਕੁਝ ਤਾਂ ਦੇਣਾ ਹੀ ਪੈ ਜਾਊ।"

ਕਈ ਸਾਲ ਪਹਿਲਾਂ ਇਕ ਅਜੀਬ ਘਟਨਾ ਵਾਪਰੀ ਸੀ, ਕਿਸੇ ਅਖ਼ਬਾਰ ਵਾਲੇ ਨੇ ਇਕ ਬਿਜ਼ਨੈਸਮੈਨ ਨੂੰ ਪੁੱਛੇ-ਦੱਸੇ ਬਿਨਾਂ ਹੀ 'ਖ਼ੁਸ਼ੀਆਂ ਖੇੜੇ ਵੰਡਦਾ ਅਤੇ ਲੱਖ ਖ਼ੁਸ਼ੀਆਂ ਪਾਤਸ਼ਾਹੀਆਂ' ਵਾਲਾ ਰੰਗਦਾਰ ਇਸ਼ਤਿਹਾਰ ਉਨ੍ਹਾਂ ਵੱਲੋਂ ਛਾਪ ਦਿੱਤਾ; ਜਦ ਕਿ ਉਸ ਬਿਜ਼ਨੈਸਮੈਨ ਦੇ ਪਰਿਵਾਰ ਵਿਚ ਕੋਈ ਵੱਡਾ ਸਦਮਾ ਵਾਪਰਿਆ ਹੋਇਆ ਸੀ। ਪਤਾ ਲੱਗਣ 'ਤੇ ਅਖ਼ਬਾਰ ਨੇ 'ਮੁਆਫੀਨਾਮਾ' ਛਾਪ ਕੇ ਆਪਣਾ ਹੋਰ ਮੌਜੂ ਉਡਾ ਲਿਆ।

ਦੇਸ਼ ਤੋਂ ਕੋਈ ਸਿਆਸੀ ਆਗੂ ਆਇਆ ਹੋਵੇ ਜਾਂ ਕੋਈ ਸਾਧ ਬਾਬਾ, ਕੁਝ ਪੱਤਰਕਾਰ ਉਸ ਦੀ ਪੂਛ ਉਦੋਂ ਤਕ ਨਹੀਂ ਛਡਦੇ, ਜਦ ਤਕ ਉਹ ਵਾਪਸ ਨਹੀਂ ਮੁੜ ਜਾਂਦਾ। ਕਾਰਨ? ਇਨ੍ਹਾਂ ਲੋਕਾਂ ਦੇ ਹਿਤੈਸ਼ੀਆਂ ਜਾਂ ਸ਼ਰਧਾਲੂਆਂ ਨੂੰ ਖ਼ੁਸ਼ ਕਰ ਕੇ ਇਸ਼ਤਿਹਾਰਾਂ ਦੇ ਗੱਫੇ ਲੈਣਾ। ਚਾਪਲੂਸੀ ਦੇ ਗੁਰ ਵਰਤਦਿਆਂ ਇਨ੍ਹਾਂ ਵਿਸ਼ੇਸ਼ ਪ੍ਰਾਹੁਣਿਆਂ ਨੂੰ ਆਪਣੇ ਦਫਤਰ ਵਿਚ ਸੱਦ ਕੇ ਉਨ੍ਹਾਂ ਦੇ ਹੱਥਾਂ 'ਚ ਮੱਲੋ-ਮੱਲੀ ਆਪਣੀ ਅਖ਼ਬਾਰ ਫੜਾਉਣਗੇ। ਇਹ ਸਾਰੇ ਫਕਵੰਜ ਸਿਰਫ ਇਸ਼ਤਿਹਾਰਾਂ ਦੀ ਭੁੱਖ ਖ਼ਾਤਰ ਹੀ ਕੀਤੇ ਜਾਂਦੇ ਹਨ। ਇਨ੍ਹਾਂ ਇਸ਼ਤਿਹਾਰਾਂ ਵਿਚ ਕੁਝ ਕੁ ਦੀ ਸ਼ਬਦਾਵਲੀ ਇਹੋ ਜਿਹੀ ਹੁੰਦੀ ਹੈ ਕਿ ਸਬੰਧਤ ਅਖ਼ਬਾਰਾਂ ਨੂੰ ਗੁਰਦੁਆਰਿਆਂ ਵਿਚ ਰੱਖਣਾ ਸ਼ੋਭਾ ਹੀ ਨਹੀਂ ਦਿੰਦਾ।

ਨਿਊ ਯਾਰਕ ਰਹਿੰਦੇ ਕਿਸੇ ਨੰਤਾ ਸਿੰਘ ਦੇ ਮੁੰਡੇ ਦੇ ਵਿਆਹ ਵਾਲੇ ਇਸ਼ਤਿਹਾਰਾਂ 'ਚੋਂ ਭਲਾ ਸਿਆਟਲ ਵਸਦੇ ਸੰਤਾ ਸਿੰਘ ਨੇ ਕੀ ਕੱਢਣਾ-ਪਾਉਣਾ ਹੋਇਆ? ਉਂਜ, ਕਸੂਰ ਸਾਡਾ ਪਾਠਕਾਂ ਦਾ ਵੀ ਹੈ ਜਿਹੜੇ ਗਊ ਗਧੇ ਦੀ ਪਛਾਣ ਹੀ ਨਹੀਂ ਕਰਦੇ। ਮੁਫਤ ਮਿਲਦੇ ਹੋਣ ਕਰਕੇ ਅਖ਼ਬਾਰਾਂ ਦੀ ਪੰਡ ਹੀ ਚੁਕ ਕੇ ਘਰ ਲੈ ਆਉਂਦੇ ਹਾਂ। ਨਾ ਲਿਆਈਏ ਤਾਂ ਹੋ ਸਕਦੈ, ਦੁਕਾਨਦਾਰ ਹੀ ਅਜਿਹੇ ਅਖ਼ਬਾਰਾਂ ਵਾਲਿਆਂ ਨੂੰ ਕਹਿ ਦੇਵੇ, ਇਥੇ ਕੋਈ ਕੂੜੇਦਾਨ ਨਹੀਂ ਰਖਿਆ ਜੋ ਰੱਦੀ ਦਾ ਢੇਰ ਲਾ ਜਾਂਦੇ ਹੋ। ਪਾਠਕਾਂ ਅਤੇ ਅਖ਼ਬਾਰਾਂ ਵਾਲਿਆਂ ਦੋਹਾਂ ਨੂੰ ਹੀ ਇਸ ਪੱਖ ਤੋਂ ਵਿਚਾਰ ਕਰਨੀ ਚਾਹੀਦੀ ਹੈ।

---

# ਗੌਰੀ ਸ਼ੰਕਰ ਦੀ ਠੱਗੀ

ਛਾਤੀ ਅੰਦਰਲੇ ਥੇਹ (12)



ਗੁਰਦਿਆਲ ਦਲਾਲ
ਫੋਨ: 91-98141-85363

ਸਿਰ ਉਤੇ ਵੀਰ ਜੀ ਦਾ ਹੱਥ ਹੋਣ ਕਰ ਕੇ ਭਾਵੇਂ ਰੋਟੀ-ਪਾਣੀ ਅਤੇ ਕਾਲਜ ਦੀ ਫੀਸ ਦਾ ਕੋਈ ਫਿਕਰ ਨਹੀਂ ਸੀ ਪਰ ਕਾਲਜ ਪੜ੍ਹਦਿਆਂ ਕੁਝ ਹੋਰ ਲੋੜਾਂ ਵੀ ਤਾਂ ਹੁੰਦੀਆਂ ਹਨ; ਜਿਵੇਂ ਦੋਸਤਾਂ-ਮਿੱਤਰਾਂ ਵਿਚ ਖਰਚਾ ਕਰਨਾ, ਕੰਟੀਨ ਵਿਚੋਂ ਸਮੋਸੇ ਤੇ ਗੁਲਾਬ ਜਾਮਣਾਂ ਖਾਣੀਆਂ, ਪਿਕਚਰਾਂ ਦੇਖਣੀਆਂ ਤੇ ਨਾਲ ਪੜ੍ਹਦੇ ਮੁੰਡੇ ਕੁੜੀਆਂ ਨੂੰ ਖਾਸ ਮੌਕਿਆਂ ਉਤੇ ਤੋਹਫੇ ਦੇਣੇ। ਇਹ ਲੋੜਾਂ ਪੂਰੀਆਂ ਕਰਨ ਲਈ ਘਰੋਂ ਪੈਸੇ ਨਹੀਂ ਸਨ ਮਿਲ ਸਕਦੇ। ਵੀਰ ਜੀ ਅਤੇ ਭਾਬੀ ਦਾ ਵਿਚਾਰ ਸੀ ਕਿ ਜੇਬ ਖਰਚ ਨਾਲ ਮੁੰਡੇ ਵਿਗੜ ਜਾਂਦੇ ਹਨ। ਸੋ, ਮੈਂ ਕਈ ਮਿੱਤਰਾਂ ਕੋਲ ਆਪਣੀ ਇਹ ਇੱਛਾ ਜ਼ਾਹਿਰ ਕਰ ਚੁੱਕਾ ਸਾਂ ਕਿ ਜੇ ਮੈਨੂੰ ਕਿਸੇ ਘਰ ਵਿਚ ਟਿਊਸ਼ਨ ਪੜ੍ਹਾਉਣ ਲਈ ਇਕ ਦੋ ਬੱਚੇ ਮਿਲ ਜਾਣ ਤਾਂ ਕਾਫੀ ਸੌਖ ਹੋ ਜਾਵੇ।

ਮੇਰੇ ਕਿਸੇ ਮਿੱਤਰ ਦੇ ਦੱਸ ਪਾਉਣ ਉਤੇ ਗੌਰੀ ਸ਼ੰਕਰ ਨਾਂ ਦਾ ਬੰਦਾ ਜਿਸ ਨੇ ਧੋਤੀ ਕਮੀਜ਼ ਪਹਿਨਿਆ ਹੋਇਆ ਸੀ ਤੇ ਮੱਥੇ ਉਤੇ ਤਿਲਕ ਲਾਇਆ ਹੋਇਆ ਸੀ, ਮੇਰੇ ਕਾਲਜ ਆਇਆ ਤੇ ਬੜੀ ਗਰਮਜੋਸ਼ੀ ਨਾਲ ਮੈਨੂੰ ਮਿਲਿਆ। ਉਸ ਨੇ ਆਪਣੀ ਜਾਣ-ਪਛਾਣ ਸ਼ਹਿਰ ਦੇ ਪ੍ਰਸਿੱਧ ਸੇਂਟ ਜੋਹਨ ਹਾਈ ਸਕੂਲ ਦੇ ਲਾਇਬ੍ਰੇਰੀਅਨ ਵਜੋਂ ਕਰਵਾਈ। ਤਨਖ਼ਾਹ ਵੀ ਚੋਖੀ ਦੱਸੀ। ਉਸ ਦੇ ਆਪਣੇ ਸਕੂਲ ਵਿਚ ਨੌਂਵੀਂ ਅਤੇ ਦਸਵੀਂ ਵਿਚ ਪੜ੍ਹਦੇ ਦੋ ਭੈਣ ਭਰਾ ਸਨ ਜਿਨ੍ਹਾਂ ਦਾ ਘਰ ਸਾਡੇ ਇਲਕੈਸ਼ਵਰ ਕਾਲੋਨੀ ਦੇ ਘਰ ਤੋਂ ਪੰਜ ਮੀਲ ਅਤੇ ਸਾਡੇ ਕਾਲਜ ਤੋਂ ਤਿੰਨ ਮੀਲ ਦੂਰ ਸੀ। ਉਨ੍ਹਾਂ ਦੇ ਘਰ ਜਾ ਕੇ ਪੜ੍ਹਾਉਣ ਦੇ ਸੱਠ ਰੁਪਏ ਮਹੀਨਾ ਮਿਲਦੇ ਸਨ। ਮੈਂ 'ਹਾਂ' ਕਰ ਦਿੱਤੀ ਤੇ ਕਾਲਜ ਮਗਰੋਂ ਉਨ੍ਹਾਂ ਘਰ ਜਾ ਕੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

ਉਹ ਬਹੁਤ ਸਾਫ ਸੁਥਰਾ ਤੇ ਅਮੀਰ ਮੁਸਲਮਾਨ ਪਰਿਵਾਰ ਸੀ। ਘਰ ਵੀ ਕਾਫੀ ਲੰਮਾ ਚੌੜਾ ਅਤੇ ਰਈਸਾਂ ਵਾਲਾ ਸੀ। ਦੋਨੋਂ ਬੱਚੇ ਹੁਸੀਨਾ ਅਤੇ ਇੱਕੂ ਪੜ੍ਹਨ ਵਿਚ ਹੁਸ਼ਿਆਰ ਸਨ। ਦੋਨੋਂ ਖ਼ੂਬਸੂਰਤ ਵੀ ਪੁੱਜ ਕੇ ਸਨ। ਉਨ੍ਹਾਂ ਦੀ ਗੋਰੀ ਚਿੱਟੀ ਚਮੜੀ ਹਨ੍ਹੇਰੇ ਵਿਚ ਵੀ ਝਲਕਾਂ ਮਾਰਦੀ। ਉਨ੍ਹਾਂ ਦੀ ਮਾਂ ਦਾ ਮੈਥੋਂ ਪਰਦਾ ਕਰਨਾ ਮੈਨੂੰ ਬਹੁਤ ਓਪਰਾ ਲੱਗਿਆ। ਜਦੋਂ ਉਹ ਬੁਰਕੇ ਵਿਚ ਲਿਪਟੀ, ਪੜ੍ਹਾਉਣ ਵਾਲੇ ਕਮਰੇ ਵਿਚ ਟਰੇਅ ਵਿਚ ਚਾਹ ਅਤੇ ਖਾਣ-ਪੀਣ ਦੀ ਕੋਈ ਚੀਜ਼ ਚੁੱਕੀ ਆਉਂਦੀ ਤਾਂ ਉਸ ਦੀਆਂ ਗੋਰੀਆਂ, ਲੰਮੀਆਂ ਤੇ ਪਤਲੀਆਂ ਉਂਗਲਾਂ ਤੋਂ ਬਿਨਾਂ ਸਰੀਰ ਦਾ ਕੋਈ ਭਾਗ ਦਿਖਾਈ ਨਾ ਦਿੰਦਾ। ਉਦੋਂ ਮੇਰੀ ਉਮਰ 19 ਕੁ ਸਾਲ ਦੀ ਸੀ। ਜੋੜ ਘਟਾ ਕਰ ਕੇ ਹੀ ਮੈਂ ਅੰਦਾਜ਼ਾ ਲਾਉਂਦਾ ਕਿ ਉਹ ਪੈਂਤੀ ਕੁ ਵਰ੍ਹਿਆਂ ਦੀ ਹੋਵੇਗੀ। ਗੌਰੀ ਸ਼ੰਕਰ ਦਾ ਤੇਰਾ-ਫੇਰਾ ਉਸ ਘਰ ਵਿਚ ਆਮ ਰਹਿੰਦਾ। ਜਦੋਂ ਉਹ ਆਟੇ ਵਾਲੀ ਬੋਰੀ ਜਾਂ ਪੱਥਰ ਦੇ ਕੋਇਲੇ ਆਪਣੇ ਸਾਇਕਲ ਤੋਂ ਉਤਾਰ ਕੇ ਉਨ੍ਹਾਂ ਦੇ ਅੰਦਰ ਰੱਖਦਾ, ਮੈਨੂੰ ਲਗਦਾ ਜਿਵੇਂ ਉਹ ਘਰ ਦਾ ਨੌਕਰ ਹੋਵੇ ਪਰ ਜਦੋਂ ਅੰਦਰ ਲੰਘ ਕੇ ਔਰਤ ਨਾਲ ਹੱਸ-ਹੱਸ ਗੱਲਾਂ ਮਾਰਦਾ ਤੇ ਉਹ ਉਸ ਤੋਂ ਪਰਦਾ ਵੀ ਨਾ ਕਰਦੀ, ਤਾਂ ਉਹ ਘਰ ਦਾ ਮਾਲਕ ਲਗਦਾ।

ਕੱਟੜ ਜਿਹੀ ਦਿੱਖ ਵਾਲੇ ਹਿੰਦੂ ਬੰਦੇ ਦਾ ਮੁਸਲਮਾਨ ਪਰਿਵਾਰ ਨਾਲ ਘਿਉ-ਖਿਚੜੀ ਬਣੇ ਰਹਿਣਾ ਮੈਨੂੰ ਬੜਾ ਓਪਰਾ ਲੱਗਦਾ। ਘਰ ਵਿਚ ਮਾਂ ਅਤੇ ਬੱਚਿਆਂ ਤੋਂ ਬਿਨਾਂ ਕੋਈ ਚੌਥਾ ਬੰਦਾ ਤਾਂ ਹੈ ਨਹੀਂ ਸੀ। ਫਿਰ ਦੋਨੋਂ ਬੱਚੇ ਵੀ ਸਕੂਲ ਪੜ੍ਹਨ ਚਲੇ ਜਾਂਦੇ। ਪਿੱਛੋਂ ਉਹ ਘਰ ਵਿਚ ਇਕੱਲੀ ਹੁੰਦੀ। ਖ਼ੈਰ! ਮੈਂ ਐਵੇਂ ਸ਼ੱਕ ਵਿਚ ਪਿਆ ਰਿਹਾ। ਮੈਂ ਕੀ ਲੈਣਾ ਸੀ? ਪੜ੍ਹਾਉਣਾ ਸੀ ਤੇ ਫੀਸ ਲੈਣੀ ਸੀ। ਮੈਨੂੰ ਬੱਚਿਆਂ ਤੋਂ ਹੀ ਪਤਾ ਲੱਗਾ ਕਿ ਉਨ੍ਹਾਂ ਦਾ ਪਿਉ ਨੇਪਾਲ ਬਾਰਡਰ ਤੋਂ ਕੁਝ ਚੀਜ਼ ਇਧਰ-ਉਧਰ ਕਰ ਕੇ ਵੇਚਦਾ ਸੀ ਤੇ ਚੰਗੀ ਖੱਟੀ ਕਰਦਾ ਸੀ। ਸਾਲ ਛਿਮਾਹੀ ਮਗਰੋਂ ਹੀ ਘਰ ਗੇੜਾ ਮਾਰਦਾ ਸੀ। ਉਸ ਦਾ ਨਾਂ ਹਮੀਦ ਸੀ ਤੇ ਬੱਚਿਆਂ ਦੀ ਮਾਂ ਦਾ ਸਾਹਿਬਾ। ਬੱਚੇ ਗੌਰੀ ਸ਼ੰਕਰ ਨੂੰ ਮਾਮੂ ਕਹਿੰਦੇ ਸਨ। ਮੈਨੂੰ ਕੀ, ਪਏ ਕਹਿੰਦੇ ਰਹਿਣ!

ਮੈਂ ਆਪਣੇ ਕੰਮ ਤੱਕ ਮਤਲਬ ਰੱਖਿਆ ਤੇ ਸਭ ਕੁਝ ਠੀਕ ਚਲਦਾ ਰਿਹਾ। ਇਕ ਦਿਨ ਜਦੋਂ ਮੈਂ ਘਰ ਮੁੜਨ ਲਈ ਸਾਇਕਲ ਚੁੱਕਿਆ ਤਾਂ ਸਾਹਿਬਾ ਮੇਰੇ ਮਗਰ ਆ ਗਈ ਤੇ ਗੱਤੇ ਦਾ ਡੱਬਾ ਮੂਹਰੇ ਕਰਦੀ ਬੋਲੀ, "ਯੇ ਆਪ ਕੇ ਲੀਏ ਹੈ।"

"ਕਿਆ ਹੈ ਜੀ ਇਸ ਮੇਂ?" ਮੈਂ ਪੁੱਛਿਆ।

"ਪੈਂਟ-ਸ਼ਰਟ ਕਾ ਕਪੜਾ ਹੈ, ਆਪ ਲੇ ਜਾਈਏ। ਬਾਬੂ ਕਾ ਜਨਮ ਦਿਨ ਥਾ।" ਉਹ ਬੋਲੀ ਤਾਂ ਮੈਂ ਸਮਝ ਗਿਆ ਕਿ ਉਹ ਮੇਰੇ 'ਤੇ ਇਹ ਉਪਕਾਰ ਕਿਉਂ ਕਰ ਰਹੀ ਸੀ। ਮੇਰੇ ਕੋਲ ਬਹੁਤ ਸਾਧਾਰਨ ਪੈਂਟ-ਕਮੀਜ਼ ਸਨ ਜਿਨ੍ਹਾਂ ਦਾ ਘਸ-ਘਸ ਕੇ ਰੰਗ ਫਿੱਕਾ ਪੈ ਗਿਆ ਸੀ। ਪੈਂਟ ਤਾਂ ਗੋਡੇ ਕੋਲੋਂ ਰਫੂ ਵੀ ਕਰਾਈ ਹੋਈ ਸੀ।

"ਐਸੇ ਨਹੀਂ ਲੇ ਜਾਊਂਗਾ। ਆਪ ਮੇਰੇ ਸੇ ਪਰਦਾ ਕਿਉਂ ਕਰਤੀ ਹੈਂ? ਯੇ ਮੁਝੇ ਅੱਛਾ ਨਹੀਂ ਲਗਤਾ। ਕਿਆ ਮੈਂ ਬੁਰਾ ਲੜਕਾ ਹੂੰ?" ਮੈਂ ਕਹਿ ਦਿੱਤਾ। ਉਸ ਨੇ ਹੱਸ ਕੇ ਆਪਣੇ ਮੂੰਹ ਉਤੇ ਲਟਕਦੇ ਕਾਲੇ ਪਰਦੇ ਨੂੰ ਆਪਣੇ ਸਿਰ ਤੋਂ ਪਿੱਛੇ ਸੁੱਟ ਦਿੱਤਾ, ਤੇ ਬੱਦਲੀ 'ਚੋਂ ਚੰਨ ਨਿਕਲ ਆਇਆ। ਮੋਟੀਆਂ-ਮੋਟੀਆਂ ਅੱਖਾਂ ਨਾਲ ਘੂਰਦੀ ਮੁਸਕਰਾਈ ਤੇ ਬੋਲੀ, "ਬੱਸ।"

ਉਸ ਵੱਲ ਦੇਖਦਿਆਂ ਮੈਂ ਡੱਬਾ ਫੜ ਲਿਆ। ਉਸ ਦਿਨ ਬੜੀ ਤੇਜ਼ ਸਾਇਕਲ ਚਲਾ ਕੇ ਪਹਿਲਾਂ ਦਰਜੀ ਕੋਲ ਗਿਆ ਤੇ ਫਿਰ ਆਪਣੇ ਮਿੱਤਰ ਰਾਮੇਸ਼ਵਰ ਕੋਲ। ਉਸ ਨੂੰ ਅੱਜ ਵਾਲੀ ਘਟਨਾ ਦੱਸੀ ਤਾਂ ਉਹ ਹੱਸ ਕੇ ਬੋਲਿਆ, "ਅਬੇ ਸਰਦਾਰ ਜੀ, ਮਾਰਾ ਗਿਆ ਅਬ ਤੂ। ਅਬ ਤੁਮਹੇਂ ਕੋਈ ਨਹੀਂ ਬਚਾ ਸਕਤਾ।"

ਗੌਰੀ ਸ਼ੰਕਰ ਵੀ ਦਿਨਾਂ ਵਿਚ ਹੀ ਮੇਰਾ ਗੂੜ੍ਹਾ ਮਿੱਤਰ ਬਣ ਗਿਆ। ਉਹ ਗੱਲਾਂ ਦਾ ਧਨੀ ਸੀ ਤੇ ਮੈਨੂੰ ਲੋਕਾਂ ਦੇ ਉਟ-ਪਟਾਂਗ ਸਬੰਧਾਂ ਦੀਆਂ ਕਹਾਣੀਆਂ ਸੁਣਾਉਂਦਾ ਰਹਿੰਦਾ। ਮੈਂ ਉਸ ਦੇ ਸਕੂਲ ਜਾਂ ਘਰ ਅਕਸਰ ਜਾਣ ਲੱਗਾ। ਉਹ ਰਾਜਾ ਮੰਡੀ ਦੇ ਛੋਟੇ ਜਿਹੇ ਘਰ ਵਿਚ ਕਿਰਾਏ 'ਤੇ ਰਹਿੰਦਾ ਸੀ। ਉਸ ਨੇ ਵਿਆਹ ਵੀ ਨਹੀਂ ਸੀ ਕਰਵਾਇਆ ਹੋਇਆ। ਉਸ ਨੂੰ ਧੰਦੇ ਵਾਲੀਆਂ ਔਰਤਾਂ ਕੋਲ ਜਾਣ ਦਾ ਵੀ ਕੋਈ ਸ਼ੌਕ ਨਹੀਂ ਸੀ। ਮੈਂ ਉਸ ਨਾਲ ਕਦੀ ਕਦਾਈਂ ਕੋਈ ਪਿਕਚਰ ਵੀ ਦੇਖ ਆਉਂਦਾ। ਉਹ ਸਾਹਿਬਾਂ ਦੇ ਘਰ ਕਿਉਂ ਜਾਂਦਾ ਸੀ? ਉਸ ਦਾ ਉਸ ਨਾਲ ਕੀ ਸਬੰਧ ਸੀ? ਮੈਂ ਕਦੀ ਵੀ ਉਸ ਤੋਂ ਨਾ ਪੁੱਛ ਸਕਿਆ।

ਮੈਨੂੰ ਟਿਊਸ਼ਨ ਪੜ੍ਹਾਉਂਦੇ ਨੂੰ ਦੋ ਮਹੀਨੇ ਲੰਘ ਗਏ। ਕਿਸੇ ਨੇ ਪੈਸਿਆਂ ਦਾ ਨਾਂ ਹੀ ਨਾ ਲਿਆ। ਸਾਹਿਬਾ ਸਾਡੇ ਲਾਗੇ ਹੀ ਸੋਫੇ 'ਤੇ ਬੈਠ ਜਾਂਦੀ ਤੇ ਨੰਗੇ ਮੂੰਹ ਕੁਝ ਬੁਣਦੀ ਰਹਿੰਦੀ। ਮੈਂ ਬੱਚਿਆਂ ਨੂੰ ਪੜ੍ਹਾਉਂਦਾ ਰਹਿੰਦਾ। ਮੇਰਾ ਮਨ ਕਰਦਾ ਕਿ ਉਸ ਤੋਂ ਪੈਸੇ ਮੰਗਾਂ ਪਰ ਮੇਰਾ ਹੌਸਲਾ ਹੀ ਨਾ ਪੈਂਦਾ। ਇਕ ਦਿਨ ਮੈਂ ਗੌਰੀ ਸ਼ੰਕਰ ਨੂੰ ਕਿਹਾ, "ਗੌਰੀ ਸ਼ੰਕਰ ਜੀ, ਦੋ ਮਹੀਨੇ ਬੀਤ ਗਏ ਹੈਂ। ਉਨਹੋਂ ਨੇ ਅਭੀ ਤੱਕ ਫੀਸ ਹੀ ਨਹੀਂ ਦੀ।" ਉਹ ਬੋਲਿਆ, "ਸ਼ਾਇਦ ਹਮੀਦ ਸਾਹਿਬ ਏਕ ਦੋ ਮਹੀਨੇ ਮੇਂ ਆ ਜਾਏਂਗੇ। ਸਭ ਚੁਕਤਾ ਕਰਵਾ ਦੂੰਗਾ। ਆਪ ਉਨਸੇ ਮਾਂਗਨਾ ਨਹੀਂ। ਬੜੇ ਲੋਕ ਹੈਂ, ਬੁਰਾ ਮਨਾਏਂਗੇ। ਇੱਤੀ ਸੀ ਬਾਤ ਪਰ ਬਿਗੜ ਜਾਏਂਗੇ।" ਮੈਂ ਚੁੱਪ ਕਰ ਗਿਆ ਤੇ ਡੇਢ ਮਹੀਨਾ ਹੋਰ ਲੰਘ ਗਿਆ। ਨਾ ਹਮੀਦ ਆਇਆ ਤੇ ਨਾ ਹੀ ਪੈਸੇ ਮਿਲੇ। ਇਕ ਦਿਨ ਫਿਰ ਗੌਰੀ ਸ਼ੰਕਰ ਨੂੰ ਕਿਹਾ ਕਿ ਮੈਂ ਤਾਂ ਟਿਊਸ਼ਨ ਆਪਣੀਆਂ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੀਤੀ ਸੀ। ਬਾਅਦ ਵਿਚ ਮੈਂ ਪੈਸੇ ਕੀ ਕਰਨੇ? ਈਦ ਪਿੱਛੋਂ ਮੈਂ ਤੰਬਾ ਫੂਕਣਾ ਏ? ਤੁਸੀਂ ਮੇਰੇ ਪੈਸੇ ਦੁਆਵੋ।

ਉਹ ਬੋਲਿਆ, "ਸਰਦਾਰ ਜੀ, ਆਪ ਘਬਰਾ ਕਿਉਂ ਰਹੇ ਹੈਂ। ਵੋ ਰਈਸ ਲੋਗ ਹੈਂ। ਦੋ-ਤੀਨ ਸੌ ਰੁਪਏ ਜ਼ਿਆਦਾ ਤੋ ਇਨਾਮ ਮੇਂ ਹੀ ਦੇ ਦੇਂਗੇ। ਬੱਚੇ ਆਪ ਸੇ ਸੰਤੁਸ਼ਟ ਹੈਂ। ਥੋੜ੍ਹਾ ਵੇਟ ਕਰੋ।"

ਚਾਰ ਮਹੀਨੇ ਬੀਤ ਗਏ। ਕਾਣੀ ਕੌਡੀ ਵੀ ਨਾ ਮਿਲੀ। ਮੈਂ ਬੁਰੀ ਤਰ੍ਹਾਂ ਫਸ ਗਿਆ ਸਾਂ। ਘਰੋਂ ਨਿੱਤ ਸੋਚ ਕੇ ਜਾਂਦਾ ਸਾਂ ਕਿ ਅੱਜ ਜ਼ਰੂਰ ਸਾਹਿਬਾਂ ਨੂੰ ਕਹਾਂਗਾ ਪਰ ਉਸ ਕੋਲ ਜਾਂਦਿਆਂ ਹੀ ਜੀਭ ਤਾਲੂਏ ਨਾਲ ਜੁੜ ਜਾਂਦੀ। ਹਿੰਮਤ ਹੀ ਨਾ ਪੈਂਦੀ। ਇਕ ਦਿਨ ਦਿਲ ਕਰੜਾ ਕਰ ਕੇ ਇੱਕੂ ਨੂੰ ਕਿਹਾ। ਉਸ ਨੇ ਆਪਣੀ ਮਾਂ ਨੂੰ ਦੱਸਿਆ। ਉਹ ਕਹਿਣ ਲੱਗੀ, "ਟਿਊਸ਼ਨ ਕੇ ਪਾਂਚ ਮਹੀਨੇ ਕੇ ਪਾਂਚ ਸੌ ਰੁਪਏ ਤੋ ਗੌਰੀ ਸ਼ੰਕਰ ਜੀ ਐਡਵਾਂਸ ਮੇਂ ਲੇ ਗਏ ਥੇ, ਆਪ ਕੋ ਨਹੀਂ ਦੀਏ?"

ਮੈਂ ਹੈਰਾਨ ਹੋਇਆ। ਉਹ ਬੰਦਾ ਤਾਂ ਦੋਹਾਂ ਨੂੰ ਰਗੜ ਗਿਆ ਸੀ। ਉਸੇ ਦਿਨ ਮੈਂ ਸਿੱਧਾ ਗੌਰੀ ਸ਼ੰਕਰ ਕੋਲ ਗਿਆ। ਉਹ ਕਹਿਣ ਲੱਗਾ, "ਪੈਸੇ

(ਬਾਕੀ ਸਫਾ 29 'ਤੇ)

# ਮੋਦੀ ਦੀ ਯਲਗਾਰ ਰੋਕੀ ਨਾ ਤਾਂ ਘਾਤਕ ਬੜੀ ਹੋਵੇਗੀ ਦੇਸ਼ ਲਈ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਿਸੇ ਹੈਸੀਅਤ ਤੱਕ ਪਹੁੰਚਣ ਲਈ ਲੋਕ-ਰਾਜੀ ਢੰਗ ਨਾਲ ਜ਼ੋਰ ਲਾਉਣਾ ਹੋਰ ਗੱਲ ਹੈ ਤੇ ਉਸ ਅਹੁਦੇ ਦੇ ਉਮੀਦਵਾਰ ਦਾ ਵੇਲੇ ਤੋਂ ਪਹਿਲਾਂ ਸਿਰ ਚੜ੍ਹ ਜਾਣਾ ਹੋਰ ਗੱਲ। ਕਿਸੇ ਦੇ ਸਿਰ ਨੂੰ ਸੱਤਾ ਸੰਭਾਲਣ ਪਿੱਛੋਂ ਸੱਤਾ ਦਾ ਨਸ਼ਾ ਚੜ੍ਹਿਆ ਵੀ ਮਾੜਾ ਹੁੰਦਾ ਹੈ, ਪਰ ਜਿਸ ਨੂੰ ਪਹਿਲਾਂ ਚੜ੍ਹ ਜਾਵੇ, ਉਸ ਦੀ ਹਾਲਤ ਫਿਰ 'ਤੇਰੇ ਇਸ਼ਕ ਨਚਾਇਆ ਕਰ ਥਈਆ-ਥਈਆ' ਵਾਲੀ ਬਣ ਜਾਂਦੀ ਹੈ ਤੇ ਉਸ ਨੂੰ ਮਾੜੇ-ਚੰਗੇ ਜਾਂ ਦੇਸ਼ ਦੀਆਂ ਰਵਾਇਤਾਂ ਤੇ ਸੰਵਿਧਾਨਕ ਹੱਦਾਂ ਦਾ ਖਿਆਲ ਨਹੀਂ ਹੁੰਦਾ। ਇਹ ਨਸ਼ਾ ਇਸ ਵੇਲੇ ਨਰਿੰਦਰ ਮੋਦੀ ਨੂੰ ਚੜ੍ਹਿਆ ਪਿਆ ਹੈ। ਚੋਣ ਮੁਹਿੰਮ ਵਿਚ ਜਿਹੋ ਜਿਹਾ ਵਿਹਾਰ ਨਰਿੰਦਰ ਮੋਦੀ ਕਰ ਰਿਹਾ ਹੈ, ਉਸ ਤੋਂ ਇਹ ਸਭ ਸਾਫ ਨਜ਼ਰ ਆਉਂਦਾ ਹੈ।

ਪਹਿਲੀ ਗੱਲ ਤਾਂ ਨਰਿੰਦਰ ਮੋਦੀ ਨੇ ਇਹ ਕੀਤੀ ਕਿ ਆਪਣੀ ਪਾਰਟੀ ਭਾਰਤੀ ਜਨਤਾ ਪਾਰਟੀ ਵਿਚ ਇਦਾਂ ਦੇ ਹਾਲਾਤ ਪੈਦਾ ਕੀਤੇ, ਜਿਵੇਂ ਸੰਘੀ ਵਿਚ ਅੰਗੂਠਾ ਦੇ ਕੇ ਲੀਡਰਸ਼ਿਪ ਤੋਂ ਪਾਸ ਕਰਵਾ ਰਿਹਾ ਹੋਵੇ ਕਿ ਅਗਲੇ ਪ੍ਰਧਾਨ ਮੰਤਰੀ ਵਾਸਤੇ ਭਾਜਪਾ ਉਮੀਦਵਾਰ ਸਿਰਫ ਉਹੋ ਹੋਵੇਗਾ। ਇਹ ਫੈਸਲਾ ਏਨੀ ਧੱਕੜਸ਼ਾਹੀ ਦਾ ਢੰਗ ਵਰਤ ਕੇ ਕੀਤਾ ਗਿਆ ਕਿ ਸਾਰੀ ਲੀਡਰਸ਼ਿਪ ਨੂੰ ਕਾਂਬਾ ਛਿੜ ਗਿਆ। ਪਾਰਟੀ ਦਾ ਮੁੱਢ ਬੰਨ੍ਹਣ ਵਾਲਾ ਤੇ ਦੇਸ਼ ਦਾ ਉਪ ਪ੍ਰਧਾਨ ਮੰਤਰੀ ਰਹਿ ਚੁੱਕਾ ਲਾਲ ਕ੍ਰਿਸ਼ਨ ਅਡਵਾਨੀ ਤਾਂ ਇੰਨਾ ਯਰਕ ਗਿਆ ਕਿ ਜਿਸ ਮੀਟਿੰਗ ਵਿਚ ਮੋਦੀ ਬਾਰੇ ਫੈਸਲੇ ਉਤੇ ਮੋਹਰ ਲੱਗਣੀ ਸੀ, ਉਸ ਮੀਟਿੰਗ ਵਿਚ ਹੀ ਨਾ ਗਿਆ ਤੇ 'ਲੂਜ਼ ਮੋਸ਼ਨ' (ਦਸਤ) ਲੱਗੇ ਦਾ ਸੁਨੇਹਾ ਭੇਜ ਦਿੱਤਾ। ਕੁਝ ਹੋਰ ਲੀਡਰਾਂ ਬਾਰੇ ਇਹ ਪਤਾ ਲੱਗਾ ਕਿ ਉਹ ਇਸ ਮੌਕੇ ਜਾਣ ਨੂੰ ਤਿਆਰ ਨਹੀਂ ਸਨ, ਗਏ ਇਸ ਕਰ ਕੇ ਸਨ ਕਿ ਮੋਦੀ ਜਿਸ ਦੇ ਵੈਰ ਪੈ ਜਾਵੇ, ਮੜ੍ਹੀਆਂ ਤੱਕ ਪਿੱਛਾ ਨਹੀਂ ਛੱਡਦਾ ਹੁੰਦਾ। ਇਹੋ ਜਿਹੀ ਸਨਸਨੀ ਪੂਰਨ ਸਥਿਤੀ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਦੇ ਸਾਰ ਨਰਿੰਦਰ ਮੋਦੀ ਨੇ ਪਾਰਟੀ ਦੇ ਪਾਰਲੀਮਾਨੀ ਬੋਰਡ ਵਿਚ ਆਪਣੇ ਲੱਠ-ਮਾਰ ਅਮਿਤ ਸ਼ਾਹ ਨੂੰ ਸ਼ਾਮਲ ਕਰਨ ਦਾ ਕੰਮ ਵੀ ਅਗਲੀ ਮੀਟਿੰਗ ਵਿਚ ਹੀ ਕਰਵਾ ਲਿਆ ਸੀ।

ਇੱਕ ਵਾਰੀ ਨਰਿੰਦਰ ਮੋਦੀ ਦੇ ਅੱਗੇ ਝੁਕ ਗਈ ਭਾਜਪਾ ਦਾ ਨਿਵਾਣ ਨੂੰ ਰਿੜ੍ਹਨਾ ਉਦੋਂ ਵੇਖਿਆ ਗਿਆ, ਜਦੋਂ ਉਤਰ ਪ੍ਰਦੇਸ਼ ਦਾ ਇੰਚਾਰਜ ਵੀ ਮੋਦੀ ਨੇ ਆਪਣੇ ਲੱਠ-ਮਾਰ ਅਮਿਤ ਸ਼ਾਹ ਨੂੰ ਬਣਾ ਦਿੱਤਾ। ਭਾਜਪਾ ਪ੍ਰਧਾਨ ਰਾਜਨਾਥ ਸਿੰਘ ਇਸੇ ਉਤਰ ਪ੍ਰਦੇਸ਼ ਤੋਂ ਹੈ ਤੇ ਉਸ ਰਾਜ ਦਾ ਧੜੱਲੇ ਵਾਲਾ ਮੁੱਖ ਮੰਤਰੀ ਰਹਿ ਚੁੱਕਾ ਹੈ। ਉਸ ਦੀ ਮੌਜੂਦਗੀ ਨਜ਼ਰ-ਅੰਦਾਜ਼ ਕਰ ਕੇ ਉਸ ਰਾਜ ਦੀ ਹਰ ਗੱਲ ਅਮਿਤ ਸ਼ਾਹ ਦੀ ਮਰਜ਼ੀ ਉਤੇ ਇੰਜ ਨਿਰਭਰ ਕਰ ਦਿੱਤੀ ਗਈ ਕਿ ਬਾਕੀ ਸਾਰੇ ਲੀਡਰ ਜ਼ੀਰੋ ਹੋ ਕੇ ਰਹਿ ਗਏ। ਹੁਣ ਉਹ ਅੰਦਰੇ-ਅੰਦਰ ਰਿੱਝਦੇ ਹਨ, ਪਰ ਬੋਲਣ ਦੀ ਹਿੰਮਤ ਕਿਸੇ ਦੀ ਨਹੀਂ। ਆਪੋ ਵਿਚ ਵੀ ਗੱਲ ਕਰਦੇ ਡਰਦੇ ਹਨ ਕਿ ਅਮਿਤ ਸ਼ਾਹ ਕੋਲ ਨਾ ਪਹੁੰਚ ਜਾਂਦੀ ਹੋਵੇ। ਇਹ ਅਮਿਤ ਸ਼ਾਹ ਉਹੋ ਹੈ, ਜਿਸ ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਹੁਕਮ ਕੀਤਾ ਹੋਇਆ ਹੈ ਕਿ ਉਹ ਆਪਣੇ ਗੁਜਰਾਤ ਦੇ ਰਾਜ ਵਿਚ ਨਹੀਂ ਵੜ ਸਕਦਾ। ਇੰਨਾ 'ਸੁਲੱਖਣਾ' ਬੰਦਾ ਭਾਰਤ ਦੇ ਸਭ ਤੋਂ ਵੱਡੇ ਰਾਜ ਦਾ ਇੰਚਾਰਜ ਲਿਆ ਲਾਇਆ ਹੈ ਮੋਦੀ ਨੇ।

ਇਹ ਅਮਿਤ ਸ਼ਾਹ ਹੈ ਕੌਣ? ਕਦੇ ਇਹ ਆਰ ਐਸ ਐਸ ਦੀ ਸ਼ਾਖਾ ਵਿਚ ਜਾਣ ਵਾਲਾ ਇਕ ਸਧਾਰਨ ਸੋਇਮ ਸੇਵਕ ਹੁੰਦਾ ਸੀ, ਪਰ ਸ਼ੇਅਰ ਮਾਰਕੀਟ ਦੇ ਕੰਮ ਵਿਚ ਪੈਂਦੇ ਸਾਰ ਕਈ ਲੋਕਾਂ ਦੀ ਨਜ਼ਰ ਵਿਚ ਜੁਰਅੱਤ ਵਾਲਾ ਬੰਦਾ ਬਣ ਕੇ ਉਭਰਿਆ ਸੀ। ਉਦੋਂ ਇਸ ਨੂੰ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੇ ਨਾਲ ਲਾ ਲਿਆ। ਦੋ ਵਾਰੀ ਅਡਵਾਨੀ ਦੀ ਚੋਣ ਮੁਹਿੰਮ ਦਾ ਮੁਖੀ ਬਣਨ ਪਿੱਛੋਂ ਇਸ ਨੂੰ ਨਰਿੰਦਰ ਮੋਦੀ ਨੇ ਸੰਭਾਲ ਲਿਆ ਤੇ ਅਚਾਨਕ ਗੁਜਰਾਤ ਦੇ ਗ੍ਰਹਿ ਮੰਤਰੀ ਦਾ ਅਹੁਦਾ ਦੇ ਕੇ ਪੂਰੇ ਦਸ ਵਿਭਾਗ ਇਸ ਦੇ ਹਵਾਲੇ ਕਰ



ਨਰਿੰਦਰ ਮੋਦੀ

ਦਿੱਤੇ। ਗੁਜਰਾਤ ਦਾ ਪਿਛਲਾ ਗ੍ਰਹਿ ਮੰਤਰੀ ਹਰਿਨ ਪਾਂਡਿਆ ਆਰ ਐਸ ਐਸ ਦਾ ਇੱਕ ਦਮਦਾਰ ਆਗੂ ਸੀ, ਪਰ ਜਦੋਂ ਨਰਿੰਦਰ ਮੋਦੀ ਨੇ ਚੱਲਦੀ ਸਰਕਾਰ ਵਿਚ ਪਾਰਟੀ ਲੀਡਰਾਂ ਦੀ ਗੁੱਟਬੰਦੀ ਕਾਰਨ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ, ਉਸ ਨੇ ਹਰਿਨ ਪਾਂਡਿਆ ਨੂੰ ਆਪਣੀ ਅਸੈਂਬਲੀ ਸੀਟ ਛੱਡ ਦੇਣ ਨੂੰ ਕਿਹਾ ਸੀ। ਭਾਜਪਾ ਦੀ ਸਭ ਤੋਂ ਮਜ਼ਬੂਤ ਉਹ ਸੀਟ ਮੋਦੀ ਨੂੰ ਚਾਹੀਦੀ ਸੀ। ਹਰਿਨ ਨੇ ਇਹ ਗੱਲ ਨਾ ਮੰਨੀ। ਮੋਦੀ ਚੁੱਪ ਹੋ ਗਿਆ, ਪਰ ਅਗਲੀਆਂ ਚੋਣਾਂ ਵੇਲੇ ਉਸ ਨੇ ਹਰਿਨ ਪਾਂਡਿਆ ਨੂੰ ਟਿਕਟ ਨਾ ਦੇਣ ਦੀ ਏਡੀ ਜ਼ਿਦ ਕੀਤੀ ਕਿ ਪਾਰਟੀ ਨੂੰ ਝੁਕਣਾ ਪੈ ਗਿਆ। ਚੋਣ ਜਿੱਤਦੇ ਸਾਰ ਹਰਿਨ ਪਾਂਡਿਆ ਦੀ ਥਾਂ ਅਮਿਤ ਸ਼ਾਹ ਨੂੰ ਗ੍ਰਹਿ ਮੰਤਰੀ ਬਣਾ ਦਿੱਤਾ ਤੇ ਕੁਝ ਚਿਰ ਪਿੱਛੋਂ ਹਰਿਨ ਪਾਂਡਿਆ ਦਾ ਕਤਲ ਕਰਵਾ ਦਿੱਤਾ ਗਿਆ। ਜਿਸ ਦਿਨ ਹਰਿਨ ਪਾਂਡਿਆ ਦਾ ਭੋਗ ਪੈ ਰਿਹਾ ਸੀ, ਨਰਿੰਦਰ ਮੋਦੀ ਉਸ ਨੂੰ ਸ਼ਰਧਾਂਜਲੀ ਦੇ ਰਿਹਾ ਸੀ ਤੇ ਹਰਿਨ ਦਾ ਬਾਪ ਇਹ ਦੁਹਾਈ ਪਾ ਰਿਹਾ ਸੀ ਕਿ ਮੇਰੇ ਪੁੱਤਰ ਦਾ ਕਤਲ ਵੀ ਏਸੇ ਨਰਿੰਦਰ ਮੋਦੀ ਨੇ ਕਰਾਇਆ ਹੈ। ਉਦੋਂ ਕਿਸੇ ਨੇ ਇਹ ਗੱਲ ਨਹੀਂ ਸੀ ਸੁਣੀ, ਪਰ ਬਾਅਦ ਵਿਚ ਸੋਹਰਾਬੁਦੀਨ ਸ਼ੇਖ ਵਾਲੇ ਮਾਮਲੇ ਵਿਚ ਇਹ ਗੱਲ ਫਿਰ ਚਰਚਾ ਵਿਚ ਆ ਗਈ।

ਸੋਹਰਾਬੁਦੀਨ ਸ਼ੇਖ ਕੋਈ ਨੇਕ-ਪਾਕ ਬੰਦਾ ਨਹੀਂ ਸੀ। ਉਸ ਦੀ ਚਰਚਾ ਨਾਲੋਂ ਵੱਡੀ ਗੱਲ ਇਹ ਹੈ ਕਿ ਉਸ ਦੀ ਮੌਤ ਦਾ ਕਾਰਨ ਬਣੇ ਝੂਠੇ ਪੁਲਿਸ ਮੁਕਾਬਲੇ ਦਾ ਦੋਸ਼ ਅਮਿਤ ਸ਼ਾਹ ਦੇ ਸਿਰ ਲੱਗਦਾ ਹੈ। ਇਸ ਮਾਮਲੇ ਵਿਚ ਜਿੱਥੇ ਵੀ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ, ਅਮਿਤ ਸ਼ਾਹ ਨੇ ਇਹੋ ਪੈਂਤੜਾ ਵਰਤਿਆ ਕਿ ਮੇਰੀ ਯਾਦਦਾਸ਼ਤ ਕਮਜ਼ੋਰ ਹੈ ਤੇ ਕਿਸੇ ਗੱਲ ਦਾ ਚੇਤਾ ਨਹੀਂ ਰਿਹਾ। ਇਹ ਪੈਂਤੜਾ ਕਈ ਮੁਲਜ਼ਮ ਵਰਤਦੇ ਰਹਿੰਦੇ ਹਨ। ਤੁਲਸੀ ਪ੍ਰਜਾਪਤੀ ਕੇਸ ਹੋਵੇ ਜਾਂ ਇਸ਼ਰਤ ਜਹਾਂ ਦਾ ਪੁਲਿਸ ਮੁਕਾਬਲਾ, ਇਨ੍ਹਾਂ ਸਾਰੇ ਕੇਸਾਂ ਵਿਚ ਅਮਿਤ ਸ਼ਾਹ ਨੂੰ ਸਵਾਲਾਂ ਦਾ ਜਵਾਬ ਦੇਣ ਵੇਲੇ ਕੁਝ ਯਾਦ ਨਹੀਂ ਹੁੰਦਾ। ਇੱਕ ਖੋਜੀ ਮੈਗਜ਼ੀਨ 'ਡੀ ਐਨ ਏ' ਵੱਲੋਂ ਇੱਕ ਵਾਰ ਇਹ ਰਿਪੋਰਟ ਛਾਪ ਦਿੱਤੀ ਗਈ ਕਿ ਅਸਲ ਵਿਚ ਸੋਹਰਾਬੁਦੀਨ ਸ਼ੇਖ ਤੇ ਗੁਜਰਾਤ ਭਾਜਪਾ ਦੇ ਸਾਬਕਾ ਗ੍ਰਹਿ ਮੰਤਰੀ ਹਰਿਨ ਪਾਂਡਿਆ ਦੇ ਕਤਲਾਂ ਦਾ ਸਿੱਧਾ ਸਬੰਧ ਹੈ, ਕਿਉਂਕਿ ਸੋਹਰਾਬੁਦੀਨ ਸ਼ੇਖ ਤੋਂ ਪਾਂਡਿਆ ਦਾ ਕਤਲ ਕਰਵਾਉਣ ਪਿੱਛੋਂ ਸਬੂਤ ਮਿਟਾਉਣ ਲਈ ਸੋਹਰਾਬੁਦੀਨ ਦਾ ਝੂਠਾ ਪੁਲਿਸ ਮੁਕਾਬਲਾ ਬਣਾਇਆ ਹੋ ਸਕਦਾ ਹੈ। ਇਹ ਸੰਗੀਨ ਦੋਸ਼ ਸੀ, ਪਰ ਹੈਰਾਨੀ ਦੀ ਗੱਲ ਹੈ ਕਿ ਭਾਜਪਾ ਨੇ ਵੀ ਅਤੇ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨੇ ਵੀ ਇਸ ਇਲਜ਼ਾਮ ਨੂੰ ਚੁੱਪ ਕਰ ਕੇ ਹਜ਼ਮ ਕਰ ਲਿਆ।

ਹੁਣ ਉਹੋ ਅਮਿਤ ਸ਼ਾਹ ਇੱਕ ਵਾਰ ਫਿਰ ਫਸ ਗਿਆ ਹੈ, ਪਰ ਸਵਾਲਾਂ ਦਾ ਜਵਾਬ ਦੇਣ ਵੇਲੇ ਯਾਦਦਾਸ਼ਤ ਭੁੱਲਣ ਦਾ ਬਹਾਨਾ ਨਹੀਂ ਕਰਦਾ, ਚੁੱਪ ਵੱਟ ਕੇ ਕਾਰ ਵਿਚ ਬੈਠ ਜਾਂਦਾ ਹੈ। ਮਾਮਲਾ ਕਰਨਾਟਕਾ ਨਾਲ ਸਬੰਧਤ ਇਕ ਕੁੜੀ ਦਾ ਹੈ। ਅਮਿਤ ਸ਼ਾਹ ਨੇ ਗੁਜਰਾਤ ਪੁਲਿਸ ਦੇ ਅਫਸਰਾਂ ਨੂੰ ਕਹਿ ਕੇ ਉਸ ਦੀ ਜਾਸੂਸੀ ਕਰਾਈ ਸੀ। ਫਿਰ ਉਹ ਅਫਸਰ ਕਿਸੇ ਹੋਰ ਕੇਸ ਵਿਚ ਫਸ ਗਏ ਤਾਂ ਗੁਜਰਾਤ ਸਰਕਾਰ ਤੇ ਨਰਿੰਦਰ ਮੋਦੀ ਨੇ ਫਸੇ ਹੋਇਆਂ ਤੋਂ ਦੂਰੀ ਰੱਖਣ ਦੀ ਸੋਚੀ, ਜਿਸ ਕਰ ਕੇ ਉਨ੍ਹਾਂ ਨੇ ਚੱਲਦੀ ਜਾਂਚ ਵਿਚ ਉਸ ਕੁੜੀ ਦੀ ਜਾਸੂਸੀ ਦਾ ਜ਼ਿਕਰ ਕਰ ਦਿੱਤਾ। ਕਿਉਂਕਿ ਇਸ ਜ਼ਿਕਰ ਦਾ ਸਬੰਧ ਚੱਲ ਰਹੀ ਜਾਂਚ ਨਾਲ ਨਾ ਹੋ ਕੇ ਇੱਕ ਹੋਰ ਕੇਸ ਦਾ 'ਰਾਹ ਜਾਂਦਾ ਜ਼ਿਕਰ' ਲੱਗਦਾ ਸੀ, ਇਸ ਲਈ ਮਾਮਲਾ ਢੱਕਿਆ ਰਿਹਾ, ਪਰ ਹੁਣ ਇੱਕ ਦਿਨ ਅਚਾਨਕ ਇਸ ਬਿਆਨ ਦੀ ਗੱਲ ਲੋਕਾਂ ਦੇ ਸਾਹਮਣੇ ਆ ਗਈ ਤੇ ਉਸ ਜਾਸੂਸੀ ਲਈ ਅਮਿਤ ਸ਼ਾਹ ਵੱਲੋਂ ਪੁਲਿਸ ਅਫਸਰਾਂ ਨਾਲ ਕੀਤੀ ਜਾਂਦੀ ਰਹੀ ਗੱਲਬਾਤ ਦੇ ਟੇਪਾਂ ਦਾ ਖੁਲਾਸਾ ਹੋ ਗਿਆ।

ਇਹ ਲੁਕੀ ਹੋਈ ਗੱਲ ਬਾਹਰ ਆਉਣਾ ਵੀ ਆਪਣੇ ਆਪ ਵਿਚ ਹੈਰਾਨੀ ਦਾ ਵਿਸ਼ਾ ਸੀ, ਪਰ ਹੋਰ ਵੀ ਹੈਰਾਨੀ ਗੁਜਰਾਤ ਸਰਕਾਰ ਦੇ ਵਿਹਾਰ ਤੋਂ ਹੋਈ। ਜਿਸ ਅਖਬਾਰ ਨੇ ਇਹ ਗੱਲ ਲੋਕਾਂ ਦੇ ਸਾਹਮਣੇ ਲਿਆਂਦੀ, ਉਸ ਨੇ ਇਸ ਵਿਚ ਕੁੜੀ ਜਾਂ ਉਸ ਦੇ ਪਰਿਵਾਰ ਬਾਰੇ ਕੋਈ ਜ਼ਿਕਰ ਨਹੀਂ ਸੀ ਕੀਤਾ, ਪੂਰੀ ਪਰਦਾਦਾਰੀ ਰੱਖੀ ਸੀ, ਪਰ ਸ਼ਾਮ ਪੈਣ ਤੋਂ ਪਹਿਲਾਂ ਗੁਜਰਾਤ ਸਰਕਾਰ ਨੇ ਉਸ ਕੁੜੀ ਦੇ ਪਿਤਾ ਦਾ ਬਿਆਨ ਜਾਰੀ ਕਰ ਦਿੱਤਾ ਕਿ ਪੁਰਾਣੀ ਸਾਂਝ ਹੋਣ ਕਾਰਨ ਮੈਂ ਹੀ ਮੋਦੀ ਨੂੰ ਕੁੜੀ ਦਾ ਖਿਆਲ ਰੱਖਣ ਨੂੰ ਕਿਹਾ ਸੀ। ਕੁੜੀ ਦਾ ਬਾਪ ਕਰਨਾਟਕਾ ਦਾ ਹੈ ਤੇ ਗੁਜਰਾਤੀ ਭਾਸ਼ਾ ਨਹੀਂ ਜਾਣਦਾ। ਬਿਆਨ ਗੁਜਰਾਤੀ ਵਿਚ ਹੈ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਜਦੋਂ ਭੇਦ ਕੱਢਣ ਵਾਲੀ ਅਖਬਾਰ ਨੇ ਕੁੜੀ ਜਾਂ ਉਸ ਦੇ ਪਰਿਵਾਰ ਦਾ ਜ਼ਿਕਰ ਹੀ ਨਹੀਂ ਸੀ ਕੀਤਾ, ਗੁਜਰਾਤ ਸਰਕਾਰ ਨੂੰ ਕਿਵੇਂ ਪਤਾ ਲੱਗ ਗਿਆ ਕਿ ਮਾਮਲਾ ਫਲਾਣੀ ਕੁੜੀ ਦਾ ਹੈ ਤੇ ਏਨੀ ਛੇਤੀ ਉਸ ਦੇ ਪਿਤਾ ਦਾ ਬਿਆਨ ਵੀ ਤਿਆਰ ਕਰਵਾ ਕੇ ਕਿਵੇਂ ਜਾਰੀ ਕਰ ਦਿੱਤਾ ਗਿਆ? ਇਹ ਵੀ ਨਰਿੰਦਰ ਮੋਦੀ ਦੇ ਮਾਅਰਕਿਆਂ ਦਾ ਇੱਕ ਨਮੂਨਾ ਹੈ।

ਕੁੜੀ ਦਾ ਬਾਪ ਇਸ ਵਕਤ ਨਰਿੰਦਰ ਮੋਦੀ ਦੇ ਪੱਖ ਵਿਚ ਬੋਲ ਰਿਹਾ ਹੈ। ਉਸ ਦਾ ਇਹ ਬੋਲੀ ਬੋਲਣਾ ਬਹੁਤਾ ਅਰਥ ਨਹੀਂ ਰੱਖਦਾ। 'ਰੱਬ ਨੇੜੇ ਕਿ ਘਸੁੰਨ' ਦਾ ਮੁਹਾਵਰਾ ਸਭ ਨੇ ਸੁਣਿਆ ਹੋਇਆ ਹੈ। ਦੇਸ਼ ਦੀ ਸੁਪਰੀਮ ਕੋਰਟ ਨੇ ਹਾਲੇ ਪਿਛਲੇ ਹਫਤੇ ਇੱਕ ਕੇਸ ਦਾ ਨਿਪਟਾਰਾ ਕਰਦਿਆਂ ਕਿਹਾ ਹੈ ਕਿ ਭਾਰਤ ਵਿਚ ਗਵਾਹਾਂ ਦੀ ਸੁਰੱਖਿਆ ਦਾ ਪ੍ਰਬੰਧ ਨਾ ਹੋਣਾ ਉਨ੍ਹਾਂ ਦੇ ਗਵਾਹੀ ਤੋਂ ਮੁੱਕਰ ਜਾਣ ਦੀ ਸਭ ਤੋਂ ਵੱਡੀ ਵਜ੍ਹਾ ਹੁੰਦਾ ਹੈ। ਸੁਪਰੀਮ ਕੋਰਟ ਅੱਗੇ ਇੱਕ ਕੇਸ ਇਹੋ ਜਿਹਾ ਆਇਆ ਸੀ, ਜਿਸ ਵਿਚ ਸਾਰੇ ਦਸਤਾਵੇਜ਼ੀ ਸਬੂਤ ਮੌਜੂਦ ਸਨ, ਪਰ ਬਦਨਸੀਬੀ ਦਾ ਸ਼ਿਕਾਰ ਹੋਈ ਕੁੜੀ ਦੇ ਮਾਂ-ਬਾਪ ਵੀ ਪੁਲਿਸ ਕੋਲ ਪਹਿਲੀ ਸ਼ਿਕਾਇਤ ਦਰਜ ਕਰਾਉਣ ਵੇਲੇ ਲਿਖਵਾਏ ਆਪਣੇ ਬਿਆਨ ਤੋਂ ਮੁੱਕਰ ਗਏ ਸਨ। ਇਹੋ ਜਿਹੇ ਮਾਮਲੇ ਅਦਾਲਤਾਂ ਵਿਚ ਕਈ ਵਾਰੀ ਆਏ ਅਤੇ ਦੋਸ਼ੀ ਛੁੱਟ ਜਾਂਦੇ ਰਹੇ ਹਨ। ਮੋਦੀ ਦਾ ਲੱਠ-ਮਾਰ ਅਮਿਤ ਸ਼ਾਹ ਫਸਦਾ ਹੋਵੇ ਤੇ ਗੱਲ ਮੋਦੀ ਤੱਕ ਆਉਂਦੀ ਜਾਪਦੀ ਹੋਵੇ ਤਾਂ ਜਿਸ ਕਰਨਾਟਕਾ ਵਿਚ ਭਾਜਪਾ ਦੀ ਸਰਕਾਰ ਰਹਿ ਚੁੱਕੀ ਹੈ, ਉਸ ਦੇ ਤੰਤਰ ਵਿਚਲੇ ਕੁਝ ਭਾਜਪਾ-ਪੱਖੀ ਪੁਰਜ਼ੇ ਗੁਜਰਾਤ ਤੋਂ ਆਏ ਮੋਦੀ-ਭਗਤਾਂ ਦੀ ਧਾੜ ਨਾਲ ਮਿਲ ਕੇ ਕੁੜੀ ਦੇ ਪਿਤਾ ਨੂੰ ਦਿਨੇ ਤਾਰੇ ਵਿਖਾ ਕੇ ਉਸ ਤੋਂ ਕੁਝ ਵੀ ਲਿਖਵਾ ਸਕਦੇ ਹਨ।

ਉਂਜ ਇੱਕ ਕਹਾਣੀ ਹੋਰ ਵੀ ਨਿਕਲਦੀ ਹੈ। ਹਾਲੇ ਤੱਕ ਲੋਕ ਇਹ ਜਾਣਦੇ ਸਨ ਕਿ ਮੋਦੀ ਕੁਆਰਾ ਹੈ। ਉਸ ਦੀ ਪਤਨੀ ਬਾਰੇ ਚਰਚਾ ਚੱਲਦੀ ਤਾਂ ਭਾਜਪਾ ਵਾਲੇ ਰੱਦ ਕਰ ਛੱਡਦੇ ਸਨ। ਪਿਛਲੇ ਦਿਨੀਂ ਸੁਬਰਾਮਨੀਅਮ ਸਵਾਮੀ ਨੇ ਇਹ ਕਹਿ ਦਿੱਤਾ ਕਿ ਮੋਦੀ ਦਾ ਵਿਆਹ ਹੋਇਆ ਸੀ, ਪਰ ਜਬਰੀ ਕੀਤਾ ਗਿਆ ਸੀ ਤੇ ਉਸ ਨੇ ਉਦੋਂ ਹੀ ਕਹਿ ਦਿੱਤਾ ਸੀ ਕਿ ਉਹ ਇਸ ਦੇ ਨਾਲ ਨਹੀਂ ਰਹੇਗਾ। ਇਦਾਂ ਹੋ ਵੀ ਸਕਦਾ ਹੈ। ਜੇ ਇਦਾਂ ਹੋ ਸਕਦਾ ਹੈ ਤਾਂ ਅਗਲੀ ਗੱਲ ਇਹ ਵੀ ਹੈ ਕਿ ਕਰਨਾਟਕਾ ਦੀ ਉਸ ਕੁੜੀ ਬਾਰੇ ਵੀ ਨਵਾਂ ਖੁਲਾਸਾ ਹੋਇਆ ਹੈ ਕਿ ਉਸ ਦੇ ਫੋਨ ਮੋਦੀ ਨੇ ਗੁਜਰਾਤ ਸਰਕਾਰ ਦੇ ਖਜ਼ਾਨੇ ਵਿਚੋਂ ਰੀਚਾਰਜ ਕਰਵਾ ਕੇ ਦਿੱਤੇ ਸਨ, ਉਸ ਨਾਲ ਇੱਕ ਖਾਸ ਥਾਂ ਬੈਠ ਕੇ ਬਾਰਾਂ ਹਜ਼ਾਰ ਰੁਪਏ ਦਾ ਦੁੱਧ-ਪਹੁਵਾ ਖਾਧਾ ਸੀ ਤੇ ਉਸ ਦੇ ਕਹੇ ਉਤੇ ਇੱਕ ਪ੍ਰਾਜੈਕਟ ਵੀ ਪਾਸ ਕੀਤਾ ਸੀ। ਜਿਹੜਾ ਪ੍ਰਾਜੈਕਟ ਉਸ ਕੁੜੀ ਦੀ ਸਾਂਝ ਵਿਚ ਪਾਸ ਕੀਤਾ ਗਿਆ, ਉਸ ਵਿਚ ਇੱਕ ਨਿੱਜੀ ਕੰਪਨੀ ਨੂੰ ਕਈ ਹਜ਼ਾਰ ਕਰੋੜ ਦੀ ਛੋਟ ਵੀ ਦਿੱਤੀ ਸੀ। ਇਹ ਸਾਰਾ ਕੁਝ ਭਾਰਤ ਦੇ ਲੋਕਾਂ ਨੂੰ ਇਹ ਦੱਸਣ ਲਈ ਕਾਫੀ ਹੋ ਸਕਦਾ ਹੈ ਕਿ ਆਪਣੇ ਆਪ ਨੂੰ ਵਿਲੱਖਣ ਦੱਸਣ ਵਾਲੇ ਮੋਦੀ ਦੇ ਅੰਦਰ ਪਤਾ ਹੀ ਨਹੀਂ ਕਿੰਨੇ ਕੁ ਵਲਾਵੇਂ ਹਨ, ਜਿਹੜੇ ਗੁਜਰਾਤ ਅਤੇ ਦੇਸ਼ ਦੇ ਲੋਕਾਂ ਨੂੰ ਧੋਖਾ ਦੇਣ ਵਾਲੇ ਹਨ। ਦੂਸਰੀ ਸੰਸਾਰ ਜੰਗ ਦੇ ਸਮੇਂ ਹਿਟਲਰ ਵੀ ਆਪਣੀ ਪ੍ਰੇਮਿਕਾ ਦੀ ਜਾਸੂਸੀ ਕਰਾਉਂਦਾ ਹੁੰਦਾ ਸੀ ਤੇ ਇਹ ਮਾਮਲਾ ਅੱਜ ਦੇ ਸਮੇਂ ਦੇ ਇੱਕ ਉਹੋ ਜਿਹੀ ਸੋਚ ਵਾਲੇ ਆਗੂ ਦੀ ਨੀਤ ਦਾ ਕੋਈ ਪ੍ਰਗਟਾਵਾ ਵੀ ਹੋ ਸਕਦਾ ਹੈ।

ਜਿਹੜੇ ਮੋਦੀ ਨੇ ਗੁਜਰਾਤ ਦੇ ਲੋਕਾਂ ਨੂੰ ਇਸ ਤਰ੍ਹਾਂ ਦੀ ਬਦ-ਅਮਨੀ ਵਿਚ ਦਿਨ ਕੱਟਣ ਲਾ ਦਿੱਤਾ ਹੈ, ਜਿਸ ਮੋਦੀ ਤੋਂ ਡਰ ਕੇ ਕੱਲ੍ਹ ਦੇ ਲੋਹ-ਪੁਰਸ਼ ਕਹਾਉਣ ਵਾਲੇ ਲਾਲ ਕ੍ਰਿਸ਼ਨ ਅਡਵਾਨੀ ਵਰਗੇ ਆਗੂ ਮੀਟਿੰਗ ਵਿਚ ਜਾਣ ਦੀ ਥਾਂ 'ਲੂਜ਼ ਮੋਸ਼ਨ' ਦਾ ਬਹਾਨਾ ਲਾਉਣ ਨੂੰ ਮਜਬੂਰ ਹੋ ਜਾਂਦੇ ਹਨ, ਉਹ ਹੁਣ ਹੋਰ ਅੱਗੇ ਵਧ ਰਿਹਾ ਹੈ। ਆਗਰੇ ਵਿਚ ਮੁਹੱਬਤਾਂ ਦਾ ਮੁਜੱਸਮਾ ਤਾਜ-ਮਹਿਲ ਹੀ ਮਸ਼ਹੂਰ ਨਹੀਂ, ਉਸ ਸ਼ਹਿਰ ਦਾ ਪਾਗਲਖਾਨਾ ਵੀ ਸਾਰੇ ਦੇਸ਼ ਵਿਚ ਪ੍ਰਸਿੱਧ ਹੈ ਤੇ ਉਸ ਪਾਗਲਖਾਨੇ ਵਾਲੇ ਸ਼ਹਿਰ ਵਿਚ ਨਰਿੰਦਰ ਮੋਦੀ ਦੀ ਆਮਦ ਵੇਲੇ ਇੱਕ ਹੋਰ ਪਾਗਲਪਣ ਹੋ ਗਿਆ ਹੈ। ਜਿਸ ਮੰਚ ਤੋਂ ਮੋਦੀ ਨੇ ਭਾਸ਼ਣ ਦੇਣਾ ਸੀ, ਉਸ ਤੋਂ ਮੋਦੀ ਦੇ ਆਉਣ ਤੋਂ ਪਹਿਲਾਂ ਦੋ ਭਾਜਪਾ ਵਿਧਾਇਕਾਂ ਸੰਗੀਤ ਸੋਮ ਤੇ ਸੁਰੇਸ਼ ਰਾਣਾ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ ਹੈ। ਵਿਸ਼ੇਸ਼ ਤੌਰ ਉਤੇ ਸਨਮਾਨਤ ਕੀਤੇ ਗਏ ਇਹ ਦੋਵੇਂ ਵਿਧਾਇਕ ਹਾਲੇ ਪਿਛਲੇ ਹਫਤੇ ਤੱਕ ਜੇਲ੍ਹ ਵਿਚ ਬੈਠੇ ਸਨ ਤੇ ਮੁਕੱਦਮਾ ਇਨ੍ਹਾਂ ਦੇ ਵਿਰੁਧ ਦੋ ਮਹੀਨੇ ਪਹਿਲਾਂ ਮੁਜ਼ੱਫਰ ਨਗਰ ਵਿਚ ਹੋਏ ਦੰਗਿਆਂ ਵਿਚ ਲੋਕਾਂ ਦੇ ਲਹੂ ਵਹਾਉਣ ਲਈ ਭੀੜ ਨੂੰ ਉਕਸਾਉਣ ਦਾ ਸੀ। ਇੱਕ ਲੜਕੀ ਨਾਲ ਛੇੜ-ਛਾੜ ਪਿੱਛੋਂ ਤਿੰਨ ਕਤਲਾਂ ਤੋਂ ਵਧੀ ਗੱਲ ਪੰਜਾਹ ਤੋਂ ਵੱਧ ਇਨਸਾਨੀ ਜਾਨਾਂ ਲੈਣ ਵਾਲੇ ਖੂਨੀ ਦੰਗੇ ਤੱਕ ਪੁੱਜਣ ਦੇ ਉਸ ਕੇਸ ਵਿਚ ਲੋਕਾਂ ਨੂੰ ਉਕਸਾਉਣ ਤੇ ਭੜਕਾਉਣ ਦੇ ਦੋਸ਼ੀ ਹੋਰ ਪਾਰਟੀਆਂ ਦੇ ਕੁਝ ਆਗੂ ਵੀ ਹਨ ਪਰ ਉਨ੍ਹਾਂ ਵਿਚੋਂ ਕਿਸੇ ਪਾਰਟੀ ਨੇ ਉਨ੍ਹਾਂ ਨੂੰ ਮੱਥੇ ਦਾ ਤਿਲਕ ਬਣਾ ਕੇ ਪੇਸ਼ ਨਹੀਂ ਕੀਤਾ। ਇਹ ਮੋਦੀ ਦੀ ਅਗਵਾਈ ਹੇਠ ਹੀ ਹੋਇਆ ਹੈ।

ਇਹ ਸਿਰਫ ਮੋਦੀ ਦੀ ਅਗਵਾਈ ਹੇਠ ਹੋ ਸਕਦਾ ਹੈ, ਉਸ ਮੋਦੀ ਦੀ ਅਗਵਾਈ ਹੇਠ, ਜਿਸ ਦੇ ਗੁਜਰਾਤ ਵਾਲੇ ਮੰਤਰੀ ਮੰਡਲ ਦੀ ਵਜ਼ੀਰ ਮਾਇਆ ਕੋਡਨਾਨੀ ਨੂੰ ਦੰਗਿਆਂ ਵਿਚ ਬੇਗੁਨਾਹਾਂ ਦੇ ਕਤਲਾਂ ਲਈ ਅਠਾਈ ਸਾਲ ਦੀ ਸਖਤ ਕੈਦ ਦੀ ਸਜ਼ਾ ਹੋਈ ਹੈ। ਸਾਬਕਾ ਵਜ਼ੀਰ ਮਾਇਆ ਕੋਡਨਾਨੀ ਬੱਚਿਆਂ ਤੇ ਔਰਤਾਂ ਦੀ ਡਾਕਟਰ ਸੀ, ਪਰ ਦੰਗਿਆਂ ਵੇਲੇ ਏਨੀ ਜ਼ਹਿਰੀਲੀ ਹੋ ਗਈ ਕਿ ਜਣੇਪੇ ਦਾ ਵਕਤ ਉਡੀਕਦੀ ਇੱਕ ਔਰਤ ਦਾ ਪੇਟ ਚੀਰ ਕੇ ਅੰਦਰੋਂ ਬੱਚਾ ਕੱਢ ਕੇ ਇਸ ਨੇ ਅੱਖਾਂ ਅੱਗੇ ਟੋਟੇ ਕਰਾਇਆ ਸੀ। ਬਦਕਿਸਮਤੀ ਨਾਲ ਜਿਸ ਮੋਦੀਪੁਣੇ ਨੇ ਇੱਕ ਹਫਤੇ ਵਿਚ ਪੂਰੇ ਸੰਸਾਰ ਦੀ ਤ੍ਰਾਹ-ਤ੍ਰਾਹ ਕਰਵਾ ਦਿੱਤੀ ਸੀ, ਉਹ ਅੱਗੇ ਵਧਦਾ ਦੰਗਿਆਂ ਦੇ ਦੋਸ਼ੀਆਂ ਨੂੰ ਸਨਮਾਨਤ ਕਰਨ ਲਈ ਆਗਰੇ ਤੱਕ ਆ ਗਿਆ ਹੈ। ਜੇ ਉਸ ਦੀ ਇਹ ਯਲਗਾਰ ਰੋਕੀ ਨਾ ਗਈ ਤਾਂ ਘਾਤਕ ਬੜੀ ਹੋਵੇਗੀ ਹਿੰਦੁਸਤਾਨ ਦੇ ਲਈ।

## ਜਨਰਲ ਕਿਆਨੀ ਦੀ ਸੇਵਾਮੁਕਤੀ ਇਸੇ ਮਹੀਨੇ

**ਇਸਲਾਮਾਬਾਦ:** ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਦੇ ਭਰਾ ਬ੍ਰਿਗੇਡੀਅਰ (ਸੇਵਾਮੁਕਤ) ਅਮਜਦ ਨੇ ਸਪਸ਼ਟ ਕੀਤਾ ਹੈ ਕਿ ਪਾਕਿਸਤਾਨ ਫੌਜ ਦੇ ਮੁਖੀ ਇਸੇ ਮਹੀਨੇ ਸੇਵਾਮੁਕਤ ਹੋ ਜਾਣਗੇ ਤੇ ਇਸ ਮਗਰੋਂ ਉਹ ਕੋਈ ਨੌਕਰੀ ਨਹੀਂ ਕਰਨਗੇ ਤੇ ਨਾ ਹੀ ਕੋਈ ਕਿਤਾਬ ਲਿਖਣਗੇ। ਉਨ੍ਹਾਂ ਦੱਸਿਆ ਕਿ ਜਨਰਲ ਜਹਾਂਗੀਰ ਕਾਮਰਾਨ ਇਕੋ-ਇਕ ਸੈਨਾ ਮੁਖੀ ਸਨ ਜਿਨ੍ਹਾਂ ਨੇ ਸੇਵਾਮੁਕਤੀ ਮਗਰੋਂ ਨੌਕਰੀ ਕੀਤੀ ਸੀ।

## ਸਰਵ-ਉਚ ਜਥੇਦਾਰ ਵੀ ਦੋਗਲੇ?

### ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਦੇ 16 ਨਵੰਬਰ ਵਾਲੇ ਅੰਕ ਵਿਚ ਡਾ. ਬੀਬੀ ਗੁਰਨਾਮ ਕੌਰ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਗਿਆਨੀ ਗੁਰਬਚਨ ਸਿੰਘ ਦੇ ਆਦੇਸ਼-ਨੁਮਾ ਬਿਆਨ ਨੂੰ ਆਪਣੇ ਲੇਖ 'ਵਰਤਮਾਨ ਸੰਦਰਭ 'ਚ ਗੁਰਦੁਆਰਾ, ਸਿੱਖ ਤੇ ਸਿੱਖਿਆ' ਦਾ ਆਧਾਰ ਬਣਾਇਆ ਹੈ। ਨਵੇਂ ਗੁਰਦੁਆਰੇ ਬਣਾਉਣ ਦੀ ਬਜਾਏ ਵੱਧ ਤੋਂ ਵੱਧ ਸਕੂਲ ਕਾਲਜ ਖੋਲ੍ਹਣ ਦੀ ਹਦਾਇਤ ਵਾਲਾ ਜਥੇਦਾਰ ਦਾ ਬਿਆਨ ਸੱਚ-ਮੁੱਚ ਸ਼ਲਾਘਾਯੋਗ ਹੈ। ਬੀਬੀ ਜੀ ਨੇ ਵੀ ਇਸ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ ਪਰ ਮੈਂ ਬੀਬੀ ਜੀ ਦਾ ਧਿਆਨ ਸਿਰਮੌਰ ਪਦਵੀ 'ਤੇ ਬੈਠੇ ਜਥੇਦਾਰ ਜੀ ਦੇ ਦੋਗਲੇ ਕਿਰਦਾਰ ਵੱਲ ਦਿਵਾਉਣਾ ਚਾਹੁੰਦਾ ਹਾਂ; ਖਾਸ ਕਰ ਕੇ ਅਮਰੀਕਨ ਸਿੱਖਾਂ ਨੂੰ ਤਾਂ ਇਸ ਗੱਲ ਦਾ ਪੂਰਾ-ਪੂਰਾ ਇਲਮ ਹੈ।

ਦਰਅਸਲ ਇਨਬਿਨ ਇਹੀ ਹੁਕਮ ਜਥੇਦਾਰ ਨੇ 2013 ਦੇ ਮਈ ਮਹੀਨੇ ਵੀ ਦਿੱਤਾ ਸੀ। ਉਦੋਂ ਵੀ ਇਸ ਦੀ ਚਾਰੇ ਪਾਸੇ ਤੋਂ ਪ੍ਰਸ਼ੰਸਾ ਹੋਈ ਸੀ ਪਰ ਹਾਲੇ ਇਸ ਅਖ਼ਬਾਰੀ ਬਿਆਨ ਦੀ ਸਿਆਹੀ ਵੀ ਨਹੀਂ ਸੀ ਸੁੱਕੀ, ਕੈਲੀਫੋਰਨੀਆ ਦੇ ਸਿੱਖਾਂ ਨੇ ਦੇਖਿਆ ਕਿ ਜਥੇਦਾਰ ਡੈਲਹਈ ਵਿਖੇ ਪਧਾਰੇ ਹੋਏ ਹਨ। ਉਥੇ ਉਨ੍ਹਾਂ ਨੇ ਪਹਿਲਾਂ ਤੋਂ ਹੀ ਦੋ ਗੁਰਦੁਆਰੇ ਹੋਣ ਦੇ ਬਾਵਜੂਦ ਨਵੇਂ ਗੁਰਦੁਆਰੇ ਦਾ ਨੀਂਹ ਪੱਥਰ ਰੱਖ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਜਿਸ ਬਾਬੇ ਨੇ ਜਥੇਦਾਰ ਦੇ 'ਕਰ ਕਮਲਾਂ' ਨਾਲ ਨਵੇਂ ਗੁਰਦੁਆਰੇ (ਅਸਲ ਵਿਚ ਡੇਰੇ) ਦੀ ਇਮਾਰਤ ਦਾ 'ਟੱਕ' ਲਗਵਾਇਆ ਹੈ, ਉਹ ਐਲਾਨੀਆ ਕਹਿੰਦਾ ਹੈ ਕਿ ਅਸੀਂ ਨਾਨਕਸਰੀ ਮਰਯਾਦਾ ਹੀ ਮੰਨਦੇ ਹਾਂ, ਪਰ ਪੰਥ ਪ੍ਰਵਾਨਤ ਰਹਿਤ ਮਰਯਾਦਾ ਹਰ ਥਾਂ ਲਾਗੂ ਕਰਾਉਣ ਦੇ ਜ਼ਿੰਮੇਵਾਰ ਜਥੇਦਾਰ ਸਾਹਿਬ ਨੇ ਇਸ ਗੱਲ ਨੂੰ ਗੌਲਿਆ ਹੀ ਨਹੀਂ। ਅੱਗੇ ਪਿੱਛੇ ਉਹ ਪੰਥ ਪ੍ਰਵਾਨਤ ਰਹਿਤ ਮਰਯਾਦਾ ਦੀ ਪਾਲਣਾ ਕਰਨ ਕਰਾਉਣ ਦੀਆਂ ਫੜ੍ਹਾਂ ਮਾਰਦੇ ਰਹਿੰਦੇ ਹਨ।

ਡੈਲਹਈ ਪਹੁੰਚ ਕੇ ਉਨ੍ਹਾਂ ਲੰਮੇ-ਲੰਮੇ ਕੇਸਰੀ ਚੋਲਿਆਂ 'ਚ ਸਜ-ਧਜ ਕੇ ਨਵੇਂ ਗੁਰਦੁਆਰੇ ਦੀ ਇਮਾਰਤ ਦਾ ਟੱਕ ਲਾ ਦਿੱਤਾ। ਪੰਜਾਬ ਜਾਂਦਿਆਂ ਹੀ ਫਿਰ ਹੁਕਮ ਜਾਰੀ ਕਰ ਦਿੱਤਾ, ਅਖੇ ਨਵੇਂ ਗੁਰਦੁਆਰੇ ਨਾ ਬਣਾਓ ਸਿੱਖੋ! ਸਿਆਸੀ ਲੋਕ ਤਾਂ ਹੁੰਦੇ ਹੀ ਚੁਫੇਰਗੜ੍ਹੀਏ ਹਨ, ਲੇਕਿਨ ਸਿਰਮੌਰ ਪਦਵੀ 'ਤੇ ਬੈਠੇ ਜਥੇਦਾਰਾਂ ਦਾ ਵੀ ਇਹ ਹਾਲ? ਤੌਬਾ ਤੌਬਾ!

ਹੁਣ ਸੁਣਨ ਵਿਚ ਆਇਆ ਹੈ ਕਿ ਸ਼੍ਰੋਮਣੀ ਕਮੇਟੀ ਵਾਲੇ ਤਲਵੰਡੀ ਸਾਬੋ ਵਿਖੇ ਬਾਬਾ ਦੀਪ ਸਿੰਘ ਸ਼ਹੀਦ ਦੀ ਯਾਦ ਵਿਚ ਇਕ ਹੋਰ ਨਵਾਂ ਗੁਰਦੁਆਰਾ ਤਾਮੀਰ ਕਰਵਾ ਰਹੇ ਹਨ। ਬੀਬੀ ਗੁਰਨਾਮ ਕੌਰ ਜੀ, ਤੁਹਾਡੇ ਸਾਡੇ ਸਭ ਦੇ ਦੇਖਦਿਆਂ ਉਤਲੇ ਬਿਆਨ ਦਾਗਣ ਵਾਲੇ ਜਥੇਦਾਰ ਸਾਹਿਬ ਨੇ ਪੀਲਾ ਝੱਗਾ ਪਾ ਕੇ ਸਾਬੋ ਕੀ ਤਲਵੰਡੀ ਵਿਖੇ ਵੀ ਸਾਰਿਆਂ ਦੇ ਮੋਹਰੇ ਹੁੰਦਿਆਂ ਨੀਂਹ ਪੱਥਰ ਰੱਖ ਦੇਣਾ ਹੈ! ਕੀ ਹੁੱਬਣਾ ਏ ਇਨ੍ਹਾਂ ਦੇ ਦੋਗਲੇ ਬਿਆਨਾਂ ਤੋਂ!

*-ਕਮਿੱਕਰ ਸਿੰਘ ਹੇਵਰਡ*

## ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ


PUNJABI RADIO USA
GURBANI RADIO
NON-STOP PUNJABI
NON-STOP HINDI
Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
DOWNLOAD THE NEW FREE IPHONE and ANDROID APP (Search for "Punjabi Radio USA" in App store and Google Play)


KHALSA
INSURANCE AGENCY, INC.
WE NOW INSURE IN 33 STATES
LARGEST INDEPENDENT INSURANCE BROKERS
REPRESENTING OVER 100 A+ RATED COMPANIES
TAXI
TAXI-CABS LIMOUSINES
COMMERCIAL AUTO
CALL TO CHECK OUR LOWEST RATES FOR
AUTO • HOME • HEALTH • LIFE
WWW.KHALSAINSURANCE.COM
LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi
Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin
3750 McKee Road, Suite A • San Jose, CA 95127 • Fax 408.493.4552
California License # 0F89805
408-272-2500 • 1-800-954-5409

# ਸਾਧੂ ਸਿੰਘ ਧਰਮਸੋਤ ਵਲੋਂ ਪੰਜਾਬੀਆਂ ਦੇ ਮਸਲੇ ਹੱਲ ਕਰਵਾਉਣ ਦਾ ਭਰੋਸਾ

**ਸੈਨ ਹੋਜ਼ੇ (ਬਿਊਰੋ):** ਪੰਜਾਬ ਵਿਧਾਨ ਸਭਾ ਦੇ ਨਾਭਾ ਹਲਕੇ ਤੋਂ ਵਿਧਾਇਕ ਅਤੇ ਇੰਟਰਨੈਸ਼ਨਲ ਬਾਜ਼ੀਗਰ-ਬਣਜਾਰਾ ਐਸੋਸੀਏਸ਼ਨ ਦੇ ਪ੍ਰਧਾਨ ਸ. ਸਾਧੂ ਸਿੰਘ ਧਰਮਸੋਤ ਆਪਣੀ ਹਾਲੀਆ ਅਮਰੀਕਾ ਫੇਰੀ ਦੌਰਾਨ ਕੈਲੀਫੋਰਨੀਆ ਤੋਂ ਇਲਾਵਾ ਨਿਊ ਯਾਰਕ ਅਤੇ ਸ਼ਿਕਾਗੋ, ਇਲੀਨਾਏ ਵੀ ਪਹੁੰਚੇ ਜਿਥੇ ਵੱਖ ਵੱਖ ਸੰਸਥਾਵਾਂ ਵਲੋਂ ਉਨ੍ਹਾਂ ਦਾ ਮਾਣ ਸਤਿਕਾਰ ਕੀਤਾ ਗਿਆ।

ਸ. ਧਰਮਸੋਤ ਨੇ ਪੰਜਾਬੀਆਂ ਦੀਆਂ ਸਮੱਸਿਆਵਾਂ ਸੁਣਨ ਉਪਰੰਤ ਇਨ੍ਹਾਂ ਦੇ ਹੱਲ ਲਈ ਹਰ ਯਤਨ ਕਰਨ ਦਾ ਭਰੋਸਾ ਦਿੱਤਾ। ਭਾਰਤੀ ਪਾਸਪੋਰਟ ਬਾਰੇ ਆ ਰਹੀ ਸਮੱਸਿਆ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪਰਨੀਤ ਕੌਰ ਦੇ ਧਿਆਨ ਵਿਚ ਇਹ ਮਾਮਲਾ ਉਚੇਚੇ ਤੌਰ 'ਤੇ ਲਿਆਉਣਗੇ। ਪੰਜਾਬ ਵਿਚ ਵਗ ਰਹੇ ਨਸ਼ਿਆਂ ਦੇ ਦਰਿਆ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਹਰੇਕ ਪੰਜਾਬੀ ਨੂੰ ਇਸ ਦਰਿਆ ਨੂੰ ਠੱਲ੍ਹਣ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਪਰਵਾਸੀ ਪੰਜਾਬੀ ਇਸ ਮਾਮਲੇ ਵਿਚ ਵੀ ਆਪਣਾ ਬਣਦਾ ਯੋਗਦਾਨ ਪਾ ਸਕਦੇ ਹਨ।

ਸ. ਧਰਮਸੋਤ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰਦੁਆਰਾ ਸੈਨ ਹੋਜ਼ੇ ਪਹੁੰਚੇ ਜਿਥੇ ਉਨ੍ਹਾਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਸਕੱਤਰ ਬਾਬ ਢਿੱਲੋਂ ਤੇ ਮੈਂਬਰ ਸਰਬਜੋਤ ਸਿੰਘ ਸਵੱਦੀ, ਭੁਪਿੰਦਰ ਸਿੰਘ ਗਿੱਲ, ਇੰਦਰਜੀਤ ਸਿੰਘ ਥਿੰਦ, ਰਾਜਿੰਦਰ ਸਿੰਘ ਮੰਘਰ, ਪ੍ਰੀਤਮ ਸਿੰਘ ਗਰੇਵਾਲ ਅਤੇ ਹੋਰ ਸੱਜਣ ਹਾਜ਼ਰ ਸਨ।




***ਸ. ਸਾਧੂ ਸਿੰਘ ਧਰਮਸੋਤ ਗੁਰੂ ਨਾਨਕ ਗੁਰਪੁਰਬ ਮੌਕੇ ਗੁਰਦੁਆਰਾ ਸੈਨ ਹੋਜੇ ਪਹੁੰਚੇ ਜਿਥੇ ਉਨ੍ਹਾਂ ਨੂੰ ਗੁਰੂਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਨਿਵਾਜਿਆ ਗਿਆ। ਤਸਵੀਰ ਵਿਚ ਭੁਪਿੰਦਰ ਸਿੰਘ ਢਿਲੋਂ, ਪ੍ਰੀਤਮ ਸਿੰਘ ਗਰੇਵਾਲ, ਇੰਦਰਜੀਤ ਸਿੰਘ ਥਿੰਦ, ਸਰਬਜੋਤ ਸਿੰਘ ਸਵੱਦੀ, ਭੁਪਿੰਦਰ ਸਿੰਘ ਗਿੱਲ, ਸਵਰਨ ਸਿੰਘ ਬਿਲਿੰਗ (ਰੁੜਕੀ) ਅਤੇ ਰਾਜਿੰਦਰ ਸਿੰਘ ਮੰਘਰ ਸ. ਧਰਮਸੋਤ ਨਾਲ।***

ਲੰਘੀ 17 ਨਵੰਬਰ ਨੂੰ ਇਥੇ ਸੁਨੇਹਾ ਰੈਸਟੋਰੈਂਟ, ਸੰਨੀਵੇਲ ਵਿਚ ਬਾਜ਼ੀਗਰ-ਬਣਜਾਰਾ ਐਸੋਸੀਏਸ਼ਨ, ਬੇਏਰੀਆ ਵਲੋਂ ਉਨ੍ਹਾਂ ਦੇ ਮਾਣ ਵਿਚ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਗਈ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੰਨੀਵੇਲ ਮੰਦਰ ਦੇ ਖਜ਼ਾਨਚੀ ਰਾਜ ਭਨੋਟ, ਭੁਪਿੰਦਰ ਸਿੰਘ ਗਿੱਲ, ਸੁੱਚਾ ਰਾਮ ਭਾਰਟਾ, ਗੀਤਕਾਰ ਮੱਖਣ ਲੁਹਾਰਾਂ ਵਾਲਾ, ਸਵਰਨ ਸਿੰਘ ਬਿਲਿੰਗ (ਰੁੜਕੀ), ਰਾਜ ਕੁਮਾਰ ਸੂਦ, ਇੰਦਰਜੀਤ ਸਿੰਘ ਥਿੰਦ, ਚੰਨਣ ਰਾਮ ਧਰਮਸੋਤ, ਦੇਸ ਰਾਜ ਧਰਮਸੋਤ, ਮਨਦੀਪ ਸਿੰਘ ਧਰਮਸੋਤ, ਜਵਾਲਾ ਸਿੰਘ ਮੁਛਾਲ, ਵਾਸੂ ਸਿੰਘ ਮੁਛਾਲ, ਸੰਨੀ ਮੁਛਾਲ, ਚੰਨਣ ਰਾਮ ਗੁੱਡਾ, ਰੋਲੂ ਰਾਮ ਸਮਰਾਲਾ, ਕ੍ਰਿਸ਼ਨ ਕੁਮਾਰ, ਬਿੰਦਰ ਧਰਮਸੋਤ, ਰਿਤੇਸ਼ ਧਰਮਸੋਤ, ਮਿਤੇਸ਼ ਧਰਮਸੋਤ, ਸੁਖਵੀਰ ਸਿੰਘ ਸੁੱਖੀ, ਪਿਆਰਾ ਸਿੰਘ ਨਾਭਾ, ਨਿਸ਼ਾਨ ਸਿੰਘ ਵਿਰਕ, ਗੁਰਸ਼ਰਨ ਸਿੰਘ ਸਰਨਾ, ਪੱਤਰਕਾਰ ਅਸ਼ੋਕ ਭੌਰਾ ਤੇ ਤਾਰਾ ਸਿੰਘ ਸਾਗਰ ਹਾਜ਼ਰ ਸਨ।

ਇਸ ਤੋਂ ਪਹਿਲਾਂ 16 ਨਵੰਬਰ ਦੀ ਸ਼ਾਮ ਬੇਕਰਜ਼ਫੀਲਡ ਵਿਚ ਅਮਲੋਹ ਅਤੇ ਨਾਭਾ ਇਲਾਕੇ ਦੇ ਨਿਵਾਸੀਆਂ ਵਲੋਂ ਸ. ਧਰਮਸੋਤ ਦੇ ਮਾਣ ਵਿਚ ਇਕ ਸਮਾਗਮ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਵਰਨ ਸਿੰਘ ਬਿਲਿੰਗ, ਸਤਿੰਦਰ ਸਿੰਘ ਬਾਬੀ (ਬਰੀਮਾ), ਹਰਬੰਸ ਸਿੰਘ (ਮੋਹਲ ਗੁਆਰਾ), ਸਰਬਜੀਤ ਸਿੰਘ ਖਹਿਰਾ, ਦਵਿੰਦਰ ਸਿੰਘ ਰਾਣਾ, ਇੰਦਰਜੀਤ ਸਿੰਘ ਦਿਓਲ, ਬਾਈ ਕੰਗ, ਸਤਬੀਰ ਸਿੰਘ ਭੰਗੂ, ਕੁਲਦੀਪ ਸਿੰਘ ਮੰਡੇਰ (ਜਰਗ) ਅਤੇ ਲਖਬੀਰ ਸਿੰਘ ਢਿੱਲੋਂ ਹਾਜ਼ਰ ਸਨ। ਉਨ੍ਹਾਂ ਦੇ ਮਾਣ ਵਿਚ ਇਕ ਸਮਾਗਮ ਸੇਫਵੇਅ ਟਰੱਕ ਡਰਾਈਵਿੰਗ ਸਕੂਲ ਵਿਖੇ ਵੀ ਕੁਲਦੀਪ ਸਿੰਘ ਮੰਡੇਰ, ਹਰਜੀਤ ਸਿੰਘ ਮੰਡੇਰ, ਅਜਮੇਰ ਸਿੰਘ ਮੰਡੇਰ, ਕੁਲਦੀਪ ਸਿੰਘ ਨਾਗਰਾ ਅਤੇ ਸਵਰਨ ਸਿੰਘ ਬਿਲਿੰਗ ਵਲੋਂ ਕੀਤਾ ਗਿਆ।

ਸ. ਧਰਮਸੋਤ ਮਿਲਵਾਕੀ ਅਤੇ ਸ਼ਿਕਾਗੋ ਵੀ ਗਏ। ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਪਿਛਲੇ ਸਾਲ 5 ਅਗਸਤ ਨੂੰ ਹੋਏ ਗੋਲੀ ਕਾਂਡ ਵਿਚ ਮਾਰੇ ਗਏ ਛੇ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਗੁਰਦੁਆਰਾ ਓਕ ਕਰੀਕ ਪਹੁੰਚੇ ਅਤੇ ਸ਼ਹੀਦ ਸ. ਸਤਵੰਤ ਸਿੰਘ ਕਾਲੇਕਾ ਦੀ ਧਰਮਪਤਨੀ ਸ੍ਰੀਮਤੀ ਸਤਪਾਲ ਕੌਰ ਕਾਲੇਕਾ ਨਾਲ ਦੁੱਖ ਸਾਂਝਾ ਕੀਤਾ। ਇਸ ਦੌਰੇ ਦੌਰਾਨ ਗੁਰਵਿੰਦਰ ਸਿੰਘ ਖੱਟੜਾ, ਧਰਮਿੰਦਰ ਸਿੰਘ ਖੱਟੜਾ, ਯਾਦਵਿੰਦਰ ਸਿੰਘ ਖੱਟੜਾ, ਰਾਜਨ ਸਿੰਘ ਚੋਪੜਾ, ਕੁਲਦੀਪ ਸਿੰਘ ਲੰਗ, ਜਸਬੀਰ ਸਿੰਘ ਲੰਗ, ਦੀਦਾਰ ਸਿੰਘ, ਹਨੀ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਗਿੱਲ, ਬਿੱਟੂ ਗਿੱਲ, ਗੁਰਮੀਤ ਸਿੰਘ ਕਾਲੇਕਾ, ਸਵਰਨ ਸਿੰਘ, ਵਿਕਰਮਜੀਤ ਸਿੰਘ ਸੇਖੋਂ ਅਤੇ ਹੋਰ ਸੱਜਣਾਂ ਵਲੋਂ ਸ. ਧਰਮਸੋਤ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਨਿਊ ਯਾਰਕ ਦੀ ਫੇਰੀ ਦੌਰਾਨ ਸ. ਧਰਮਸੋਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਗਏ ਜਿਥੇ ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਨਿਵਾਜਿਆ ਗਿਆ।

***(ਹੋਰ ਤਸਵੀਰਾਂ ਅਗਲੇ ਸਫੇ 'ਤੇ ਦੇਖੋ)***


ੴ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

ਮਹੱਲਾ ੪॥

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ (The land where my True Guru is present becomes green and fertile.)

ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥ (Those beings who go and behold my True Guru are rejuvenated.)

## ਗੁਰਦੁਆਰਾ ਸਾਹਿਬ ਸਿੰਘ ਸਭਾ, ਬੇ-ਏਰੀਆ, ਮਿਲਪੀਟਸ

# ਉਦਘਾਟਨੀ ਸਮਾਗਮ

**ਅਰੰਭ ਸ੍ਰੀ ਅਖੰਡ ਪਾਠ: ਸ਼ੁੱਕਰਵਾਰ 29 ਨਵੰਬਰ 2013, ਸਵੇਰੇ 9:30 ਵਜੇ**

**ਭੋਗ ਸ੍ਰੀ ਅਖੰਡ ਪਾਠ: ਐਤਵਾਰ ਪਹਿਲੀ ਦਸੰਬਰ 2013, ਸਵੇਰੇ 9:30 ਵਜੇ**

ਪੰਥ ਦੇ ਮਹਾਨ ਕੀਰਤਨੀ ਜਥੇ ਇਲਾਹੀ ਬਾਣੀ ਦੇ ਕੀਰਤਨ ਨਾਲ ਨਿਹਾਲ ਕਰਨਗੇ ਤੇ ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।

ਸਭ ਸੰਗਤਾਂ ਨੂੰ ਹੁਮ ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ

*ਗੁਰੂ ਕਾ ਲੰਗਰ ਅਟੁੱਟ ਵਰਤੇਗਾ*

ਹੋਰ ਜਾਣਕਾਰੀ ਲਈ ਸੰਪਰਕ ਕਰੋ

ਬਚਿੱਤਰ ਸਿੰਘ ਸੰਘਾ, ਫੋਨ: 408-926-9157

**Gurdwara Singh Sabha Bay Area**

*680 East Calaveras Blvd., Milpitas, CA 95035*





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼

✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

✓ ਬਗੈਰ ਪਿੰਨ ਤੋਂ ਵਰਤੋ

✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400

# ਵਿਧਾਇਕ ਸਾਧੂ ਸਿੰਘ ਧਰਮਸੋਤ ਦੀ ਅਮਰੀਕਾ ਫੇਰੀ: ਤਸਵੀਰਾਂ ਦੀ ਜ਼ੁਬਾਨੀ



ਬਾਜ਼ੀਗਰ-ਬਣਜਾਰਾ ਐਸੋਸੀਏਸ਼ਨ, ਬੇਏਰੀਆ, ਕੈਲੀਫੋਰਨੀਆ ਵਲੋਂ ਸ. ਸਾਧੂ ਸਿੰਘ ਧਰਮਸੋਤ ਦਾ ਸਨਮਾਨ ਕੀਤੇ ਜਾਣ ਮੌਕੇ ਦੀ ਇਸ ਤਸਵੀਰ ਵਿਚ ਰਾਜ ਭਨੋਟ, ਓਮ ਪ੍ਰਕਾਸ਼ ਕਮਲ, ਸਵਰਨ ਸਿੰਘ ਬਿਲਿੰਗ, ਚੰਨਣ ਰਾਮ ਧਰਮਸੋਤ, ਦੇਸ ਰਾਜ ਧਰਮਸੋਤ, ਸੁੱਚਾ ਰਾਮ ਭਾਰਟਾ (ਪ੍ਰਧਾਨ, ਗੁਰੂ ਰਵਿਦਾਸ ਸਭਾ, ਬੇਏਰੀਆ), ਪੱਤਰਕਾਰ ਐਸ. ਅਸ਼ੋਕ ਭੌਰਾ, ਤਾਰਾ ਸਿੰਘ ਸਾਗਰ (ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਸਭਾ, ਬੇਏਰੀਆ) ਅਤੇ ਗੀਤਕਾਰ ਮੱਖਣ ਲੁਹਾਰਾਂ ਵਾਲਾ।



ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਸ. ਸਾਧੂ ਸਿੰਘ ਧਰਮਸੋਤ ਸਵਰਨ ਸਿੰਘ ਬਿਲਿੰਗ (ਰੁੜਕੀ), ਗੁਰਵਿੰਦਰ ਸਿੰਘ ਖੱਟੜਾ, ਗੁਰਮੀਤ ਸਿੰਘ ਕਾਲੇਕਾ, ਅੰਮ੍ਰਿਤਪਾਲ ਸਿੰਘ ਗਿੱਲ, ਵਿਕਰਮਜੀਤ ਸਿੰਘ ਸੇਖੋਂ ਅਤੇ ਹੋਰਨਾਂ ਨਾਲ।



ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਸ. ਸਾਧੂ ਸਿੰਘ ਧਰਮਸੋਤ ਸ਼ਹੀਦ ਸ. ਸਤਵੰਤ ਸਿੰਘ ਕਾਲੇਕਾ ਦੀ ਧਰਮਪਤਨੀ ਸ੍ਰੀਮਤੀ ਸਤਪਾਲ ਕੌਰ ਕਾਲੇਕਾ ਨਾਲ ਦੁੱਖ ਸਾਂਝਾ ਕਰਨ ਉਪਰੰਤ ਸਵਰਨ ਸਿੰਘ ਬਿਲਿੰਗ (ਰੁੜਕੀ), ਗੁਰਵਿੰਦਰ ਸਿੰਘ ਖੱਟੜਾ, ਗੁਰਮੀਤ ਸਿੰਘ ਕਾਲੇਕਾ, ਅੰਮ੍ਰਿਤਪਾਲ ਸਿੰਘ ਗਿੱਲ, ਵਿਕਰਮਜੀਤ ਸਿੰਘ ਸੇਖੋਂ ਅਤੇ ਹੋਰਨਾਂ ਨਾਲ।



ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਨਿਊ ਯਾਰਕ ਵਿਖੇ ਸ. ਸਾਧੂ ਸਿੰਘ ਧਰਮਸੋਤ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਨਾਲ ਨਿਵਾਜਦੇ ਹੋਏ ਗੁਰਦੁਆਰਾ ਪ੍ਰਬੰਧਕ, ਪ੍ਰੀਤਮ ਸਿੰਘ ਗਿਲਜੀਆਂ, ਪੀਟਰ ਤਾਲ ਅਤੇ ਹੋਰ ਪਤਵੰਤੇ




ਸੇਫਵੇਅ ਟਰੱਕ ਡਰਾਈਵਿੰਗ ਸਕੂਲ, ਬੇਕਰਜ਼ਫੀਲਡ ਵਿਖੇ ਸ. ਸਾਧੂ ਸਿੰਘ ਧਰਮਸੋਤ ਦਾ ਸਨਮਾਨ ਕਰਨ ਸਮੇਂ ਕੁਲਦੀਪ ਸਿੰਘ ਮੰਡੇਰ (ਜਰਗ), ਹਰਜੀਤ ਸਿੰਘ ਮੰਡੇਰ, ਅਜਮੇਰ ਸਿੰਘ ਮੰਡੇਰ, ਕੁਲਦੀਪ ਸਿੰਘ ਨਾਗਰਾ, ਸਵਰਨ ਸਿੰਘ ਬਿਲਿੰਗ ਤੇ ਹੋਰ ਸੱਜਣ।



ਸ਼ਿਕਾਗੋ ਵਿਚ ਸ. ਸਾਧੂ ਸਿੰਘ ਧਰਮਸੋਤ ਦਾ ਸਨਮਾਨ ਕਰਨ ਸਮੇਂ ਸਵਰਨ ਸਿੰਘ ਬਿਲਿੰਗ, ਗੁਰਵਿੰਦਰ ਸਿੰਘ ਖੱਟੜਾ, ਧਰਮਿੰਦਰ ਸਿੰਘ ਖੱਟੜਾ, ਯਾਦਵਿੰਦਰ ਸਿੰਘ ਖੱਟੜਾ, ਜਸਬੀਰ ਸਿੰਘ ਲੰਗ, ਦੀਦਾਰ ਸਿੰਘ, ਕੁਲਦੀਪ ਸਿੰਘ ਲੰਗ, ਹਨੀ ਢਿੱਲੋਂ, ਮਨਜੀਤ ਸਿੰਘ ਗਿੱਲ, ਬਿੱਟੂ ਗਿੱਲ, ਗੁਰਮੀਤ ਸਿੰਘ ਕਾਲੇਕਾ, ਅੰਮ੍ਰਿਤਪਾਲ ਸਿੰਘ ਗਿੱਲ ਅਤੇ ਹੋਰ।



ਨਾਭਾ ਅਤੇ ਅਮਲੋਹ ਇਲਾਕੇ ਦੇ ਨਿਵਾਸੀਆਂ ਵਲੋਂ ਸ. ਸਾਧੂ ਸਿੰਘ ਧਰਮਸੋਤ ਦੇ ਮਾਣ ਵਿਚ ਇੰਡੀਅਨ ਕੁਜ਼ੀਨ ਵਿਚ ਕੀਤੀ ਗਈ ਦਾਅਵਤ ਸਮੇਂ ਦੀ ਇਸ ਤਸਵੀਰ ਵਿਚ ਸਵਰਨ ਸਿੰਘ ਬਿਲਿੰਗ (ਰੁੜਕੀ), ਸਤਿੰਦਰ ਸਿੰਘ ਬਾਬੀ (ਬਰੀਮਾ), ਹਰਬੰਸ ਸਿੰਘ (ਮੋਹਾਲ ਗੁਆਰਾ), ਸਰਬਜੀਤ ਸਿੰਘ ਖਹਿਰਾ, ਦਵਿੰਦਰ ਸਿੰਘ ਰਾਣਾ, ਇੰਦਰਜੀਤ ਸਿੰਘ ਦਿਓਲ, ਕੁਲਦੀਪ ਸਿੰਘ ਮੰਡੇਰ, ਲਖਬੀਰ ਸਿੰਘ ਢਿੱਲੋਂ ਅਤੇ ਹੋਰ ਪਤਵੰਤੇ ਸੱਜਣ ਸ. ਧਰਮਸੋਤ ਦਾ ਸਨਮਾਨ ਕਰਦੇ ਹੋਏ।



ਨਾਭਾ ਅਤੇ ਅਮਲੋਹ ਇਲਾਕੇ ਦੇ ਨਿਵਾਸੀਆਂ ਵਲੋਂ ਸ. ਸਾਧੂ ਸਿੰਘ ਧਰਮਸੋਤ ਦੇ ਮਾਣ ਵਿਚ ਇੰਡੀਅਨ ਕੁਜ਼ੀਨ ਵਿਚ ਕੀਤੀ ਗਈ ਦਾਅਵਤ ਸਮੇਂ ਦੀ ਇਸ ਤਸਵੀਰ ਵਿਚ ਸਵਰਨ ਸਿੰਘ ਬਿਲਿੰਗ, ਸਤਿੰਦਰ ਸਿੰਘ ਬਾਬੀ (ਬਰੀਮਾ), ਹਰਬੰਸ ਸਿੰਘ (ਮੋਹਲ ਗੁਆਰਾ), ਦਵਿੰਦਰ ਸਿੰਘ ਰਾਣਾ, ਕੁਲਦੀਪ ਸਿੰਘ ਮੰਡੇਰ (ਜਰਗ), ਲਖਬੀਰ ਸਿੰਘ ਢਿੱਲੋਂ ਅਤੇ ਹੋਰ ਪਤਵੰਤੇ ਸੱਜਣ ਸ. ਧਰਮਸੋਤ ਦਾ ਸਨਮਾਨ ਕਰਦੇ ਹੋਏ।



ਹਿੰਦੂ ਮੰਦਿਰ ਸੰਨੀਵੇਲ ਵਿਚ ਸ੍ਰੀ ਰਾਜ ਭਨੋਟ (ਖਜਾਨਚੀ), ਓਮ ਪ੍ਰਕਾਸ਼ ਕਮਲ (ਸੰਪਾਦਕ ਬਣਜਾਰਾ ਟਾਈਮਜ਼ ਇੰਕ ਡਾਟ ਕਾਮ), ਸਵਰਨ ਸਿੰਘ ਬਿਲਿੰਗ, ਬਾਜ਼ੀਗਰ-ਬਣਜਾਰਾ ਐਸੋਸੀਏਸ਼ਨ, ਬੇਏਰੀਆ ਦੇ ਪ੍ਰਧਾਨ ਚੰਨਣ ਰਾਮ ਧਰਮਸੋਤ ਤੇ ਜਨਰਲ ਸਕੱਤਰ ਦੇਸ ਰਾਜ ਧਰਮਸੋਤ ਅਤੇ ਮੰਦਿਰ ਦੇ ਪੁਜਾਰੀ।



ਬਾਜ਼ੀਗਰ-ਬਣਜਾਰਾ ਐਸੋਸੀਏਸ਼ਨ, ਬੇ ਏਰੀਆ, ਕੈਲੀਫੋਰਨੀਆ ਵਲੋਂ ਨਾਭਾ ਤੋਂ ਵਿਧਾਇਕ ਅਤੇ ਇੰਟਰਨੈਸ਼ਨਲ ਬਾਜ਼ੀਗਰ-ਬਣਜਾਰਾ ਐਸੋਸੀਏਸ਼ਨ ਦੇ ਪ੍ਰਧਾਨ ਸ. ਸਾਧੂ ਸਿੰਘ ਧਰਮਸੋਤ ਦਾ ਸਨਮਾਨ ਕੀਤੇ ਜਾਣ ਸਮੇਂ ਦੀ ਇਸ ਗਰੁਪ ਫੋਟੋ ਵਿਚ ਰਾਜ ਭਨੋਟ, ਓਮ ਪ੍ਰਕਾਸ਼ ਕਮਲ, ਸਵਰਨ ਸਿੰਘ ਬਿਲਿੰਗ, ਪ੍ਰੀਤਮ ਸਿੰਘ ਗਰੇਵਾਲ, ਇੰਦਰਜੀਤ ਸਿੰਘ ਥਿੰਦ, ਭੁਪਿੰਦਰ ਸਿੰਘ ਗਿੱਲ, ਸੁਖਵੀਰ ਸਿੰਘ ਸੁੱਖੀ, ਚੰਨਣ ਰਾਮ ਧਰਮਸੋਤ, ਦੇਸ ਰਾਜ ਧਰਮਸੋਤ, ਜਵਾਲਾ ਸਿੰਘ ਮੁੱਛਲ (ਮਾਲਕ ਤਾਜ-ਏ-ਚਾਟ ਰੈਸਟੋਰੈਂਟ, ਫਰੀਮਾਂਟ), ਮਨਦੀਪ ਸਿੰਘ ਧਰਮਸੋਤ, ਸੁੱਚਾ ਰਾਮ ਭਾਰਟਾ (ਪ੍ਰਧਾਨ, ਗੁਰੂ ਰਵਿਦਾਸ ਸਭਾ, ਬੇਏਰੀਆ), ਸੁਰਿੰਦਰ ਸਿੰਘ ਕੰਗ, ਪੱਤਰਕਾਰ ਐਸ. ਅਸ਼ੋਕ ਭੌਰਾ, ਤਾਰਾ ਸਿੰਘ ਸਾਗਰ (ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਸਭਾ, ਬੇਏਰੀਆ) ਤੇ ਗੁਰਸ਼ਰਨ ਸਰਨਾ।

*Sponsored Page*

Malwa Financial & Insurance Agency
Lic # 0D75499

ਟਰੱਕਾਂ ਦੀ ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ
ਫਰੀ ਕੋਟ ਲੈਣ ਲਈ ਅੱਜ ਹੀ ਸੰਪਰਕ ਕਰੋ



- Produce & General Truckers
- Long Haul Coverage
- Intermediate & Local Radius
- Downtime Coverage
- Single deductible
- Towing & Debris Removal
- Higher Limit on Earned Freight

Kanwaljit Singh: Lic # 0B59734
Harminder Gill: Lic # 0747955
Phone: 510-651-3100
Email: malwa@malwaassociates.com
Web. www.malwaassociates.com




ਸੀਨੀਅਰ ਸਿਟੀਜ਼ਨ ਸਪੋਰਟਸ ਕਲੱਬ, ਫਰਿਜ਼ਨੋ ਦੇ ਪ੍ਰਧਾਨ ਇੰਦਰਜੀਤ ਨਾਗਰਾ ਕਲੱਬ ਦੇ ਮੈਂਬਰ ਬਜ਼ੁਰਗਾਂ ਨਾਲ। ਇਸ ਕਲੱਬ ਵਲੋਂ ਬਜ਼ੁਰਗਾਂ ਦੀ ਚੜ੍ਹਦੀ ਕਲਾ ਅਤੇ ਸਿਹਤਮੰਦੀ ਲਈ ਸਮੇਂ ਸਮੇਂ ਬਜ਼ੁਰਗਾਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ।



ਕਥਾਵਾਚਕ ਭਾਈ ਪੰਥਪ੍ਰੀਤ ਸਿੰਘ ਦੀ ਕੈਲੀਫੋਰਨੀਆ ਪ੍ਰਚਾਰ ਫੇਰੀ ਦੀ ਸਮਾਪਤੀ 'ਤੇ ਗੁਰਦੁਆਰਾ ਬਿਊਨਾ ਪਾਰਕ (ਐਲ.ਏ.) ਵਿਖੇ ਉਨ੍ਹਾਂ ਦਾ ਪਲੇਕ ਨਾਲ ਸਨਮਾਨ ਕਰ ਰਹੇ ਵਰਲਡ ਸਿੱਖ ਫੈਡਰੇਸ਼ਨ ਦੇ ਸੇਵਾਦਾਰ ਵਰਿੰਦਰ ਸਿੰਘ ਗੋਲਡੀ, ਗੁਰਦਿਆਲ ਸਿੰਘ, ਗੁਰਮੀਤ ਸਿੰਘ ਗੋਲਡੀ, ਰਾਣਾ ਸਿੰਘ ਰਾਏ, ਹਰਬੰਸ ਸਿੰਘ ਅਤੇ ਹਰਿੰਦਰ ਸਿੰਘ। ਆਪਣੀ ਇਸ ਪ੍ਰਚਾਰ ਫੇਰੀ ਦੌਰਾਨ ਭਾਈ ਪੰਥਪ੍ਰੀਤ ਸਿੰਘ ਨੇ ਵੱਖ ਵੱਖ ਗੁਰੂ ਘਰਾਂ ਵਿਚ ਕਥਾ ਵਿਚਾਰ ਕਰਦਿਆਂ ਸੰਗਤਾਂ ਨੂੰ ਦੇਹਧਾਰੀ ਸਾਧਾਂ-ਸੰਤਾਂ ਦਾ ਲੜ ਛੱਡ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ।







## ਸ਼ਹਿਦ ਘੁਲੀ ਆਵਾਜ਼

# ਸੁਰੱਈਆ

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।*

**ਖ਼ਾਮੋਸ਼ ਸੁਰਾਂ 7**

**ਸੁਰਿੰਦਰ ਸਿੰਘ ਤੇਜ**
**ਫੋਨ: 91-98555-01488**

ਆਪਣੇ ਜ਼ਮਾਨੇ ਦੀ ਸਭ ਤੋਂ ਵੱਡੀ ਸਟਾਰ ਸੀ ਸੁਰੱਈਆ। 1948 ਤੋਂ ਲੈ ਕੇ 1954 ਤਕ ਦੇ ਅਰਸੇ ਦੌਰਾਨ ਫਿਲਮਾਂ ਵਿਚ ਕੰਮ ਕਰਨ ਲਈ ਜਿੰਨੀ ਰਕਮ ਉਹ ਲੈਂਦੀ ਸੀ; ਉਹ ਨਰਗਿਸ, ਨਿੰਮੀ ਜਾਂ ਕਿਸੇ ਵੀ ਹੋਰ ਅਭਿਨੇਤਰੀ ਨੂੰ ਨਹੀਂ ਸੀ ਮਿਲਦੀ। ਇਸ ਦੀ ਇਕ ਵਜ੍ਹਾ ਸੀ ਕਿ ਉਹ ਆਪਣੇ ਗੀਤ ਖੁਦ ਗਾਉਂਦੀ ਸੀ ਅਤੇ ਇਹ ਗੀਤ ਮਕਬੂਲ ਵੀ ਖ਼ੂਬ ਹੁੰਦੇ ਸਨ। ਹਾਲਾਂਕਿ ਉਹ ਸਿੱਖਿਅਤ ਗਾਇਕਾ ਨਹੀਂ ਸੀ ਅਤੇ ਨਾ ਹੀ ਨਿਯਮਿਤ ਤੌਰ 'ਤੇ ਰਿਆਜ਼ ਕਰਦੀ ਸੀ, ਫਿਰ ਵੀ ਉਸ ਦੀ ਆਵਾਜ਼ ਅੰਦਰਲੀ ਸ਼ਹਿਦਨੁਮਾ ਮਿਠਾਸ, ਗੀਤ ਦੇ ਬੋਲਾਂ ਅੰਦਰਲੇ ਹਾਵ-ਭਾਵ ਨੂੰ ਸਹਿਜ, ਸੁਹਜ ਤੇ ਸ਼ੁੱਧਤਾ ਨਾਲ ਪ੍ਰਗਟਾਉਣ ਦੀ ਅਮੀਰੀ ਅਤੇ ਉਸ ਦੇ ਗਲੇ ਅੰਦਰਲੀ ਮਿੱਠੀ ਜਿਹੀ ਦਿਲਗ਼ੀਰੀ ਉਸ ਦੇ ਗੀਤਾਂ ਨੂੰ ਅਮਰ ਬਣਾ ਜਾਂਦੇ ਸਨ। ਗੀਤ ਚਾਹੇ 'ਧੜਕਤੇ ਦਿਲ ਕੀ ਤਮੰਨਾ ਹੋ' ਹੋਵੇ ਜਾਂ 'ਆਪ ਸੇ ਪਿਆਰ ਹੂਆ ਜਾਤਾ ਹੈ' (ਦੋਵੇਂ ਫਿਲਮ ਸ਼ਮ੍ਹਾ, 1961) ਹੋਵੇ ਜਾਂ ਫ਼ਿਰ 'ਨੁਕਤਾਚੀਨ ਐ ਗ਼ਮੇ ਦਿਲ' ਹੋਵੇ ਜਾਂ 'ਵੋ ਪਾਸ ਰਹੇਂ ਯਾ ਦੂਰ ਰਹੇਂ ਨਜ਼ਰੋਂ ਮੇਂ ਸਮਾਏ ਰਹਿਤੇ ਹੈਂ' ਹੋਵੇ; ਸੁਰੱਈਆ ਦੀ ਆਵਾਜ਼ ਅੰਦਰਲੀ ਲੋਚ, ਮਿੱਠਤ ਤੇ ਰਵਾਨੀ ਇਨ੍ਹਾਂ ਅੰਦਰ ਅਨੂਠੀ ਜਾਨ ਪਾ ਦਿੰਦੀ ਸੀ।



ਸੁਰੱਈਆ ਨੇ ਕਦੇ ਵੀ ਆਪਣੇ ਆਪ ਨੂੰ ਪੇਸ਼ੇਵਰ ਗਾਇਕਾਵਾਂ ਦੀ ਕਤਾਰ ਵਿਚ ਨਹੀਂ ਰੱਖਿਆ। ਗਾਇਕੀ ਉਸ ਲਈ ਮਹਿਜ਼ ਸ਼ੌਕ ਸੀ। ਆਪਣੀਆਂ ਫਿਲਮਾਂ ਵਿਚ ਉਸ ਨੇ ਗੀਤ ਗਾਏ ਜ਼ਰੂਰ, ਪਰ ਸਿਰਫ ਅਦਾਕਾਰੀ ਦੀ ਐਕਸਟੈਨਸ਼ਨ ਦੇ ਰੂਪ ਵਿਚ। ਉਹ ਨੂਰਜਹਾਂ ਦੀ ਜੂਨੀਅਰ ਸੀ ਅਤੇ ਲਤਾ ਮੰਗੇਸ਼ਕਰ ਦੀ ਸੀਨੀਅਰ। ਆਪਣੀ ਇਸ ਪੁਜ਼ੀਸ਼ਨ ਨੂੰ ਉਹ ਗਾਇਕਾ ਵਜੋਂ ਬਹੁਤ ਚੰਗੀ ਤਰ੍ਹਾਂ ਭੁਨਾ ਵੀ ਸਕਦੀ ਸੀ, ਪਰ ਉਸ ਨੇ ਅਜਿਹਾ ਨਹੀਂ ਕੀਤਾ। 30 ਸਾਲਾਂ ਤੋਂ ਘੱਟ ਉਮਰ ਵਿਚ ਦਿਲਲਗੀ, ਦਿਲਦਾਰੀ ਤੇ ਦਿਲਕੁਸ਼ੀ ਤਕ ਦੇ ਬਿਖੜੇ ਸਫ਼ਰ ਵਿਚੋਂ ਗੁਜ਼ਰਨ ਮਗਰੋਂ ਉਸ ਨੇ ਫਿਲਮ ਸੰਗੀਤ ਪ੍ਰਤੀ ਵੀ ਉਹੀ ਉਦਾਸੀਨਤਾ ਆਪਣੇ ਅੰਦਰ ਜਗਾ ਲਈ ਜੋ ਅਦਾਕਾਰੀ ਪ੍ਰਤੀ ਆਪਣੇ ਅੰਦਰ ਜਗਾਈ ਸੀ। ਗਾਇਕਾ ਵਜੋਂ ਆਪਣੇ ਜੀਵਨ ਦੀ ਸ਼ੁਰੂਆਤ ਸੰਗੀਤਕਾਰ ਨੌਸ਼ਾਦ ਅਲੀ ਦੇ ਨਿਰਦੇਸ਼ਨ ਹੇਠ ਅਦਾਕਾਰਾ ਮਹਿਤਾਬ ਦੀ ਆਵਾਜ਼ ਦੇ ਰੂਪ ਵਿਚ ਸ਼ੁਰੂ ਕਰਨ ਅਤੇ ਤਿੰਨ ਫਿਲਮਾਂ 'ਸ਼ਾਰਦਾ' (1942), 'ਕਾਨੂੰਨ' (1943) ਤੇ 'ਸੰਜੋਗ' (1943) ਵਿਚ ਮਹਿਤਾਬ ਲਈ ਪਿੱਠਵਰਤੀ ਗਾਇਨ ਕਰਨ ਦੇ ਬਾਵਜੂਦ ਉਸ ਨੇ ਇਸ ਕਲਾ ਪ੍ਰਤੀ ਕਦੇ ਹੇਜ ਨਹੀਂ ਦਰਸਾਇਆ। 1949 ਵਿਚ ਸੁਰੱਈਆ ਦੇ ਗੀਤ ਲਗਾਤਾਰ ਹਿੱਟ ਹੋ ਰਹੇ ਸਨ ਅਤੇ ਸੰਗੀਤਕਾਰ ਉਸ ਨੂੰ ਲਤਾ ਨਾਲੋਂ ਵੱਧ ਅਹਿਮੀਅਤ ਦੇ ਰਹੇ ਸਨ, ਪਰ ਉਸ ਨੇ ਆਪਣੀ ਫ਼ਿਲਮ 'ਦੁਨੀਆ' ਦੇ ਗੀਤ ਲਤਾ ਤੋਂ ਗਵਾਉਣ ਦੀ ਜ਼ਿੱਦ ਸੰਗੀਤਕਾਰ ਸੀ. ਰਾਮਚੰਦਰ ਕੋਲ ਕੀਤੀ ਅਤੇ ਮਨਵਾਈ। ਉਹ ਇਸ ਲਈ ਕਿ ਉਹ ਰਿਕਾਰਡਿੰਗਜ਼ ਦੀ ਥਾਂ ਆਪਣਾ ਸਮਾਂ ਆਪਣੇ ਹਮਦਮ ਦੇਵ ਆਨੰਦ ਨਾਲ ਵੱਖ ਬਿਤਾਉਣਾ ਚਾਹੁੰਦੀ ਸੀ। ਆਪਣੇ ਕਰੀਅਰ ਦੀ ਸ਼ੁਰੂਆਤ ਸਮੇਂ ਰੌਸ਼ਨ, ਸੁਰੱਈਆ ਦੀ ਆਵਾਜ਼ ਤੋਂ ਇਸ ਹੱਦ ਤਕ ਕਾਇਲ ਸੀ ਕਿ ਫਿਲਮ 'ਬਾਵਰੇ ਨੈਨ' (1950) ਵਿਚ ਉਸ ਨੇ ਗੀਤਾ ਦੱਤ (ਉਦੋਂ ਗੀਤ ਰਾਏ) ਨੂੰ ਮੁਕੇਸ਼ ਨਾਲ ਡੂਏਟ 'ਖਿਆਲੋਂ ਮੇਂ ਕਿਸੀ ਕੇ, ਇਸ ਤਰਹ ਆਇਆ ਨਹੀਂ ਕਰਤੇ' ਸੁਰੱਈਆ ਵਾਲੇ ਅੰਦਾਜ਼ ਵਿਚ ਗਾਉਣ ਲਈ ਮਜਬੂਰ ਕੀਤਾ ਸੀ। ਰੌਸ਼ਨ ਨੂੰ ਸੁਰੱਈਆ ਨਾਲ ਖੁੱਲ੍ਹ ਕੇ ਕੰਮ ਕਰਨ ਦਾ ਮੌਕਾ 'ਮਾਸ਼ੂਕਾ' (1953) ਵਿਚ ਮਿਲਿਆ। ਫ਼ਿਲਮ ਦਾ ਨਾਇਕ (ਗਾਇਕ) ਮੁਕੇਸ਼ ਸੀ। ਸੁਰੱਈਆ ਦੇ ਇਸ ਵਿਚ



ਚਾਰ ਸੋਲੋ ਤੇ ਇਕ ਦੋਗਾਣਾ ਸੀ। ਇਸ ਫ਼ਿਲਮ ਨੇ ਰੌਸ਼ਨ ਦੇ ਸੰਗੀਤ ਨੂੰ ਨਵੀਂ ਦਿਸ਼ਾ ਦਿੱਤੀ ਪਰ ਜਦੋਂ 1955 ਵਿਚ ਸੁਰੱਈਆ ਨੂੰ ਸਹਾਰੇ ਦੀ ਲੋੜ ਸੀ ਤਾਂ ਰੌਸ਼ਨ ਨੇ ਉਸ ਦੀ ਥਾਂ ਲਤਾ 'ਤੇ ਟੇਕ ਰੱਖਣੀ ਵਾਜਬ ਸਮਝੀ।

15 ਜੂਨ 1929 ਨੂੰ ਗੁਜਰਾਂਵਾਲਾ (ਪੰਜਾਬ) ਵਿਚ ਜਨਮੀ ਸੁਰੱਈਆ ਜਮਾਲ ਸ਼ੇਖ ਦੇ ਪਿਤਾ ਫਰਨੀਚਰ ਦੀ ਦੁਕਾਨ ਦੇ ਮਾਲਕ ਸਨ। ਉਹ ਬਹੁਤ ਛੋਟੇ ਸੀ ਜਦੋਂ ਪਰਿਵਾਰ ਲਾਹੌਰ ਜਾ ਵਸਿਆ। ਫਿਰ ਮਾਮੇ ਤੇ ਨਾਨੀ ਦੀ ਜ਼ਿੱਦ 'ਤੇ ਸੁਰੱਈਆ ਤੇ ਉਸ ਦੀ ਮਾਂ ਮੁੰਬਈ ਆ ਗਈਆਂ। ਮਾਮਾ ਜ਼ਹੂਰ ਫਿਲਮ ਅਦਾਕਾਰ ਸੀ ਅਤੇ ਉਸ ਦੇ ਕਹਿਣ 'ਤੇ 1937 ਵਿਚ ਸੁਰੱਈਆ ਨੂੰ ਫਿਲਮ 'ਉਸਨੇ ਕਿਆ ਸੋਚਾ' ਵਿਚ ਬਾਲ ਕਲਾਕਾਰ ਵਜੋਂ ਰੋਲ ਮਿਲ ਗਿਆ। 1941 ਵਿਚ ਉਸ ਨੇ ਫਿਲਮ 'ਤਾਜ ਮਹਿਲ' ਵਿਚ ਮੁਮਤਾਜ਼ ਮਹਿਲ ਦੀ ਕਿਸ਼ੋਰ ਅਵਸਥਾ ਦੀ ਭੂਮਿਕਾ ਨਿਭਾਈ। ਕੁਝ ਫਿਲਮਾਂ ਵਿਚ ਬੇਬੀ ਸੁਰੱਈਆ ਵਜੋਂ ਭੂਮਿਕਾਵਾਂ ਕਰਨ ਮਗਰੋਂ 1943 ਵਿਚ ਉਸ ਨੇ 'ਇਸ਼ਾਰਾ' ਵਿਚ ਸੈਕਿੰਡ ਲੀਡ ਵਜੋਂ ਕੰਮ ਕੀਤਾ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਪ੍ਰਿਥਵੀਰਾਜ ਕਪੂਰ ਤੇ ਸਵਰਨ ਲਤਾ ਦੀਆਂ ਸਨ। ਕਈ ਫਿਲਮਾਂ ਵਿਚ ਸਹਿ-ਨਾਇਕਾ ਬਣੇ ਰਹਿਣ ਮਗਰੋਂ ਸੁਰੱਈਆ ਨੂੰ ਲੀਡ ਰੋਲ ਕੁੰਦਨ ਲਾਲ ਸਹਿਗਲ ਦੀ ਸਿਫਾਰਸ਼ 'ਤੇ 'ਤਦਬੀਰ' (1945) ਵਿਚ ਮਿਲਿਆ। 'ਅਨਮੋਲ ਘੜੀ' (1946) ਬਹੁਤ ਵੱਡੀ ਹਿੱਟ ਸੀ ਅਤੇ ਇਸ ਦੀ ਨਾਇਕਾ ਨੂਰਜਹਾਂ ਤੇ ਸਹਿ-ਨਾਇਕਾ ਸੁਰੱਈਆ ਸਨ। ਇਸ ਦੇ ਗੀਤਾਂ ਨੇ ਸੁਰੱਈਆ ਦੀ ਆਵਾਜ਼ ਨੂੰ ਚੋਖਾ ਮਕਬੂਲ ਬਣਾਇਆ। ਉਸ ਦਾ ਗਾਇਆ ਗੀਤ 'ਮਨ ਲੇਤਾ ਹੈ ਅੰਗੜਾਈ' ਸੁਪਰ ਹਿੱਟ ਸਾਬਤ ਹੋਇਆ। ਦਰਅਸਲ ਨੌਸ਼ਾਦ ਨੇ ਹੀ ਸੁਰੱਈਆ ਪਾਸੋਂ ਸਭ ਤੋਂ ਵਧ 51 ਗੀਤ ਗਵਾਏ। ਉਸ ਤੋਂ ਬਾਅਦ ਹੁਸਨ ਲਾਲ ਭਗਤਰਾਮ ਆਉਂਦੇ ਹਨ ਜਿਨ੍ਹਾਂ ਦੇ ਸੰਗੀਤ ਨਿਰਦੇਸ਼ਨ ਹੇਠ 'ਬੜੀ ਬਹਿਨ', 'ਦਿਲਲਗੀ' ਤੇ 'ਪਿਆਰ ਕੀ ਜੀਤ' ਫਿਲਮਾਂ ਵਿਚ ਸੁਰੱਈਆ ਵੱਲੋਂ ਗਾਏ ਗੀਤ ਸੁਪਰ ਹਿੱਟ ਹੋਏ। ਗੁਲਾਮ ਮੁਹੰਮਦ ਨੇ ਵੀ ਸੁਰੱਈਆ ਦੀ ਨਿਵੇਕਲੀ ਅਵਾਜ਼ ਦਾ ਭਰਪੂਰ ਲਾਹਾ ਲਿਆ। ਫਿਲਮਸਾਜ਼ ਸੋਹਰਾਬ ਮੋਦੀ ਦੀ ਫਿਲਮ 'ਮਿਰਜ਼ਾ ਗਾਲਿਬ' ਭਾਵੇਂ ਗਾਲਿਬ ਬਾਰੇ ਸੀ, ਪਰ ਇਸ ਨੂੰ ਸੁਰੱਈਆ ਨੇ ਆਪਣੀ ਆਵਾਜ਼ ਦੇ ਜ਼ਰੀਏ ਅਮਰਤਾ ਦੱਤੀ। 'ਆਹ ਕੋ ਚਾਹੀਏ ਏ ਉਮਰ ਅਸਰ ਹੋਨੇ ਤਕ', 'ਯਿਹ ਨਾ ਥੀ ਹਮਾਰੀ ਕਿਸਮਤ', 'ਰਹੀਏ ਅਬ ਐਸੀ ਜਗ੍ਹਾ ਚਲਕਰ ਜਹਾਂ ਕੋਈ ਨਾ ਹੋ', 'ਦਿਲੇ ਨਾਦਾਨ ਤੁਝੇ ਹੂਆ ਕਿਆ ਹੈ' ਉਹ ਗ਼ਜ਼ਲਾਂ ਹਨ ਜਿਨ੍ਹਾਂ ਅੰਦਰ ਸੁਰੱਈਆ ਨੇ ਆਪਣੀ ਪੁਰਸੋਜ਼ ਆਵਾਜ਼ ਦੇ ਜ਼ਰੀਏ ਨਵੀਂ ਰੂਹ ਭਰ ਦਿੱਤੀ। ਸੁਰੱਈਆ ਨੇ ਆਪਣਾ ਆਖਰੀ ਗੀਤ 'ਰੁਸਤਮ ਔਰ ਸੋਹਰਾਬ' (1964) ਵਿਚ ਗਾਇਆ। ਇਹ ਅਭਿਨੇਤਰੀ ਵਜੋਂ ਵੀ ਉਸ ਦੀ ਆਖਰੀ ਫ਼ਿਲਮ ਸੀ। ਦਰਅਸਲ, ਲਤਾ ਇਸ ਫਿਲਮ ਵਿਚ ਗਾਏ ਗੀਤ 'ਐ ਦਿਲ ਰੁਬਾ, ਜਾਨੇ ਜਹਾਂ' ਨੂੰ ਆਪਣੇ ਬਿਹਤਰੀਨ 10 ਗੀਤਾਂ ਵਿਚੋਂ ਇਕ ਮੰਨਦੀ ਹੈ ਪਰ ਇਸੇ ਫ਼ਿਲਮ ਵਿਚ ਸੁਰੱਈਆ ਦਾ ਸੋਲੋ 'ਯਿਹ ਕੈਸੀ ਅਜਬ ਦਾਸਤਾਂ ਹੋ ਗਈ ਹੈ' ਇੰਨਾ ਪੁਰਸੋਜ਼, ਇੰਨਾ ਕਰੁਣਾਮਈ ਹੈ ਕਿ ਇਸ ਨੂੰ ਫ਼ਿਲਮ ਦੀ ਅਸਲ ਪਛਾਣ ਮੰਨਿਆ ਜਾਂਦਾ ਹੈ। ਆਪਣੀ ਗਾਇਕੀ ਦੀ ਦਾਸਤਾਂ ਨੂੰ ਸੁਰੱਈਆ ਨੇ ਇਸ ਖ਼ੂਬਸੂਰਤ ਗੀਤ ਰਾਹੀਂ ਖ਼ਤਮ ਕਰਨਾ ਮੁਨਾਸਿਬ ਸਮਝਿਆ, ਇਹੀ ਉਸ ਦੀ ਮਹਾਨਤਾ ਦੀ ਨਿਸ਼ਾਨੀ ਸੀ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਦਸੰਬਰ ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-93



ਤਸਵੀਰ: ਗੁਰਪ੍ਰੀਤ ਸਰਾਂ

*ਲੰਮੀਆਂ ਵਾਟਾਂ ਕਦੇ ਨਾ ਮੁੱਕਣ, ਮੁੱਕ ਜਾਂਦੇ ਨੇ ਸਾਹ।*
*ਦੋ ਪਲ ਨਾਲ ਰਮਾਨ ਦੇ ਬਹੀਏ, ਫਿਰ ਦੇਖਾਂਗੇ ਰਾਹ।*

### ਕੈਪਸ਼ਨ ਮੁਕਾਬਲਾ-91



ਰਲ ਮਿਲ ਕੱਠੀਆਂ ਹੋ ਮੁਟਿਆਰਾਂ,
ਜੂੰਅ ਅਪਰੇਸ਼ਨ ਮੁਹਿੰਮ ਚਲਾਈ।
ਧੱਖਾਂ, ਲੀਖਾਂ ਸਭਨਾਂ ਤੇ ਹੁਣ,
ਲਗਦੀ ਹੈ ਬੱਸ ਆਫਤ ਆਈ।
ਨਹੁੰਆਂ 'ਤੇ ਧਰ ਪਾਉਣ ਪਟਾਕੇ,
ਚੰਗੀ ਵਾਹਵਾ ਰੌਣਕ ਲਾਈ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮੁੱਢ ਕਦੀਮ ਤੋਂ ਸੌਂਕ ਰਿਹਾ ਹੈ
ਹਰ ਕੋਈ ਸੁੰਦਰ ਬਣਨਾ ਚਾਹਵੇ।
ਪਰ ਗੁਰਬਤ ਦੀ ਮਾਰ ਹੈ ਐਸੀ
ਸਿਆਣੇ ਨੂੰ ਵੀ ਕਮਲਾ ਬਣਾਵੇ।
ਸਰਦੇ ਘਰਾਂ ਦੇ ਕਮਲੇ ਵੀ ਸਿਆਣੇ
ਕਿਉਂ ਕੋਈ ਮਖੌਲ ਇਨ੍ਹਾਂ ਦਾ ਉਡਾਵੇ?
ਜੇ ਕੁੱਲੀ, ਜੁੱਲੀ ਤੇ ਗੁੱਲੀ ਦੇ ਨਾ ਸਕੇ
ਕਿਉਂ ਸਮਾਜ ਨੂੰ ਸ਼ਰਮ ਨਾ ਆਵੇ?
ਕਾਸ਼! ਰੱਬ ਨੇੜੇ ਹੋ ਸੁਣ ਲਏ,
ਇਨ੍ਹਾਂ ਦੇ ਦਿਨ ਵੀ ਮੋੜ ਲਿਆਵੇ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਉਠੋ ਭੈਣੋ ਸਾਬਣ ਲਿਆਓ,
ਕੇਸਾਂ ਦੀ ਕਰੋ ਨਿੱਤ ਸੰਭਾਲ।
ਵਕਤ ਗਵਾਚਾ ਹੱਥ ਨਹੀਂ ਆਉਣਾ,
ਜੂੰਆਂ ਮਾਰਨ ਦਾ ਛੱਡੋ ਖਿਆਲ।
***-ਗੁਰਦੇਵ ਸਿੰਘ ਵਿਰਦੀ***
***ਓਂਟਾਰੀਓ, ਕੈਨੇਡਾ।***
***ਫੋਨ: 226-345-7126***

---

ਇਕ ਦੂਜੀ ਦੇ ਕੰਮ ਆਉਣ ਦੀ,
ਅਸੀਂ ਹੀ ਰੀਤ ਚਲਾਈ।
ਜੂੰਆਂ ਕੱਢਣ ਦੀ ਸੇਵਾ ਨੇ,
ਸਾਡੀ 'ਰੇਲ' ਬਣਾਈ!
***-ਫਕੀਰ ਚੰਦ ਸੈਂਪਲਾ***
***ਲਾਸ ਏਂਜਲਸ।***

---

ਚੇਤੇ ਦੇ ਵਿਚ ਉਭਰ ਆਈ
ਉਹ ਤਸਵੀਰ ਪੁਰਾਣੀ।
ਬੈਠ ਕੇ ਜਿੱਥੇ ਸੁਣੀਆਂ ਗੱਲਾਂ
ਗੁਰਬਤ ਦੀ ਤੰਦ-ਤਾਣੀ।
ਕਿੰਨੇ ਚਿਰ ਤੋਂ ਇੰਜ ਹੀ ਬੈਠਾ
ਵਖਤ ਇਹ ਘਾਤ ਲਗਾ ਕੇ,
ਪਤਾ ਨਹੀਂ ਇਹ ਕਦ ਮੁੱਕਣੀ ਹੈ
ਕਹਿਰਾਂ ਭਰੀ ਕਹਾਣੀ।
***-ਜਸਵੀਰ ਸਿੰਘ ਚੰਡੀਗੜ੍ਹ***

### ਕੈਪਸ਼ਨ ਮੁਕਾਬਲਾ-90

ਚੰਦੀ ਦੀ ਭੱਠੀ, ਪਿੰਡ ਦੀ ਸੱਥ।
ਯਾਦਾਂ ਨੂੰ ਕੋਈ ਉਭਾਰ ਗਿਆ।
'ਪੀੜ ਪਰਾਗਾ' ਭੁੰਨਣ ਲਈ ਕਹਿ ਕੇ
'ਸ਼ਿਵ' ਵੀ ਉਡਾਰੀ ਮਾਰ ਗਿਆ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***

### ਕੈਪਸ਼ਨ ਮੁਕਾਬਲਾ-89

ਪੱਪੂ ਦੇ ਟੈਂਪੂਆ ਵੇ,
ਕਾਹਨੂੰ ਘਿੜ ਘਿੜ ਲਾਈ ਆ।
ਗਏ ਬੀਤ ਜ਼ਮਾਨੇ ਵੇ,
ਰੁੱਤ ਬੱਸਾਂ ਦੀ ਆਈ ਆ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***

## 3700 ਸਾਲ ਪੁਰਾਣੀ ਸ਼ਰਾਬ ਲੱਭੀ

**ਵਾਸ਼ਿੰਗਟਨ:** ਪੁਰਾਤੱਤਵ ਵਿਗਿਆਨੀਆਂ ਨੇ ਇਸਰਾਈਲ ਵਿਚ ਦੁਨੀਆਂ ਦੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਡੇ ਸ਼ਰਾਬ ਦੇ ਭੰਡਾਰ ਦਾ ਪਤਾ ਲਾਇਆ ਹੈ। ਸ਼ਰਾਬ ਦਾ ਇਹ ਭੰਡਾਰ 3700 ਸਾਲ ਪੁਰਾਣਾ ਹੈ ਜਿਸ ਵਿਚ ਦੋ ਹਜ਼ਾਰ ਲਿਟਰ ਸ਼ਰਾਬ ਹੈ। ਸ਼ਰਾਬ ਦੇ ਇਸ ਜ਼ਖ਼ੀਰੇ ਵਿਚ 40 ਵੱਡੇ ਮਰਤਬਾਨ ਹਨ ਤੇ ਹਰ ਇਕ ਵਿਚ 50 ਲਿਟਰ ਸ਼ਰਾਬ ਹੈ। ਇਹ ਭੰਡਾਰ ਉੱਤਰੀ ਇਸਰਾਈਲ ਦੇ ਕੈਨਾਨਾਈਟ ਸ਼ਹਿਰ ਦੇ ਖੰਡਰ ਹੋਏ ਮਹਿਲ ਵਿਚੋਂ ਮਿਲਿਆ ਹੈ।

# ਹਾਕੀ ਦੇ ਹੀਰੇ ਬਲਬੀਰ ਸਿੰਘ ਵੱਲ ਵੀ ਵੇਖੋ

## ਖੇਡ ਜਗਤ

**ਪ੍ਰਿੰ. ਸਰਵਣ ਸਿੰਘ**

ਸਚਿਨ ਤੇਂਦੁਲਕਰ ਪੈਸੇ ਲਈ ਕ੍ਰਿਕਟ ਖੇਡਿਆ ਤੇ ਭਾਰਤ ਰਤਨ ਬਣ ਗਿਆ! ਪਰ ਜਿਹੜੇ ਪੈਸਿਆਂ ਦੀ ਥਾਂ ਭਾਰਤ ਲਈ ਉਲੰਪਿਕ ਖੇਡਾਂ ਦੇ ਮੈਡਲ ਜਿੱਤਦੇ ਰਹੇ, ਉਹ ਕਿਸੇ ਦੇ ਯਾਦ ਚਿੱਤ ਨਹੀਂ। ਉਲੰਪਿਕ ਖੇਡਾਂ 'ਚੋਂ ਸੋਨੇ ਦੇ ਤਿੰਨ ਤਮਗੇ ਜਿੱਤਣੇ ਕਹਿ ਦੇਣੀ ਗੱਲ ਹੈ। ਅੱਜ ਕੱਲ੍ਹ ਭਾਰਤ ਦਾ ਕੋਈ ਖਿਡਾਰੀ ਉਲੰਪਿਕ ਖੇਡਾਂ 'ਚੋਂ ਤਾਂਬੇ ਦਾ ਤਮਗਾ ਵੀ ਜਿੱਤ ਜਾਵੇ ਤਾਂ ਕਰੋੜਾਂ ਦੇ ਇਨਾਮ ਭੋਟ ਲੈਂਦੈ! ਬਲਬੀਰ ਸਿੰਘ ਸੁਤੰਤਰ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੇ ਤਿੰਨ ਉਲੰਪਿਕ ਖੇਡਾਂ 'ਚੋਂ ਤਿੰਨ ਸੋਨ-ਤਮਗੇ ਜਿੱਤੇ। ਲਗਾਤਾਰ ਤਿੰਨ ਗੋਲਡ ਮੈਡਲ ਜਿੱਤਣ ਕਾਰਨ ਉਸ ਨੇ ਆਪਣੀ ਸਵੈ-ਜੀਵਨੀ ਦਾ ਨਾਂ ਵੀ 'ਗੋਲਡਨ ਹੈਟ-ਟ੍ਰਿਕ' ਰੱਖਿਆ।

ਹੈਲਸਿੰਕੀ-1952 ਦੀਆਂ ਉਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ ਵਿਚੋਂ 8 ਗੋਲ ਹਾਕੀ ਦੇ ਇਸ ਮਹਾਨ ਸੈਂਟਰ ਫਾਰਵਰਡ ਨੇ ਕੀਤੇ ਸਨ। 5 ਗੋਲ ਫਾਈਨਲ ਮੈਚ ਵਿਚ ਕੀਤੇ ਜੋ ਉਲੰਪਿਕ ਖੇਡਾਂ ਦੇ ਇਤਿਹਾਸ ਵਿਚ ਅਜੇ ਵੀ ਅਟੁੱਟ ਰਿਕਾਰਡ ਹੈ। ਇਹ ਤੱਥ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਦਰਜ ਹੈ। ਸ਼ਾਇਦ ਹੀ ਉਲੰਪਿਕ ਖੇਡਾਂ ਦਾ ਹੋਰ ਕੋਈ ਰਿਕਾਰਡ ਏਨਾ ਪੁਰਾਣਾ ਹੋਵੇ। ਹੁਣ ਉਹ ਉਮਰ ਦੇ 90ਵੇਂ ਸਾਲ ਵਿਚ ਹੈ। ਲਾਰਡਾਂ ਦੀ ਖੇਡ ਕ੍ਰਿਕਟ ਦੇ ਖਿਡਾਰੀ ਸਚਿਨ ਤੇਂਦੁਲਕਰ ਨੂੰ ਤਾਂ ਭਾਰਤ ਰਤਨ ਮਿਲ ਹੀ ਗਿਐ, ਵੇਖਦੇ ਹਾਂ ਭਾਰਤ ਦੀ ਕੌਮੀ ਖੇਡ ਹਾਕੀ ਦੇ ਹੀਰੇ ਧਿਆਨ ਚੰਦ ਤੇ ਬਲਬੀਰ ਸਿੰਘ ਨੂੰ ਭਾਰਤ ਰਤਨ ਦਾ ਪੁਰਸਕਾਰ ਕਦੋਂ ਮਿਲਦੈ?

ਬਲਬੀਰ ਸਿੰਘ ਕੇਵਲ ਖਿਡਾਰੀ ਹੀ ਨਹੀਂ। ਉਹ ਸੱਤ ਵਾਰ ਭਾਰਤੀ ਟੀਮਾਂ ਦਾ ਚੀਫ ਕੋਚ ਤੇ ਮੈਨੇਜਰ ਵੀ ਬਣਿਆ। ਉਨ੍ਹਾਂ ਟੀਮਾਂ ਨੇ ਦੋ ਗੋਲਡ, ਤਿੰਨ ਸਿਲਵਰ ਤੇ ਦੋ ਬਰਾਂਜ਼ ਮੈਡਲ ਜਿੱਤੇ। 1982 ਵਿਚ ਦਿੱਲੀ ਦੀਆਂ ਏਸ਼ਿਆਈ ਖੇਡਾਂ ਸਮੇਂ ਉਸ ਨੂੰ ਖੇਡਾਂ ਦੀ ਜੋਤ ਜਗਾਉਣ ਦਾ ਮਾਣ ਮਿਲਿਆ। ਖੇਡ ਪੱਤਰਕਾਰਾਂ ਦੇ ਉਪੀਨੀਅਨ ਪੋਲ ਵਿਚ ਉਸ ਨੂੰ ਸਦੀ ਦਾ ਸਰਬੋਤਮ ਖਿਡਾਰੀ ਐਲਾਨਿਆ ਗਿਆ। ਲੰਡਨ-2012 ਦੀਆਂ ਉਲੰਪਿਕ ਖੇਡਾਂ ਵਿਚ ਉਸ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਹ ਹਾਕੀ ਦੇ ਜਾਦੂਗਰ ਧਿਆਨ ਚੰਦ ਵਾਂਗ ਅਜਿਹਾ ਖਿਡਾਰੀ ਹੈ ਜਿਸ ਨੇ ਉਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਵੀ ਕੀਤੀ ਤੇ ਉਲੰਪਿਕ ਖੇਡਾਂ ਦੇ ਤਿੰਨ ਗੋਲਡ ਮੈਡਲ ਵੀ ਜਿੱਤੇ।



ਬਲਬੀਰ ਸਿੰਘ

ਭਾਰਤ ਵਿਚ ਵੱਡੇ ਖਿਡਾਰੀਆਂ ਨੂੰ ਵੱਡੇ ਪੁਰਸਕਾਰ ਦੇਣ ਦੀ ਗੱਲ ਅਕਸਰ ਚੱਲਦੀ ਰਹਿੰਦੀ ਹੈ। ਜੇਕਰ ਨਿਰਪੱਖ ਨਜ਼ਰਾਂ ਨਾਲ ਵੇਖਿਆ ਜਾਵੇ ਤਾਂ ਇਸ ਵੇਲੇ ਬਲਬੀਰ ਸਿੰਘ ਦਾ ਨਾਂ ਸਭ ਤੋਂ ਉਪਰ ਹੈ। ਉਹ ਖਿਡਾਰੀ ਵੀ ਰਿਹਾ, ਟੀਮਾਂ ਦਾ ਕੋਚ ਵੀ, ਮੈਨੇਜਰ ਵੀ ਤੇ ਖੇਡਾਂ ਦਾ ਡਾਇਰੈਕਟਰ ਵੀ। ਉਹ ਖੇਡ ਲੇਖਕ ਵੀ ਹੈ। ਹਾਕੀ ਦੀ ਕੋਚਿੰਗ ਬਾਰੇ ਲਿਖੀ ਉਸ ਦੀ ਸਚਿੱਤਰ ਪੁਸਤਕ 'ਦੀ ਗੋਲਡਨ ਯਾਰਡ ਸਟਿੱਕ' ਦਾ ਮੁਖ ਬੰਦ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦੇ ਪ੍ਰਧਾਨ ਨੇ ਲਿਖਿਆ। ਧਿਆਨ ਚੰਦ ਨੇ ਬ੍ਰਿਟਿਸ਼ ਇੰਡੀਆ ਲਈ ਉਲੰਪਿਕ ਖੇਡਾਂ ਦੇ ਤਿੰਨ ਗੋਲਡ ਮੈਡਲ ਜਿੱਤੇ ਜਦਕਿ ਬਲਬੀਰ ਸਿੰਘ ਨੇ ਸੁਤੰਤਰ ਭਾਰਤ ਲਈ ਤਿੰਨ ਗੋਲਡ ਮੈਡਲ ਜਿੱਤੇ।

ਬਲਬੀਰ ਸਿੰਘ ਅਜੇ ਸਾਡੇ ਵਿਚਕਾਰ ਹੈ ਤੇ ਖੇਡ ਖੇਤਰ ਵਿਚ ਜੂਝ ਰਿਹੈ। 1957 'ਚ ਉਸ ਨੂੰ ਭਾਰਤੀ ਖਿਡਾਰੀਆਂ 'ਚੋਂ ਸਭ ਤੋਂ ਪਹਿਲਾਂ ਪਦਮ ਸ਼੍ਰੀ ਨਾਲ ਨਿਵਾਜਿਆ ਗਿਆ। ਅਮਰੀਕਾ ਨੇ ਹੈਲਮਜ਼ ਟਰਾਫੀ ਨਾਲ ਸਨਮਾਨਿਤ ਕੀਤਾ। 1958 'ਚ ਬਲਬੀਰ ਸਿੰਘ ਤੇ ਗੁਰਦੇਵ ਸਿੰਘ ਹੋਰਾਂ ਦੀ ਹਾਕੀ ਖੇਡਦਿਆਂ ਦੀ ਫੋਟੋ ਡਾਕ ਟਿਕਟਾਂ ਉਤੇ ਛਪੀ। ਲੰਡਨ, ਹੈਲਸਿੰਕੀ ਤੇ ਮੈਲਬੌਰਨ ਦੀਆਂ ਉਲੰਪਿਕ ਖੇਡਾਂ 'ਚ ਗੋਲਡ ਮੈਡਲ ਜਿੱਤਣ ਪਿੱਛੋਂ ਉਹ ਹਾਕੀ ਦੀਆਂ ਟੀਮਾਂ ਚੁਣਨ ਵਾਲੀਆਂ ਕਮੇਟੀਆਂ ਵਿਚ ਸ਼ਾਮਲ ਹੋਣ ਲੱਗਾ। 1971 ਵਿਚ ਪਹਿਲੇ ਵਿਸ਼ਵ ਹਾਕੀ ਕੱਪ ਸਮੇਂ ਉਹ ਭਾਰਤੀ ਟੀਮ ਦਾ ਕੋਚ ਸੀ ਜੋ ਤਾਂਬੇ ਦਾ ਤਮਗਾ ਜਿੱਤੀ। 1975 ਦੇ ਵਿਸ਼ਵ ਹਾਕੀ ਕੱਪ ਲਈ ਭਾਰਤੀ ਟੀਮ ਦੀ ਤਿਆਰੀ ਪੰਜਾਬ ਸਰਕਾਰ ਨੇ ਕਰਾਈ। ਟੀਮ ਦਾ ਕੈਂਪ ਚੰਡੀਗੜ੍ਹ ਲਾਇਆ ਗਿਆ ਤੇ ਬਲਬੀਰ ਸਿੰਘ ਨੂੰ ਟੀਮ ਦੀ ਤਿਆਰੀ ਦਾ ਕਾਰਜ ਸੌਂਪਿਆ ਗਿਆ। ਉਹ ਟੀਮ ਕੁਆਲਾਲੰਪੁਰ ਤੋਂ ਵਿਸ਼ਵ ਕੱਪ ਜਿੱਤੀ।

ਇਕ ਸਮਾਂ ਸੀ ਜਦੋਂ ਹਾਕੀ ਦੀ ਖੇਡ ਵਿਚ 'ਬਲਬੀਰ' ਨਾਂ ਦੀਆਂ ਧੁੰਮਾਂ ਸਨ। ਹਾਕੀ ਖੇਡਣ ਵਾਲੇ ਬਲਬੀਰ ਕਈ ਸਨ। ਪੰਜ ਬਲਬੀਰ ਭਾਰਤੀ ਹਾਕੀ ਟੀਮਾਂ ਦੇ ਮੈਂਬਰ ਬਣੇ। ਤਿੰਨ ਬਲਬੀਰ ਬੈਂਕਾਕ ਦੀਆਂ ਏਸ਼ਿਆਈ ਖੇਡਾਂ ਤੇ ਮੈਕਸੀਕੋ ਦੀਆਂ ਓਲੰਪਿਕ ਖੇਡਾਂ 'ਚ ਭਾਰਤ ਦੀ ਇਕੋ ਟੀਮ ਵਿਚ ਖੇਡੇ। ਪੁਲਿਸ ਵਾਲਾ ਬਲਬੀਰ, ਰੇਲਵੇ ਵਾਲਾ ਬਲਬੀਰ ਤੇ ਫੌਜ ਵਾਲਾ ਬਲਬੀਰ। ਬਾਲ ਬਲਬੀਰਾਂ ਵਿਚਾਲੇ ਘੁੰਮਦੀ ਤਾਂ ਕੁਮੈਂਟੇਟਰ ਜਸਦੇਵ ਸਿੰਘ ਬਲਬੀਰ-ਬਲਬੀਰ ਕਰੀ ਜਾਂਦਾ। ਇਕੇਰਾਂ ਨੌਂ ਬਲਬੀਰ ਦਿੱਲੀ ਦਾ ਨਹਿਰੂ ਹਾਕੀ ਟੂਰਨਾਮੈਂਟ ਖੇਡੇ। ਸਕੂਲਾਂ ਕਾਲਜਾਂ ਵਿਚ ਹਾਕੀ ਖੇਡਣ ਵਾਲੇ ਬਲਬੀਰਾਂ ਦਾ ਤਾਂ ਕੋਈ ਲੇਖਾ ਹੀ ਨਹੀਂ। ਉਦੋਂ ਹਾਲ ਇਹ ਸੀ ਕਿ ਜੀਹਨੇ ਬਲਬੀਰ ਨਾਂ ਰਖਾ ਲਿਆ ਸਮਝੋ ਹਾਕੀ ਦਾ ਖਿਡਾਰੀ ਬਣ ਗਿਆ!

ਬਲਬੀਰ ਸਿੰਘ ਨੇ ਹਾਕੀ ਖੇਡਦਿਆਂ ਸੈਂਕੜੇ ਗੋਲ ਕੀਤੇ। ਮਲਾਇਆ ਸਿੰਗਾਪੁਰ ਦੇ ਟੂਰ 'ਚ ਉਸ ਨੇ ਭਾਰਤੀ ਟੀਮ ਦੇ 121 ਗੋਲਾਂ 'ਚੋਂ 83 ਗੋਲ ਕੀਤੇ ਸਨ। ਨਿਊਜ਼ੀਲੈਂਡ ਤੇ ਆਸਟ੍ਰੇਲੀਆ 'ਚ ਖੇਡਦਿਆਂ 203 ਗੋਲਾਂ 'ਚੋਂ 141 ਗੋਲ ਉਹਦੀ ਹਾਕੀ ਨਾਲ ਹੋਏ ਸਨ। ਕੋਈ ਉਸ ਨੂੰ ਹਾਕੀ ਦਾ ਉਡਣਾ ਬਾਜ, ਕੋਈ ਹਾਕੀ ਦਾ ਸ਼ਾਹਸਵਾਰ, ਕੋਈ ਦਲਾਂ ਦਾ ਮੋਹਰੀ, ਹਾਕੀ ਦਾ ਜੋਧਾ ਤੇ ਹਾਕੀ ਦਾ ਮਹਾਨ ਸੈਂਟਰ ਫਾਰਵਰਡ ਕਹਿੰਦਾ ਰਿਹਾ ਅਤੇ ਕੋਈ ਹਾਕੀ ਦਾ ਜਿਊਂਦਾ ਜਾਗਦਾ ਇਤਿਹਾਸ ਕਹਿੰਦਾ ਹੈ। ਉਹ ਇਕ ਲੀਜੈਂਡ ਹੈ। ਉਹ ਪੰਜਾਬ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ। ਅਜਿਹੇ ਖਿਡਾਰੀ ਦਾ ਸਨਮਾਨ ਕਰਨ ਨਾਲ ਭਾਰਤ ਦੀ ਕੌਮੀ ਖੇਡ ਹਾਕੀ ਦਾ ਵੀ ਮਾਣ ਵਧੇਗਾ।

# ਗਿਰੀਆਂ ਖਾਣ ਨਾਲ ਵਧਦੀ ਹੈ ਉਮਰ

**ਵਾਸ਼ਿੰਗਟਨ:** ਨਵੀਂ ਖੋਜ ਵਿਚ ਦਾਅਵਾ ਕੀਤਾ ਗਿਆ ਹੈ ਕਿ ਜਿਹੜੇ ਵਿਅਕਤੀ ਰੋਜ਼ਾਨਾ ਗਿਰੀਆਂ ਖਾਂਦੇ ਹਨ, ਉਨ੍ਹਾਂ ਦੀ ਮੌਤ ਦਾ ਖਤਰਾ 20 ਫੀਸਦੀ ਤੱਕ ਘਟ ਜਾਂਦਾ ਹੈ। ਇਹ ਖੋਜ ਦਾਨਾ-ਫਾਰਬਰ ਕੈਂਸਰ ਇੰਸਟੀਚਿਊਟ, ਬ੍ਰਿਗਮ ਤੇ ਵਿਮੈਨ ਹਸਪਤਾਲਾਂ ਤੇ ਹਾਰਵਰਡ ਸਕੂਲ ਆਫ਼ ਪਬਲਿਕ ਹੈਲਥ ਦੇ ਖੋਜਕਾਰਾਂ ਨੇ ਕੀਤੀ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਰੋਜ਼ਾਨਾ ਗਿਰੀਆਂ ਖਾਣ ਵਾਲੇ ਵਿਅਕਤੀ, ਇਨ੍ਹਾਂ ਨੂੰ ਨਾ ਖਾਣ ਵਾਲਿਆਂ ਦੇ ਮੁਕਾਬਲੇ ਵੱਧ ਪਤਲੇ ਵੀ ਹੁੰਦੇ ਹਨ। ਇਹ ਅਧਿਐਨ ਮੌਤ ਦੇ ਵਿਸ਼ੇਸ਼ ਕਾਰਨਾਂ ਤੋਂ ਬਚਣ ਬਾਰੇ ਤਰੀਕਿਆਂ ਦਾ ਪਤਾ ਲਾਉਣ ਬਾਰੇ ਸੀ।



ਦਾਨਾ-ਫਾਰਬਾਰ ਕੈਂਸਰ ਸੈਂਟਰ ਦੇ ਵਿਭਾਗੀ ਡਾਇਰੈਕਟਰ ਚਾਰਲਸ ਐਸ. ਫੂਸਸ ਮੁਤਾਬਕ ਗਿਰੀਆਂ ਖਾਣ ਦਾ ਸਭ ਤੋਂ ਵੱਧ ਫਾਇਦਾ ਦਿਲ ਦੀਆਂ ਬਿਮਾਰੀਆਂ ਕਾਰਨ ਹੋਣ ਵਾਲੀਆਂ ਮੌਤਾਂ ਵਿਚ 29 ਫੀਸਦੀ ਦੀ ਕਮੀ ਹੈ ਜੋ ਅਮਰੀਕਾ ਵਿਚ ਵੱਡੀ ਗਿਣਤੀ ਲੋਕਾਂ ਦੀ ਜਾਨ ਲੈਂਦੀਆਂ ਹਨ। ਇਸ ਦੇ ਨਾਲ ਹੀ ਗਿਰੀਆਂ ਖਾਣ ਨਾਲ ਕੈਂਸਰ ਕਾਰਨ ਹੋਣ ਵਾਲੀਆਂ ਮੌਤਾਂ ਵਿਚ ਵੀ 11 ਫੀਸਦੀ ਦੀ ਕਮੀ ਦੇਖੀ ਗਈ ਹੈ। ਇਸ ਬਾਰੇ ਇਹ ਸਪਸ਼ਟ ਨਹੀਂ ਕੀਤਾ ਜਾ ਸਕਦਾ ਕਿ ਕਿਸ ਕਿਸਮ ਦੀਆਂ ਗਿਰੀਆਂ ਖਾਣ ਦਾ ਇਸ ਮਾਮਲੇ ਵਿਚ ਵੱਧ ਫਾਇਦਾ ਹੁੰਦਾ ਹੈ। ਉਂਜ ਖੋਜਕਾਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਹਿਸਾਬ ਨਾਲ ਇਸ ਮਾਮਲੇ ਵਿਚ ਮੂੰਗਫਲੀ ਤੋਂ ਲੈ ਕੇ ਰੁੱਖਾਂ ਨੂੰ ਲੱਗਣ ਵਾਲੀਆਂ ਗਿਰੀਆਂ-ਅਖਰੋਟ, ਬਦਾਮ, ਕਾਜੂ, ਪਿਸਤਾ ਤੋਂ ਇਲਾਵਾ ਹੇਜ਼ਲਨਟ, ਬ੍ਰਾਜ਼ੀਲ ਨਟ (ਬ੍ਰਾਜ਼ੀਲ ਦੇ ਤਿਨੁਕਰੇ ਅਖਰੋਟ) ਤੇ ਪੀਕਾਨ ਆਦਿ ਦਾ ਇਕੋ ਜਿਹਾ ਅਸਰ ਦੇਖਣ ਨੂੰ ਮਿਲਿਆ ਹੈ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



ਆਪਣੇ ਬਿਜਨਸ ਜਾਂ ਘਰ ਉਤੇ ਸਕਿਉਰਿਟੀ ਕੈਮਰਾ ਲਵਾਉਣਾ ਚਾਹੁੰਦੇ ਹੋ?



ਸਾਡੇ ਪਾਸ ਅਤਿ ਆਧੁਨਿਕ ਵਧੀਆ ਕੁਆਲਿਟੀ ਦੇ ਸਕਿਉਰਿਟੀ ਕੈਮਰੇ ਹਨ

We are wholesalers on Amazon and eBay
Shop online at www.dvrunlimited.com
For best deals on Security Cameras

Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

We sell name brand products ACTi, BORCH, LG, Samsung, Geovision, VIVOTEK



Please Call
888-233-4566

www.dvrunlimited.com www.security360cameras.com

BOSCH SAMSUNG VIVOTEK
DVR UNLIMITED INC. SECURITY CAMERAS
LG Life's Good

# ਦਰਬਾਰ ਸਾਹਿਬ ਸਮੂਹ ਵਿਚ ਫਿਲਮਾਂ ਦੀ ਸ਼ੂਟਿੰਗ 'ਤੇ ਰੋਕ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਫਿਲਮ ਦੀ ਸ਼ੂਟਿੰਗ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਲਿਆ ਗਿਆ ਹੈ। ਇਸ ਬਾਰੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਧਾਰਮਿਕ ਫਿਲਮ ਵਾਸਤੇ ਸ਼ੂਟਿੰਗ ਦੀ ਜ਼ਰੂਰਤ ਪਵੇ ਤਾਂ ਫਿਲਮਕਾਰਾਂ ਨੂੰ ਇਸ ਦੀ ਲਿਖਤੀ ਆਗਿਆ ਪ੍ਰਧਾਨ ਸ਼੍ਰੋਮਣੀ ਕਮੇਟੀ ਕੋਲੋਂ ਲੈਣੀ ਪਵੇਗੀ। ਸਿੰਘ ਸਾਹਿਬ ਨੇ ਬੀਤੇ ਦਿਨੀਂ ਹੈਰੋਇਨ ਤੇ ਸਿੰਥੈਟਿਕ ਨਸ਼ਿਆਂ ਦੇ ਸੰਗੀਨ ਕੇਸ ਵਿਚ ਫੜੇ ਗਏ ਅਕਾਲੀ ਆਗੂ ਮਨਿੰਦਰ ਸਿੰਘ ਬਿੱਟੂ ਔਲਖ ਤੇ ਹੋਰਨਾਂ ਬਾਰੇ ਕਿਹਾ ਕਿ ਇਹ ਉਸ ਲਈ ਲਾਹਨਤ ਹੈ ਕਿ ਉਸ ਵੱਲੋਂ ਏਡਾ ਵੱਡਾ ਕਾਰਾ ਕੀਤਾ ਗਿਆ। ਸਿੰਘ ਸਾਹਿਬ ਨੇ ਕਿਹਾ ਕਿ ਇਹ ਵੀ ਅਹਿਮ ਗੱਲ ਹੈ ਕਿ ਉਸ ਨੂੰ ਅਕਾਲੀ ਸਰਕਾਰ ਨੇ ਹੀ ਕਾਬੂ ਕਰਕੇ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ ਅਤੇ ਅਜਿਹੇ ਨਸ਼ਿਆਂ ਦੇ ਵਪਾਰੀਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਜੋ ਪਾਰਟੀ ਨੂੰ ਬਦਨਾਮ ਕਰਦੇ ਹਨ।



ਸਿੰਘ ਸਾਹਿਬ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਦਿੱਤਾ ਕਿ ਉਹ ਇਸ ਬਾਰੇ ਮੁਕੰਮਲ ਰਿਪੋਰਟ ਤਿਆਰ ਕਰੇ। ਸਿੰਘ ਸਾਹਿਬ ਨੇ ਕਿਹਾ ਕਿ ਬਹੁਤ ਵੱਡਾ ਧੱਕਾ ਹੈ ਕਿ ਜਿਹੜੇ ਸਿੱਖ ਨੌਜਵਾਨ ਸਜ਼ਾ ਭੁਗਤ ਚੁੱਕੇ ਹਨ, ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਗੁਰਦੁਆਰਾ ਗਿਆਨ ਗੋਦੜੀ ਬਾਰੇ ਸਿੰਘ ਸਾਹਿਬ ਕਿਹਾ ਕਿ ਇਹ ਵੀ ਗੰਭੀਰ ਮਸਲਾ ਹੈ ਜੋ ਆਪਸੀ ਇਤਫਾਕ ਨਾਲ ਹੀ ਪਲੇਟਫਾਰਮ 'ਤੇ ਇਕੱਠੇ ਹੋ ਕੇ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਤਰਾਖੰਡ ਦੀ ਸਰਕਾਰ ਨਾਲ ਗੱਲਬਾਤ ਬੀਤੇ ਸਮੇਂ ਵਿਚ ਕੀਤੀ ਗਈ ਹੈ ਪਰ ਇਸ ਦਾ ਅਜੇ ਤੱਕ ਕੋਈ ਹੱਲ ਨਹੀਂ ਨਿਕਲ ਸਕਿਆ। ਉਨ੍ਹਾਂ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਸਾਥੀਆਂ 'ਤੇ ਮਾਰਚ ਦੌਰਾਨ ਲਾਠੀਚਾਰਜ ਦੀ ਨਿਖੇਧੀ ਕੀਤੀ।

ਸਿੰਘ ਸਾਹਿਬ ਨੇ ਦੱਸਿਆ ਕਿ ਦਲ ਖਾਲਸਾ ਵੱਲੋਂ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਯਾਦਗਾਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਣਾਉਣ ਦੀ ਮੰਗ ਦਾ ਯਾਦ-ਪੱਤਰ ਪ੍ਰਾਪਤ ਹੋਇਆ ਹੈ। ਉਸ 'ਤੇ ਸਿੰਘ ਸਾਹਿਬਾਨ ਦੀ ਅਗਲੀ ਮੀਟਿੰਗ ਵਿਚ ਵਿਚਾਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਵਿਦੇਸ਼ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਗੁਰੂ ਘਰ ਵਿਚ ਆਉਣ, ਗੁਰੂ ਸਾਹਿਬ ਨੂੰ ਨਮਸਕਾਰ ਕਰਨ ਤੇ ਗੁਰਬਾਣੀ ਸੁਣਨ ਤੋਂ ਕਿਸੇ ਵੀ ਜਗਿਆਸੂ, ਸਤਸੰਗੀ, ਗੁਰਮੁਖ ਪ੍ਰੇਮੀ 'ਤੇ ਪ੍ਰਬੰਧਕਾਂ ਵੱਲੋਂ ਪਾਬੰਦੀ ਨਾ ਲਾਈ ਜਾਵੇ।

ਸਿੰਘ ਸਾਹਿਬ ਨੇ ਆਦੇਸ਼ ਦਿੱਤਾ ਕਿ ਨਗਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਪੰਜ ਪਿਆਰੇ, ਫਿਰ ਪੰਜ ਨਿਸ਼ਾਨਚੀ, ਇਸ ਤੋਂ ਅੱਗੇ ਨਿਗਾਰਚੀ ਤੇ ਉਸ ਤੋਂ ਅੱਗੇ ਗੱਤਕੇ ਵਾਲੇ ਚੱਲਣ। ਇਸ ਤੋਂ ਬਿਨਾ ਬਾਕੀ ਸਾਰੀ ਸੰਗਤ ਸਤਿਗੁਰਾਂ ਦੀ ਪਾਲਕੀ ਦੇ ਪਿੱਛੇ-ਪਿੱਛੇ ਸ਼ਬਦ ਗਾਉਂਦੇ ਚੱਲਣ। ਸਿੰਘ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਹਰ ਜੇਲ੍ਹ ਅੰਦਰ ਅੰਮ੍ਰਿਤ ਸੰਚਾਰ ਤੇ ਗੁਰਮਤਿ ਦੇ ਪ੍ਰਚਾਰ ਲਈ ਪੰਜ ਪਿਆਰੇ ਤੇ ਪ੍ਰਚਾਰਕ ਭੇਜਣ ਲਈ ਉਪਰਾਲਾ ਕਰੇ। ਇਸ ਮੀਟਿੰਗ ਵਿਚ ਇਹ ਫੈਸਲਾ ਲੈਂਦਿਆਂ ਆਦੇਸ਼ ਦਿੱਤਾ ਕਿ ਗੁਰੂ ਸਾਹਿਬ ਦੇ ਅਦਬ ਨੂੰ ਮੁੱਖ ਰੱਖਦਿਆਂ ਸਮੁੱਚੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸਤਿਗੁਰਾਂ ਦੀ ਹਜ਼ੂਰੀ ਤੋਂ ਬਾਹਰ ਵਰਾਂਡੇ ਵਿਚ ਲੋੜ ਮੁਤਾਬਕ ਬੈਂਚ ਲਾਏ ਜਾਣ ਤੇ ਉਥੇ ਸਕਰੀਨ ਦਾ ਪ੍ਰਬੰਧ ਕੀਤਾ ਜਾਵੇ। ਗੁਰਦੁਆਰਾ ਕਮੇਟੀਆਂ, ਜੋ ਗੁਰਦੁਆਰਾ ਸਾਹਿਬ ਦੇ ਸਮੁੱਚੇ ਪ੍ਰਬੰਧ ਦੀ ਦੇਖ-ਰੇਖ ਕਰਦੀਆਂ ਹਨ, ਉਨ੍ਹਾਂ ਕਮੇਟੀਆਂ ਵਿਚ ਮੈਂਬਰ ਸਿਰਫ਼ 'ਜਿਨ੍ਹਾਂ ਮੈਂਬਰਾਂ ਦੇ ਨਾਂਅ ਪਿੱਛੇ ਸਿੰਘ ਲਗਦਾ ਹੈ' ਸਾਬਤ ਸੂਰਤ ਤੇ ਅੰਮ੍ਰਿਤਧਾਰੀ ਹੀ ਹੋ ਸਕਦੇ ਹਨ।

## ਬੇਅੰਤ ਸਿੰਘ, ਸਤਵੰਤ ਸਿੰਘ ਤੇ ਕੇਹਰ ਸਿੰਘ ਦੀਆਂ ਯਾਦਗਾਰਾਂ ਉਸਾਰਨ ਦੀ ਮੰਗ

**ਅੰਮ੍ਰਿਤਸਰ:** ਦਲ ਖਾਲਸਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਬੇਅੰਤ ਸਿੰਘ, ਸਤਵੰਤ ਸਿੰਘ, ਕੇਹਰ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਯਾਦਗਾਰ ਵੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਉਸਾਰਨ ਬਾਰੇ ਪੰਥਕ ਜਥੇਬੰਦੀਆਂ ਦੀ ਮੰਗ 'ਤੇ ਵਿਚਾਰ ਕੀਤਾ ਜਾਵੇ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਵੱਲੋਂ ਲਿਖੇ ਗਏ ਖ਼ਤ ਰਾਹੀਂ ਦਲ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੇ ਜਥੇਦਾਰਾਂ ਦਾ ਧਿਆਨ ਇਸ ਸੰਵੇਦਨਸ਼ੀਲ ਪੰਥਕ ਮੁੱਦੇ ਵਲ ਦਿਵਾਉਂਦਿਆਂ ਕਿਹਾ ਕਿ 31 ਅਕਤੂਬਰ ਨੂੰ ਗੁਰਦੁਆਰਾ ਝੰਡਾ ਬੁੰਗਾ ਵਿਖੇ ਭਾਈ ਬੇਅੰਤ ਸਿੰਘ ਦੀ ਬਰਸੀ ਦੌਰਾਨ ਪੰਥਕ ਜਥੇਬੰਦੀਆਂ ਤੇ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਸ਼ਹੀਦੀ ਯਾਦਗਾਰ ਬਣਾਉਣ ਦੀ ਮੰਗ ਉਠਾਈ ਗਈ ਸੀ। ਇਸ ਮਤੇ ਉਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਹਰਪਾਲ ਸਿੰਘ ਚੀਮਾ, ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ, ਪੰਥਕ ਸੇਵਾ ਲਹਿਰ ਦੇ ਮੁਖੀ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਬੇਅੰਤ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ, ਕੇਹਰ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ, ਸਤਵੰਤ ਸਿੰਘ ਦੇ ਭਰਾ ਨੇ ਦਸਤਖ਼ਤ ਕੀਤੇ ਸਨ। ਇਹ ਖ਼ਤ ਜਥੇਬੰਦੀ ਦੇ ਸਕੱਤਰ ਸਰਬਜੀਤ ਸਿੰਘ ਘੁਮਾਣ ਨੇ ਜਥੇਦਾਰ ਗੁਰਬਚਨ ਸਿੰਘ ਨੂੰ ਸੌਂਪਿਆ ਹੈ।

# ਪੰਜ ਤਖਤਾਂ ਨੂੰ ਮਿਲਣ ਵਾਲਾ ਖੰਡ ਦਾ ਸਰਕਾਰੀ ਕੋਟਾ ਬੰਦ

**ਅਨੰਦਪੁਰ ਸਾਹਿਬ:** ਪੰਜਾਬ ਸਰਕਾਰ ਦੀ ਕਮਜ਼ੋਰ ਮਾਲੀ ਹਾਲਤ ਕਾਰਨ ਪੰਜ ਤਖ਼ਤਾਂ ਨੂੰ ਮਿਲਣ ਵਾਲਾ ਸਰਕਾਰੀ ਖੰਡ ਦਾ ਕੋਟਾ ਬੰਦ ਕਰ ਦਿੱਤਾ ਗਿਆ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਕਾਫੀ ਸਮੇਂ ਤੋਂ ਸੂਬਾ ਸਰਕਾਰ ਦੇ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਹੀ ਸਰਕਾਰੀ ਕੋਟਾ ਮੁਹੱਈਆ ਕਰਵਾਇਆ ਜਾਂਦਾ ਸੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਲਗਾਤਾਰ ਵੱਧ ਰਹੀ ਸੰਗਤ ਦੀ ਆਮਦ ਨੂੰ ਵੇਖਦੇ ਹੋਏ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਗਈ ਸੀ ਕਿ ਸਰਕਾਰੀ ਖੰਡ ਦਾ ਕੋਟਾ 40 ਕੁਇੰਟਲ ਤੋਂ ਵਧਾ ਕੇ 150 ਕੁਇੰਟਲ ਕਰ ਦਿੱਤਾ ਜਾਵੇ। ਇਸ ਤੋਂ ਬਾਅਦ ਇਹ ਕੋਟਾ ਵਧਾ ਦਿੱਤਾ ਗਿਆ ਪਰ ਜਦੋਂ ਤੋਂ ਇਸ ਵਿਚ ਵਾਧਾ ਕੀਤਾ ਹੈ ਉਦੋਂ ਤੋਂ ਖੰਡ ਮਿਲੀ ਹੀ ਨਹੀਂ। ਵਿਭਾਗ ਨੇ ਹੁਣ ਖੰਡ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸ੍ਰੀ ਦਰਬਾਰ ਸਾਹਿਬ ਨੂੰ ਵੀ 350 ਕੁਇੰਟਲ ਪ੍ਰਤੀ ਮਹੀਨਾ ਸਰਕਾਰੀ ਖੰਡ ਦਾ ਕੋਟਾ ਮਿਲਦਾ ਹੁੰਦਾ ਸੀ ਪਰ ਬੀਤੇ ਮਈ ਮਹੀਨੇ ਤੋਂ ਇਹ ਕੋਟਾ ਵੀ ਬੰਦ ਕਰ ਦਿੱਤਾ ਹੈ। ਇਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਜ਼ਾਰੂ ਰੇਟਾਂ 'ਤੇ ਹੀ ਖੰਡ ਖਰੀਦਣੀ ਪੈ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਇਸ ਵਿਸ਼ੇ 'ਤੇ ਗੱਲਬਾਤ ਕੀਤੀ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਖੁਰਾਕ ਤੇ ਸਪਲਾਈ ਮੰਤਰੀ ਨਾਲ 19 ਨਵੰਬਰ ਦੀ ਬੈਠਕ ਤੈਅ ਕਰਵਾ ਦਿੱਤੀ ਸੀ। ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਬੈਠਕ ਵਿਚ ਗੰਭੀਰਤਾ ਨਾਲ ਇਸ ਮਸਲੇ 'ਤੇ ਵਿਚਾਰ ਹੋਈ ਹੈ। ਵਿਭਾਗ ਦੇ ਮੰਤਰੀ ਤੇ ਅਧਿਕਾਰੀਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਬਣਦਾ ਕੋਟਾ ਨਹੀਂ ਭੇਜ ਰਹੀ ਹੈ। ਇਸ ਕਰਕੇ ਕੋਟਾ ਨਹੀਂ ਦਿੱਤਾ ਜਾ ਸਕਦਾ।

# ਸ਼੍ਰੋਮਣੀ ਕਮੇਟੀ ਸਰਾਵਾਂ ਗੈਰਕਾਨੂੰਨੀ ਇਮਾਰਤਾਂ ਦੇ ਘੇਰੇ 'ਚ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀਆਂ ਕੁਝ ਸਰਾਵਾਂ ਨੂੰ ਵੀ ਨਗਰ ਨਿਗਮ ਵੱਲੋਂ ਗੈਰ-ਕਾਨੂੰਨੀ ਕਰਾਰ ਦਿੱਤੇ ਹੋਟਲਾਂ ਦੀ ਸ਼੍ਰੇਣੀ ਵਿਚ ਸ਼ਾਮਲ ਕਰ ਦਿੱਤਾ ਗਿਆ ਹੈ ਤੇ ਇਸ ਬਾਰੇ ਕਮੇਟੀ ਨੂੰ ਵੀ ਨੋਟਿਸ ਜਾਰੀ ਕੀਤਾ ਗਿਆ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਸ ਬਾਰੇ ਕੋਈ ਨੋਟਿਸ ਨਹੀਂ ਮਿਲਿਆ ਹੈ।



ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਸਰਗਰਮ ਹੋਈ ਨਗਰ ਨਿਗਮ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ 150 ਹੋਟਲਾਂ ਦੀ ਸ਼ਨਾਖਤ ਕੀਤੀ ਹੈ ਜੋ ਨਿਯਮਾਂ ਦੀ ਉਲੰਘਣਾ ਕਰਕੇ ਬਣਾਏ ਗਏ ਹਨ। ਇਨ੍ਹਾਂ ਵਿਚੋਂ 40 ਹੋਟਲਾਂ ਦੀਆਂ ਇਮਾਰਤਾਂ ਉਸਾਰੀ ਅਧੀਨ ਹਨ ਜਦੋਂਕਿ ਇਨ੍ਹਾਂ ਵਿਚੋਂ ਹੀ 17 ਹੋਟਲਾਂ ਦੀਆਂ ਇਮਾਰਤਾਂ ਨੂੰ ਢਾਹੁਣ ਬਾਰੇ ਨੋਟਿਸ ਭੇਜੇ ਗਏ ਹਨ। ਨਿਗਮ ਨੇ ਖਾਸ ਕਰਕੇ ਗੁਰਦੁਆਰਾ ਸਾਰਾਗੜ੍ਹੀ ਵਿਖੇ ਬਣ ਰਹੀ ਦਸ ਮੰਜ਼ਿਲਾ ਸਰਾਂ 'ਤੇ ਇਤਰਾਜ਼ ਪ੍ਰਗਟਾਇਆ ਗਿਆ ਹੈ। ਨਗਰ ਨਿਗਮ ਦੇ ਕਮਿਸ਼ਨਰ ਡੀ.ਪੀ.ਐਸ. ਖਰਬੰਦਾ ਦਾ ਕਹਿਣਾ ਹੈ ਕਿ ਨਿਗਮ ਵੱਲੋਂ 150 ਹੋਟਲਾਂ ਦੀ ਸੂਚੀ ਤਿਆਰ ਕੀਤੀ ਗਈ ਹੈ ਜੋ ਤੈਅ ਨਿਯਮਾਂ ਦੀ ਉਲੰਘਣਾ ਕਰਕੇ ਬਣਾਏ ਗਏ ਹਨ। ਇਸ ਵਿਚ ਸ਼੍ਰੋਮਣੀ ਕਮੇਟੀ ਵੀ ਸ਼ਾਮਲ ਹੋਵੇਗੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਪ੍ਰਧਾਨ ਦੇ ਨਿੱਜੀ ਸਕੱਤਰ ਮਨਜੀਤ ਸਿੰਘ ਨੇ ਆਖਿਆ ਕਿ ਫਿਲਹਾਲ ਉਨ੍ਹਾਂ ਨੂੰ ਨਗਰ ਨਿਗਮ ਨੇ ਭੇਜਿਆ ਕੋਈ ਵੀ ਨੋਟਿਸ ਪ੍ਰਾਪਤ ਨਹੀਂ ਹੋਇਆ ਹੈ।

# ਮੁਆਵਜ਼ੇ ਲਈ ਸਰਕਾਰ ਨੂੰ ਕੋਸ ਰਹੇ ਨੇ ਦੰਗਾ ਪੀੜਤ

**ਜਲੰਧਰ:** ਸਰਕਾਰ ਦੀ ਅਣਦੇਖੀ ਦਾ ਸੰਤਾਪ ਹੰਢਾ ਰਹੇ 1984 ਦੇ ਦੰਗਾ ਪੀੜਤਾਂ ਨੇ ਸਿਰਫ਼ ਚੋਣਾਂ ਸਮੇਂ ਹੀ ਉਨ੍ਹਾਂ ਦੀ ਵਾਤ ਪੁੱਛਣ ਦੀ ਥਾਂ ਅਸਲੀਅਤ ਵਿਚ ਉਨ੍ਹਾਂ ਦੀ ਮਦਦ ਕਰਨ ਦੀ ਗੁਹਾਰ ਲਗਾਈ ਹੈ। ਪੰਜਾਬ ਵਿਚ ਅਜੇ ਵੀ ਤਕਰੀਬਨ ਇਕ ਹਜ਼ਾਰ ਅਜਿਹੇ ਦੰਗਾ ਪੀੜਤ ਪਰਿਵਾਰ ਹਨ ਜਿਨ੍ਹਾਂ ਨੂੰ ਅਜੇ ਤੱਕ ਕੋਈ ਵੀ ਮੁਆਵਜ਼ਾ ਨਹੀਂ ਮਿਲਿਆ ਤੇ ਉਹ ਪਿਛਲੇ 29 ਸਾਲਾਂ ਤੋਂ ਮੁਆਵਜ਼ੇ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਦੰਗਾ ਪੀੜਤਾਂ ਵਿਚੋਂ ਮੱਘਰ ਸਿੰਘ ਨੇ ਦੱਸਿਆ ਕਿ ਉੜੀਸਾ ਵਿਚ ਉਸ 'ਤੇ ਹੁੱਲੜਬਾਜ਼ਾਂ ਨੇ ਹਮਲਾ ਕਰ ਦਿੱਤਾ ਸੀ ਤੇ ਲੋਹੇ ਦੀਆਂ ਰਾਡਾਂ ਨਾਲ ਉਸ ਦੀਆਂ ਲੱਤਾਂ ਤੋੜ ਦਿੱਤੀਆਂ ਸਨ। ਉਨ੍ਹਾਂ ਨੇ ਉਸ ਨੂੰ ਸਾੜਨ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਉਹ ਕਿਸੇ ਤਰ੍ਹਾਂ ਬਚ ਗਿਆ ਪਰ ਉਹ ਸਦਾ ਲਈ ਅਪਾਹਜ ਹੋ ਗਿਆ। ਉਹ ਆਪਣੇ ਮੁੜ ਵਸੇਬੇ ਲਈ ਮੁਆਵਜ਼ੇ ਦੀ ਉਡੀਕ ਵਿਚ ਹੈ ਤੇ ਕਿਸੇ ਨੇ ਵੀ ਉਸ ਦੀ ਸਾਰ ਨਹੀਂ ਲਈ।




ਦਿੱਲੀ ਦੇ ਰਹਿਣ ਵਾਲੇ ਤੇਜਿੰਦਰ ਸਿੰਘ ਮੁਤਾਬਕ ਉਹ ਆਪਣੇ ਭਰਾ ਗੁਰਚਰਨ ਸਿੰਘ ਨਾਲ ਸੀ ਜਦੋਂ ਦਿੱਲੀ ਵਿਚ ਉਸ 'ਤੇ ਭੀੜ ਨੇ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਜਿਉਂਦਿਆਂ ਸਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਪਰ ਹਿੰਦੂ ਪਰਿਵਾਰਾਂ ਨੇ ਉਨ੍ਹਾਂ ਨੂੰ ਬਚਾ ਲਿਆ। ਤੇਜਿੰਦਰ ਨੇ ਦੱਸਿਆ ਕਿ ਬੇਕਾਬੂ ਹੋਈ ਭੀੜ ਨੇ ਉਨ੍ਹਾਂ ਦੀ ਏਨੀ ਕੁੱਟਮਾਰ ਕੀਤੀ ਸੀ ਕਿ ਉਹ ਹੁਣ ਚੱਲ ਫਿਰ ਨਹੀਂ ਸਕਦਾ ਤੇ ਸਦਾ ਲਈ ਮੰਜੇ 'ਤੇ ਪੈ ਗਿਆ ਹੈ। ਉਸ ਦੇ ਭਰਾ ਗੁਰਚਰਨ ਸਿੰਘ ਦੀ ਵੀ ਇਹੋ ਹੀ ਹਾਲਤ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲ ਪਹਿਲਾਂ ਉਨ੍ਹਾਂ ਸੀ.ਬੀ.ਆਈ ਕੋਲ ਕਾਂਗਰਸ ਆਗੂ ਸੱਜਣ ਕੁਮਾਰ ਵਿਰੁੱਧ ਬਿਆਨ ਦਿੱਤੇ ਸਨ ਪਰ ਸੀ.ਬੀ.ਆਈ ਨੇ ਉਨ੍ਹਾਂ ਦੇ ਬਿਆਨ ਦਰਜ ਕਰਨ ਤੋਂ ਨਾਂਹ ਕਰ ਦਿੱਤੀ ਸੀ ਜਦਕਿ ਉਨ੍ਹਾਂ ਨੂੰ ਦੰਗਾ ਪੀੜਤਾਂ ਵੱਲੋਂ ਜਾਰੀ ਕੀਤਾ ਗਿਆ ਲਾਲ ਕਾਰਡ ਮਿਲਿਆ ਹੋਇਆ ਹੈ।

ਇਥੇ ਹਾਜ਼ਰ ਦੰਗਾ ਪੀੜਤਾਂ ਨੇ ਇਕਸੁਰ ਹੁੰਦਿਆਂ ਕਿਹਾ ਕਿ ਅਕਾਲੀ ਨੇਤਾ ਦੰਗਾ ਪੀੜਤਾਂ ਨੂੰ ਸਿਰਫ਼ ਚੋਣਾਂ ਦੌਰਾਨ ਹੀ ਵਰਤਦੇ ਹਨ, ਅਸਲੀਅਤ ਵਿਚ ਉਨ੍ਹਾਂ ਦੀ ਮਦਦ ਨਹੀਂ ਕੀਤੀ ਜਾਂਦੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਐਲਾਨ ਕੀਤਾ ਹੈ ਕਿ ਉਹ 1984 ਦੇ ਦੰਗਾ ਪੀੜਤਾਂ ਲਈ ਇਨਸਾਫ ਰੈਲੀ ਕਰੇਗਾ ਤੇ ਸੰਯੁਕਤ ਰਾਸ਼ਟਰ ਦੇ ਦਿੱਲੀ ਵਿਚਲੇ ਖੇਤਰੀ ਕੋਆਰਡੀਨੇਟਰ ਨੂੰ ਮੰਗ ਪੱਤਰ ਦੇਵੇਗਾ। ਇਹ ਇਨਸਾਫ ਰੈਲੀ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ 10 ਦਸੰਬਰ ਨੂੰ ਕੀਤੀ ਜਾਵੇਗੀ।

# ਗੁਰਦੁਆਰਾ ਗਿਆਨ ਗੋਦੜੀ ਵਿਖੇ ਸ਼ਰਧਾਲੂਆਂ ਨਾਲ ਉਲਝੀ ਪੁਲਿਸ

**ਦੇਹਰਾਦੂਨ:** ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਗੁਰਦੁਆਰਾ ਸ੍ਰੀ ਗਿਆਨ ਗੋਦੜੀ ਸਾਹਿਬ ਦੇ ਮੂਲ ਸਥਾਨ 'ਤੇ ਗਾਂਧੀ ਪਾਰਕ ਸਾਹਮਣੇ ਗੁਰਬਾਣੀ ਦੇ ਕੀਤੇ ਜਾ ਰਹੇ ਪਾਠ ਮੌਕੇ ਪੁਲਿਸ ਨੇ ਉਨ੍ਹਾਂ ਦਾ ਟੈਂਟ ਉਖਾੜ ਦਿੱਤਾ ਤੇ ਉਨ੍ਹਾਂ ਤੋਂ ਬੈਨਰ ਵੀ ਖੋਹ ਲਏ, ਜਿਸ 'ਤੇ ਸਿੰਘ ਸਭਾ ਦੇ ਮੈਂਬਰਾਂ ਤੇ ਪੁਲਿਸ ਵਿਚਾਲੇ ਕਾਫੀ ਤਣਾਅਪੂਰਨ ਮਾਹੌਲ ਬਣ ਗਿਆ।



ਵਰਣਨਯੋਗ ਹੈ ਕਿ ਸਿੰਘ ਸਭਾ ਦੇ ਸੱਦੇ 'ਤੇ ਸਿੱਖ ਭਾਈਚਾਰੇ ਦੇ ਲੋਕ ਗੁਰਬਾਣੀ ਦਾ ਪਾਠ ਕਰਨ ਲਈ ਗਾਂਧੀ ਪਾਰਕ ਦੇ ਸਾਹਮਣੇ ਪੰਡਾਲ ਲਗਾ ਕੇ ਬੈਠੇ ਸਨ। ਸਿੱਖ ਭਾਈਚਾਰੇ ਵੱਲੋਂ ਗੁਰਬਾਣੀ ਦਾ ਪਾਠ ਕੀਤਾ ਜਾ ਰਿਹਾ ਸੀ ਕਿ ਇਸੇ ਦੌਰਾਨ ਸੀ.ਓ ਸਿਟੀ ਜਗਦੀਸ਼ ਚੰਦਰ ਸਤੀ ਧਾਰਾ ਚੌਕੀ ਇੰਚਾਰਜ ਤੇ ਖੁੜਬੁੜਾ ਚੌਕੀ ਇੰਚਾਰਜ ਪੁਲਿਸ ਬਲ ਸਮੇਤ ਗਾਂਧੀ ਪਾਰਕ ਪਹੁੰਚੇ ਤੇ ਉਨ੍ਹਾਂ ਨੇ ਪਾਠ ਕਰ ਰਹੇ ਸਿੱਖਾਂ ਨੂੰ ਇਜਾਜ਼ਤ ਦੇ ਬਿਨਾ ਧਰਨਾ ਦਿੱਤੇ ਜਾਣ ਦੀ ਗੱਲ ਕਹਿੰਦਿਆਂ ਉਨ੍ਹਾਂ ਦਾ ਪੰਡਾਲ ਉਖੇੜ ਦਿੱਤਾ ਜਿਸ ਤੋਂ ਬਾਅਦ ਸਿੱਖਾਂ ਅਤੇ ਪੁਲਿਸ ਵਿਚਾਲੇ ਮਾਹੌਲ ਤਣਾਅਪੂਰਨ ਹੋ ਗਿਆ। ਸਿੰਘ ਸਭਾ ਦੇ ਮੈਂਬਰਾਂ ਦਾ ਕਹਿਣਾ ਸੀ ਕਿ ਉਹ ਇਥੇ ਧਰਨਾ ਦੇਣ ਨਹੀਂ ਬਲਕਿ ਇਥੇ ਗੁਰਬਾਣੀ ਦਾ ਪਾਠ ਕਰਨ ਆਏ ਸਨ ਪਰ ਪੁਲਿਸ ਵੱਲੋਂ ਉਨ੍ਹਾਂ ਨਾਲ ਕੀਤਾ ਗਿਆ ਵਿਵਹਾਰ ਕਾਫੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗਿਆਨ ਗੋਦੜੀ ਸਾਹਿਬ ਹਰ ਦੀ ਪੌੜੀ ਹਰਿਦੁਆਰ 'ਤੇ ਪੁਲਿਸ ਪ੍ਰਸ਼ਾਸਨ ਵੱਲੋਂ ਜਿਸ ਤਰ੍ਹਾਂ ਦਾ ਰੁਖ ਅਪਣਾਇਆ ਜਾ ਰਿਹਾ ਹੈ, ਉਹ ਪੰਜਾਬੀ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੇ ਮੂਲ ਸਥਾਨ 'ਤੇ ਗੁਰਦੁਆਰਾ ਬਣਾਉਣ ਦੀ ਆਗਿਆ ਦਿੱਤੀ ਜਾਵੇ, ਜੇਕਰ ਅਜਿਹਾ ਨਾ ਹੋਇਆ ਤਾਂ ਸਿੱਖ ਸਮਾਜ ਅੰਦੋਲਨ ਕਰਨ ਦੇ ਲਈ ਮਜਬੂਰ ਹੋਵੇਗਾ।

# ਸਰਕਾਰ ਨੇ ਮੈਰਿਜ ਪੈਲੇਸ ਮਾਲਕ ਨਿਚੋੜੇ

## ਦੁੱਗਣੀ ਹੋਈ ਕਰਾਂ ਦੀ ਅਦਾਇਗੀ

## ਕਰ ਚੋਰਾਂ ਖਿਲਾਫ ਗੁਪਤ ਮੁਹਿੰਮ



**ਚੰਡੀਗੜ੍ਹ**: ਪੰਜਾਬ ਦੇ ਕਰ ਤੇ ਆਬਕਾਰੀ ਵਿਭਾਗ ਵੱਲੋਂ ਸੂਬੇ ਵਿਚਲੇ ਵੱਡੇ ਮੈਰਿਜ ਪੈਲੇਸ ਮਾਲਕਾਂ ਨੂੰ ਮਾਰੇ ਦਾਬੇ ਕਾਰਨ ਕਰਾਂ ਦੀ ਅਦਾਇਗੀ ਪਹਿਲਾਂ ਨਾਲੋਂ ਵਧ ਗਈ ਹੈ। ਵਿਭਾਗ ਵੱਲੋਂ ਕਰ ਚੋਰਾਂ ਖ਼ਿਲਾਫ਼ ਵਿੱਢੀ ਗੁਪਤ ਮੁਹਿੰਮ ਦੌਰਾਨ ਲੁਧਿਆਣਾ ਤੇ ਜਲੰਧਰ ਵਿਚ ਕਈ ਮੈਰਿਜ ਪੈਲੇਸਾਂ ਬਾਰੇ ਅਜਿਹੇ ਤੱਥ ਸਾਹਮਣੇ ਆਏ ਹਨ ਜੋ ਪਹਿਲਾਂ ਪ੍ਰਤੀ ਪ੍ਰੋਗਰਾਮ 30 ਹਜ਼ਾਰ ਤੋਂ ਵੀ ਘੱਟ ਟੈਕਸ ਅਦਾ ਕਰਦੇ ਸਨ ਤੇ ਹੁਣ ਇਕ ਲੱਖ ਤੋਂ ਵੱਧ ਅਦਾਇਗੀ ਕੀਤੀ ਜਾਣ ਲੱਗੀ ਹੈ।

ਸਰਕਾਰ ਨੂੰ ਮੈਰਿਜ ਪੈਲੇਸਾਂ ਤੋਂ 29.33 ਕਰੋੜ ਰੁਪਏ ਦੀ ਸਾਲਾਨਾ ਕਮਾਈ ਹੁੰਦੀ ਹੈ। ਟੈਕਸ ਚੋਰੀ ਫੜੇ ਜਾਣ ਉਪਰੰਤ ਇਹ ਕਮਾਈ ਦੁੱਗਣੀ ਹੋਣ ਦਾ ਅਨੁਮਾਨ ਹੈ। ਸਰਕਾਰ ਨੇ ਮੈਰਿਜ ਪੈਲੇਸਾਂ 'ਤੇ ਲਗਜ਼ਰੀ ਟੈਕਸ, ਵੈਟ ਤੇ ਸ਼ਰਾਬ ਪਿਆਉਣ ਦੀ ਪ੍ਰਵਾਨਗੀ ਦੇਣ ਲਈ ਪਰਮਿਟ ਫੀਸ ਲਾਈ ਹੋਈ ਹੈ। ਕਰ ਤੇ ਆਬਕਾਰੀ ਵਿਭਾਗ ਦੇ ਕਮਿਸ਼ਨਰ ਅਨੁਰਾਗ ਵਰਮਾ ਦਾ ਕਹਿਣਾ ਹੈ ਕਿ ਵਿਭਾਗ ਦੀ ਕਰ ਚੋਰੀ ਰੋਕੂ ਮੁਹਿੰਮ ਤਹਿਤ ਮੈਰਿਜ ਪੈਲੇਸਾਂ ਦੇ ਮਾਲਕਾਂ ਵੱਲੋਂ ਕੀਤੀ ਜਾਂਦੀ ਚੋਰੀ ਦਾ ਮਾਮਲਾ ਸਾਹਮਣੇ ਆਇਆ ਹੈ।

ਕਰ ਤੇ ਆਬਕਾਰੀ ਵਿਭਾਗ ਮੁਤਾਬਕ ਸੂਬੇ ਵਿਚ 43 ਮੈਰਿਜ ਪੈਲੇਸ ਅਜਿਹੇ ਹਨ ਜੋ ਗਾਹਕ ਤੋਂ ਪ੍ਰਤੀ ਪ੍ਰੋਗਰਾਮ ਇਕ ਤੋਂ ਪੰਜ ਲੱਖ ਰੁਪਏ ਤੱਕ ਦੀ ਵਸੂਲੀ ਕਰਦੇ ਹਨ। ਅਧਿਕਾਰੀਆਂ ਦਾ ਦਾਅਵਾ ਹੈ ਕਿ ਛੋਟੇ-ਵੱਡੇ ਸਾਰੇ ਹੀ ਮੈਰਿਜ ਪੈਲੇਸ ਮਾਲਕਾਂ ਵੱਲੋਂ ਗਾਹਕ ਤੋਂ ਤਾਂ ਪੂਰੀ ਫੀਸ ਵਸੂਲ ਲਈ ਜਾਂਦੀ ਹੈ ਪਰ ਸਰਕਾਰ ਨੂੰ ਜੋ ਹਿਸਾਬ ਦਿੱਤਾ ਜਾਂਦਾ ਹੈ, ਉਸ ਵਿਚ ਫੀਸ ਘੱਟ ਦਿਖਾਈ ਜਾਂਦੀ ਹੈ। ਇਸ ਨਾਲ ਵੈਟ ਦੀ ਵੱਡੇ ਪੱਧਰ 'ਤੇ ਚੋਰੀ ਹੁੰਦੀ ਹੈ। ਇਸ ਤੋਂ ਬਿਨਾਂ ਪੈਲੇਸਾਂ ਦੇ ਦਸਤਾਵੇਜ਼ਾਂ ਵਿਚ ਪ੍ਰੋਗਰਾਮਾਂ ਦੀ ਗਿਣਤੀ ਘਟਾਉਣਾ ਆਮ ਵਰਤਾਰਾ ਬਣ ਗਿਆ ਹੈ ਜਿਸ ਨਾਲ ਹਰ ਤਰ੍ਹਾਂ ਦੇ ਟੈਕਸਾਂ ਦੀ ਚੋਰੀ ਹੋ ਜਾਂਦੀ ਹੈ। ਵਿਭਾਗ ਦਾ ਦਾਅਵਾ ਹੈ ਕਿ ਗਾਹਕ ਤੋਂ ਕਈ ਤਰ੍ਹਾਂ ਦੇ ਟੈਕਸ ਲੈ ਲਏ ਜਾਂਦੇ ਹਨ ਪਰ ਸਰਕਾਰ ਨੂੰ ਅਦਾਇਗੀ ਨਹੀਂ ਕੀਤੀ ਜਾਂਦੀ। ਵਿਭਾਗ ਦੀਆਂ ਮੋਬਾਈਲ ਟੀਮਾਂ ਨੇ ਮੈਰਿਜ ਪੈਲੇਸਾਂ ਵਿਚ ਚੱਲਦੇ ਪ੍ਰੋਗਰਾਮਾਂ ਦੌਰਾਨ ਗਾਹਕਾਂ ਨਾਲ ਗੱਲਬਾਤ ਕੀਤੀ ਤਾਂ ਪਤਾ ਲੱਗਿਆ ਕਿ ਗਾਹਕ ਤੋਂ ਜਿੰਨੀ ਰਕਮ ਵਸੂਲੀ ਗਈ ਉਸ ਮੁਤਾਬਕ ਸਰਕਾਰ ਨੂੰ ਸੂਚਨਾ ਨਹੀਂ ਦਿੱਤੀ ਗਈ। ਇਹ ਤੱਥ ਸਾਹਮਣੇ ਆਉਣ ਤੋਂ ਬਾਅਦ ਵਿਭਾਗ ਨੇ ਵੱਡੇ ਮੈਰਿਜ ਪੈਲੇਸਾਂ 'ਤੇ ਸ਼ਿਕੰਜਾ ਕੱਸਿਆ ਹੈ। ਪੰਜਾਬ ਵਿਚ 25 ਹਜ਼ਾਰ ਰੁਪਏ ਤੱਕ ਫੀਸ ਲੈਣ ਵਾਲੇ ਮੈਰਿਜ ਪੈਲੇਸਾਂ ਦੀ ਗਿਣਤੀ 964 ਹੈ। 25 ਹਜ਼ਾਰ ਤੋਂ 50 ਹਜ਼ਾਰ ਤੱਕ ਫੀਸ ਲੈਣ ਵਾਲੇ 319, ਪੰਜਾਹ ਹਜ਼ਾਰ ਤੋਂ ਇਕ ਲੱਖ ਰੁਪਏ ਫੀਸ ਲੈਣ ਵਾਲੇ 127, ਇਕ ਲੱਖ ਤੋਂ ਦੋ ਲੱਖ ਰੁਪਏ ਫੀਸ ਲੈਣ ਵਾਲੇ 27 ਤੇ ਦੋ ਲੱਖ ਤੋਂ ਵਧੇਰੇ ਫੀਸ ਲੈਣ ਵਾਲੇ 16 ਮੈਰਿਜ ਪੈਲੇਸ ਹਨ। ਵੱਡੇ ਮੈਰਿਜ ਪੈਲੇਸ ਲੁਧਿਆਣਾ, ਜਲੰਧਰ ਤੇ ਮੁਹਾਲੀ ਵਿਚ ਹੀ ਹਨ। ਸਾਲ ਵਿਚ ਸਭ ਤੋਂ ਵੱਧ ਪ੍ਰੋਗਰਾਮ ਮੁਹਾਲੀ ਦੇ ਏ.ਕੇ.ਐਮ ਰਿਜ਼ੋਰਟ ਵਿਚ ਹੋਣ ਦੇ ਤੱਥ ਹਨ। ਇਸ ਰਿਜ਼ੋਰਟ ਨੇ ਸਾਲ ਵਿਚ 12.90 ਲੱਖ ਰੁਪਏ ਲਗਜ਼ਰੀ ਟੈਕਸ ਤੇ 32.68 ਲੱਖ ਰੁਪਏ ਵੈਟ ਅਦਾ ਕੀਤਾ ਜੋ ਕਿ ਸਭ ਤੋਂ ਵੱਧ ਹੈ। ਵਿਭਾਗ ਨੇ ਜਲੰਧਰ ਤੇ ਮੁਹਾਲੀ ਦੇ ਅੱਠ ਪੈਲੇਸਾਂ ਬਾਰੇ ਖੁਲਾਸਾ ਕਰਦਿਆਂ ਕਿਹਾ ਕਿ ਜਲੰਧਰ ਦੇ ਧਾਮੀ ਪੈਲੇਸ ਵਿਚ 75, ਬਾਠ ਕਾਸਲ ਵਿਚ 45, ਮੋਦੀ ਰਿਜ਼ੋਰਟ ਵਿਚ 20, ਹੋਲੀਹਾਕ ਵਿਚ 95, ਮੁਹਾਲੀ ਦੇ ਏ.ਕੇ.ਐਮ ਵਿਚ 155, ਸੇਖੋਂ ਪੈਲੇਸ ਵਿਚ 75, ਆਰਜ਼ੂ ਵਿਚ 53, ਸੋਹੀ ਵਿਚ 90 ਤੇ ਦੁਆਬਾ ਵਿਚ 13 ਪ੍ਰੋਗਰਾਮ ਇਕ ਸਾਲ ਦੌਰਾਨ ਹੋਏ ਹਨ।

# ਵਿਦੇਸ਼ਾਂ ਵਿਚੋਂ ਕੱਢੇ ਲੋਕਾਂ ਤੋਂ ਵਾਪਸੀ ਖਰਚੇ ਦੀ ਰਕਮ ਵਸੂਲਣ ਦੀ ਤਿਆਰੀ

**ਜਲੰਧਰ:** ਵਿਦੇਸ਼ਾਂ ਵਿਚੋਂ ਕੱਢੇ ਗਏ ਉਨ੍ਹਾਂ ਲੋਕਾਂ ਨੇ ਅਜੇ ਤੱਕ ਵਾਪਸੀ ਖਰਚੇ ਦੀ ਰਕਮ ਜਮ੍ਹਾਂ ਨਹੀਂ ਕਰਵਾਈ ਜਿਨ੍ਹਾਂ ਦੀ ਭਾਰਤ ਸਰਕਾਰ ਨੇ ਆਪਣੇ ਖਰਚੇ 'ਤੇ ਵਾਪਸੀ ਕਰਵਾਈ ਸੀ। ਖੇਤਰੀ ਪਾਸਪੋਰਟ ਦਫ਼ਤਰ ਨੇ ਅੱਠ ਜ਼ਿਲ੍ਹਿਆਂ ਦੇ ਇਨ੍ਹਾਂ ਲੋਕਾਂ ਤੋਂ 50 ਲੱਖ ਰੁਪਏ ਤੋਂ ਜ਼ਿਆਦਾ ਰਕਮ ਵਸੂਲ ਕਰਨ ਦਾ ਫੈਸਲਾ ਕੀਤਾ ਹੈ। ਅਜਿਹੇ ਲੋਕਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ।

ਜਾਣਕਾਰੀ ਮੁਤਾਬਕ ਸਰਕਾਰ ਨੇ ਪਿਛਲੇ ਕੁਝ ਸਾਲਾਂ ਤੋਂ ਵਿਦੇਸ਼ਾਂ ਵਿਚ ਕਈ ਭਾਰਤੀਆਂ ਜਿਨ੍ਹਾਂ ਵਿਚ ਵੱਡੀ ਗਿਣਤੀ ਪੰਜਾਬੀ ਸ਼ਾਮਲ ਸਨ, ਨੂੰ ਫੜ ਕੇ ਵਾਪਸ ਵਿਦੇਸ਼ ਭੇਜ ਦਿੱਤਾ ਸੀ। ਖੇਤਰੀ ਪਾਸਪੋਰਟ ਅਫ਼ਸਰ ਹਰਮਨਬੀਰ ਸਿੰਘ ਗਿੱਲ ਮੁਤਾਬਕ ਭਾਰਤ ਸਰਕਾਰ ਨੇ ਆਪਣੇ ਖ਼ਰਚੇ 'ਤੇ ਇਨ੍ਹਾਂ ਲੋਕਾਂ ਨੂੰ ਵਾਪਸ ਤਾਂ ਭੇਜ ਦਿੱਤਾ ਸੀ ਪਰ ਉਨ੍ਹਾਂ ਲੋਕਾਂ ਨੇ ਵਿਦੇਸ਼ ਮੰਤਰਾਲੇ ਦੇ ਕਹਿਣ 'ਤੇ ਵੀ ਬਣਦਾ ਕਿਰਾਇਆ ਜਮ੍ਹਾਂ ਨਹੀਂ ਕਰਵਾਇਆ ਤੇ ਹੁਣ ਦਫ਼ਤਰ ਨੇ ਮੁਹਿੰਮ ਆਰੰਭ ਕਰ ਦਿੱਤੀ ਹੈ ਜਿਸ ਤਹਿਤ ਉਨ੍ਹਾਂ ਲੋਕਾਂ ਨੂੰ ਪੱਤਰ ਜਾਰੀ ਕੀਤੇ ਜਾ ਰਹੇ ਹਨ ਕਿ ਉਹ ਬਣਦਾ ਕਿਰਾਇਆ ਜਮ੍ਹਾਂ ਕਰਵਾ ਦੇਣ ਨਹੀਂ ਤਾਂ ਇਸ ਮਾਮਲੇ ਵਿਚ ਵਿਦੇਸ਼ ਮੰਤਰਾਲਾ ਬਣਦੀ ਕਾਰਵਾਈ ਕਰੇਗਾ। ਸੂਤਰਾਂ ਮੁਤਾਬਕ ਖੇਤਰੀ ਪਾਸਪੋਰਟ ਦਫ਼ਤਰ ਨੇ ਕਿਰਾਇਆ ਜਮ੍ਹਾਂ ਨਾ ਕਰਵਾਉਣ ਵਾਲਿਆਂ ਦਾ ਰਿਕਾਰਡ ਵੀ ਵਿਦੇਸ਼ਾਂ ਵਿਚ ਸਥਿਤ ਭਾਰਤੀ ਦੂਤਘਰਾਂ ਤੋਂ ਤਲਬ ਕੀਤਾ ਹੈ ਤਾਂ ਜੋ ਵਸੂਲੀ ਕਰਨ ਦਾ ਕੰਮ ਹੋਰ ਵੀ ਤੇਜ਼ ਕੀਤਾ ਜਾ ਸਕੇ।

# ਸਿੱਖ ਜਥੇਬੰਦੀ ਨੂੰ ਸੋਨੀਆ ਖਿਲਾਫ ਸੋਧੀ ਅਰਜ਼ੀ ਦੇਣ ਲਈ ਹੋਰ ਸਮਾਂ ਮਿਲਿਆ



**ਨਿਊ ਯਾਰਕ:** ਸੰਸਥਾ ਸਿੱਖ ਫਾਰ ਜਸਟਿਸ (ਐਸ. ਐਫ. ਜੇ) ਨੂੰ ਅਮਰੀਕਾ ਦੀ ਇਕ ਸੰਘੀ ਅਦਾਲਤ ਨੇ ਕਾਂਗਰਸ ਮੁਖੀ ਸ੍ਰੀਮਤੀ ਸੋਨੀਆ ਗਾਂਧੀ ਖ਼ਿਲਾਫ਼ ਸੋਧੀ ਹੋਈ ਅਰਜ਼ੀ ਦਾਖਲ ਕਰਨ ਲਈ ਤਿੰਨ ਦਸੰਬਰ ਤੱਕ ਦਾ ਸਮਾਂ ਦੇ ਦਿੱਤਾ ਹੈ। ਇਹ ਅਰਜ਼ੀ ਮਨੁੱਖੀ ਅਧਿਕਾਰ ਦੀ ਉਲੰਘਣਾ ਸਬੰਧੀ ਹੈ। 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਘਟਨਾ ਵਿਚ ਸ਼ਾਮਲ ਕਾਂਗਰਸ ਦੇ ਨੇਤਾਵਾਂ ਨੂੰ ਬਚਾਉਣ ਤੇ ਸੁਰੱਖਿਆ ਪ੍ਰਦਾਨ ਕਰਨ ਵਿਚ ਸੋਨੀਆ ਗਾਂਧੀ ਦੀ ਭੂਮਿਕਾ 'ਤੇ ਉਕਤ ਸਿੱਖ ਸੰਗਠਨ ਨੇ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾਈ ਸੀ। ਸਿੱਖਸ ਫਾਰ ਜਸਟਿਸ ਕਾਂਗਰਸ ਦੇ ਕਮਲ ਨਾਥ, ਸੱਜਣ ਕੁਮਾਰ, ਜਗਦੀਸ਼ ਟਾਈਟਲਰ ਤੇ ਦੂਸਰੇ ਨੇਤਾਵਾਂ ਦੀ ਸੁਰੱਖਿਆ ਤੇ ਬਚਾਓ ਲਈ ਸੋਨੀਆ ਖ਼ਿਲਾਫ਼ ਪ੍ਰਤੀਪੂਰਕ ਤੇ ਦੰਡਾਤਮਕ ਜੁਰਮਾਨਾ ਲਾਏ ਜਾਣ ਦੀ ਮੰਗ ਕਰ ਰਿਹਾ ਹੈ। ਸਿੱਖਸ ਫਾਰ ਜਸਟਿਸ ਦਾ ਦਾਅਵਾ ਹੈ ਕਿ ਨੌਂ ਸਤੰਬਰ ਨੂੰ ਨਿਊ ਯਾਰਕ ਦੇ ਮੈਮੋਰੀਅਲ ਸਲੋਅਨ-ਕੈਟਰਿੰਗ ਕੈਂਸਰ ਸੈਂਟਰ ਵਿਚ ਹਸਪਤਾਲ ਤੇ ਸੁਰੱਖਿਆ ਬਲਾਂ ਨੇ ਸੋਨੀਆ ਗਾਂਧੀ ਨੂੰ ਅਦਾਲਤ ਤੋਂ ਭੇਜਿਆ ਗਿਆ ਸੰਮਨ ਦੇ ਦਿੱਤਾ ਸੀ ਤੇ ਸੋਨੀਆ ਦੇ ਵਕੀਲ ਅਦਾਲਤ ਦੇ ਸੰਮਨ ਨੂੰ ਚੁਣੌਤੀ ਦੇ ਰਹੇ ਹਨ।

# ਰਾਮਦੇਵ ਖ਼ਿਲਾਫ਼ ਬੇਨੇਮੀਆਂ ਦੇ 81 ਕੇਸ ਦਰਜ

**ਦੇਹਰਾਦੂਨ:** ਯੋਗ ਗੁਰੂ ਬਾਬਾ ਰਾਮਦੇਵ ਤੇ ਉਨ੍ਹਾਂ ਦੇ ਪਤੰਜਲੀ ਯੋਗ ਟਰੱਸਟ ਖ਼ਿਲਾਫ਼ ਉੱਤਰਾਖੰਡ ਸਰਕਾਰ ਨੇ 81 ਕੇਸ ਦਰਜ ਕਰਵਾਏ



ਹਨ। ਇਹ ਕੇਸ ਪੰਚਾਇਤੀ ਤੇ ਸਰਕਾਰੀ ਜ਼ਮੀਨਾਂ 'ਤੇ ਗ਼ੈਰ-ਕਾਨੂੰਨੀ ਕਬਜ਼ੇ ਕਰਨ, ਬੇਨੇਮੀ ਲੈਣ-ਦੇਣ ਅਤੇ ਅਸ਼ਟਾਮ ਫੀਸ ਦੀ ਚੋਰੀ ਰਾਹੀਂ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾਉਣ ਦੇ ਦੋਸ਼ਾਂ ਨਾਲ ਸਬੰਧਤ ਹਨ। ਯੋਗ ਸਵਾਮੀ ਰਾਮਦੇਵ ਇਕ ਅਧਿਆਪਕ ਦੀ ਗੁੰਮਸ਼ੁਦਗੀ ਦੇ ਕੇਸ ਵਿਚ ਪਹਿਲਾਂ ਹੀ ਘਿਰੇ ਹੋਏ ਹਨ ਤੇ ਉਨ੍ਹਾਂ ਦੀ ਫਰਮ ਵੱਲੋਂ ਤਿਆਰ ਕੀਤੀਆਂ ਆਯੁਰਵੈਦਿਕ ਦਵਾਈਆਂ ਦੀ ਕੁਆਲਿਟੀ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਸੁਆਲ ਉਠਾਏ ਜਾਂਦੇ ਰਹੇ ਹਨ। ਬਾਬਾ ਰਾਮਦੇਵ ਇਹ ਕਹਿੰਦੇ ਰਹੇ ਹਨ ਕਿ ਕਾਂਗਰਸ ਦੀ ਕੇਂਦਰੀ ਸਰਕਾਰ ਉਨ੍ਹਾਂ ਖ਼ਿਲਾਫ਼ ਸੀ.ਬੀ.ਆਈ. ਦੀ ਦੁਰਵਰਤੋਂ ਕਰ ਰਹੀ ਹੈ।

ਮੁੱਖ ਮੰਤਰੀ ਵਿਜੇ ਬਹੁਗੁਣਾ ਨੇ ਕਿਹਾ ਕਿ ਹਾਲਾਂਕਿ ਸਵਾਮੀ ਰਾਮਦੇਵ ਨੈਤਿਕਤਾ ਦੇ ਉਪਦੇਸ਼ ਦਿੰਦੇ ਥੱਕਦੇ ਨਹੀਂ ਪਰ ਉਨ੍ਹਾਂ ਆਪ ਨੇਮਾਂ ਦੀਆਂ ਧੱਜੀਆਂ ਉਡਾਈਆਂ, ਕਾਨੂੰਨ ਦੀ ਪ੍ਰਵਾਹ ਕੀਤੇ ਬਿਨਾਂ ਕਰੋੜਾਂ ਰੁਪਏ ਦੇ ਸੌਦੇ ਕੀਤੇ। ਅਜੇ ਬਹੁਤ ਕੁਝ ਬੇਪਰਦ ਕੀਤਾ ਜਾਣਾ ਬਾਕੀ ਹੈ। ਹਰਿਦੁਆਰ ਦੇ ਜ਼ਿਲ੍ਹਾ ਮੈਜਿਸਟਰੇਟ ਤੇ ਕੁਲੈਕਟਰ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਸੌਦਿਆਂ ਦਾ ਰਾਹ ਸਾਫ ਕਰਨ ਵਾਲੇ ਅਫਸਰਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।

ਸ੍ਰੀ ਬਹੁਗੁਣਾ ਨੇ ਕਿਹਾ ਕਿ 27 ਕੇਸ ਜ਼ਿਮੀਦਾਰੀ ਖਾਤਮਾ ਤੇ ਭੂਮੀ ਸੁਧਾਰ ਕਾਨੂੰਨ 1950 ਦੀ ਧਾਰਾ 154 ਤਹਿਤ ਦਰਜ ਕੀਤੇ ਗਏ ਹਨ। 10 ਕਰੋੜ ਰੁਪਏ ਤੋਂ ਵੱਧ ਅਸ਼ਟਾਮ ਫੀਸ ਦੀ ਚੋਰੀ ਮੁਤੱਲਕ ਭਾਰਤੀ ਅਸ਼ਟਾਮ ਕਾਨੂੰਨ ਦੀ ਧਾਰਾ 47 ਤਹਿਤ 52 ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਤੰਜਲੀ ਟਰੱਸਟ ਨੂੰ (ਭੂਮੀ ਵਰਤੋਂ ਤਬਾਦਲੇ) ਲਾਭ ਦੇਣ ਲਈ ਜ਼ਿਮੀਦਾਰੀ ਪ੍ਰਥਾ ਖਾਤਮਾ ਤੇ ਭੂਮੀ ਸੁਧਾਰ ਕਾਨੂੰਨ ਦੀ ਧਾਰਾ 143 ਦੀ ਦੁਰਵਰਤੋਂ ਕੀਤੀ ਗਈ। ਟਰੱਸਟ ਨੂੰ ਧਾਰਾ 168 ਤਹਿਤ ਇਹ ਜ਼ਮੀਨਾਂ ਮੁੜ ਸਰਕਾਰ ਹਵਾਲੇ ਕਰਨ ਲਈ ਨੋਟਿਸ ਜਾਰੀ ਕੀਤੇ ਗਏ ਹਨ। ਸਵਾਮੀ ਰਾਮਦੇਵ ਦੇ ਟਰੱਸਟ ਵੱਲੋਂ ਪਿੰਡ ਮੁਸਤਫਾਬਾਦ ਵਿਚ ਆਯੁਰਵੈਦਿਕ ਦਵਾਈਆਂ ਦਾ ਪਲਾਂਟ ਲਾਉਣ ਲਈ 141.7 ਏਕੜ ਜ਼ਮੀਨ ਖਰੀਦੀ ਗਈ ਸੀ ਤੇ ਅਧਿਕਾਰੀਆਂ ਮੁਤਾਬਕ ਇਸ ਦੀ ਆਟਾ, ਤੇਲ, ਸ਼ਹਿਦ ਤੇ ਸਾਬਣ ਤਿਆਰ ਕਰਨ ਲਈ ਵਰਤੋਂ ਕੀਤੀ ਜਾ ਰਹੀ ਹੈ।

# ਐਨ.ਆਰ.ਆਈ. ਵਿੰਗ 'ਤੇ ਭਰੋਸਾ ਵਧਣ ਦੇ ਦਾਅਵੇ

**ਮੁਹਾਲੀ**: ਪੰਜਾਬ ਪੁਲਿਸ ਦੇ ਐਨ.ਆਰ.ਆਈ ਵਿੰਗ 'ਤੇ ਪਰਵਾਸੀ ਭਾਰਤੀਆਂ ਦਾ ਭਰੋਸਾ ਬਹਾਲ ਹੋਣ ਲੱਗਾ ਹੈ। ਸੂਬੇ ਵਿਚ ਐਨ.ਆਰ.ਆਈ ਵਿਅਕਤੀਆਂ ਦੀਆਂ ਜਾਇਦਾਦਾਂ ਹੜੱਪਣ, ਫਰਜ਼ੀ ਵਿਆਹ, ਧੋਖਾਧੜੀ ਤੇ ਦਾਜ ਪੀੜਤ ਦੇ ਤਕਰੀਬਨ ਤਿੰਨ ਹਜ਼ਾਰ ਮਾਮਲੇ ਸਾਹਮਣੇ ਆਏ ਹਨ।

ਇਨ੍ਹਾਂ ਵਿਚ ਪਰਵਾਸੀ ਭਾਰਤੀਆਂ ਦੀ ਜੱਦੀ ਜਾਇਦਾਦ ਹਥਿਆਉਣ ਤੇ ਜਾਇਦਾਦਾਂ ਬਣਾਉਣ ਲਈ ਪੂੰਜੀ ਨਿਵੇਸ਼ ਕਰਨ, ਨੂੰਹਾਂ ਨੂੰ ਦਾਜ ਲਈ ਤੰਗ ਪ੍ਰੇਸ਼ਾਨ ਕਰਨ ਅਤੇ ਧੋਖਾਧੜੀ ਦੇ ਕੇਸ ਸ਼ਾਮਲ ਹਨ। ਜ਼ਮੀਨ-ਜਾਇਦਾਦਾਂ ਦੀ ਖ਼ਰੀਦੋ-ਫ਼ਰੋਖ਼ਤ ਦਾ ਸਮੇਂ ਸਿਰ ਪਤਾ ਲੱਗਣ ਤੇ ਪੁਲਿਸ ਦੀ ਮੁਸਤੈਦੀ ਕਾਰਨ ਤਕਰੀਬਨ 32 ਐਨ.ਆਰ.ਆਈ ਪਰਿਵਾਰਾਂ ਦੀਆਂ ਪੰਜਾਬ ਵਿਚ ਜਾਇਦਾਦਾਂ ਨੂੰ ਨਾਜਾਇਜ਼ ਢੰਗ ਨਾਲ ਹਥਿਆਉਣ ਤੋਂ ਬਚਾਇਆ ਗਿਆ ਹੈ। ਇਸ ਤੋਂ ਇਲਾਵਾ ਜ਼ਮੀਨ ਬਦਲੇ ਜ਼ਮੀਨ ਦੇਣ ਬਾਰੇ ਵੀ ਐਨ.ਆਰ.ਆਈ ਪਰਿਵਾਰਾਂ ਨਾਲ ਧੋਖਾਧੜੀ ਕਰਨ ਦਾ ਪਤਾ ਲੱਗਾ ਹੈ। ਅਜਿਹੇ ਮਾਮਲਿਆਂ 'ਚ ਪ੍ਰਾਪਰਟੀ ਡੀਲਰਾਂ ਨੇ ਬੜੀ ਚਲਾਕੀ ਨਾਲ ਪਰਵਾਸੀ ਭਾਰਤੀਆਂ ਦੀ ਜਾਇਦਾਦਾਂ ਖ਼ੁਦ ਰੱਖ ਲਈਆਂ ਤੇ ਉਨ੍ਹਾਂ ਦੇ ਬਦਲੇ ਝਗੜੇ ਵਾਲੀਆਂ ਜ਼ਮੀਨਾਂ ਦੇ ਦਿੱਤੀਆਂ। ਇੰਜ ਹੀ ਵਿਦੇਸ਼ ਜਾਣ ਸਮੇਂ ਗੈਸ ਹਾਊਸ 'ਚ ਜਮ੍ਹਾਂ ਕਰਵਾਏ ਮਹਿੰਗੇ ਅਸਲੇ ਦੇ ਬਦਲੇ ਵਾਪਸੀ 'ਤੇ ਉਨ੍ਹਾਂ ਨੂੰ ਸਸਤਾ ਅਸਲਾ ਦੇਣ ਦਾ ਵੀ ਖੁਲਾਸਾ ਹੋਇਆ ਹੈ।

ਜਾਇਦਾਦਾਂ ਹੜੱਪਣ ਦੇ ਕੇਸਾਂ ਵਿਚ ਜ਼ਿਆਦਾਤਰ ਐਨ.ਆਰ.ਆਈ ਵਿਅਕਤੀਆਂ ਵੱਲੋਂ ਪੈਸਿਆਂ ਦੇ ਲਾਲਚ ਵਿਚ ਆ ਕੇ ਪ੍ਰਾਪਰਟੀ ਡੀਲਰਾਂ ਜਾਂ ਆਪਣਿਆਂ ਨੂੰ ਦਿੱਤੀ ਜਾਂਦੀ ਪਾਵਰ ਆਫ ਅਟਾਰਨੀ ਮੁੱਖ ਕਾਰਨ ਬਣੀ ਹੈ। ਉਧਰ ਵਿਦੇਸ਼ੀ ਲਾੜਿਆਂ ਦੇ ਮੁਕਾਬਲੇ ਲੜਕੀਆਂ ਵੱਲੋਂ ਵੀ ਵੱਡਿਆਂ ਨਾਲ ਫਰਜ਼ੀ ਵਿਆਹ ਕਰਵਾ ਕੇ ਧੋਖਾਧੜੀ ਕਰਨ ਦਾ ਖੁਲਾਸਾ ਹੋਇਆ ਹੈ। ਹੁਣ ਤੱਕ ਇਸ ਤਰ੍ਹਾਂ ਦੇ ਤਕਰੀਬਨ ਦਰਜਨ ਮਾਮਲੇ ਦਰਜ ਹੋਏ ਹਨ। ਕਾਫੀ ਚਿਰਾਂ ਤੋਂ ਵਿਦੇਸ਼ੀ ਮੁਲਕ ਵਿਚ ਰਹਿ ਰਹੇ ਭਾਰਤੀਆਂ ਦੀ ਮੌਜੂਦਾ ਸਮੇਂ ਵਿਚ ਪੰਜਾਬ ਪੁਲਿਸ ਪ੍ਰਤੀ ਸੋਚ ਵੀ ਬਦਲੀ ਹੈ। ਪੁਲਿਸ ਦੇ ਐਨ.ਆਰ.ਆਈ ਵਿੰਗ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਐਨ.ਆਰ.ਆਈ ਪਰਿਵਾਰ ਪੰਜਾਬ ਵਿਚ ਆਪਣੀ ਜੱਦੀ ਜਾਇਦਾਦ ਖੁੱਸਣ ਦੇ ਡਰ ਤੋਂ ਹੁਣ ਬੇਫਿਕਰ ਹੋ ਗਏ ਜਾਪਦੇ ਹਨ। ਜ਼ਿਕਰਯੋਗ ਹੈ ਕਿ 22 ਅਗਸਤ 2013 ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੁਹਾਲੀ ਦੇ ਫੇਜ਼-7 ਵਿਚ ਵੱਖਰੇ ਤੌਰ 'ਤੇ ਪੰਜਾਬ ਪੁਲਿਸ ਦਾ ਐਨ.ਆਰ.ਆਈ ਤੇ ਮਹਿਲਾ ਵਿੰਗ ਸਥਾਪਤ ਕੀਤਾ ਗਿਆ ਹੈ।

ਇਸ ਵਿੰਗ ਨੂੰ ਹੁਣ ਤੱਕ 3 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਮਿਲੀਆਂ ਹਨ। ਮੁੱਢਲੀ ਪੜਤਾਲ ਤੋਂ ਬਾਅਦ ਤਕਰੀਬਨ 147 ਐਫ.ਆਰ.ਆਈ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ 49 ਕੇਸ ਜਾਇਦਾਦਾਂ ਹੜੱਪਣ ਤੇ ਦਾਜ ਲਈ ਤੰਗ ਪ੍ਰੇਸ਼ਾਨ ਕਰਨ ਦੇ 71 ਕੇਸ ਹਨ। ਇਨ੍ਹਾਂ ਵਿਚੋਂ ਤਕਰੀਬਨ ਦਰਜਨ ਕੇਸ ਫਰਜ਼ੀ ਵਿਆਹ ਦੇ ਪਾਏ ਗਏ ਹਨ।

# ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸਬੰਧ ਬਣਾਉਣਾ ਵਾਲਾ ਵੀ ਬਲਾਤਕਾਰ ਦਾ ਦੋਸ਼ੀ

**ਨਵੀਂ ਦਿੱਲੀ (ਬਿਊਰੋ):** ਵਿਆਹ ਦਾ ਝੂਠਾ ਵਾਅਦਾ ਕਰ ਕੇ ਸਰੀਰਕ ਸਬੰਧ ਬਣਾਉਣ ਵਾਲਾ ਵੀ ਬਲਾਤਕਾਰ ਦਾ ਦੋਸ਼ੀ ਮੰਨਿਆ ਜਾਵੇਗਾ। ਇਹ ਫੈਸਲਾ ਸੁਪਰੀਮ ਕੋਰਟ ਨੇ ਬਲਾਤਕਾਰ ਦੇ ਇਕ ਕੇਸ ਦੀ ਸੁਣਵਾਈ ਦੌਰਾਨ ਕੀਤਾ ਹੈ। ਅਦਾਲਤ ਨੇ ਇਕ ਵਿਅਕਤੀ ਨੂੰ ਆਪਣੀ ਇਕ ਰਿਸ਼ਤੇਦਾਰ ਨਾਲ ਵਿਆਹ ਦਾ ਵਾਅਦਾ ਕਰ ਕੇ ਦੋ ਸਾਲ ਉਸ ਨਾਲ ਸਰੀਰਕ ਸਬੰਧ ਬਣਾਉਣ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਸੁਪਰੀਮ ਕੋਰਟ ਨੇ ਫੈਸਲਾ ਸੁਣਾਉਂਦਿਆਂ ਟਿੱਪਣੀ ਕੀਤੀ ਕਿ ਔਰਤ ਦੀ ਦੇਹ, ਆਦਮੀ ਲਈ ਖਿਡੌਣਾ ਨਹੀਂ ਹੈ ਤੇ ਉਹ ਔਰਤ ਨੂੰ ਸਰੀਰਕ ਸਬੰਧ ਬਣਾਉਣ ਦੀ ਸਹਿਮਤੀ ਲੈਣ ਲਈ ਮੂਰਖ ਬਣਾ ਕੇ ਆਪਣੀ ਲਾਲਸਾ ਤੇ ਹਵਸ ਨੂੰ ਸ਼ਾਂਤ ਕਰਨ ਲਈ ਇਸ ਦਾ ਲਾਹਾ ਨਹੀਂ ਲੈ ਸਕਦਾ। ਦੋਸ਼ੀ ਨੌਸ਼ਾਦ ਉੱਤਰ ਪ੍ਰਦੇਸ਼ ਦੇ ਸ਼ਹਿਰ ਮੁਜ਼ੱਫਰਨਗਰ ਦਾ ਵਾਸੀ ਹੈ। ਅਦਾਲਤ ਮੁਤਾਬਕ ਦੋਸ਼ੀ ਬੜੀ ਨਿਰਲੱਜਤਾ ਨਾਲ ਦੋ ਸਾਲ ਜਾਂ ਇਸ ਤੋਂ ਵੱਧ ਸਮਾਂ ਲੜਕੀ ਨੂੰ ਵਿਆਹ ਦਾ ਝੂਠਾ ਲਾਰਾ ਲਾ ਕੇ ਉਸ ਨਾਲ ਜਿਣਸੀ ਸਬੰਧ ਬਣਾਉਂਦਾ ਰਿਹਾ ਤੇ ਸਿੱਟੇ ਵਜੋਂ ਉਹ ਗਰਭਵਤੀ ਹੋ ਗਈ। ਮੁਲਜ਼ਮ ਆਈ.ਪੀ.ਸੀ. ਦੇ ਸੈਕਸ਼ਨ 375 ਅਧੀਨ ਪ੍ਰਭਾਸ਼ਿਤ ਬਲਾਤਕਾਰ ਦੇ ਗੁਨਾਹ ਦਾ ਦੋਸ਼ੀ ਹੈ। ਬੈਂਚ ਨੇ ਟਿੱਪਣੀ ਕੀਤੀ ਕਿ ਨੌਸ਼ਾਦ ਪੀੜਤ ਔਰਤ ਨਾਲ ਆਪਣੀ ਰਿਸ਼ਤੇਦਾਰੀ ਦਾ ਲਾਹਾ ਲੈਂਦਿਆਂ 2001-03 ਦੌਰਾਨ ਉਸ ਦੇ ਘਰ ਜਾਂਦਾ ਰਿਹਾ ਤੇ ਉਸ ਨਾਲ ਵਿਸ਼ਵਾਸਘਾਤ ਕਰਦਾ ਰਿਹਾ। ਇਹ ਜਾਣਦਿਆਂ ਵੀ ਕਿ ਉਹ ਉਸ ਨਾਲ ਵਿਆਹ ਨਹੀਂ ਕਰੇਗਾ। ਉਹ ਆਪਣੀ ਸਰੀਰਕ ਭੁੱਖ ਮਿਟਾਉਣ ਲਈ ਲੜਕੀ ਦੀ ਹਸਤੀ ਨੂੰ ਮਧੋਲਦਾ ਰਿਹਾ। ਅਦਾਲਤ ਨੇ ਕਿਹਾ ਕਿ ਦੋਸ਼ੀ ਨੇ ਬਲਾਤਕਾਰ ਦਾ ਘਿਨੌਣਾ ਗੁਨਾਹ ਕੀਤਾ ਤੇ ਉਸ ਨੂੰ ਢੁਕਵੀਂ ਸਜ਼ਾ ਮਿਲਣੀ ਜ਼ਰੂਰੀ ਹੈ। ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦਾ ਨੌਸ਼ਾਦ ਨੂੰ ਬਰੀ ਕਰਨ ਦਾ ਫੈਸਲਾ ਲਾਂਭੇ ਕਰਦਿਆਂ ਹੇਠਲੀ ਅਦਾਲਤ ਦਾ ਫੈਸਲਾ ਬਹਾਲ ਰੱਖਿਆ।

# ਸੌਣ ਸਮੇਂ ਮਜ਼ਬੂਤ ਹੁੰਦੇ ਨੇ ਬੱਚਿਆਂ ਦੇ ਦਿਮਾਗ

**ਵਾਸ਼ਿੰਗਟਨ:** ਛੋਟੇ ਬੱਚੇ ਜਦੋਂ ਸੌਂਦੇ ਹਨ ਤਾਂ ਉਨ੍ਹਾਂ ਦੇ ਦਿਮਾਗ ਦੇ ਦੋਵੇਂ ਹਿੱਸਿਆਂ ਵਿਚਲੇ ਸੰਪਰਕ ਘੱਟੋ-ਘੱਟ 20 ਫੀਸਦੀ ਤੱਕ ਮਜ਼ਬੂਤ ਹੁੰਦੇ ਹਨ ਤੇ ਇਸ ਨਾਲ ਦਿਮਾਗ ਨੂੰ ਵਧੇਰੇ ਚੰਗੀ ਤਰ੍ਹਾਂ ਕੰਮ ਕਰਨ ਵਿਚ ਮਦਦ ਮਿਲ ਸਕਦੀ ਹੈ।

ਇਹ ਨਤੀਜਾ ਕਾਲੋਰਾਡੋ ਬੂਲਡਰ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇਕ ਅਧਿਐਨ ਪਿਛੋਂ ਕੱਢਿਆ ਹੈ। ਉਨ੍ਹਾਂ ਨੇ ਦੋ, ਤਿੰਨ ਅਤੇ ਪੰਜ ਸਾਲਾਂ ਦੇ ਅੱਠ ਸੁੱਤੇ ਬੱਚਿਆਂ ਦੇ ਦਿਮਾਗ ਦੀ ਸਰਗਰਮੀ ਨੂੰ ਵਾਰ-ਵਾਰ ਘੋਖਿਆ। ਇਸ ਮਕਸਦ ਲਈ ਉਨ੍ਹਾਂ ਇਲੈਕਟਰੋ ਐਨਸੈਫਲੋਗ੍ਰਾਮ (ਈ.ਈ.ਜੀ.) ਤਕਨੀਕ ਦੀ ਵਰਤੋਂ ਕੀਤੀ। ਖੋਜਕਾਰ ਸਾਲੋਮ ਕੁਰਥ ਨੇ ਦੱਸਿਆ ਕਿ ਇਹ ਬੜੀ ਦਿਲਚਸਪ ਗੱਲ ਹੈ ਕਿ ਰਾਤ ਨੂੰ ਸੁੱਤੇ ਪਏ ਬੱਚਿਆਂ ਦੇ ਦਿਮਾਗ ਦੇ ਦੋਵੇਂ ਅੱਧਾਂ ਦੇ ਅੰਦਰੂਨੀ ਸੰਪਰਕ ਤਾਂ ਢਿੱਲੇ ਪੈ ਗਏ ਪਰ ਦੋਵੇਂ ਹਿੱਸਿਆਂ ਦੇ ਇਕ-ਦੂਜੇ ਨਾਲ ਸੰਪਰਕ ਮਜ਼ਬੂਤ ਹੋ ਗਏ।

# ਟੀਨ ਕਨੱਸਤਰ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਟੀਨ ਕਨੱਸਤਰ ਪੀਟ ਪੀਟ ਕਰ
ਗਲਾ ਫਾੜ ਕਰ ਚਿੱਲਾਨਾ,
ਯਾਰ ਮੇਰੇ ਮਤ ਬੁਰਾ ਮਾਨ,
ਯੇ ਗਾਨਾ ਹੈ ਨਾ ਬਜਾਨਾ ਹੈ।
ਨਾਚ ਕੇ ਬਦਲੇ ਕਮਰ ਨਚਾਨਾ,
ਉਛਲ ਕੇ ਸਰਕਸ ਦਿਖਲਾਨਾ,
ਭੂਲ ਹੈ ਤੇਰੀ ਤੂ ਸਮਝਾ ਹੈ,
ਦੁਨੀਆ ਪਾਗਲਖਾਨਾ ਹੈ।

ਇਹ ਕੋਈ ਅੱਧੀ ਸਦੀ ਪੁਰਾਣੀ ਹਿੰਦੀ ਫਿਲਮ 'ਲਵ ਮੈਰਿਜ' ਦੇ ਇਕ ਗਾਣੇ ਦੇ ਬੋਲ ਹਨ। ਇਥੇ ਸ਼ਾਇਦ ਟੀਨ ਕਨੱਸਤਰ ਨੂੰ ਇਕ ਵਾਜੇ ਵਜੋਂ ਪੇਸ਼ ਕੀਤਾ ਗਿਆ ਹੈ। ਉਂਜ ਗਾਣੇ ਦਾ ਸਮੁੱਚਾ ਭਾਵ ਖੋਖਲੇ ਹੋ ਚੁੱਕੇ ਨਾਚ-ਗਾਣੇ ਅਤੇ ਸਮੁੱਚੀ ਜਿੰਦਗੀ 'ਤੇ ਕਾਟਵਾਂ ਵਿਅੰਗ ਪੇਸ਼ ਕਰਦਾ ਹੈ। ਟੀਨ ਕਨੱਸਤਰ ਦੀ ਇਕ ਡੱਬੇ ਵਜੋਂ ਵਰਤੋਂ ਤੋਂ ਬਿਨਾ ਹੋਰ ਵੀ ਲਾਭ ਹਨ। ਇਸ ਨੂੰ ਵਜਾ ਕੇ ਅਕਸਰ ਹੀ ਸਰਕਾਰੀ ਫਰਮਾਨਾਂ ਦੀ ਮੁਨਿਆਦੀ ਕੀਤੀ ਜਾਂਦੀ ਹੈ। ਦੂਜੇ ਪਾਸੇ ਮਹਿੰਗਾਈ ਦੇ ਜ਼ਮਾਨੇ ਵਿਚ ਲੋਕ ਖਾਲੀ ਟੀਨ ਕਨੱਸਤਰ ਵਜਾ ਵਜਾ ਕੇ ਆਪਣੀ ਮੰਦਹਾਲੀ ਹੁਕਮਰਾਨਾਂ ਤੱਕ ਪਹੁੰਚਾਉਂਦੇ ਹਨ। ਦਿਲਚਸਪ ਗੱਲ ਹੈ ਕਿ ਟੀਨ, ਕਨੱਸਤਰ ਤੇ ਟੀਨ ਕਨੱਸਤਰ-ਤਿੰਨੇ ਸ਼ਬਦ ਪੀਪੇ ਜਾਂ ਪੀਪੇ ਜਿਹੇ ਪਾਤਰ ਦੇ ਹੀ ਵਾਚਕ ਹਨ। ਵਿਡੰਬਨਾ ਦੇਖੋ ਕਿ ਇਕ ਜ਼ਮਾਨਾ ਸੀ, ਭਾਰਤ ਵਰਸ਼ ਵਿਚ ਭਰਿਆ ਤਾਂ ਕੀ ਕਦੇ ਖਾਲੀ ਵੀ ਨਾ ਟੀਨ ਹੁੰਦਾ ਸੀ, ਨਾ ਕਨੱਸਤਰ, ਨਾ ਟੀਨ ਕਨੱਸਤਰ ਤੇ ਨਾ ਹੀ ਪੀਪਾ। ਤੁਸੀਂ ਪੁੱਛੋਗੇ ਕਿ ਭਾਰਤੀ ਲੋਕ ਫਿਰ ਖਾਣ ਪੀਣ ਦੀ ਸਮੱਗਰੀ, ਖਾਸ ਤੌਰ 'ਤੇ ਆਟਾ ਤੇ ਤੇਲ ਕਾਸ ਵਿਚ ਪਾਉਂਦੇ ਸਨ? ਜਨਾਬ ਇਸ ਕੰਮ ਲਈ ਡੱਬਿਆਂ, ਕੁੱਪਿਆਂ, ਘੜਿਆਂ, ਭੜੋਲੀਆਂ, ਮੱਟੀਆਂ, ਪੇਟੀਆਂ, ਪਟਾਰੀਆਂ, ਟੋਕਰੀਆਂ, ਸੰਦੂਕ ਤੇ ਸੰਦੂਕੜੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਥਾਲੀ ਜਾਂ ਢੋਲ ਨਾਲ ਮੁਨਿਆਦੀ ਕਰ ਲਈ ਜਾਂਦੀ ਸੀ। ਪਰ ਖਾਣ ਸਮੱਗਰੀ ਦੇ ਸੰਭਾਲਣ, ਭੰਡਾਰਨ ਅਤੇ ਲਿਜਾਣ ਵਿਚ ਜੋ ਇਨਕਲਾਬ ਟੀਨ-ਕਨੱਸਤਰਾਂ ਨੇ ਲਿਆਂਦਾ, ਉਸ ਦਾ ਜਵਾਬ ਨਹੀਂ। ਅਸੀਂ ਕਿਉਂਕਿ ਸ਼ਬਦਾਂ ਦੇ ਪਿਛੋਕੜ ਤੋਂ ਕਿਸੇ ਚੀਜ਼ ਦੇ ਇਤਿਹਾਸ ਬਾਰੇ ਜਾਣਕਾਰੀ ਲੈਂਦੇ ਹਾਂ, ਇਥੇ ਇਹ ਦੱਸਣਾ ਯੋਗ ਹੈ ਕਿ ਟੀਨ, ਕਨੱਸਤਰ ਤੇ ਪੀਪਾ-ਤਿੰਨਾਂ ਹੀ ਸ਼ਬਦਾਂ ਨੇ ਭਾਰਤ ਵਿਚ ਜਨਮ ਨਹੀਂ ਲਿਆ। ਪਰ ਅੱਜ ਅਸੀਂ ਟੀਨ ਕਨੱਸਤਰ ਦੀ ਗੱਲ ਕਰਨੀ ਹੈ, ਪੀਪੇ ਨੂੰ ਇਹ ਮਾਣ ਹੋਰ ਕਿਸੇ ਦਿਨ ਬਖਸ਼ਾਂਗੇ।

ਸਭ ਤੋਂ ਪਹਿਲਾਂ ਟੀਨ ਕਨੱਸਤਰ ਵਸਤੂ ਬਾਰੇ ਕੁਝ ਜਾਣਕਾਰੀ ਸਾਂਝੀ ਕਰ ਲਈਏ। ਅੰਗਰੇਜ਼ੀ ਵਿਚ ਟਿਨ ਤੇ ਕੈਨ ਆਮ ਤੌਰ 'ਤੇ ਧਾਤ ਦੇ ਉਨ੍ਹਾਂ ਡੱਬਿਆਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਵਿਚ ਖਾਣ ਪੀਣ ਦੀ ਸਮੱਗਰੀ ਰੱਖੀ ਜਾਵੇ। ਅਖਾਣ ਹੈ ਕਿ ਤੂੰ ਅੰਬ ਖਾਣੇ ਹਨ ਕਿ ਪੇੜ ਗਿਣਨੇ ਹਨ। ਟਿਨ ਤੇ ਕੈਨ ਦੇ ਪ੍ਰਸੰਗ ਵਿਚ ਮੈਂ ਇਹ ਗੱਲ ਢੁਕਾਉਂਦਾ ਹੈ। ਲੋਕ ਆਪਣਾ ਟਿਨ ਜਾਂ ਕੈਨ ਕਹਾਉਂਦੇ ਇਨ੍ਹਾਂ ਡੱਬਿਆਂ ਵਿਚਲੇ ਖਾਜੇ ਨੂੰ ਹਜਮ ਕਰਕੇ ਚਲਾ ਕੇ ਮਾਰਦੇ ਹਨ। ਕੌਣ ਇਨ੍ਹਾਂ ਨਿਮਾਣਿਆਂ ਬਾਰੇ ਜਾਣਕਾਰੀ ਲੈਣ ਵਿਚ ਦਿਲਚਸਪੀ ਰਖਦਾ ਹੈ? ਇਸ ਕੂੜੇ ਨੂੰ ਆਧੁਨਿਕ ਰੂਪ ਦੇਣ ਲਈ ਵਿਗਿਆਨੀਆਂ ਨੇ ਸਦੀਆਂ ਲਾ ਦਿੱਤੀਆਂ। ਕਿਸੇ ਨੇ ਕਿਹਾ ਹੈ ਕਿ ਜੇ ਸਭ ਤੋਂ ਪ੍ਰਾਚੀਨਤਮ ਕੈਨ ਤੋਂ ਆਧੁਨਿਕ ਕੈਨ ਤੱਕ ਦੀ ਲਾਈਨ ਲਾ ਦਿੱਤੀ ਜਾਵੇ ਤਾਂ ਤੁਹਾਡੇ ਸਾਹਮਣੇ ਘੋੜਾ-ਗੱਡੀ ਤੋਂ ਲਿਮੋਜ਼ੀਨ ਵਰਗੀ ਕਹਾਣੀ ਪੇਸ਼ ਹੋਵੇਗੀ। ਨਿਕੋਲਸ ਨਾਂ ਦੇ ਇਕ ਫਰਾਂਸੀਸੀ ਕਾਢੂ ਨੇ ਬੋਤਲਾਂ ਵਿਚ ਖਾਧ ਪਦਾਰਥ ਪਾ ਕੇ ਸਾਂਭਣ ਦੀ ਪਹਿਲ ਕੀਤੀ। ਉਤੋਂ ਦੀ ਪੀਟਰ ਨਾਂ ਦੇ ਅੰਗਰੇਜ਼



ਨੇ ਕੈਨ ਦੀ ਕਾਢ ਕੱਢ ਮਾਰੀ। 1809 ਵਿਚ ਫਰਾਂਸੀਸੀ ਸਰਕਾਰ ਨੇ ਦੁਨੀਆਂ ਨੂੰ ਬੋਤਲਬੰਦ ਖਾਣਾ ਪਰੋਸਿਆ ਪਰ ਸਾਲ ਪਿਛੋਂ ਹੀ ਅੰਗਰੇਜ਼ ਪੀਟਰ ਨੇ ਇਸੇ ਤਕਨੀਕ ਦੀ ਵਰਤੋਂ ਕਰਦਿਆਂ ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਟੀਨ ਦੇ ਬਣੇ ਕੈਨਿਸਟਰ ਵਿਚ ਬੰਦ ਕਰਕੇ ਸਾਂਭਣ ਦੀ ਤਕਨੀਕ ਦਾ ਪੇਟੈਂਟ ਹਾਸਿਲ ਕਰ ਲਿਆ।

ਕੁਝ ਜਾਣਕਾਰੀ ਟਿਨ ਬਾਰੇ। ਟਿਨ ਮੁਢਲੇ ਤੌਰ 'ਤੇ ਉਹ ਧਾਤ ਹੈ ਜਿਸ ਨੂੰ ਪੰਜਾਬੀ ਵਿਚ 'ਭਾਂਡੇ ਕਲੀ ਕਰਾ ਲਓ' ਵਾਲੀ ਕਲੀ ਜਾਂ ਕਲਈ ਕਿਹਾ ਜਾਂਦਾ ਹੈ। ਲੋਹੇ ਆਦਿ ਦੀ ਚਾਦਰ ਉਤੇ ਇਸ ਟਿਨ (ਕਲੀ) ਦੀ ਝਾਲ ਫੇਰ ਕੇ 'ਟਿਨ ਪਲੇਟ' ਬਣਾਈ ਜਾਂਦੀ ਹੈ ਤੇ ਇਸ ਝਾਲ ਫੇਰੀ ਟਿਨ ਪਲੇਟ ਦਾ ਨਾਂ ਵੀ ਟਿਨ ਹੀ ਪ੍ਰਚਲਤ ਹੋ ਗਿਆ। ਸਾਡੀ ਭਾਸ਼ਾ ਦਾ ਟੀਨ ਵੀ ਅਸਲ ਵਿਚ ਇਹੋ ਹੈ ਪਰ ਇਸ ਨੇ ਆਪਣੇ ਅਰਥਾਂ ਵਿਚੋਂ ਕਲੀ ਮਨਫੀ ਕਰ ਦਿੱਤੀ। ਪੀਟਰ ਨੂੰ ਆਪਣੀ ਇਸ ਨਵੀਂ ਲਭਤ ਲਈ ਨਵਾਂ ਸ਼ਬਦ ਚਾਹੀਦਾ ਸੀ। ਉਨ੍ਹਾਂ ਦਿਨਾਂ ਵਿਚ ਕਾਨ੍ਹਿਆਂ ਜਾਂ ਬੈਂਤ ਦੀਆਂ ਬਣੀਆਂ ਟੋਕਰੀਆਂ ਵਿਚ ਚਾਹ, ਕਾਫੀ, ਮਟਰ, ਫਲ ਆਦਿ ਚੀਜ਼ਾਂ ਰੱਖੀਆਂ ਜਾਂਦੀਆਂ ਸਨ। ਇਨ੍ਹਾਂ ਟੋਕਰੀਆਂ ਨੂੰ ਕੈਨਿਸਟਰ ਕਿਹਾ ਜਾਂਦਾ ਸੀ। ਪੀਟਰ ਨੇ ਇਹੋ ਸ਼ਬਦ ਚੁੱਕ ਲਿਆ ਪਰ ਕਿਉਂਕਿ ਉਸ ਦਾ ਡੱਬਾ ਕਿਸੇ ਬਨਸਪਤੀ ਦਾ ਨਾ ਹੋ ਕੇ ਟਿਨ ਦਾ ਬਣਿਆ ਹੋਇਆ ਸੀ, ਇਸ ਲਈ ਉਸ ਨੇ ਫਰਕ ਪਾਉਣ ਲਈ ਇਸ ਦਾ ਨਾਂ 'ਟਿਨ ਕੈਨਿਸਟਰ' ਰੱਖ ਦਿੱਤਾ। ਛੇਤੀ ਹੀ 'ਟਿਨ ਕੈਨਿਸਟਰ' ਸ਼ਬਦ-ਜੁੱਟ ਦੇ ਦੋ ਟੋਟੇ ਹੋ ਗਏ-ਟਿਨ ਤੇ ਕੈਨਿਸਟਰ, ਅਤੇ ਦੋਵੇਂ ਇਕੋ ਅਰਥ ਦੇਣ ਲੱਗ ਪਏ। ਸਮਾਂ ਪਾ ਕੇ ਲਿਖਤ ਪੜ੍ਹਤ ਵਿਚ ਆਉਣ ਲੱਗਿਆਂ ਕੈਨਿਸਟਰ ਦੀ ਤਾਂ ਜਾਣੋ ਦੁੰਮ ਹੀ ਕੱਟੀ ਗਈ ਤੇ ਰਹਿ ਗਿਆ ਕੈਨ। ਉਂਜ ਅੰਗਰੇਜ਼ੀ ਵਿਚ ਪਿਆਲੇ ਦੇ ਅਰਥਾਂ ਵਿਚ ਕੈਨ ਸ਼ਬਦ ਪਹਿਲਾਂ ਵੀ ਮੌਜੂਦ ਸੀ ਜੋ ਢੇਰ ਪੁਰਾਣੇ ਸਮਿਆਂ ਵਿਚ ਹੀ ਲਾਤੀਨੀ ਤੋਂ ਆਇਆ ਸੀ। ਕੈਨਿਸਟਰ ਦਾ ਕੈਨ ਬਣਨ ਵਿਚ ਇਸ ਦਾ ਵੀ ਹੱਥ ਹੈ।

ਮਜ਼ੇ ਦੀ ਗੱਲ ਹੈ ਕਿ ਅੰਗਰੇਜ਼ ਲੋਕ ਇਨ੍ਹਾਂ ਡੱਬਿਆਂ ਨੂੰ 'ਟਿਨ' ਤੇ ਇਸ ਵਿਚਲੇ ਖਾਜੇ ਨੂੰ 'ਟਿੰਡ ਫੂਡ' (tinned food) ਆਖਦੇ ਹਨ ਜਦ ਕਿ ਅਮਰੀਕੀ, ਜਿਨ੍ਹਾਂ ਆਪਣੀ ਵਖਰੀ ਹੀ ਡਫਲੀ ਵਜਾਉਣੀ ਹੁੰਦੀ ਹੈ, ਇਨ੍ਹਾਂ ਨੂੰ ਕ੍ਰਮਵਾਰ 'ਕੈਨ' ਤੇ 'ਕੈਂਡ ਫੂਡ' (canned food) ਆਖਦੇ ਹਨ। ਤਨਜ਼ ਵਾਲੀ ਗੱਲ ਹੈ ਕਿ ਨਿਕੋਲਸ ਤੇ ਪੀਟਰ-ਦੋਨਾਂ ਨੇ ਇਹ ਨਾਂ ਨਹੀਂ ਸੀ ਰੱਖੇ। ਜੇ ਕਿਤੇ ਉਹ ਕਬਰ ਵਿਚੋਂ ਉਠ ਕੇ ਆ ਜਾਣ ਤਾਂ ਆਪਣੇ ਘੜੇ ਸ਼ਬਦਾਂ ਦੀ ਪੁੱਟੀ ਹੋਈ ਜੱਖਣਾ ਤੋਂ ਜ਼ਰੂਰ ਪ੍ਰੇਸ਼ਾਨ ਹੋਣਗੇ। ਉਨ੍ਹਾਂ ਤਾਂ ਇਸ ਤਰ੍ਹਾਂ ਦੇ ਖਾਣੇ ਨੂੰ sealed food ਕਿਹਾ ਸੀ। ਪਿਛਲੇ ਸਮੇਂ ਵਿਚ ਯੂਰਪ ਸਮੁੰਦਰੀ ਜਹਾਜ਼ਾਂ ਰਾਹੀਂ ਸਾਮਰਾਜ ਦੇ ਰਾਹ ਤੁਰਿਆ ਤਾਂ ਯੂਰਪੀਨਾਂ ਨੂੰ ਦੂਰ ਦੇਸ਼ਾਂ ਤੱਕ ਲੰਮੇ ਸਮੇਂ ਲਈ ਸਮੁੰਦਰੀ ਸਫਰ ਦੌਰਾਨ ਮੀਟ, ਫਲ, ਸਬਜ਼ੀਆਂ ਆਦਿ ਸੁਰੱਖਿਅਤ ਰੂਪ ਵਿਚ ਚਾਹੀਦੇ ਸਨ। ਇਸ ਲਈ ਭੋਜਨ ਨੂੰ ਪਰੀਜ਼ਰਵ ਕਰਨ ਦੀ ਲੋੜ ਸੀ ਤਾਂ ਜੋ ਉਹ ਰਾਹ ਵਿਚ ਖਰਾਬ ਨਾ ਹੋ ਸਕੇ। ਨਿਕੋਲਸ ਅਤੇ ਪੀਟਰ ਦੀ ਕਾਢ ਨੇ ਇਹ ਸੰਭਵ ਬਣਾਇਆ ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦੀ ਜ਼ਰੂਰਤ ਹੀ ਸਾਮਰਾਜੀ ਅਕਾਂਖਿਆ ਵਿਚੋਂ ਉਪਜੀ ਸੀ। ਖਾਣੇ ਨੂੰ ਪਰੀਜ਼ਰਵ ਕਰਨ ਲਈ ਪਹਿਲਾਂ ਪਹਿਲਾਂ ਤਾਂ ਇਹ ਕੈਨ ਜਾਂ ਟਿਨ ਠਠੇਰੇ ਹੀ ਬਣਾਉਂਦੇ ਸਨ। ਪਰ ਮੰਗ ਏਨੀ ਜ਼ਿਆਦਾ ਸੀ ਕਿ ਠਠੇਰਿਆਂ ਦੇ ਸਿਧੇ ਜਿਹੇ ਸੰਦਾਂ ਨਾਲ ਬਣਾਏ ਗਿਣਤੀ ਦੇ ਪੀਸ ਇਸ ਨੂੰ ਪੂਰਾ ਨਹੀਂ ਸੀ ਕਰ ਸਕਦੇ। ਠਠੇਰੇ ਟੀਨ ਦੀ ਚਾਦਰ ਲੈ ਕੇ ਉਸ ਨੂੰ ਲੋੜ ਜਿੰਨਾ ਕੱਟ ਕੇ ਤੇ ਗੋਲ ਗੋਲ ਲਪੇਟ ਕੇ ਦੋਨਾਂ ਸਿਰਿਆਂ 'ਤੇ ਟਾਂਕੇ ਲਾ ਦਿੰਦੇ ਸਨ। ਚਾਦਰ ਦਾ ਇਕ ਗੋਲ ਟੁਕੜਾ ਪੈਂਦੇ 'ਤੇ ਜੜ ਦਿੱਤਾ ਜਾਂਦਾ। ਫਿਰ ਫਲ ਫਰੂਟ, ਮੀਟ ਮੱਛੀ, ਦਾਲ ਸਬਜ਼ੀ ਆਦਿ ਨਾਲ ਭਰ ਕੇ ਇਹੋ ਜਿਹਾ ਹੀ ਇਕ ਗੋਲ ਟੁਕੜਾ ਢਕਣ ਵਜੋਂ ਉਪਰ ਜੜ ਦਿੱਤਾ ਜਾਂਦਾ। ਇਸ ਵਿਚ ਇਕ ਸੁਰਾਖ ਕਰ ਲਿਆ ਜਾਂਦਾ। ਫਿਰ ਇਸ ਨੂੰ ਖੂਬ ਉਬਾਲ ਕੇ ਬੈਕਟੀਰੀਆ ਮਾਰੇ ਜਾਂਦੇ ਤੇ ਸੁਰਾਖ ਰਾਹੀਂ ਹਵਾ ਕੱਢ ਦਿੱਤੀ ਜਾਂਦੀ। ਅਖੀਰ ਵਿਚ ਇਸ ਸੁਰਾਖ ਨੂੰ ਵੀ ਟਾਂਕੇ ਲਾਏ ਜਾਂਦੇ। ਸਪਸ਼ਟ ਹੈ ਕਿ ਵੱਡੀ ਪੱਧਰ 'ਤੇ ਇਹ ਕੰਮ ਸੰਭਵ ਨਹੀਂ ਸੀ। ਇਸ ਲਈ ਬਰਾਬਰ ਦੀ ਕੈਨਿੰਗ ਇੰਡਸਟਰੀ ਖੜੀ ਹੋ ਗਈ। ਬੱਸ ਫਿਰ ਕੀ ਸੀ ਹਰ ਆਏ ਸਾਲ ਇਸ ਵਿਚ ਸੁਧਾਰ ਤੇ ਸੁਧਾਰ ਹੋਈ ਜਾਂਦਾ। ਭੋਜਨ ਸਨਅਤ ਦੇ ਨਾਲ ਨਾਲ ਕੈਨਿੰਗ ਸਨਅਤ ਖੂਬ ਪ੍ਰਫੁਲਤ ਹੋ ਗਈ। ਬੀ.ਬੀ.ਸੀ. ਦੀ ਇਤਲਾਹ ਅਨੁਸਾਰ ਯੂਰਪ ਅਤੇ ਅਮਰੀਕਾ ਵਿਚ ਹਰ ਸਾਲ 40 ਅਰਬ ਟੀਨ ਕਨੱਸਤਰ ਬਣਾਏ ਅਤੇ ਵਰਤੇ ਜਾਂਦੇ ਹਨ। ਅੱਜ ਭੋਜਨ ਉਦਯੋਗ ਨਾਲੋਂ ਕੈਨ ਇੰਡਸਟਰੀ ਵਿਚ ਵਧੇਰੇ ਸਾਜ਼ੋ ਸਮਾਨ ਇਸਤੇਮਾਲ ਹੁੰਦਾ ਹੈ। ਜ਼ਮਾਨਾ ਪੇਸ਼ਕਾਰੀ ਅਤੇ ਦਿਖਾਵੇ ਦਾ ਹੈ ਨਾ ਕਿ ਤੱਤ ਦਾ। ਇਸ ਲੇਖ ਦੇ ਸ਼ੁਰੂ ਵਿਚ ਦਿੱਤੇ ਗੀਤ ਦੇ ਬੋਲ ਵੀ ਇਹੋ ਭਾਵ ਪੇਸ਼ ਕਰਦੇ ਹਨ।

ਖੈਰ ਆਪਾਂ ਕੀ ਲੈਣਾ, ਆਪਾਂ ਮੁੜ ਸ਼ਬਦਾਂ ਦੇ ਪੰਧ 'ਤੇ ਤੁਰੀਏ। ਅਸੀਂ ਦੇਖ ਚੁੱਕੇ ਹਾਂ ਕਿ ਅੰਗਰੇਜ਼ੀ ਵਿਚ ਹੀ ਕੈਨਿਸਟਰ ਜਾਂ ਟਿਨ ਕੈਨਿਸਟਰ ਸ਼ਬਦਾਂ ਦੀ ਵਰਤੋਂ ਹੋ ਚੁੱਕੀ ਸੀ। ਭੋਜਨਾਂ ਦੇ ਭਰੇ ਇਹ ਕੈਨਿਸਟਰ ਜਦ ਜਹਾਜ਼ਾਂ ਰਾਹੀਂ ਗੋਰੇ ਹਾਕਮਾਂ ਨੇ ਸਾਡੇ ਦੇਸ਼ ਲਿਆਂਦੇ ਤਾਂ ਟਿਨ ਦਾ ਟੀਨ ਬਣ ਗਿਆ ਅਤੇ ਕੈਨਿਸਟਰ ਦਾ ਕਨੱਸਤਰ।

ਕੈਨਿਸਟਰ ਸ਼ਬਦ ਦੇ ਪਿੱਛੇ ਹੋਰ ਵੀ ਲੰਮੀ ਚੌੜੀ ਕਹਾਣੀ ਹੈ। ਇਹ ਗਰੀਕ ਸ਼ਬਦ ਕੈਨੀਸਟਰੋਨ ਤੋਂ ਬਣਿਆ ਤੇ ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਇਹ ਸ਼ਬਦ ਕਾਨਿਆਂ ਦੀ ਬਣੀ ਟੋਕਰੀ ਲਈ ਵਰਤਿਆ ਜਾਂਦਾ ਸੀ। ਗਰੀਕ ਤੋਂ ਤੁਰ ਕੇ ਇਹ ਸ਼ਬਦ ਮਾਮੂਲੀ ਧੁਨੀ ਪਰਿਵਰਤਨ ਨਾਲ ਲਾਤੀਨੀ ਵਿਚ ਪਹੁੰਚਾ ਤੇ ਅੱਗੋਂ ਫਰਾਂਸੀਸੀ ਰਾਹੀਂ ਅੰਗਰੇਜ਼ੀ ਤੇ ਹੋਰ ਯੂਰਪੀ ਭਾਸ਼ਵਾਂ ਵਿਚ। ਇਸ ਸ਼ਬਦ ਦੇ ਮੂਲ ਵਿਚ ਕੇਨ ਸ਼ਬਦ ਹੈ ਜੋ ਕਾਨੇ ਜਾਂ ਸਲਵਾੜ ਜਿਹੀ ਬਨਾਸਪਤੀ ਹੈ। ਅੰਗਰੇਜ਼ੀ ਦੇ ਕੇਨ ਸ਼ਬਦ ਪਿਛੇ ਵੀ ਗਰੀਕ ਕਾਨਾਹ ਸ਼ਬਦ ਹੈ। ਖੋਜਕਾਰਾਂ ਦਾ ਵਿਚਾਰ ਹੈ ਕਿ ਇਹ ਮੂਲ ਰੂਪ ਵਿਚ ਅਸੀਰੀਅਨ 'ਕਾਨੂ' ਸ਼ਬਦ ਤੋਂ ਵਿਕਸਿਤ ਹੋਇਆ ਹੈ। ਅਸਲ ਵਿਚ ਤਾਂ ਕਲਮਾਂ ਜਾਂ ਪੂਣ ਸਲਾਈ ਬਣਾਉਣ ਲਈ ਵਰਤਿਆ ਜਾਂਦਾ ਸਾਡਾ 'ਕਾਨਾ' ਸ਼ਬਦ ਵੀ ਇਹੋ ਹੈ। ਸਾਡੀਆਂ ਭਾਸ਼ਾਵਾਂ ਵਿਚ ਇਸ ਨਾਲ ਜੁੜਦੇ ਬਹੁਤ ਸਾਰੇ ਸ਼ਬਦ ਹਨ ਜਿਵੇਂ ਗੰਨਾ, ਕਾਂਡ, ਕਾਨੂੰਨ ਆਦਿ। ਇਸੇ ਤਰ੍ਹਾਂ ਅੰਗਰੇਜ਼ੀ ਵਿਚ ਵੀ ਹੋਰ ਬਹੁਤ ਸਾਰੇ ਸ਼ਬਦ ਹਨ ਜਿਨ੍ਹਾਂ ਵਿਚ ਕੇਨ, ਕੈਨਾਲ, ਚੈਨਲ, ਕੈਨਨ, ਕੈਨੀਅਨ ਆਦਿ ਉਘੜਵੇਂ ਹਨ। ਪਰ ਇਹ ਲੰਮੀਆਂ ਚੌੜੀਆਂ ਗੱਲਾਂ ਫਿਰ ਕਦੇ। ਹਾਲ ਦੀ ਘੜੀ ਏਨਾ ਦੱਸ ਦੇਈਏ ਕਿ ਕਨਸਤਰ ਸ਼ਬਦ ਤਾਂ ਅੱਜ ਕਲ੍ਹ ਉਰਦੂ ਫਾਰਸੀ ਪੜ੍ਹੇ ਪੰਜਾਬੀ ਹੀ ਬੋਲਦੇ ਹੋਣਗੇ। ਪੰਜਾਬੀਆਂ ਨੇ ਛੋਟੇ ਕੈਨ ਲਈ ਕੈਨੀ ਸ਼ਬਦ ਘੜ ਲਿਆ ਹੈ ਤੇ ਇਸ ਦੀ ਵਰਤੋਂ ਆਪਣੀ ਰੁਚੀ ਅਨੁਸਾਰ ਪੀਪੀ ਦੀ ਤਰ੍ਹਾਂ ਘਰ ਦੀ ਕੱਢੀ ਸ਼ਰਾਬ ਪਾਉਣ ਲਈ ਕਰਨੀ ਸ਼ੁਰੂ ਕਰ ਦਿੱਤੀ ਹੈ। ਵੈਸ਼ਨੋ ਤਾਂ ਇਸ ਵਿਚ ਤੇਲ ਆਦਿ ਪਾਉਂਦੇ ਹਨ। ਕਦੇ ਕਦਾਈਂ ਟੀਨ-ਕਨੱਸਤਰ ਸ਼ਬਦ ਖੋਖਲੇ ਦਿਮਾਗ ਵਾਲੇ ਬੰਦੇ ਲਈ ਵੀ ਵਰਤ ਲਿਆ ਜਾਂਦਾ ਹੈ।

# ਬੀ ਸੀ ਕੈਨੇਡਾ ਦਾ ਪੰਜਾਬੀ ਲਈ ਸੁਪਰ ਸਾਹਿਤ ਪੁਰਸਕਾਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਕਿਸੇ ਸਮੇਂ ਪੰਜਾਬੀ ਮੁਸਾਫਰਾਂ ਨਾਲ ਖਚਾ ਖਚ ਭਰੇ ਕਾਮਾਗਾਟਾ ਮਾਰੂ ਜਹਾਜ਼ ਨੂੰ ਆਪਣੀ ਮਿੱਟੀ ਦੀ ਛੁਹ ਤੋਂ ਵਾਂਝਾ ਰੱਖਣ ਵਾਲੇ ਇਸ ਧਰਤੀ ਦੇ ਇੱਕ ਪੰਜਾਬੀ ਜੀਊੜੇ ਨੇ ਭਾਰਤ ਦੇ ਗਿਆਨਪੀਠ ਤੇ ਸਰਸਵਤੀ ਸਨਮਾਨਾਂ ਨਾਲੋਂ ਵੀ ਉਚਾ ਸਾਹਿਤ ਸਨਮਾਨ ਸਥਾਪਤ ਕੀਤਾ ਹੈ।

ਇਹ ਸਨਮਾਨ ਸਰੂਪ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਕੰਮ ਕਰਦੀ ਸਿਹਤ, ਵਿਦਿਆ, ਵਿਕਾਸ ਤੇ ਸਾਹਿਤ ਨੂੰ ਪ੍ਰਣਾਈ ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ ਦੀ ਮਦਦ ਨਾਲ ਬ੍ਰਿਟਿਸ਼ ਕੋਲੰਬੀਆ ਦੀ ਯੂਨੀਵਰਸਿਟੀ ਵਲੋਂ ਗੁਰਮੁਖੀ/ਸ਼ਾਹਮੁਖੀ ਵਿਚ ਛਪੀ ਪੰਜਾਬੀ ਭਾਸ਼ਾ ਦੀ ਉਤਮ ਗਲਪ ਰਚਨਾ ਨੂੰ ਹਰ ਸਾਲ ਦਿੱਤਾ ਜਾਵੇਗਾ। ਇਨਾਮ ਦੀ ਰਕਮ 25 ਹਜ਼ਾਰ ਕੈਨੇਡੀਅਨ ਡਾਲਰ ਐਲਾਨੀ ਗਈ ਹੈ। ਰਚਨਾਵਾਂ ਹਰ ਵਰ੍ਹੇ ਦੇ ਜਨਵਰੀ ਮਹੀਨੇ ਪੇਸ਼ ਹੋਣਗੀਆਂ ਜਿਨ੍ਹਾਂ ਦਾ ਨਿਤਾਰਾ ਕਰਨ ਲਈ ਗੁਰਮੁਖੀ ਤੇ ਸ਼ਾਹਮੁਖੀ ਦੇ ਜਾਣਕਾਰ ਦੋ ਗਰੁਪ ਆਪਣੀ ਚੋਣ ਦਸਣਗੇ ਤੇ ਉਨ੍ਹਾਂ ਦਾ ਨਿਤਾਰਾ ਕਰਨ ਲਈ ਪੰਜਾਬੀ ਦੇ ਉਘੇ ਵਿਦਵਾਨਾਂ ਦੀ ਇਕ ਕੇਂਦਰੀ ਕਮੇਟੀ ਕਾਇਮ ਕੀਤੀ ਗਈ ਹੈ ਜਿਹੜੀ ਕੋਲੰਬੀਆ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਨਾਲ ਰੱਲ ਕੇ ਅੰਤਮ ਫੈਸਲਾ ਕਰੇਗੀ। ਇਨਾਮ ਸਬੰਧਤ ਵਰ੍ਹੇ ਦੇ ਅਕਤੂਬਰ ਮਹੀਨੇ ਦਿੱਤਾ ਜਾਵੇਗਾ। ਪੁਰਸਕਾਰ ਦੀ ਪੇਸ਼ਕਾਰੀ ਕੈਨੇਡੀਅਨ ਗਲਪ ਦੇ ਗਿੱਲਰ ਤੇ ਅੰਗਰੇਜ਼ੀ ਦੇ ਪੁਲਟਜ਼ਰ ਪੁਰਸਕਾਰ ਦਾ ਟਾਕਰਾ ਕਰੇਗੀ।

ਇਸ ਉਦਮ ਦੀ ਰੂਹ-ਏ-ਰਵਾਂ ਬਰਜ ਐਸ ਢਾਹਾਂ ਬੰਗਾ ਨੇੜਲੇ ਢਾਹਾਂ ਪਿੰਡ ਦਾ ਜੰਮਪਲ ਹੈ ਜਿਹੜਾ ਦਸ ਸਾਲ ਦੀ ਉਮਰ ਵਿਚ ਆਪਣਾ ਪਿੰਡ ਛੱਡ ਕੇ ਹਰੀਆਂ ਚਰਾਂਦਾਂ ਦੀ ਭਾਲ ਵਿਚ ਕੈਨੇਡਾ ਚਲਾ ਗਿਆ ਸੀ। ਉਹ ਅਤਿਅੰਤ ਸਫਲ ਵਿਅਕਤੀ ਹੈ ਤੇ ਉਸ ਨੇ ਹੁਣ ਆਪਣੀ ਮਾਤ ਭਾਸ਼ਾ ਦੀ ਉਸਾਰੀ ਤੇ ਅਮੀਰੀ ਲਈ ਇਸ ਇਨਾਮ ਦਾ ਦਸਵੰਧ ਕੱਢਣ ਦਾ ਫੈਸਲਾ ਕੀਤਾ ਹੈ। ਸਨਮਾਨ ਦਾ ਨਾਂ ਢਾਹਾਂ ਇੰਟਰਨੈਸ਼ਨਲ ਸਾਹਿਤ ਸਨਮਾਨ ਹੈ।

ਇਨਾਮ ਜੇਤੂ ਪੁਸਤਕ ਅੰਗਰੇਜ਼ੀ ਵਿਚ ਅਨੁਵਾਦ ਕਰਵਾ ਕੇ ਪਾਠਕਾਂ ਦੇ ਅੰਤਰਰਾਸ਼ਟਰੀ ਪਿੜ ਵਿਚ ਪਹੁੰਚਾਈ ਜਾਵੇਗੀ। ਮੂਲ ਭਾਵਨਾ ਮਾਤ ਭੂਮੀ ਤੇ ਮਾਂ ਬੋਲੀ ਦਾ ਨਾਂ ਰੌਸ਼ਨ ਕਰਨ ਦੀ ਹੈ। ਕਿੰਨੀ ਸਫਲ ਰਹੇਗੀ, ਇਸ ਦਾ ਅਨੁਮਾਨ ਬੰਗਾ ਬਹਿਰਾਮ ਸੜਕ ਉਤੇ ਪੈਂਦੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰੱਸਟ ਦੀ ਦੇਣ ਤੋਂ ਲਾਇਆ ਜਾ ਸਕਦਾ ਹੈ ਜਿਹੜਾ ਬਰਜ ਦੇ ਪਿਤਾ ਬੁੱਧ ਸਿੰਘ ਢਾਹਾਂ ਦੀ ਦੇਣ ਹੈ। ਜੇ ਪਿਤਾ ਨੇ ਆਪਣੇ ਜੱਦੀ ਇਲਾਕੇ ਦੇ ਭਲੇ ਲਈ ਉਥੇ ਹਸਪਤਾਲ, ਟਰੌਮਾ ਸੈਂਟਰ, ਨਰਸਿੰਗ ਕਾਲਜ ਤੇ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਿਆ ਹੈ ਤਾਂ ਪੁੱਤਰ ਨੇ ਆਪਣੇ ਪਿੰਡ ਦੇ ਨਾਂ ਉਤੇ ਢਾਹਾਂ ਇੰਟਰਨੈਸ਼ਲ ਸੁਪਰ ਸਾਹਿਤ ਪੁਰਸਕਾਰ ਦੀ ਸਥਾਪਨਾ ਕੀਤੀ ਹੈ। ਉਹ ਆਪਣੇ ਇਸ ਯਤਨ ਨੂੰ ਆਪਣੀ ਮਾਂ ਬੋਲੀ ਨੂੰ ਵਿਸਾਰੇ ਰੱਖਣ ਦੀ ਭੁੱਲ ਦੀ ਮੁਆਫ਼ੀ ਮਾਤਰ ਕਹਿੰਦਾ ਹੈ। ਭਾਰਤ ਵਿਚ ਇਸ ਦਾ ਐਲਾਨ ਨਵੰਬਰ ਮਹੀਨੇ ਚੰਡੀਗੜ੍ਹ ਦੇ ਮੈਰੀਅਟ ਹੋਟਲ ਵਿਚ ਇੱਕ ਵੱਡਾ ਸਮਾਗਮ ਰਚਾ ਕੇ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅਜਿਹਾ ਸਮਾਗਮ ਵੈਨਕੂਵਰ ਵਿਚ ਹੋ ਚੁੱਕਿਆ ਹੈ ਅਤੇ ਪਾਕਿਸਤਾਨ ਤੇ ਅਮਰੀਕਾ ਵਿਚ ਛੇਤੀ ਹੀ ਹੋਣ ਵਾਲਾ ਹੈ। ਉਦਮ ਵੱਡਾ ਹੈ, ਵਧੀਆ ਹੈ ਤੇ ਵਧਾਈ ਦਾ ਹੱਕਦਾਰ ਹੈ।

**ਚਰਨ ਦਾਸ ਸਿੱਧੂ ਦਾ ਹੁਸ਼ਿਆਰਪੁਰ:** ਹਰਮਨ ਪਿਆਰੇ ਪੰਜਾਬੀ ਨਾਟਕਕਾਰ ਚਰਨ ਦਾਸ ਸਿੱਧੂ ਦੇ ਅਕਾਲ ਚਲਾਣੇ ਨੇ ਹੁਸ਼ਿਆਰਪੁਰ ਜ਼ਿਲ੍ਹੇ



ਚਰਨ ਦਾਸ ਸਿੱਧੂ

ਦਾ ਭਾਰਤੀ ਸਾਹਿਤ ਵਿਚ ਯੋਗਦਾਨ ਚੇਤੇ ਕਰਵਾ ਦਿੱਤਾ ਹੈ। ਤਾਰਾ ਸਿੰਘ ਕਾਮਲ ਵਾਂਗ ਉਹ ਵੀ ਭਾਰਤੀ ਸਾਹਿਤ ਅਕਾਡਮੀ ਦੇ ਪੁਰਸਕਾਰ ਨਾਲ ਸਨਮਾਨਿਆ ਜਾ ਚੁੱਕਾ ਸੀ। ਕਾਮਲ ਦਾ ਜਨਮ 15 ਮਾਰਚ 1929 ਨੂੰ ਫਗਵਾੜਾ-ਹੁਸ਼ਿਆਰਪੁਰ ਸੜਕ ਤੋਂ ਜ਼ਰਾ ਹਟਵੇਂ ਪਿੰਡ ਹੂਕੜਾਂ ਵਿਚ ਹੋਇਆ ਸੀ ਤੇ ਸਿੱਧੂ ਦਾ 14 ਮਾਰਚ 1938 ਨੂੰ ਇਸੇ ਸੜਕ ਤੋਂ ਥੋੜ੍ਹਾ ਹੋਰ ਹਟਵੇਂ ਪਿੰਡ ਭਾਮ ਵਿਚ। ਕਾਮਲ ਨੂੰ ਕੌਮੀ ਨਕਸ਼ੇ ਉਤੇ ਖੁਸ਼ਵੰਤ ਸਿੰਘ ਲੈ ਕੇ ਆਇਆ ਸੀ। ਉਸ ਨੇ ਚਾਰ ਦਹਾਕੇ ਪਹਿਲਾਂ ਸਟੇਟਸਮੈਨ ਲਈ ਲਿਖੇ ਆਪਣੇ ਇੱਕ ਲੇਖ ਵਿਚ ਉਸ ਦੀ ਰੰਦਾ ਵਾਹੁੰਦੇ ਦੀ ਤਸਵੀਰ ਛਾਪ ਕੇ ਉਸ ਨੂੰ ਤਰਖਾਣ ਕਵੀ ਲਿਖਿਆ ਸੀ।

ਚਰਨ ਦਾਸ ਸਿੱਧੂ ਆਪਣੇ ਨੇੜਲੇ ਮਿੱਤਰਾਂ ਨੂੰ ਆਪਣੀ ਜਾਣ-ਪਛਾਣ ਕਰਾਉਂਦੇ ਸਮੇਂ ਰੁਅਬ ਨਾਲ ਕਹਿੰਦਾ ਹੁੰਦਾ ਸੀ ਕਿ ਉਸ ਦਾ ਬਾਪ ਹੁਸ਼ਿਆਰਪੁਰ ਵਿਚ ਜੁੱਤੀਆਂ ਗੰਢਦਾ ਰਿਹਾ ਹੈ। ਹੂਕੜਾਂ ਤੇ ਭਾਮ ਮੇਰੇ ਜੱਦੀ ਪਿੰਡ ਸੂਨੀ ਤੋਂ ਬਾਰਾਂ ਕੋਹ ਦੀ ਮਾਰ 'ਤੇ ਹਨ ਤੇ ਇਸ ਸਨਮਾਨ ਵਾਲਾ ਮੈਂ ਊਝ ਵਾਹੁੰਦੇ ਪਿਤਾ ਦਾ ਪੁੱਤਰ ਹਾਂ। ਜਦੋਂ ਕਾਮਲ ਅਤੇ ਮੇਰੇ ਵਾਂਗ ਸਿੱਧੂ ਵੀ ਭਾਰਤੀ ਸਾਹਿਤ ਅਕਾਡਮੀ ਪੁਰਸਕਾਰ ਨਾਲ ਸਨਮਾਨਿਆ ਗਿਆ ਸੀ ਤਾਂ ਮੈਂ ਭਰੀ ਸਭਾ ਵਿਚ ਕਿਹਾ ਸੀ, ਸਾਡੀ ਇਕੋ ਇੱਕ ਤਹਿਸੀਲ ਗੜ੍ਹਸ਼ੰਕਰ ਨੇ ਸਾਹਿਤ ਅਕਾਡਮੀ ਨੂੰ ਤਿੰਨ ਵਿਜੇਤਾ ਦਿੱਤੇ ਹਨ, ਤੇ ਉਹ ਵੀ ਕਵੀ, ਰੰਗਕਰਮੀ ਤੇ ਗਲਪਕਾਰ, ਜਦ ਕਿ ਭਾਰਤ ਵਿਚ ਉਨ੍ਹਾਂ ਜ਼ਿਲ੍ਹਿਆਂ ਦੀ ਗਿਣਤੀ ਕਈ ਦਰਜਨ ਹੋ ਸਕਦੀ ਹੈ ਜਿਥੋਂ ਇਹ ਸਨਮਾਨ ਪ੍ਰਾਪਤ ਕਰਨ ਵਾਲਾ ਕੋਈ ਵੀ ਨਹੀਂ। ਸਿੱਧੂ 37 ਨਾਟਕਾਂ ਦਾ ਲੇਖਕ ਤੇ ਸੰਗੀਤ ਨਾਟਕ ਅਕਾਡਮੀ ਸਨਮਾਨ ਵਿਜੇਤਾ ਅਤੇ ਪੰਜਾਬੀ ਲੇਖਕ ਸਭਾ ਨਵੀਂ ਦਿੱਲੀ ਦਾ ਫੈਲੋ ਵੀ ਸੀ। ਹੁਸ਼ਿਆਰਪੁਰੀਆਂ ਵਿਚੋਂ ਇਸ ਮਿੱਟੀ ਨੂੰ ਅਲਵਿਦਾ ਕਹਿਣ ਵਾਲਾ ਹੁਣ ਕੇਵਲ ਮੈਂ ਹੀ ਰਹਿ ਗਿਆ ਹਾਂ। ਚੰਗਾ ਹੋਇਆ ਮੇਰੇ ਲਈ ਉਪਰ ਜਾ ਕੇ ਥਾਂ ਬਣਾਉਣ ਵਾਲੇ ਦੋ ਹੋ ਗਏ ਹਨ। ਇੱਕ ਇਕੱਲਾ ਦੋ ਗਿਆਰਾਂ। ਦਿੱਲੀ ਵਿਚ ਤਾਂ ਅਸੀਂ ਤਿੰਨੇ ਇਕੱਠੇ ਸਾਂ। ਮੇਰਾ ਨਿਸਚਾ ਹੈ ਕਿ ਉਪਰ ਵਾਲੇ ਕੋਲ ਵੀ ਉਹ ਮੈਨੂੰ ਬਾਰਾਂ ਕੋਹ ਤੋਂ ਦੂਰ ਨਹੀਂ ਭੇਜਣ ਲੱਗੇ। ਬਾਰਾਂ ਕੋਹਾਂ 'ਤੇ ਬੋਲੀ ਬਦਲਣ ਵਾਲੇ ਪੈਮਾਨੇ ਅਨੁਸਾਰ ਸਾਡੀ ਬੋਲੀ ਜੋ ਇੱਕ ਸੀ।

**ਅੰਤਿਕਾ:** (ਗ਼ਦਰ ਲਹਿਰ ਦਾ ਕੋਰੜਾ ਛੰਦ)

ਇਕ ਟਾਪੂ ਨਿਵਾਸੀ ਬਾਗ਼ੀ 4 ਅਗਸਤ 1914
ਹਿੰਦ ਦੇ ਸਪੁੱਤਰੋ ਕਰੋ ਧਿਆਨ ਜੀ,
ਲੁਟ ਕੇ ਤੇ ਹਿੰਦ ਕੀਤਾ ਹੈ ਵੈਰਾਨ ਜੀ।
ਤੁਸਾਂ ਵਿਚ ਪਾ ਕੇ ਵੀਰੋ ਖਾਨਾ ਜੰਗੀਆਂ,
ਖਾ ਲਿਆ ਮੁਲਕ ਲੁਟ ਕੇ ਫਰੰਗੀਆਂ।
ਹਿੰਦੂ ਮੁਸਲਮਾਨ ਅਤੇ ਸਿੰਘ ਸੂਰਮੇ,
ਕੁੱਟ ਕੇ ਬਣਾਓ ਵੈਰੀਆਂ ਦੇ ਚੂਰਮੇ।
ਫੜ ਲਓ ਸ਼ਤਾਬੀ ਹੱਥੀਂ ਤੇਗਾਂ ਨੰਗੀਆਂ,
ਖਾ ਲਿਆ ਮੁਲਕ ਲੁਟ ਕੇ ਫਰੰਗੀਆਂ।

# ਖਾਕੀ ਵਰਦੀ ਦੀ ਹਉਮੈ ਦੀ ਭੇਟ ਚੜ੍ਹਿਆ ਦਿਲਸ਼ਾਦ ਅਖਤਰ

## ਪੰਜਾਬੀ ਗਾਇਕੀ ਦੇ ਅੰਦਰ-ਬਾਹਰ



ਐਸ. ਅਸ਼ੋਕ ਭੌਰਾ

ਪੰਜਾਬੀ ਗਾਇਕੀ ਦੇ ਖੇਤਰ ਵਿਚ ਜਿੰਨਾ ਚਿਰ ਮੈਂ ਰਿਹਾ ਹਾਂ, 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ' ਵਾਲੀ ਹਾਲਤ ਰਹੀ ਹੈ। ਗਾਇਕਾਂ ਦਾ ਵੱਡਾ ਕਾਫਲਾ ਮੇਰੇ ਲਈ ਪਰਿਵਾਰ ਵਾਂਗ ਰਿਹਾ ਹੈ ਪਰ ਇਸ ਸੰਗੀਤਕ ਅਰਸੇ ਦੌਰਾਨ ਅਮਰ ਸਿੰਘ ਚਮਕੀਲੇ ਤੋਂ ਬਾਅਦ ਜਿਹੜਾ ਘਾਟਾ ਪਿਆ, ਉਹ ਸੀ ਸੁਰੀਲੇ ਗਾਇਕ ਦਿਲਸ਼ਾਦ ਅਖਤਰ ਦਾ ਬੇਦਰਦ ਤੇ ਬੇਰਹਿਮ ਕਤਲ। ਇਹ ਪੰਜਾਬੀ ਕਹਾਵਤ ਦਿਲਸ਼ਾਦ ਅਖਤਰ 'ਤੇ ਇੰਨ-ਬਿੰਨ ਲਾਗੂ ਹੁੰਦੀ ਹੈ ਕਿ 'ਉਹ ਭੰਗ ਦੇ ਭਾੜੇ ਚਲਾ ਗਿਆ।' ਇਹ ਦੁੱਖ ਹੋਰ ਵੀ ਤਿੱਖੀ ਚੀਸ ਬਣ ਕੇ ਉਠਦਾ ਰਹੇਗਾ ਕਿ ਜਿਨ੍ਹਾਂ ਨੇ ਵਰਦੀ ਹੇਠ ਛੁਪੇ ਅਪਰਾਧ ਵਾਂਗ ਇਹ ਕਾਰਨਾਮਾ ਕੀਤਾ, ਉਹ ਸਬੂਤਾਂ ਦੀ ਘਾਟ ਦੀ ਆਮ ਅਦਾਲਤੀ ਪ੍ਰਕ੍ਰਿਆ ਵਾਂਗ ਸਜ਼ਾ ਨੂੰ ਚਕਮਾ ਦੇ ਗਏ। ਇਉਂ ਪੰਜਾਬੀ ਗਾਇਕੀ ਦੀ ਮਹਾਨ ਸੁਰ ਮਿੱਟੀ ਘੱਟੇ ਵਿਚ ਰੁਲ ਗਈ।

ਜਿਹੜੇ ਮੈਨੂੰ ਅਖ਼ਬਾਰਾਂ ਜ਼ਰੀਏ ਜਾਣਦੇ ਸਨ, ਉਹ ਸੋਚਦੇ ਸਨ ਕਿ ਇਹ ਸ਼ਾਇਦ ਫੁੱਲ ਟਾਈਮ ਇਹੀ ਕੰਮ ਕਰਦਾ ਹੈ। ਜਿਹੜੇ ਜਲੰਧਰ ਦੂਰਦਰਸ਼ਨ ਵੇਖਦੇ ਸਨ, ਉਹ ਮੈਨੂੰ ਇਸੇ ਦਾ ਕਰਮਚਾਰੀ ਸਮਝਦੇ ਰਹੇ, ਜਦੋਂ ਕਿ ਮੈਂ ਪੰਜਾਬ ਦੇ ਸਿੱਖਿਆ ਵਿਭਾਗ ਵਿਚ ਅਧਿਆਪਕ ਸੀ ਤੇ ਪੂਰੇ ਸਤਾਈ ਸਾਲ ਨੌਕਰੀ ਕੀਤੀ। ਸਕੂਲ ਵਿਚ ਭਾਵੇਂ ਮੈਂ ਘੱਟ ਵੜਿਆ ਹੋਵਾਂ ਪਰ ਇਹ ਦਾਅਵਾ ਜ਼ਰੂਰ ਹੈ ਕਿ ਗਿਆਰਵੀਂ ਜਮਾਤ ਵਿਚ ਮੇਰਾ ਪੜ੍ਹਾਇਆ ਇਕ ਵੀ ਵਿਦਿਆਰਥੀ ਫੇਲ੍ਹ ਨਹੀਂ ਹੋਇਆ। ਵਾਧੂ ਵਿਸ਼ੇ ਪੰਜਾਬੀ ਵਾਲੇ ਪੀਰੀਅਡ ਵਿਚ ਬੱਚੇ ਮੈਨੂੰ ਬਿਨਾਂ ਦਬਕਾਇਆਂ ਚੁੱਪ ਕਰ ਕੇ ਸੁਣਦੇ ਸਨ। ਨਾ ਮੈਂ ਪੜ੍ਹਦੇ ਨੇ ਥੱਪੜ ਖਾਧਾ, ਤੇ ਨਾ ਪੜ੍ਹਾਉਂਦੇ ਨੇ ਕਦੀ ਮਾਰਿਆ ਪਰ ਆਪਣੇ ਜ਼ਿਹਨ 'ਤੇ ਥੋੜ੍ਹਾ ਜ਼ੋਰ ਪਾ ਕੇ ਦੇਖੋ ਕਿ ਜਿਨ੍ਹੇ ਕਿਸੇ ਨੂੰ ਝਿੜਕਿਆ ਤੱਕ ਨਾ ਹੋਵੇ, ਉਹਨੂੰ ਦੋ ਬੇਕਸੂਰ ਜਣਿਆਂ ਦੀਆਂ, ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਵੇਖਣੀਆਂ ਪੈ ਜਾਣ! ਕੀ ਹਾਲਤ ਹੋਵੇਗੀ ਉਹਦੀ? ਚਮਕੀਲੇ ਤੋਂ ਬਾਅਦ ਮੈਂ ਦਿਲਸ਼ਾਦ ਦੀ ਛਾਤੀ ਵਿਚੋਂ ਗੋਲੀਆਂ ਦੀ ਵਾਛੜ ਲੰਘਦੀ ਦੇਖੀ ਸੀ। ਇਹ ਦੇਖ ਕੇ ਸਿਆਸੀ ਲੋਕ ਵੀ ਇਹ ਨਹੀਂ ਕਹਿ ਸਕਦੇ ਕਿ ਪੁਲਿਸ ਜ਼ਾਲਮ ਨਹੀਂ ਹੁੰਦੀ।

ਕੋਟਕਪੂਰੇ ਨਾਲ ਸਬੰਧਤ ਦਿਲਸ਼ਾਦ ਮੀਰ ਆਲਮ ਯਾਨਿ ਬਾਬੇ ਮਰਦਾਨੇ ਦੀ ਕੁੱਲ ਵਿਚੋਂ ਕਮਾਲ ਦਾ ਗਵੰਤਰੀ। ਉਹਦੇ ਪਿਉ ਕੀੜੇ ਖਾਂ ਸ਼ੌਕੀਨ ਦਾ ਇਸ ਖੇਤਰ ਵਿਚ ਬੜਾ ਨਾਂ ਸੀ। ਘਰਦਿਆਂ ਤੇ ਜਾਣਕਾਰ ਹਲਕਿਆਂ ਵਿਚ ਉਹ ਸ਼ਾਦੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਹਨੇ ਹਾਰਮੋਨੀਅਮ ਨਾਲ ਪਹਿਲਾਂ ਬੈਂਜੋ ਵਜਾਉਣੀ ਸਿੱਖੀ ਤੇ ਇੰਨੀ ਕਮਾਲ ਕਰਦਾ ਸੀ ਬੈਂਜੋ ਵਜਾਉਣ ਵੇਲੇ ਕਿ ਕਈ ਵਾਰ ਸਿਰੇ ਦੀਆਂ ਸੁਰਾਂ ਨਾਲ ਹਾਰਮੋਨੀਅਮ ਵਾਲੇ ਨੂੰ ਵੀ ਉਖਾੜ ਸੁੱਟਦਾ ਸੀ। ਮੈਂ ਮਾਣ ਨਾਲ ਕਹਾਂਗਾ ਕਿ ਜਿਸ ਦਿਲਸ਼ਾਦ ਨੂੰ 'ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ ਮੁੰਡਿਓ' ਨਾਲ ਬਾਬੂ ਸਿੰਘ ਮਾਨ ਆਪਣੇ ਗੀਤਾਂ ਨਾਲ ਲੈ ਗਿਆ ਸੀ, ਮੇਰਾ ਉਹਦੇ ਨਾਲ ਚੌਦਾਂ ਸਾਲ ਮੇਲ-ਮਿਲਾਪ ਰਿਹਾ।

ਨਵਾਂ ਸ਼ਹਿਰ ਦੇ ਬਹਿਰਾਮ ਲਾਗਲੇ ਪਿੰਡ ਨੂਰਪੁਰ ਵਿਚ ਹੀ ਮੈਂ ਦਿਲਸ਼ਾਦ ਅਖਤਰ ਨੂੰ 1984-85 ਦੇ ਕਰੀਬ ਪਹਿਲੀ ਵਾਰ ਮਿਲਿਆ ਸਾਂ। ਸ਼ਬਦਾਂ ਦੇ ਉਚਾਰਨ ਵਿਚ ਉਹ ਤੋਤੇ ਵਾਂਗ ਅੰਬੀਆਂ ਟੁੱਕ ਕੇ ਸੁੱਟਦਾ ਸੀ। ਪੜ੍ਹਿਆ ਲਿਖਿਆ ਹੋਣ ਕਰ ਕੇ ਸਾਹਿਤਕ ਸ਼ਾਇਰੀ ਕਰਦਿਆਂ ਉਹ ਇਕ ਤਰ੍ਹਾਂ ਨਾਲ ਸਿਖਰ ਕਰ ਦਿੰਦਾ ਸੀ। ਇਹ ਅਜਿਹਾ ਸਮਾਂ ਸੀ ਜਦੋਂ ਸਰਦੂਲ ਸਿਕੰਦਰ ਅਤੇ ਦਿਲਸ਼ਾਦ ਅਖਤਰ ਸੱਚੀਂ ਪੰਜਾਬੀ ਗਾਇਕੀ ਦੇ ਹੀਰੇ ਬਣੇ ਹੋਏ ਸਨ। ਕਈ ਥਾਂ ਉਹ ਸਰਦੂਲ ਤੋਂ ਵੀ ਉਪਰ ਜਾਂਦਾ ਸੀ। ਨੂਰਪੁਰ ਉਹ ਪਿੰਡ ਹੈ ਜਿਥੋਂ ਦੇ ਸੰਗੀਤਕਾਰ ਤੇ ਰਿਦਮ ਮਾਸਟਰ ਸਰਦਾਰ ਮੁਹੰਮਦ ਨੂੰ ਸਮੁੱਚੀ ਗਾਇਕੀ ਪੂਜਦੀ ਹੈ ਤੇ ਜਿਸ ਦੀ ਯਾਦ ਵਿਚ ਹਰ ਸਾਲ ਪਹਿਲੀ ਨਵੰਬਰ ਨੂੰ ਉਹਦੇ ਪੁੱਤਰ ਗਾਇਕ ਬੂਟਾ ਮੁਹੰਮਦ ਅਤੇ ਦਿਲਬਰ ਮੁਹੰਮਦ ਮੇਲਾ ਵੀ ਲਾਉਂਦੇ ਹਨ। ਸਰਦਾਰ ਮੁਹੰਮਦ ਨਵੇਂ ਗਾਇਕਾਂ ਨੂੰ ਕਿਹਾ ਕਰਦਾ ਸੀ ਕਿ ਚਰਨਜੀਤ ਆਹੂਜਾ ਤੇ ਅਸ਼ੋਕ ਦਾ ਲੜ ਖਿੱਚੋ, ਸਫਲਤਾ ਪੈਂਦੀ ਸੱਟੇ ਟੱਕਰ ਪਵੇਗੀ। ਮੇਰੇ ਕੰਨ ਵਿਚ ਆਖਦਾ, 'ਅਸ਼ੋਕ ਚੱਕ ਦੇ ਅਖ਼ਬਾਰਾਂ ਵਿਚ, ਇਹਦਾ ਭਵਿੱਖ ਚੰਨ ਵਰਗੈ।'

ਬੂਟੇ ਦੀ ਨਿੱਕੀ ਜਿਹੀ ਬੈਠਕ ਵਿਚ ਅਸੀਂ ਘੰਟਿਆਂ ਬੱਧੀ ਦਿਲਸ਼ਾਦ ਨੂੰ ਸੁਣਦੇ ਨਹੀਂ ਸਾਂ ਥੱਕਦੇ। ਉਨ੍ਹਾਂ ਦਿਨਾਂ ਵਿਚ ਉਹਦੀ ਜੋੜੀ ਸ਼ਾਇਰ ਧਰਮ ਕੰਮੇਆਣਾ ਨਾਲ ਬਣ ਗਈ ਸੀ ਤੇ ਸੰਨ ਸਤਾਸੀ ਵਿਚ ਉਹਦੇ ਮੁਕੱਦਰ ਇੰਨੇ ਲਿਸ਼ਕਾਂ ਮਾਰਨ ਲੱਗੇ ਸਨ ਕਿ ਫਿਲਮਾਂ ਵਾਲਿਆਂ ਨੇ ਵੀ 'ਸ਼ਾਦੀ' ਲਈ ਬੂਹੇ ਖੋਲ੍ਹ ਦਿੱਤੇ ਸਨ।

ਇਸੇ ਵਰ੍ਹੇ ਰੰਗਮੰਚ ਨਾਲ ਜੁੜੇ ਬਲਕਰਨ ਵੜਿੰਗ ਨੇ ਪੰਜਾਬੀ ਫਿਲਮ 'ਉਡੀਕਾਂ ਸਾਉਣ ਦੀਆਂ' ਬਣਾਉਣ ਦਾ ਐਲਾਨ ਦਰਸ਼ਨ ਸਿੰਘ ਹੋਰਾਂ ਨਾਲ ਰਲ ਕੇ ਕਰ ਦਿੱਤਾ। ਹਰਪਾਲ ਟਿਵਾਣਾ ਦੀ 'ਦੀਵਾ ਬਲੇ ਸਾਰੀ ਰਾਤ' ਦੀ ਬਹੁਤੀ ਅਖ਼ਬਾਰੀ ਕਵਰੇਜ ਮੇਰੇ ਹੱਥਾਂ ਵਿਚੋਂ ਨਿਕਲਣ ਕਰ ਕੇ ਪੰਜਾਬੀ ਫਿਲਮਾਂ ਵਾਲੇ ਸੋਚਣ ਲੱਗ ਪਏ ਸਨ ਕਿ ਅਸ਼ੋਕ ਇਸ ਕੰਮ ਲਈ ਲਾਹੇਵੰਦ ਹੋ ਸਕਦਾ ਹੈ; ਤੇ ਇਸ ਫਿਲਮ ਦੀ ਸ਼ੂਟਿੰਗ ਕਵਰੇਜ ਲਈ ਬਲਕਰਨ ਨੇ ਮੈਨੂੰ ਤਰਸੇਮ ਬੱਧਣ ਦੇ ਹਵਾਲੇ ਨਾਲ ਖਤ ਭੇਜ ਦਿੱਤਾ। ਫਿਲਮ ਵਿਚ ਦਲਜੀਤ ਕੌਰ, ਅਮਰ ਨੂਰੀ, ਨੂਰੀ ਦਾ ਪਿਤਾ ਰੋਸ਼ਨ ਸਾਗਰ, ਮਹਿੰਦਰ ਮਸਤੀ ਆਦਿ ਕਲਾਕਾਰ ਕੰਮ ਕਰ ਰਹੇ ਸਨ। ਗਾਇਕ ਸਨ ਦਿਲਰਾਜ ਕੌਰ, ਮੀਨੂ ਪ੍ਰਸ਼ੋਤਮ ਤੇ ਦਿਲਸ਼ਾਦ ਅਖਤਰ।

ਸ਼ੂਟਿੰਗ 'ਤੇ ਜਾਣ ਦਾ ਚਾਅ ਮੈਨੂੰ ਇਸ ਕਰ ਕੇ ਚੜ੍ਹ ਗਿਆ ਸੀ ਕਿ ਨੂਰੀ ਪਰਿਵਾਰ ਨਾਲ ਮੇਰੇ ਪਰਿਵਾਰਕ ਸਬੰਧ ਸਨ ਤੇ ਦਿਲਸ਼ਾਦ ਨਾਲ ਨਵੀਂ ਮਿੱਤਰਤਾ ਤੇ ਹੋਰ ਸੁਣਨ ਦੀ ਉਸਲਵੱਟ ਸੀ। ਫਿਰੋਜ਼ਪੁਰ-ਫਰੀਦਕੋਟ ਦੇ ਵਿਚਾਲੇ ਜਿਹੇ ਪੈਂਦੇ ਪਿੰਡਾਂ ਰਾਜੇਵਾਲ, ਗੋਲੇਵਾਲ, ਬੇਗੋਵਾਲ ਸ਼ੂਟਿੰਗ ਚੱਲ ਰਹੀ ਸੀ। ਗਿਆ ਤਾਂ ਮੈਂ ਦੋ ਦਿਨ ਲਈ ਸੀ ਪਰ ਰਿਹਾ ਕਈ ਦਿਨ। ਰਾਤ ਨੂੰ ਮੈਂ, ਬਲਕਰਨ ਤੇ ਦਿਲਸ਼ਾਦ ਨੇ ਰੱਜ ਕੇ ਸ਼ਰਾਰਤਾਂ ਕਰਨੀਆਂ। ਅਮਰ ਨੂਰੀ, ਰੋਸ਼ਨ ਸਾਗਰ ਤੇ ਮੈਂ ਰਾਜੇਵਾਲ ਪਿੰਡ ਦੇ ਇਕ ਘਰ ਵਿਚ ਹੀ ਰਹਿੰਦੇ ਸਾਂ। ਕਰੀਬ ਅੱਧੀ ਰਾਤ ਤੱਕ ਉਹ ਮਹਿਫਲ ਲਾਈ ਰੱਖਦਾ। ਸ਼ਾਇਰੀ ਦਾ ਰੰਗ ਬੰਨ੍ਹਦਾ ਤੇ ਸੌਣ ਵੇਲੇ ਆਪਣੇ ਪਿਤਾ ਦੀ ਇਕ ਵੰਨਗੀ ਵੀ ਪੇਸ਼ ਕਰਦਾ ਜਿਨ੍ਹਾਂ ਵਿਚੋਂ ਇਕ ਸੀ,

ਦਾਰੂ ਪੀਤੀ ਸ਼ੁਗਲ ਮਨਾਏ  
ਜਦੋਂ ਮਿਲੀ ਸਰਪੰਚੀ।

ਆਟਾ ਨਹੀਂ ਭੜੋਲੇ  
ਚੂਹੇ ਲੈਂਦੇ ਫਿਰਨ ਤਲਾਸ਼ੀ,  
ਬੈਠਕ ਦੇ ਵਿਚ ਯਾਰਾਂ ਦੇ ਨਾਲ  
ਖੜਕੇ ਨਿੱਤ ਗਲਾਸੀ।

ਪਿੰਡ ਬੇਗੋਵਾਲ ਵਿਚ ਇਸੇ ਫਿਲਮ ਲਈ ਧਰਮ ਕੰਮੇਆਣਾ ਦਾ ਗੀਤ ਫਿਲਮਾਇਆ ਜਾਣਾ ਸੀ। ਪੂਰੀ ਰਾਤ ਲੱਗਣੀ ਸੀ ਪਰ ਯਕੀਨ ਕਰਿਓ, ਕਈ ਸਾਲ ਦਾਰੂ ਨਾਲ ਗੁੱਥਮ-ਗੁੱਥਾ ਹੋਣ ਵਾਲੇ ਦਿਲਸ਼ਾਦ ਨੇ ਉਸ ਦਿਨ ਮੂੰਹ ਨਹੀਂ ਸੀ ਲਾਈ। ਦਿਲਜੀਤ ਕੌਰ ਦੇ ਉਦੋਂ ਸਿਖਰਲੇ ਫਿਲਮੀ ਦਿਨ



ਬੰਗਾ ਵਿਚ 1990 ਵਿਚ ਮੇਰੇ ਨਾਲ ਸਰਦੂਲ ਸਿਕੰਦਰ, ਹੁਸਨ ਲੜੋਆ ਤੇ ਮਰਹੂਮ ਗਾਇਕ ਦਿਲਸ਼ਾਦ ਅਖਤਰ।

ਸਨ। ਨੂਰੀ 'ਏਹੁ ਹਮਾਰਾ ਜੀਵਣਾ' ਵਿਚਲੇ ਭਾਨੋ ਦੇ ਰੋਲ ਕਰ ਕੇ ਚਰਚਾ ਵਿਚ ਸੀ। ਦੋਹਾਂ ਨੇ ਦਿਲਸ਼ਾਦ ਦੇ ਗੀਤ ਦਾ ਉਹ ਫਿਲਮਾਂਕਣ ਤਾਂ ਦੇਖਿਆ ਹੀ, ਸਗੋਂ ਕਰੀਬ ਅੱਧੀ ਦਰਜਨ ਪਿੰਡਾਂ ਦੇ ਲੋਕ, ਬਨੇਰਿਆਂ 'ਤੇ ਬੈਠੀਆਂ ਔਰਤਾਂ ਦਿਲਸ਼ਾਦ ਨੂੰ ਘੱਟ, ਦਲਜੀਤ ਕੌਰ ਤੇ ਨੂਰੀ ਨੂੰ ਘੁੰਮ-ਘੁੰਮ ਕੇ ਵੇਖਦੇ ਰਹੇ। 'ਬਲਬੀਰੋ ਭਾਬੀ ਦੇ ਸੁੱਚੇ ਨੂੰ ਤਰਲੇ' ਵਾਲਾ ਗੀਤ ਮੇਰੇ ਚੇਤੇ ਵਿਚ ਹਾਲੇ ਵੀ ਉਵੇਂ ਹੀ ਘੁੰਮ ਰਿਹਾ ਹੈ। ਬੋਲ ਸਨ,

ਕੀਹਨੇ ਤੈਨੂੰ ਦਿੱਤੀ ਆ ਭੁਆਲੀ ਪੁੱਠੀ ਵੇ,  
ਫਿਰਦਾ ਦਿਉਰਾ ਮੁੱਠੀਆਂ 'ਚ ਥੁੱਕੀ ਵੇ,  
ਚੁੱਕ ਦੇਣ ਵਾਲਿਆਂ ਦਾ ਜਾਣਾ ਕੁਝ ਨੀਂ  
ਤੂੰ ਕੁਝ ਹੋਸ਼ ਕਰ ਵੇ,  
ਆਪਣੇ ਹੀ ਹੱਥੀਂ ਕਿਉਂ ਉਜਾੜਦਾ ਦਿਉਰਾ  
ਆਪਣਾ ਹੀ ਘਰ ਵੇ...।

ਜਲੰਧਰ ਦੂਰਦਰਸ਼ਨ ਦੇ ਹਰਜੀਤ ਸਿੰਘ ਨੂੰ ਮੈਂ ਹੀ ਮਸ਼ਵਰਾ ਦਿੱਤਾ ਸੀ ਕਿ ਦਿਲਸ਼ਾਦ ਨੂੰ ਪੇਸ਼ ਕਰੋ; ਕਿਉਂਕਿ ਪੰਜਾਬੀ ਗਾਇਕੀ ਵਿਚ ਮਾਣਕ ਤੋਂ ਪਿੱਛੋਂ ਸੁਰਾਂ ਵਿਚ ਸਜੀ, ਬੁਲੰਦ ਤੇ ਭਰਵੀਂ ਆਵਾਜ਼ ਬੜੀ ਦੇਰ ਬਾਅਦ ਪੇਸ਼ ਹੋਈ ਹੈ। ਇਸ ਤੋਂ ਬਾਅਦ ਤਾਂ ਉਹ ਜਲੰਧਰ ਦੇ ਇਸ ਕੇਂਦਰ ਦਾ ਇਕ ਤਰ੍ਹਾਂ ਨਾਲ ਮਹਿਮਾਨ ਗਾਇਕ ਹੀ ਬਣਿਆ ਰਿਹਾ।

ਜਿਸ ਸਰਦਾਰ ਮੁਹੰਮਦ ਦੇ ਮੇਲੇ ਦਾ ਜ਼ਿਕਰ ਉਪਰ ਆਇਆ ਹੈ, ਆਮ ਲੋਕਾਂ ਨੇ ਇਹਨੂੰ ਉਥੇ ਹੀ ਬਹੁਤਾ ਕਰ ਕੇ ਵੇਖਿਆ ਸੀ; ਹਾਲਾਂ ਕਿ ਉਹਦੀਆਂ ਬਹੁਤ ਸਾਰੀਆਂ ਐਲਬਮਾਂ ਤੇ 'ਮਨ ਵਿਚ ਵਸਦੈਂ ਸੱਜਣਾ ਵੇ ਰਹਿੰਦੈਂ ਅੱਖੀਆਂ ਤੋਂ ਦੂਰ' ਵਰਗੇ ਗੀਤ ਲੋਕਾਂ ਦੇ ਲਬਾਂ 'ਤੇ ਚੜ੍ਹ ਗਏ ਸਨ। 'ਉਡੀਕਾਂ ਸਾਉਣ ਦੀਆਂ' ਫਿਲਮ ਭਾਵੇਂ ਬਹੁਤਾ ਬਿਜ਼ਨੈਸ ਨਹੀਂ ਸੀ ਕਰ ਸਕੀ, ਫਿਰ ਵੀ ਵਿਜੈ ਟੰਡਨ ਨੇ ਉਸ ਨੂੰ ਬਿੰਦਰਖੀਏ ਨਾਲ ਫਿਲਮੀ ਅਖਾੜੇ ਦੇ ਰੂਪ ਵਿਚ ਬਾਅਦ ਵਿਚ ਵੀ ਲੈ ਕੇ ਆਂਦਾ।

ਦਿਲਸ਼ਾਦ ਦਾ ਪ੍ਰੇਮ ਵਿਆਹ ਅੰਤਰਜਾਤੀ ਸੀ ਰਾਵੀ ਨਾਲ, ਪਰ ਉਨ੍ਹਾਂ ਦੇ ਘਰੇ ਕਿਸੇ ਬੱਚੇ ਦੇ ਖੇਡਣ ਦੀ ਰੀਝ ਪੂਰੀ ਨਾ ਹੋ ਸਕੀ। ਇਹ ਗੱਲ ਭਾਵੇਂ ਉਹਦੇ ਪਰਿਵਾਰ ਨੂੰ ਚੰਗੀ ਨਾ ਵੀ ਲੱਗੇ ਪਰ ਉਹ ਰੱਜ ਕੇ ਹੀ ਨਹੀਂ, ਦਾਰੂ ਪੀਣ ਲੱਗਾ ਥਾਂ ਕੁ ਥਾਂ ਵਕਤ ਵੀ ਨਹੀਂ ਸੀ ਵਿਚਾਰਦਾ। ਉਹ ਇੰਨੀ ਕਿਉਂ ਪੀਣ ਲੱਗ ਪਿਆ ਸੀ? ਉਹਦੇ ਬਹੁਤ ਨੇੜਲੇ ਲੋਕ ਵੀ ਇਸ ਰਹੱਸ ਨੂੰ ਜਾਣ ਨਹੀਂ ਸਕੇ! 1993 ਵਿਚ ਉਹ ਆਖਰੀ ਵਾਰ ਪਹਿਲੀ ਨਵੰਬਰ ਵਾਲੇ ਦਿਨ ਮੈਨੂੰ ਨੂਰਪੁਰ ਮੇਲੇ 'ਤੇ ਹੀ ਮਿਲਿਆ। ਸਮਾਂ ਕੋਈ ਦੁਪਹਿਰੇ ਬਾਰਾਂ ਕੁ ਵਜੇ ਦਾ ਹੋਵੇਗਾ। ਗੱਡੀ ਵਿਚੋਂ ਉਤਰਦਾ ਹੀ ਟੱਕਰ ਪਿਆ। ਉਹਨੇ ਪੀਤੀ ਹੋਈ ਸੀ ਅਤੇ ਮੈਨੂੰ ਖਿੱਚ ਕੇ ਗੱਡੀ ਵਿਚ ਬਿਠਾ ਲਿਆ। ਬੋਤਲ ਉਹਦੇ ਮੂਹਰਲੀ ਸੀਟ ਦੇ ਪੈਰਾਂ ਵਿਚ ਪਈ ਸੀ। ਉਹਨੇ ਪੈਗ ਤਾਂ ਪੀ ਲਿਆ ਪਰ ਨਾਲ ਇਹ ਵੀ ਜ਼ਿੱਦ ਕਰਨ ਲੱਗਾ ਕਿ 'ਤੂੰ ਵੀ ਪੀ; ਆਪਾਂ ਨੇ ਇਕੋ ਜਿਹੇ ਹੋ ਕੇ ਇਕ ਗੱਲ ਕਰਨੀ ਐ।' ਮੈਂ ਨਾ ਮੰਨਿਆ ਤਾਂ ਉਹਨੇ ਇਕ ਗਲਾਸੀ ਹੋਰ ਅੰਦਰ ਸੁੱਟੀ ਤੇ ਬੋਲ ਪਿਆ। ਉਹ ਭਾਵੁਕ ਤੇ ਗੁੱਸੇ ਵਿਚ ਸੀ, "ਮੈਂ ਤੇਰਾ ਕੀ ਵਿਗਾੜਿਆ ਬਈ? ਦੱਸ ਤੇਰੀ ਗੱਲ ਕਦੋਂ ਨੀਂ ਮੰਨੀ? ਕਿਥੇ ਤੇਰੀ ਕਦਰ ਨੀਂ ਕੀਤੀ? ਤੂੰ ਮੇਰੇ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤੈ।"

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਇੰਨਾ ਅੱਗਾ ਭਬੂਕਾ ਕਿਉਂ ਹੋ ਰਿਹਾ ਹੈ! ਮੈਂ ਸਹਿਜ ਸੁਭਾਅ ਪੁੱਛਿਆ, "ਗੱਲ ਕੀ ਐ?"

"ਤੂੰ ਦਿੱਲੀ ਤੋਂ ਜਸਪਿੰਦਰ ਨਰੂਲਾ ਨੂੰ ਬੁਲਾ ਕੇ ਉਹਦਾ ਸਨਮਾਨ ਕਰ ਸਕਦੈਂ, ਸ਼ਿੰਦੇ, ਸਰਬਜੀਤ, ਚਾਂਦੀ ਰਾਮ ਦਾ ਹੋ ਸਕਦੈ, ਕਿਉਂ ਮੇਰੀ ਵਾਰੀ ਸੱਪ ਸੁੰਘਦੈ?"

ਮੈਂ ਸਮਝ ਗਿਆ ਸੀ ਕਿ ਗੱਲ ਸ਼ੌਕੀ ਮੇਲੇ ਦੀ ਹੋ ਰਹੀ ਹੈ।

"ਬੱਸ ਇਹੀ ਗੱਲ ਸੀ। ਜਲਦੀ ਕਰਾਂਗੇ।"

"ਹੁਣ ਤੂੰ ਸੱਦੇਂਗਾ, ਤਦ ਵੀ ਨਹੀਂ ਆਉਣਾ।" ਤੇ ਇੰਨਾ ਕਹਿ ਕੇ ਉਹਨੇ ਗੱਡੀ ਦੀ ਬਾਰੀ ਠਾਹ ਦੇਣੀ ਮਾਰੀ ਤੇ ਬੂਟੇ ਦੇ ਘਰ ਅੰਦਰ ਦਾਖਲ ਹੋ ਗਿਆ। ਫਿਰ ਉਹਨੇ ਮੇਲੇ ਵਿਚ ਗਾਇਆ ਤਾਂ ਕਿਆ ਕਮਾਲ, ਪਰ ਮੇਰਾ ਨਾਂ ਤੱਕ ਨਹੀਂ ਲਿਆ ਤੇ ਨਾ ਹੀ ਅੱਖ ਮਿਲਾਈ।

ਅਗਲੇ ਵਰ੍ਹੇ 1994 ਵਿਚ ਸ਼ੌਕੀ ਮੇਲਾ ਅਜਿਹਾ ਸੀ ਕਿ ਇਕ ਵਾਰ ਤਾਂ ਅਸੀਂ ਪ੍ਰੋ. ਮੋਹਨ ਸਿੰਘ ਵਾਲੇ ਮੇਲੇ ਨੂੰ ਵੀ ਪਿਛਾਂਹ ਛੱਡ ਦਿੱਤਾ। ਸੰਗੀਤ ਸਮਰਾਟ ਚਰਨਜੀਤ ਆਹੂਜਾ ਆਇਆ ਯਾਨਿ ਗੁਰਦਾਸ ਤੋਂ ਸਿਵਾ ਹਰ ਵੱਡਾ ਗਾਇਕ ਉਸ ਸਾਲ ਮੇਲੇ 'ਤੇ ਹਾਜ਼ਰ ਸੀ। ਦਿਲਸ਼ਾਦ ਅਖਤਰ ਨਾਲ ਮੈਂ ਸੰਪਰਕ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਨਾ ਲੱਭਿਆ। ਉਹਦੇ ਘਰ ਵੀ ਗਿਆ ਕਿ ਉਹਦਾ ਉਲਾਂਭਾ ਲਾਹ ਦਿਆਂ। ਮੈਨੂੰ ਪਤਾ ਸੀ ਕਿ ਉਹ ਅੰਦਰ ਹੈ ਪਰ ਇਹ ਕਹਿ ਕੇ ਮੈਨੂੰ ਘਰੋਂ ਟਾਲ ਦਿੱਤਾ ਗਿਆ ਕਿ ਉਹ ਮੁੰਬਈ ਹੈ। ਇੰਜ ਜਿਉਂਦੀ ਜ਼ਿੰਦਗਾਨੀ ਵਿਚੋਂ ਇਕ ਤਰ੍ਹਾਂ ਨਾਲ ਟੁੱਟ ਹੀ ਗਏ ਤੇ ਜਿਉਂਦੇ ਦਾ ਚਿਹਰਾ ਨੂਰਪੁਰ ਵੇਖਿਆ ਸੀ ਤੇ ਮੋਏ ਦਾ ਅੰਮ੍ਰਿਤਸਰ ਦੇ ਹਸਪਤਾਲ ਵਿਚ।

28 ਜਨਵਰੀ 1997 ਨੂੰ 'ਅਜੀਤ' ਅਖ਼ਬਾਰ ਤੋਂ ਮੈਗਜ਼ੀਨ ਐਡੀਟਰ ਪਰਮਜੀਤ ਵਿਰਕ ਦਾ ਫੋਨ ਸਾਡੇ ਗੁਆਂਢੀਆਂ ਦੇ ਆਇਆ ਕਿ ਦਿਲਸ਼ਾਦ ਦਾ ਕਤਲ ਹੋ ਗਿਆ ਹੈ, ਕਿਸੇ ਪ੍ਰੋਗਰਾਮ ਦੌਰਾਨ। ਵਿਆਹ ਦਾ ਅਖਾੜਾ ਸੀ। ਖਾਲਸ ਮਝੈਲਾਂ ਦਾ ਪਿੰਡ। ਪ੍ਰੋਗਰਾਮ ਦਾ ਟਾਈਮ ਮੁੱਕ ਚੁੱਕਾ ਸੀ ਪਰ ਭੁਤਰੇ ਲੋਕਾਂ ਵਿਚ ਉਹਨੂੰ ਇਕ ਪੁਲਿਸ ਅਫ਼ਸਰ 'ਹੋਰ ਗਾ, ਹੋਰ ਗਾ' ਕਹਿ ਕੇ ਪਿਸਤੌਲ ਦੀ ਨੋਕ 'ਤੇ ਗਵਾਉਂਦਾ ਰਿਹਾ ਤੇ ਜਿਉਂ ਹੀ ਉਹਨੇ ਪ੍ਰੋਗਰਾਮ ਬੰਦ ਕੀਤਾ, ਉਸ ਪੁਲਿਸ ਅਫਸਰ ਨੇ ਆਪਣੇ ਗੰਨਮੈਨ ਦੀ ਅਸਾਲਟ ਫੜ ਕੇ ਪੂਰੇ ਦਾ ਪੂਰਾ ਮੈਗਜ਼ੀਨ ਉਹਦੀ ਛਾਤੀ 'ਚੋਂ ਲੰਘਾ ਦਿੱਤਾ, ਤੇ ਪੰਜਾਬ ਦੀ ਮਹਾਨ ਸੁਰ, ਲੋਥ ਵਿਚ ਬਦਲ ਗਈ।

ਅੰਮ੍ਰਿਤਸਰ ਦੇ ਜਿਸ ਸਰਕਾਰੀ ਹਸਪਤਾਲ ਵਿਚ ਦਿਲਸ਼ਾਦ ਦੀ ਲਾਸ਼ ਨੂੰ ਪੋਸਟ-ਮਾਰਟਮ ਲਈ ਰੱਖਿਆ ਗਿਆ ਸੀ, ਮੈਂ ਤੇ ਕੁਲਦੀਪ ਮਾਣਕ ਉਥੇ ਕਰੀਬ ਸਵਾ ਅੱਠ ਵਜੇ ਪਹੁੰਚੇ ਹੋਵਾਂਗੇ। ਲਾਸ਼ ਦੀ ਦੁਰਦਸ਼ਾ ਦੇਖ ਕੇ ਪੱਥਰ ਵੀ ਜਿਵੇਂ ਧਾਹ ਮਾਰਨ ਲਈ ਕਾਹਲੇ ਹੋਣ। ਦਿਲ ਵਾਲੇ ਪਾਸੇ ਤਾਂ ਇਕ ਗੋਲੀ ਜ਼ਿੰਦਗੀ ਫੂਕ ਸੁੱਟਦੀ ਹੈ, ਉਥੇ ਤਾਂ ਮੀਂਹ ਵਰ੍ਹਿਆ ਹੋਇਆ ਸੀ। ਜਿਵੇਂ ਸਰੀਰ ਮਾਸ ਦਾ ਕੀਮਾ ਕਰ ਕੇ ਕੱਠਾ ਕਰ ਦਿੱਤਾ ਗਿਆ ਹੋਵੇ। ਉਦਣ ਹਰ ਚਿਹਰੇ 'ਤੇ ਖਾਕੀ ਵਰਦੀ ਦਾ ਖੌਫ਼ ਤੇ ਭੈਅ ਛਾਇਆ ਹੋਇਆ ਸੀ।

ਇਕ ਗੱਲ ਕਹਿਣ ਤੋਂ ਰਹਿ ਵੀ ਨਹੀਂ ਸਕਦਾ ਪਰ ਇਹ ਵੀ ਨਹੀਂ ਦੱਸ ਸਕਦਾ ਕਿ ਕਿਹਾ ਕਿਹਨੇ ਹੋਵੇਗਾ। ਹਲਕੀ ਜਿਹੀ ਚੀਕ ਵਿਚੋਂ ਜਿਵੇਂ ਕੋਈ ਫੋਕਾ ਦਰਦ ਲਾਲਚ ਵਿਚ ਘਿਰ ਗਿਆ ਹੋਵੇ। ਸਵਾਲ ਸੀ, 'ਹਾਏ ਵੇ ਡਾਢਿਆ ਰੱਬਾ! ਇਹਦੇ ਗਲ ਵਿਚ ਚੈਨੀ ਤਾਂ ਹੈਗੀ ਆ ਪਰ ਵਿਚ ਲੌਕਟ ਨਹੀਂ।'

ਮਾਣਕ ਨੇ ਚੀਕ ਕੇ ਗਾਲ੍ਹ ਦੰਦਾਂ ਵਿਚ ਘੁੱਟ ਲਈ, 'ਸੰਗ ਕਰ ਕੁਛ। ਤੈਨੂੰ ਲੌਕਟ ਦੀ ਪਈ ਐ, ਅੱਗ ਸਾਰੀ ਲੰਕਾ ਨੂੰ ਪੈ ਗਈ ਆ।'

ਤੇ ਅੱਧੀ ਰਾਤ ਪਿੱਛੋਂ ਅਸੀਂ ਘਰੋ-ਘਰੀ ਆਏ ਹੋਵਾਂਗੇ।

ਅਗਲੇ ਦਿਨ ਦੇਹ ਸਪੁਰਦ-ਏ-ਖਾਕ ਕਰਨ ਪਿੱਛੋਂ ਹਰ ਚਿਹਰਾ ਮੁਰਝਾਇਆ ਤੇ ਬੁਝਿਆ ਹੋਇਆ ਸੀ। ਉਸੇ ਰਾਤ ਨਰਿੰਦਰ ਬੀਬਾ ਦਾ ਫੋਨ ਆ ਗਿਆ, 'ਅਸ਼ੋਕ ਮੇਰੇ ਘਰੇ ਸਾਰੇ ਗਾਇਕਾਂ ਦੀ ਮੀਟਿੰਗ ਬੁਲਾਈ ਹੈ ਦੁਪਹਿਰ 12 ਵਜੇ। ਦਿਲਸ਼ਾਦ ਦੇ ਕਤਲ ਹੋਣ ਬਾਅਦ ਰਣਨੀਤੀ ਤਿਆਰ ਕਰਨੀ ਆਂ, ਵਕਤ ਸਿਰ ਆ ਜਾਈਂ।'

ਉਹਦੀ ਪੀਲੀ ਕੋਠੀ ਦੇ ਬਾਹਰ ਬੱਸ ਅੱਡੇ ਕੋਲ ਲੁਧਿਆਣੇ ਭਰਵਾਂ ਇਕੱਠ ਹੋਇਆ। ਹੰਸ ਵੀ ਆਇਆ, ਸਰਦੂਲ ਵੀ। ਹਰ ਗਾਇਕ ਸਾਜ਼ਿੰਦਾ ਹਾਜ਼ਰ ਸੀ। ਹੈਰਾਨੀ ਇਹ ਸੀ ਕਿ ਗਾਇਕਾਂ ਦਾ ਮਿੱਤਰ ਇੰਸਪੈਕਟਰ ਗੁੱਡੂ ਵੀ ਪਹੁੰਚਿਆ ਪਰ ਸੀ ਵਰਦੀ ਤੋਂ ਵਗੈਰ। ਉਹਨੇ ਪੁਲਿਸ ਅਫ਼ਸਰ ਦੀ ਗੁੰਡਾਗਰਦੀ ਲਈ ਮੁਆਫ਼ੀ ਮੰਗੀ। ਬੜੀਆਂ ਭਾਵੁਕ ਤਕਰੀਰਾਂ ਹੋਈਆਂ। ਫਿਰ ਫੈਸਲਾ ਹੋਇਆ ਕਿ ਡੀ.ਸੀ. ਦਫ਼ਤਰ ਤੱਕ ਮਾਰਚ ਕੱਢਿਆ ਜਾਵੇ। ਦਿਲਸ਼ਾਦ ਦਾ ਸ਼ਾਗਿਰਦ ਗਾਇਕ ਮੁਖਤਿਆਰ ਮਣਕਾ ਇੰਨਾ ਗਰਮ ਹੋਇਆ ਹੋਇਆ ਸੀ ਕਿ ਉਹ ਕਹੇ, ਮੈਂ ਛੱਡਣਾ ਕੁਛ ਨਹੀਂ, ਮੈਂ ਆਤਮਦਾਹ ਕਰ ਜਾਵਾਂਗਾ।

ਭਰਤ ਨਗਰ ਚੌਕ ਵਿਚ ਹਾਲਾਤ ਇਉਂ ਦੇ ਬਣੇ ਕਿ ਕੁਝ ਗਾਇਕਾਵਾਂ ਨੇ ਚੌਕ ਵਿਚੋਂ ਲੰਘ ਰਹੇ ਏ.ਡੀ.ਸੀ. ਦੀ ਗੱਡੀ ਘੇਰ ਕੇ ਉਹਦੀ ਖਿੱਚ-ਧੂਹ ਵੀ ਕੀਤੀ।

ਬਾਅਦ ਵਿਚ ਕੇਸ ਲੜਨ ਲਈ ਫੰਡ 'ਕੱਠਾ ਕਰਨ ਦੇ ਅਤੇ ਹੋਰ ਬੜੇ ਦਾਅਵੇ ਹੋਏ ਪਰ ਕਿਸੇ ਦੇ ਵੀ ਕੰਨ ਉਤੇ ਜੂੰ ਨਾ ਸਰਕੀ।

ਇਹ ਸਭ ਨੂੰ ਪਤੈ ਕਿ ਦਿਲਸ਼ਾਦ ਅਖਤਰ ਦਾ ਕਤਲ ਹੋਇਐ ਤੇ ਪੁਲਿਸ ਦੀ ਵਰਦੀ ਹੇਠ ਲੁਕ ਕੇ ਨਹੀਂ ਸ਼ਰੇਆਮ ਹੋਇਆ ਪਰ ਸਜ਼ਾ ਕਿਸੇ ਨੂੰ ਵੀ ਨਹੀਂ ਹੋਈ। ਲਗਦਾ ਨਹੀਂ ਕਿ ਸਾਡਾ ਕਾਨੂੰਨ ਗੂੰਗਾ ਵੀ ਨਹੀਂ, ਪਰ ਬੋਲ ਵੀ ਨਹੀਂ ਸਕਦਾ।



Amrita Art Movies  
(Motion Picture Producers)

Production Office :- Farmah Commercial College, Akalsar Road, MOGA - 142001 (Distt. Fdk.) (Pb.)  
Head Office :- Talwandi Road, Faridkot.  
Bombay Office :- 69/2928, Sector 7, C.G.S. Colony Antop Hill, BOMBAY-400037

Ref.......... Dated 11-4-87

Panjabi Film  
UDIKAN SAUN DIAN

Staring: Diljit Kaur, Shashi Puri, Amar Nuri, Mohinder Masti, Harbhajan Jabal, Gopi Bhalla, Kartar Ramla etc.  
Director: Surinder Singh  
Music: Mohinder Jeet  
Cemra: Anil Sehgal  
Producers: Balkarn Wirring, Darshan Sidhu, S. Darshan  
Lyrics: Dharm Kamana

'ਉਡੀਕਾਂ ਸਾਉਣ ਦੀਆਂ' ਦੀ ਕਵਰੇਜ ਕਰਨ ਲਈ ਆਈ ਨਿਰਮਾਤਾ ਬਲਕਰਨ ਵੜਿੰਗ ਦੀ ਚਿੱਠੀ।

ਗੁਰਮਤਿ ਵਿਚਾਰ

# ਵਰਤਮਾਨ ਸੰਦਰਭ 'ਚ ਗੁਰਦੁਆਰਾ, ਸਿੱਖ ਤੇ ਸਿੱਖਿਆ-3



ਡਾ. ਗੁਰਨਾਮ ਕੌਰ, ਕੈਨੇਡਾ

ਵਿੱਦਿਅਕ ਸੰਸਥਾਵਾਂ ਰਸਮੀ ਵਿੱਦਿਆ ਦੇਣ ਦੇ ਨਾਲ ਨਾਲ ਧਾਰਮਿਕ, ਨੈਤਿਕ ਅਤੇ ਸਦਾਚਾਰਕ ਸਿੱਖਿਆ ਦੇਣ ਦਾ ਬਹੁਤ ਹੀ ਸਮਰੱਥ ਸਾਧਨ ਹਨ। ਪਰਿਵਾਰ ਵਿਚ ਵੱਡੇ ਬਜ਼ੁਰਗ, ਖ਼ਾਸ ਕਰਕੇ ਦਾਦਾ-ਦਾਦੀ, ਮਾਂ ਅਤੇ ਪਿਤਾ, ਆਮ ਤੌਰ 'ਤੇ ਬੱਚੇ ਦੇ ਪੱਥ-ਪਰਦਰਸ਼ਕ ਅਤੇ ਮੁੱਢਲੇ ਅਧਿਆਪਕ ਹੋਣ ਦਾ ਫ਼ਰਜ਼ ਅਦਾ ਕਰਦੇ ਹਨ। ਉਨ੍ਹਾਂ ਦਾ ਬੱਚੇ ਦੇ ਮੁੱਢਲੇ ਸਾਲਾਂ 'ਤੇ, ਬੱਚੇ ਦਾ ਪਰਿਵਾਰ, ਸਮਾਜ ਅਤੇ ਆਲੇ-ਦੁਆਲੇ ਪ੍ਰਤੀ ਨਜ਼ਰੀਆ ਨਿਰਧਾਰਤ ਕਰਨ 'ਤੇ ਵੀ ਬਹੁਤ ਅਸਰ ਪੈਂਦਾ ਹੈ। ਸਕੂਲ ਵਿਚ ਇਹ ਜ਼ਿੰਮੇਵਾਰੀ ਅਧਿਆਪਕ ਦੀ ਹੁੰਦੀ ਹੈ। ਵਿੱਦਿਆ, ਖ਼ਾਸ ਕਰਕੇ ਮੁੱਢਲੀ ਵਿੱਦਿਆ ਪ੍ਰਾਪਤ ਕਰਨੀ ਹਰ ਸ਼ਹਿਰੀ ਦਾ ਮੁੱਢਲਾ ਹੱਕ ਹੈ। ਇਸ ਲਈ ਹਰ ਸ਼ਹਿਰੀ ਵਾਸਤੇ ਪ੍ਰਾਇਮਰੀ ਅਤੇ ਹਾਈ ਸਕੂਲ ਤੱਕ ਦੀ ਵਿੱਦਿਆ ਦਾ ਪ੍ਰਬੰਧ ਕਰਨਾ ਪ੍ਰਾਂਤਕ ਸਰਕਾਰ ਦਾ ਪਹਿਲਾ ਫ਼ਰਜ਼ ਹੈ। ਵਿਦਿਅਕ ਨੀਤੀ ਬਹੁਤੀ ਵਾਰ ਭਾਵੇਂ ਕੇਂਦਰ ਸਰਕਾਰਾਂ ਤੈਅ ਕਰਦੀਆਂ ਹਨ ਪਰ ਇਸ ਦੀ ਬਹੁਤੀ ਜ਼ਿੰਮੇਵਾਰੀ ਸੂਬਾਈ ਸਰਕਾਰਾਂ ਦੀ ਹੁੰਦੀ ਹੈ। ਕਹਿਣ ਨੂੰ ਤਾਂ ਪੰਜਾਬ ਵਿਚ ਇਸ ਸਮੇਂ 'ਜ਼ਰੂਰੀ ਵਿੱਦਿਆ' ਨੀਤੀ ਅਧੀਨ ਸਕੂਲ ਜਾਣ ਦੀ ਉਮਰ ਵਾਲੇ ਹਰ ਬੱਚੇ ਲਈ ਸਕੂਲ ਦਾਖ਼ਲ ਹੋਣਾ ਜ਼ਰੂਰੀ ਹੈ ਪਰ ਇਸ ਨੀਤੀ ਅਧੀਨ ਪਿੰਡ ਦੇ ਕਿੰਨੇ ਕੁ ਬੱਚੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲੈਂਦੇ ਹਨ, ਇਹ ਵਿਚਾਰ-ਚਰਚਾ ਦਾ ਵਿਸ਼ਾ ਹੈ।

ਕਹਿਣ ਨੂੰ ਤਾਂ ਇਹ ਵੀ ਕਿਹਾ ਜਾਂਦਾ ਹੈ ਕਿ ਪੰਜਾਬ ਪਿੰਡਾਂ ਵਿਚ ਵੱਸਦਾ ਹੈ ਪਰ ਪਿੰਡਾਂ ਵਿਚ ਸਰਕਾਰੀ ਸਕੂਲਾਂ ਦਾ ਜੋ ਹਾਲ ਹੈ, ਉਸ ਦਾ ਰੱਬ ਹੀ ਰਾਖਾ ਹੈ। ਪਿੰਡਾਂ ਦੇ ਬਹੁਤ ਘੱਟ ਅਜਿਹੇ ਸਕੂਲ ਹਨ ਜਿਨ੍ਹਾਂ ਕੋਲ ਬੱਚਿਆਂ ਦੇ ਢੰਗ ਸਿਰ ਬੈਠਣ ਯੋਗ ਕੋਈ ਇਮਾਰਤ ਹੈ। ਜੇ ਇਮਾਰਤ ਹੈ ਤਾਂ ਬੱਚਿਆਂ ਦੇ ਬੈਠਣ ਲਈ ਤਾਂ ਕੀ ਅਧਿਆਪਕਾਂ ਲਈ ਵੀ ਬਹੁਤੀ ਵਾਰ ਫ਼ਰਨੀਚਰ ਨਹੀਂ ਹੁੰਦਾ ਅਤੇ ਜੇ ਇਹ ਦੋਵੇਂ ਚੀਜ਼ਾਂ ਵੀ ਹੋਣ, ਤਾਂ ਅਧਿਆਪਕਾਂ ਦੀ ਗਿਣਤੀ ਬੱਚਿਆਂ ਮੁਤਾਬਕ ਨਹੀਂ ਹੁੰਦੀ। ਜਿਹੜੇ ਅਧਿਆਪਕ ਹੁੰਦੇ ਵੀ ਹਨ, ਉਨ੍ਹਾਂ ਵਿਚੋਂ ਬਹੁਤੇ ਸਮੇਂ ਸਿਰ ਸਕੂਲ ਨਹੀਂ ਆਉਂਦੇ ਅਤੇ ਜਿਹੜੇ ਆਉਂਦੇ ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਆਪਣੀਆਂ ਜਮਾਤਾਂ ਵਿਚ ਜਾ ਕੇ ਬੱਚਿਆਂ ਨੂੰ ਪੜ੍ਹਾਉਣ ਵਿਚ ਕੋਈ ਦਿਲਚਸਪੀ ਨਹੀਂ ਲੈਂਦੇ। ਜੇ ਕੋਈ ਇਮਾਨਦਾਰ ਅਧਿਆਪਕ ਅਜਿਹੇ ਕੰਮ-ਚੋਰਾਂ ਨੂੰ ਟੋਕਣ ਜਾਂ ਆਪਣਾ ਫ਼ਰਜ਼ ਚੇਤੇ ਕਰਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਅੱਗਿਓਂ ਘੜਿਆ-ਘੜਾਇਆ ਉਤਰ ਮਿਲਦਾ ਹੈ, "ਇਨ੍ਹਾਂ ਨੇ ਕਿਹੜਾ ਪੜ੍ਹ ਕੇ ਡਿਪਟੀ ਲੱਗ ਜਾਣਾ ਹੈ।"

ਬੇਸ਼ਕ ਸਾਰੇ ਅਧਿਆਪਕ ਇਸ ਕਿਸਮ ਦੇ ਨਹੀਂ ਹੁੰਦੇ। ਬਹੁਤ ਸਾਰੇ ਅਜਿਹੇ ਵੀ ਹਨ ਜਿਹੜੇ ਜਿਸ ਸਕੂਲ ਵਿਚ ਵੀ ਗਏ, ਸਕੂਲ ਦਾ ਨਾਮ ਉਚਾ ਕੀਤਾ ਹੈ ਅਤੇ ਕਰਦੇ ਹਨ। ਅਜਿਹੇ ਅਧਿਆਪਕ ਬੱਚਿਆਂ ਲਈ ਅਤੇ ਪਿੰਡ ਵਾਲਿਆਂ ਲਈ ਪ੍ਰੇਰਨਾ-ਸ੍ਰੋਤ ਵੀ ਬਣਦੇ ਹਨ। ਉਹ ਵਿਦਿਆਰਥੀਆਂ ਨੂੰ ਆਪਣੇ ਬੱਚਿਆਂ ਵਾਂਗ ਹੀ ਪਿਆਰ ਕਰਦੇ ਹਨ ਅਤੇ ਪੂਰੀ ਲਗਨ ਨਾਲ ਪੜ੍ਹਾਉਂਦੇ ਹਨ ਪਰ ਅਜਿਹੇ ਆਦਰਸ਼ਕ ਅਧਿਆਪਕ ਅੱਜ ਕੱਲ ਬਹੁਤ ਥੋੜੇ ਹਨ।

ਸਰਕਾਰੀ ਸਕੂਲਾਂ ਵਿਚ ਵਿੱਦਿਆ ਦੀ ਦੁਰਦਸ਼ਾ ਲਈ ਜ਼ਿੰਮੇਵਾਰ ਸੂਬਾਈ ਸਰਕਾਰ ਹੈ। ਸੂਬਾਈ ਸਰਕਾਰ ਦਾ ਇਹ ਹਾਲ ਹੈ ਕਿ ਸਰਕਾਰੀ ਸਕੂਲਾਂ ਵਿਚ ਜਿੱਥੇ ਕਿਤੇ ਅਧਿਆਪਕ ਦੀ ਅਸਾਮੀ ਖਾਲੀ ਹੋ ਜਾਂਦੀ ਹੈ, ਉਸ ਨੂੰ ਭਰਿਆ ਹੀ ਨਹੀਂ ਜਾਂਦਾ ਜਾਂ ਫਿਰ ਬਹੁਤ ਥੋੜੇ ਪੈਸਿਆਂ ਉਤੇ ਠੇਕੇ 'ਤੇ ਅਧਿਆਪਕ ਰੱਖ ਲਏ ਜਾਂਦੇ ਹਨ, ਜਿਹੜੇ ਜਦੋਂ ਪੱਕੇ ਅਧਿਆਪਕਾਂ ਨੂੰ ਮਿਲ ਰਹੇ ਪੈਸਿਆਂ ਨਾਲ ਆਪਣੀ ਤੁਲਨਾ ਕਰਨਗੇ ਤਾਂ ਕਿਉਂ ਪੜ੍ਹਾਉਣਗੇ। ਇਸ ਦੀ ਵਜ੍ਹਾ ਇਹ ਹੈ ਕਿ ਸਰਕਾਰ ਨੂੰ ਲੋਕਾਂ ਦੇ ਤਾਲੀਮ-ਯਾਫ਼ਤਾ ਹੋਣ ਨਾਲ ਕੋਈ ਤੁਅੱਲਕ ਨਹੀਂ ਹੈ। ਲੋਕ ਜਿੰਨੇ ਅਨਪੜ੍ਹ ਹੋਣਗੇ, ਓਨੇ ਹੀ ਉਹ ਆਪਣੇ ਹੱਕਾਂ ਪ੍ਰਤੀ ਘੱਟ ਜਾਗ੍ਰਿਤ ਹੋਣਗੇ। ਸਰਕਾਰ ਨੂੰ ਫ਼ਾਇਦਾ ਸੁੱਤੀ ਹੋਈ ਲੋਕਾਈ ਦਾ ਹੀ ਹੈ, ਜਾਗੀ ਹੋਈ ਦਾ ਨਹੀਂ।

ਗੁਰੂ ਨਾਨਕ ਸਾਹਿਬ ਨੇ ਅਜਿਹੇ ਹੀ ਵਰਤਾਰੇ ਦਾ ਜ਼ਿਕਰ ਆਸਾ ਦੀ ਵਾਰ ਵਿਚ ਕੀਤਾ ਹੈ ਕਿ ਲਾਲਚ ਹੁਕਮਰਾਨ ਦਾ ਕਿਰਦਾਰ ਬਣ ਗਿਆ ਹੈ ਅਤੇ ਉਸ ਦਾ ਵਜ਼ੀਰ ਪਾਪ ਕਮਾਉਣ ਵਾਲਾ ਬਣ ਗਿਆ ਹੈ, ਝੂਠ ਦੀ ਚੌਧਰ ਹੈ ਅਤੇ ਇਨ੍ਹਾਂ ਸਭ ਦਾ ਸਲਾਹਕਾਰ ਕਾਮ ਹੈ, ਜਿਸ ਦੀ ਸਲਾਹ ਲਈ ਜਾਂਦੀ ਹੈ। ਇਹ ਸਾਰਾ ਵਰਤਾਰਾ ਕਿਉਂ ਵਾਪਰਨ ਦਿੱਤਾ ਜਾ ਰਿਹਾ ਹੈ? ਇਸ ਲਈ ਕਿ ਪਰਜਾ ਗਿਆਨ ਤੋਂ ਸੱਖਣੀ ਹੈ (ਅਜਿਹੀ ਪਰਜਾ ਨੂੰ ਗੁਰੂ ਸਾਹਿਬ ਨੇ 'ਅੰਨ੍ਹੀ' ਕਿਹਾ ਹੈ) ਜਿਸ ਕਰਕੇ ਉਹ ਇਸ ਸਾਰੇ ਵਰਤਾਰੇ ਨੂੰ ਚੁੱਪਚਾਪ ਸਹਿਣ ਕਰ ਰਹੀ ਹੈ,

ਲਬੁ ਪਾਪੁ ਦੁਇ ਰਾਜਾ ਮਹਤਾ  
ਕੂੜੁ ਹੋਆ ਸਿਕਦਾਰੁ॥  
ਕਾਮੁ ਨੇਬੁ ਸਦਿ ਪੁਛੀਐ  
ਬਹਿ ਬਹਿ ਕਰੇ ਬੀਚਾਰੁ॥  
ਅੰਧੀ ਰਯਤਿ ਗਿਆਨ ਵਿਹੂਣੀ  
ਭਾਹਿ ਭਰੇ ਮੁਰਦਾਰੁ॥ (ਪੰਨਾ 469)

ਇਹ ਹਾਲ ਸਰਕਾਰੀ ਸਕੂਲਾਂ ਦਾ ਹੀ ਨਹੀਂ, ਹਰ ਸਰਕਾਰੀ ਅਦਾਰੇ ਦਾ ਹੋ ਰਿਹਾ ਹੈ। ਸਰਕਾਰੀ ਕਾਲਜਾਂ ਵਿਚ ਜਿੱਥੇ ਕਿਧਰੇ ਲੈਕਚਰਰ ਦੀ ਅਸਾਮੀ ਖਾਲੀ ਹੋ ਜਾਂਦੀ ਹੈ, ਉਥੇ ਭਰਤੀ ਨਹੀਂ ਕੀਤੀ ਜਾਂਦੀ। ਇਹ ਕੰਮ ਐਡਹਾਕ ਲੈਕਚਰਰ ਨਾਲ ਸਾਰ ਲਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਜਿੱਥੇ ਪਹਿਲਾਂ ਸਰਕਾਰੀ ਕਾਲਜਾਂ ਵਿਚ ਸਿਰਫ਼ ਛੁੱਟੀ 'ਤੇ ਗਏ ਅਧਿਆਪਕਾਂ ਦੀ ਥਾਂ ਹੀ ਐਡਹਾਕ ਅਧਿਆਪਕ ਰੱਖੇ ਜਾਂਦੇ ਸੀ, ਅੱਜ ਹਰ ਸਰਕਾਰੀ ਕਾਲਜ ਵਿਚ ਤੀਹ ਤੀਹ ਅਸਾਮੀਆਂ ਤੱਕ ਐਡਹਾਕ ਲੈਕਚਰਰ ਹਨ। ਸਰਕਾਰੀ ਹਸਪਤਾਲਾਂ ਵਿਚ ਵੀ ਇਹੋ ਹਾਲ ਹੈ। ਪਿੰਡਾਂ ਦੇ ਸਰਕਾਰੀ ਸਿਹਤ ਅਦਾਰਿਆਂ ਵਿਚ ਤਾਂ ਡਾਕਟਰ ਕਿਸ ਨੇ ਭਰਤੀ ਕਰਨੇ ਹਨ ਜਦ ਕਿ ਟਰੇਂਡ ਡਾਕਟਰਾਂ ਦੀ ਕੋਈ ਘਾਟ ਨਹੀਂ ਹੈ। ਸਮਾਂ ਇਹ ਆ ਗਿਆ ਹੈ ਕਿ ਐਮ.ਡੀ. ਡਾਕਟਰ ਪੰਜ ਪੰਜ ਹਜ਼ਾਰ ਰੁਪਏ ਤੇ ਪ੍ਰਾਈਵੇਟ ਹਸਪਤਾਲਾਂ ਵਿਚ ਕੰਮ ਕਰ ਰਹੇ ਹਨ।

ਦਿਖਾਵੇ ਲਈ ਸਰਕਾਰ ਕਦੀ ਆਦਰਸ਼ ਸਕੂਲਾਂ ਦਾ ਸ਼ੋਸ਼ਾ ਛੱਡ ਦਿੰਦੀ ਹੈ, ਕਦੀ ਕੋਈ ਹੋਰ ਢਕਵੰਜ ਰਚਦੀ ਹੈ। ਪਰ ਜੇ ਆਮ ਜਨਤਾ ਨੂੰ ਪੜ੍ਹਾਉਣ ਦਾ ਖ਼ਿਆਲ ਸਰਕਾਰ ਦੇ ਮਨ ਵਿਚ ਹੋਵੇ ਤਾਂ ਉਹ ਸਰਕਾਰੀ ਸਕੂਲਾਂ ਦੇ ਪ੍ਰਬੰਧ ਨੂੰ ਮਜ਼ਬੂਤ ਕਰੇ, ਅਧਿਆਪਕ ਭਰਤੀ ਕਰੇ। ਨਵੇਂ ਅਧਿਆਪਕ ਤਾਂ ਕੀ ਭਰਤੀ ਕਰਨੇ ਹਨ, ਕੰਮ ਕਰ ਰਹੇ ਅਧਿਆਪਕਾਂ ਨੂੰ ਚਾਰ ਚਾਰ ਮਹੀਨੇ ਤਨਖਾਹ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਜਿਸ ਅਧਿਆਪਕ ਨੂੰ ਇਹ ਨਹੀਂ ਪਤਾ ਕਿ ਉਸ ਨੂੰ ਆਪਣੇ ਪਰਿਵਾਰ ਦੀ ਰੋਟੀ ਵਾਸਤੇ ਸਮੇਂ ਸਿਰ ਤਨਖਾਹ ਮਿਲੇਗੀ ਜਾਂ ਨਹੀਂ ਉਹ ਸਕੂਲ ਵਿਚ ਕਿਸ ਤਰ੍ਹਾਂ ਮਨ ਲਾ ਕੇ ਪੜ੍ਹਾਈ ਕਰਾਵੇਗਾ?

ਹਾਲ ਹੀ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਬਾਰੇ ਖ਼ਬਰ ਛਪੀ ਹੈ, "ਪੰਜਾਬੀ ਯੂਨੀਵਰਸਿਟੀ 'ਤੇ ਮਾਲੀ ਤੰਗੀ ਦੇ ਬੱਦਲ", ਜਿਸ ਵਿਚ ਲਿਖਿਆ ਹੈ, ਪਿਛਲੇ ਸਾਲਾਂ ਵਿਚ ਯੂਨੀਵਰਸਿਟੀ ਵੱਲੋਂ ਵਿੱਦਿਆ ਪੱਖੋਂ ਪੱਛੜੇ ਪੇਂਡੂ ਇਲਾਕਿਆਂ ਵਿਚ ਅੱਧੀ ਦਰਜਨ ਤੋਂ ਵੱਧ ਕੌਂਸਟੀਚਿਊਟ ਕਾਲਜ ਖੋਲ੍ਹੇ ਗਏ ਸਨ। ਹਰ ਸਾਲ ਇੱਕ ਕਾਲਜ ਲਈ ਡੇੜ ਕਰੋੜ ਰੁਪਏ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣੇ ਸਨ ਪਰ ਸਰਕਾਰ ਨੇ 22.50 ਕਰੋੜ ਰੁਪਏ ਹਾਲੇ ਤੱਕ ਦਿੱਤੇ ਹੀ ਨਹੀਂ।

ਇਹ ਤਾਂ ਮਹਿਜ ਇੱਕ ਅਦਾਰੇ ਦੀ ਉਦਾਹਰਣ ਹੈ। ਇਹ ਸਭ ਕਿਉਂ ਹੋ ਰਿਹਾ ਹੈ? ਇਸ ਦੇ ਕਾਰਨ ਦਾ ਖ਼ੁਲਾਸਾ ਦੂਸਰੀ ਖ਼ਬਰ ਤੋਂ ਹੋ ਜਾਂਦਾ ਹੈ, ਜਿਸ ਵਿਚ ਲਿਖਿਆ ਹੈ, "ਪੰਜਾਬ ਦੇ ਵਿਧਾਇਕ ਤੇ ਵਜ਼ੀਰ ਹੋਏ ਮਾਲੋ ਮਾਲ- ਲੰਘੇ ਢਾਈ ਦਹਾਕੇ ਵਿਚ ਵਿਧਾਇਕਾਂ ਦੀ ਤਨਖਾਹ ਤੇ ਭੱਤਿਆਂ ਵਿਚ 36 ਗੁਣਾ ਵਾਧਾ ਹੋਇਆ ਹੈ।" ਇਹ ਹੀ ਨਹੀਂ ਬਲਕਿ ਪੰਜਾਬ ਸਰਕਾਰ ਨੇ ਸਰਕਾਰੀ ਖ਼ਜ਼ਾਨੇ ਨੂੰ ਢਾਹ ਪਾਰਲੀਮੈਂਟ ਸਕੱਤਰਾਂ ਅਤੇ ਵੱਖ ਵੱਖ ਅਦਾਰਿਆਂ ਦੇ ਚੇਅਰਮੈਨਾਂ ਦੀਆਂ ਧਾੜਾਂ ਚੁਣ ਚੁਣ ਕੇ ਵੀ ਲਾਈ ਹੋਈ ਹੈ ਕਿਉਂਕਿ ਮੌਜੂਦਾ ਸਰਕਾਰ ਨਹੀਂ ਚਾਹੁੰਦੀ ਕਿ ਕੋਈ ਵੀ ਵਿਧਾਇਕ ਦਲ ਬਦਲੇ ਅਤੇ ਸਰਕਾਰ ਟੁੱਟੇ। ਇਸ ਲਈ ਹਰ ਇੱਕ ਨੂੰ ਲਾਲਚ ਦੇ ਕੇ (ਜਿਸ ਦੀ ਗੁਰੂ ਨਾਨਕ ਸਾਹਿਬ ਨੇ ਉਪਰ ਗੱਲ ਕੀਤੀ ਹੈ) ਨਾਲ ਲਾਇਆ ਹੋਇਆ ਹੈ। ਇਸ ਦੇ ਨਾਲ ਹੀ ਬਹੁਤੇ ਵਿਧਾਇਕ, ਚੇਅਰਮੈਨ ਨੇੜਲੇ ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਹੀ ਤਾਂ ਹਨ (ਟਿਕਟਾਂ ਦੇਣ ਵੇਲੇ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ)। ਇਸ ਲਈ ਵਗਦੀ ਗੰਗਾ ਵਿਚ ਹੱਥ ਧੋ ਕੇ ਸਾਰੇ ਹੀ ਅਮੀਰ ਕਿਉਂ ਨਾ ਹੋਣ?

ਚੇਤੰਨ ਲੋਕ ਜਾਣਦੇ ਹਨ ਕਿ ਈਸਾਈ ਮਿਸ਼ਨਰੀ ਜਿੱਥੇ ਜਿੱਥੇ ਵੀ ਗਏ ਅਤੇ ਈਸਾਈ ਧਰਮ ਦਾ ਪ੍ਰਚਾਰ ਕੀਤਾ, ਉਨ੍ਹਾਂ ਨੇ ਪਹਿਲਾ ਕੰਮ ਗਿਰਜੇ ਦੇ ਨਾਲ ਸਕੂਲ ਅਤੇ ਮੁੱਢਲੇ ਦਵਾਖ਼ਾਨੇ ਖੋਲ੍ਹਣ ਦਾ ਕੀਤਾ ਤਾਂ ਕਿ ਉਹ ਆਲੇ-ਦੁਆਲੇ ਦੀ ਗ਼ਰੀਬ ਜਨਤਾ ਨੂੰ ਸਿੱਖਿਅਤ ਕਰਨ ਦੇ ਨਾਲ ਨਾਲ ਈਸਾਈ ਧਰਮ ਦਾ ਪਾਠ ਪੜ੍ਹਾ ਸਕਣ। ਦੂਰ-ਦੁਰਾਡੇ ਅਣਜਾਣ ਮੁਲਕਾਂ ਵਿਚ ਕੈਥੋਲਿਕ ਸਕੂਲਾਂ ਨੇ ਈਸਾਈ ਮੱਤ ਦਾ ਪ੍ਰਚਾਰ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ। ਲੋਕਾਂ ਦੀ ਈਸਾਈ ਮੱਤ ਵਿਚ ਦਿਲਚਸਪੀ ਪੈਦਾ ਕਰਨ ਅਤੇ ਈਸਾਈ ਬਣਨ ਵਾਲਿਆਂ ਲਈ ਸਕੂਲੀ ਵਿੱਦਿਆ ਮੁਫ਼ਤ ਕੀਤੀ ਅਤੇ ਇਹ ਅਮਲ ਅੱਜ ਵੀ ਜ਼ਾਰੀ ਹੈ (ਵੈਸੇ ਵੀ ਭਾਰਤ ਵਿਚ ਚਰਚ ਦੇ ਸਕੂਲਾਂ ਦੀ ਫ਼ੀਸ ਇਸ ਵੇਲੇ ਵੀ ਸਭ ਤੋਂ ਘੱਟ ਹੈ ਅਤੇ ਸਿੱਖ ਕਹੇ ਜਾਣ ਵਾਲੇ ਖਾਲਸਾ ਸਕੂਲਾਂ ਦੀ ਫ਼ੀਸ ਬਹੁਤ ਵੱਧ ਹੈ)। ਵਿੱਦਿਅਕ ਸੰਸਥਾਵਾਂ ਬੱਚੇ ਅੰਦਰ ਸਹੀ ਅਧਿਆਤਮਕ ਅਹਿਸਾਸ, ਧਰਮ ਅਤੇ ਸਮਾਜ ਲਈ ਸਤਿਕਾਰ, ਸਰੀਰਕ ਅਤੇ ਮਾਨਸਿਕ ਅਨੁਸਾਸ਼ਨ ਪੈਦਾ ਕਰਨ ਵਿਚ ਬਹੁਤ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ, ਜੋ ਕਿ ਮਨੁੱਖ ਦੇ ਸੰਤੁਲਿਤ ਵਿਕਾਸ ਲਈ ਬਹੁਤ ਜ਼ਰੂਰੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਣਵੰਡੇ ਭਾਰਤੀ ਪੰਜਾਬ ਵਿਚ ਸਿੱਖ ਇਤਿਹਾਸਕ ਧਰਮ ਸਥਾਨਾਂ ਜਾਂ ਪ੍ਰਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਹੈ। ਇਹ ਸਿੱਖ ਸੰਸਥਾਵਾਂ ਦਾ ਹਰ ਤਰ੍ਹਾਂ ਦਾ ਪ੍ਰਬੰਧ ਕਰਨ, ਸੰਭਾਲ ਕਰਨ ਅਤੇ ਪ੍ਰਚਾਰ ਕਰਨ ਲਈ ਜ਼ਿੰਮੇਵਾਰ ਹੈ। ਇਹ ਇੱਕ ਚੁਣੀ ਹੋਈ ਸੰਸਥਾ ਹੈ ਅਤੇ ਇਸ ਨੂੰ ਸਿੱਖਾਂ ਦੀ ਮਿਨੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ। ਇਹ ਕਿਸੇ ਬੱਝਵੇਂ ਨਿਯਮਾਂ ਜਾਂ ਯੋਜਨਾ ਅਨੁਸਾਰ ਵਿੱਦਿਅਕ ਸੰਸਥਾਵਾਂ ਖੋਲ੍ਹਣ ਵਿਚ ਕੋਈ ਦਿਲਚਸਪੀ ਨਹੀਂ ਲੈਂਦੀ। ਇਸ ਕੋਲ ਆਰਥਕ ਸਾਧਨਾਂ ਦੀ ਕੋਈ ਕਮੀ ਨਹੀਂ ਹੈ।

ਚਰਚ ਤਾਂ ਵੱਡੇ ਵੱਡੇ ਧਨਾਢ ਲੋਕਾਂ ਦੇ ਦਿੱਤੇ ਦਾਨ ਦੇ ਸਿਰ 'ਤੇ ਆਪਣੀਆਂ ਸੰਸਥਾਵਾਂ ਚਲਾਉਂਦਾ ਹੈ ਪਰ ਸਿੱਖ ਧਰਮ ਵਿਚ ਤਾਂ ਗ਼ਰੀਬ ਤੋਂ ਗ਼ਰੀਬ ਸਿੱਖ ਵੀ ਖਾਲੀ ਹੱਥ ਮੱਥਾ ਨਹੀਂ ਟੇਕਦਾ। ਇਕੱਲੇ ਹਰਿਮੰਦਰ ਸਾਹਿਬ ਵਿਚ ਹਰ ਰੋਜ਼ ਤਕਰੀਬਨ ਡੇਢ ਲੱਖ ਸ਼ਰਧਾਲੂ ਆਉਂਦੇ ਹਨ। ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਨਾਮ ਅਚੱਲ ਜਾਇਦਾਦਾਂ ਵੀ ਹਨ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਕਰੋੜਾਂ ਵਿਚ ਹੈ। ਘਾਟ ਫੰਡਾਂ ਦੀ ਨਹੀਂ, ਘਾਟ ਸਿਰਫ਼ ਨਜ਼ਰੀਏ ਦੀ ਹੈ। ਇਸ ਦੇ ਮੈਂਬਰ ਚੁਣੇ ਹੋਏ ਹੋਣ ਕਰਕੇ ਸਮਾਜ ਦੀ ਉੱਨਤੀ ਜਾਂ ਸਿੱਖ ਨੌਜੁਆਨ ਪੀੜ੍ਹੀ ਨੂੰ ਸੁਸਿੱਖਿਅਤ ਕਰਨ ਦੀ ਥਾਂ ਤੇ ਰਾਜਨੀਤੀ ਵਿਚ ਜ਼ਿਆਦਾ ਦਿਲਚਸਪੀ ਰੱਖਦੇ ਹਨ।

ਪਿਛਲੇ ਕੁਝ ਵਰ੍ਹਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਚ-ਸਿੱਖਿਆ ਨਾਲ ਸਬੰਧਤ ਕਾਫੀ ਸੰਸਥਾਵਾਂ ਖੋਲ੍ਹੀਆਂ ਹਨ ਜਿਵੇਂ ਡਿਗਰੀ ਕਾਲਜ, ਇੰਜੀਨੀਅਰਿੰਗ ਕਾਲਜ, ਡੈਂਟਲ ਕਾਲਜ ਆਦਿ। ਪ੍ਰੰਤੂ ਪ੍ਰਾਇਮਰੀ ਜਾਂ ਹਾਈ ਸਕੂਲ ਦੀ ਵਿੱਦਿਆ ਵੱਲ ਕੋਈ ਧਿਆਨ ਨਹੀਂ ਦਿੱਤਾ। ਬੱਚਿਆਂ ਨੂੰ ਪੜ੍ਹਾਈ ਅਤੇ ਧਰਮ ਵੱਲ ਪ੍ਰੇਰਤ ਕਰਨ ਲਈ ਕੋਈ ਖ਼ਾਸ ਕਿਸਮ ਦੇ ਉਪਰਾਲੇ ਨਹੀਂ ਕੀਤੇ ਜਾਂਦੇ। ਇਸ ਦੇ ਕਾਲਜਾਂ ਵਿਚ ਵੀ ਧਾਰਮਿਕ ਅਤੇ ਨੈਤਿਕ ਸਿੱਖਿਆ ਦੇਣ ਦਾ ਕੋਈ ਖ਼ਾਸ ਪ੍ਰਬੰਧ ਨਹੀਂ ਹੈ ਜਿਸ ਰਾਹੀਂ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਵੇ, ਭਾਵੇਂ ਕੈਥੋਲਿਕ ਸਕੂਲਾਂ ਅਤੇ ਡੀ.ਏ.ਵੀ ਸਕੂਲਾਂ ਵਿਚ ਇਸ ਦਾ ਖ਼ਾਸ ਪ੍ਰਬੰਧ ਕੀਤਾ ਜਾਂਦਾ ਹੈ। ਧਰਮ ਨੂੰ ਇੱਕ ਵਿਸ਼ੇ ਵਜੋਂ ਵੀ ਤਿੰਨ ਖ਼ਾਲਸਾ ਕਾਲਜਾਂ-ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਅਨੰਦਪੁਰ ਸਾਹਿਬ, ਖ਼ਾਲਸਾ ਕਾਲਜ ਪਟਿਆਲਾ ਅਤੇ ਗੁਰੂ ਨਾਨਕ ਖ਼ਾਲਸਾ ਕਾਲਜ ਬੁਢਲਾਡਾ ਵਿਚ ਹੀ ਪੜ੍ਹਾਇਆ ਜਾਂਦਾ ਹੈ।

ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਨਮੂਨੇ ਤੇ ਹੋਰ ਕੋਈ ਖ਼ਾਲਸਾ ਕਾਲਜ ਸਥਾਪਤ ਨਹੀਂ ਕੀਤਾ ਗਿਆ। ਖ਼ਾਲਸਾ ਕਾਲਜਾਂ ਵਿਚ ਜਦੋਂ ਅਧਿਆਪਕ ਚੁਣੇ ਜਾਂਦੇ ਹਨ, ਕੋਈ ਵੀ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਉਨ੍ਹਾਂ ਨੂੰ ਸਿੱਖ ਧਰਮ ਵਿਚ ਕੋਈ ਦਿਲਚਸਪੀ ਹੈ ਜਾਂ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ, ਕਾਲਜਾਂ ਤੋਂ ਬਿਨਾਂ ਹੋਰ ਵੀ ਖ਼ਾਲਸਾ ਸਕੂਲ ਜਾਂ ਕਾਲਜ ਹਨ ਪਰ ਉਹ ਵੀ ਧਾਰਮਿਕ ਵਿੱਦਿਆ ਦੇਣ ਲਈ ਸਿੱਖ ਦਰਸ਼ਨ ਜਾਂ ਸਿੱਖ ਫਿਲਾਸਫੀ ਵਿਚ ਸੁਸਿੱਖਿਅਤ ਅਧਿਆਪਕ ਨਹੀਂ ਰੱਖਦੇ, ਕਿਉਂਕਿ ਉਨ੍ਹਾਂ ਲਈ ਇਹ ਭਾਈਚਾਰੇ ਦੀ ਸੇਵਾ ਨਾਲੋਂ ਵੱਧ ਇੱਕ ਵਿਉਪਾਰ ਹੈ। ਇਸ ਵੇਲੇ ਸਿੱਖਿਆ ਸਭ ਤੋਂ ਵੱਡਾ ਵਿਉਪਾਰ ਬਣ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਿੱਖ ਭਾਈਚਾਰੇ ਦੀ ਭਲਾਈ ਜਾਂ ਤਰੱਕੀ ਵਾਸਤੇ ਕੰਮ ਕਿਉਂ ਕਰਨਗੇ ਜਦ ਕਿ ਉਹ ਵੀ ਚੋਣਾਂ ਜਿੱਤਣ ਲਈ ਆਮ ਉਮੀਦਵਾਰ ਦੀ ਤਰ੍ਹਾਂ ਹੀ ਹਰ ਹਰਬਾ ਵਰਤਦੇ ਹਨ। ਉਹ ਵੋਟਾਂ ਲੈਣ ਲਈ ਭਾਂਤ-ਸੁਭਾਂਤੇ ਨਸ਼ੇ ਵਰਤਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਤਾਂ ਵੋਟਾਂ ਚਾਹੀਦੀਆਂ ਹੁੰਦੀਆਂ ਹਨ। ਜੇ ਕੋਈ ਉਨ੍ਹਾਂ ਨੂੰ ਪੁੱਛ ਲਵੇ ਕਿ ਉਹ ਅਜਿਹਾ ਕਿਉਂ ਕਰਦੇ ਹਨ ਤਾਂ ਉਨ੍ਹਾਂ ਦਾ ਇੱਕੋ ਉਤਰ ਹੋਵੇਗਾ, "ਇਹ ਤਾਂ ਜੀ ਕੈਂਡੀਡੇਟ ਦੀ ਮਜ਼ਬੂਰੀ ਹੈ।"

ਅਸਲ ਵਿਚ ਸ਼੍ਰੋਮਣੀ ਕਮੇਟੀ ਦਾ ਮੈਂਬਰ ਚੁਣੇ ਜਾਣਾ ਤਾਂ ਉਨ੍ਹਾਂ ਵਾਸਤੇ ਪ੍ਰਾਂਤ ਜਾਂ ਕੇਂਦਰ ਦੀ ਰਾਜਨੀਤੀ ਦਾ ਪ੍ਰਵੇਸ਼-ਦੁਆਰ ਹੈ। ਭਾਰਤ ਦੇ ਕਈ ਪ੍ਰਾਂਤਾਂ ਵਿਚ ਨਾਨਕ-ਨਾਮ-ਲੇਵਾ ਵਣਜਾਰਾ ਸਿੱਖਾਂ ਦੀ ਗਿਣਤੀ ਕਈ ਕਰੋੜ ਹੈ ਜੋ ਹਰ ਕੰਮ ਗੁਰੂ ਨਾਨਕ ਦੇ ਨਾਮ 'ਤੇ ਕਰਦੇ ਹਨ ਪਰ ਜੋ ਬਹੁਤ ਹੀ ਗ਼ਰੀਬ ਅਤੇ ਮੁਢਲੀ ਸਿੱਖਿਆ ਤੋਂ ਵੀ ਵਾਂਝੇ ਹਨ। ਕੀ ਈਸਾਈ ਚਰਚ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਲਈ ਮੁੱਢਲੀ ਵਿੱਦਿਆਂ ਅਤੇ ਡਾਕਟਰੀ ਸਹੂਲਤਾਂ ਦਾ ਪ੍ਰਬੰਧ ਨਹੀਂ ਕਰ ਸਕਦੀ? ਇੱਥੇ ਕਿੰਤੂ ਉਨ੍ਹਾਂ 'ਤੇ ਵੀ ਉਠਦਾ ਹੈ ਜੋ ਆਪਣੇ ਆਪ ਨੂੰ ਸਿੱਖ ਕੌਮ ਦੇ ਬਹੁਤ ਵੱਡੇ ਹਮਦਰਦ ਕਹਿੰਦੇ ਹਨ ਤੇ ਹਰ ਵਕਤ ਕੌਮ ਲਈ ਚਿੰਤਾ ਜ਼ਾਹਰ ਕਰਦੇ ਹਨ ਕਿ ਕੌਮ ਦਾ ਅਲੱਗ ਆਪਣਾ ਘਰ ਚਾਹੀਦਾ ਹੈ। ਉਹ ਆਮ ਸਿੱਖ ਲਈ ਕੀ ਕਰ ਰਹੇ ਹਨ? ਅੱਜ ਅਰਬ ਮੁਲਕਾਂ ਵਿਚ ਜਨਤਾ ਦੀ ਜਾਗ੍ਰਿਤੀ ਕਾਰਨ ਅਨੇਕਾਂ ਰਾਜਨੀਤਕ ਤਬਦੀਲੀਆਂ ਬਿਨਾਂ ਕਿਸੇ ਹਥਿਆਰਬੰਦ ਘੋਲ ਦੇ ਆ ਰਹੀਆਂ ਹਨ। ਜ਼ਰੂਰੀ ਨਹੀਂ ਕਿ ਤਬਦੀਲੀ ਹਥਿਆਰਾਂ ਰਾਹੀਂ ਨੌਜੁਆਨ ਪੀੜ੍ਹੀ ਨੂੰ ਖ਼ਤਮ ਕਰਕੇ ਹੀ ਆ ਸਕਣੀ ਹੈ। ਜੇ ਉਹ ਆਮ ਸਿੱਖ ਲਈ ਸੁਹਿਰਦ ਹਨ ਤਾਂ ਗੁਰੂ ਨਾਨਕ ਸਾਹਿਬ ਦੇ ਰਸਤੇ ਤੇ ਚੱਲਦੇ ਹੋਏ ਆਮ ਲੋਕਾਂ ਨੂੰ ਹੋ ਰਹੀਆਂ ਵਧੀਕੀਆ ਪ੍ਰਤੀ ਜਾਗ੍ਰਿਤ ਕਰਕੇ ਸਮਾਜ ਦਾ ਭਲਾ ਕਿਉਂ ਨਹੀਂ ਕਰਦੇ?

ਮੌਜੂਦਾ ਸਰਕਾਰ ਵੀ ਆਪਣੇ ਆਪ ਨੂੰ ਪੰਥਕ ਕਹਾਉਂਦੀ ਹੈ। ਇਸ ਗੱਲ ਦੀ ਕੀ ਗਾਰੰਟੀ ਹੈ ਕਿ ਤਾਕਤ ਵਿਚ ਆ ਕੇ ਉਹ ਵੀ ਇਸੇ ਤਰ੍ਹਾਂ ਨਹੀਂ ਸੋਚਣਗੇ? ਪਹਿਲਾ ਕਦਮ ਪੰਜਾਬ ਦੀ ਜੁਆਨੀ ਨੂੰ ਸੰਭਾਲਣਾ ਅਤੇ ਵਿੱਦਿਆ ਦੇਣਾ ਹੈ, ਸਰਕਾਰ ਦੀਆਂ ਵਧੀਕੀਆਂ ਨੂੰ ਰੋਕਣਾ ਹੈ। ਸਭ ਕੁਝ ਕੇਂਦਰ 'ਤੇ ਹੀ ਮੁਨੱਸਰ ਨਹੀਂ, ਸੂਬਾਈ ਸਰਕਾਰ 'ਤੇ ਵੀ ਬਹੁਤ ਕੁਝ ਨਿਰਭਰ ਕਰਦਾ ਹੈ।

---

ਗੁਰਬਾਣੀ ਗਿਆਨ

## ਪ੍ਰਭ ਕੀ ਸਰਣਿ ਸਗਲ ਭੈ ਲਾਥੇ

**ਸੋਰਠ ਮਹਲਾ ੫**

ਪ੍ਰਭ ਕੀ ਸਰਣਿ ਸਗਲ ਭੈ ਲਾਥੇ  
ਦੁਖ ਬਿਨਸੇ ਸੁਖੁ ਪਾਇਆ॥  
ਦਇਆਲੁ ਹੋਆ ਪਾਰਬ੍ਰਹਮੁ ਸੁਆਮੀ  
ਪੂਰਾ ਸਤਿਗੁਰੁ ਧਿਆਇਆ॥੧॥  
ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ॥  
ਕਰਿ ਕਿਰਪਾ ਪ੍ਰਭ ਦੀਨ ਦਇਆਲਾ  
ਗੁਣ ਗਾਵਉ ਰੰਗਿ ਰਾਤਾ॥ਰਹਾਉ॥  
ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ  
ਚਿੰਤਾ ਸਗਲ ਬਿਨਾਸੀ॥  
ਕਰਿ ਕਿਰਪਾ ਅਪੁਨੋ ਕਰਿ ਲੀਨਾ  
ਮਨਿ ਵਸਿਆ ਅਬਿਨਾਸੀ॥੨॥  
ਤਾ ਕਉ ਬਿਘਨੁ ਨ ਕੋਊ ਲਾਗੈ  
ਜੋ ਸਤਿਗੁਰਿ ਅਪੁਨੈ ਰਾਖੇ॥  
ਚਰਨ ਕਮਲ ਬਸੇ ਰਿਦ ਅੰਤਰਿ  
ਅੰਮ੍ਰਿਤ ਹਰਿ ਰਸੁ ਚਾਖੇ॥੩॥  
ਕਰਿ ਸੇਵਾ ਸੇਵਕ ਪ੍ਰਭ ਅਪੁਨੇ  
ਜਿਨਿ ਮਨ ਕੀ ਇਛ ਪੁਜਾਈ॥  
ਨਾਨਕ ਦਾਸ ਤਾ ਕੈ ਬਲਿਹਾਰੈ  
ਜਿਨਿ ਪੂਰਨ ਪੈਜ ਰਖਾਈ॥੪॥

ਗੁਰੂ ਅਰਜਨ ਦੇਵ ਜੀ ਬਖਸ਼ਿਸ਼ ਕਰਦੇ ਹਨ, ਪ੍ਰਭ ਕੀ ਸਰਣਿ ਸਗਲ ਭੈ ਲਾਥੇ, ਭਾਵ ਹੇ ਭਾਈ! ਪ੍ਰਭੂ ਸ਼ਰਣ ਵਿਚ ਆ ਕੇ ਮੇਰੇ ਸਾਰੇ ਭੈਅ ਮੁੱਕ ਗਏ, ਪ੍ਰਭੂ ਕਿਰਪਾ ਸਦਕਾ ਸਾਰੇ ਹੀ ਦੁਖ ਸਮਾਪਤ ਹੋ ਗਏ ਤੇ ਸੁਖਾਂ ਦੀ ਪ੍ਰਾਪਤੀ ਹੋ ਗਈ; ਦਇਆਲੁ ਹੋਆ ਪਾਰਬ੍ਰਹਮੁ ਸੁਆਮੀ, ਭਾਵ ਹੇ ਭਾਈ! ਇਹ ਸਭ ਤਾਂ ਉਦੋਂ ਹੋਇਆ ਜਦੋਂ ਦਇਆ ਵਿਚ ਆ ਕੇ ਪ੍ਰਭੂ ਜੀ ਨੇ ਜੀਵ ਨੂੰ ਪੂਰੇ ਗੁਰੂ ਦਾ ਮਿਲਾਪ ਦਿੱਤਾ। ਇਹ ਸਭ ਗੁਰੂ ਦੀ ਬਖਸ਼ਿਸ਼ ਹੈ।

ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ॥  
ਕਰਿ ਕਿਰਪਾ ਪ੍ਰਭ ਦੀਨ ਦਇਆਲਾ  
ਗੁਣ ਗਾਵਉ ਰੰਗਿ ਰਾਤਾ॥ਰਹਾਉ॥

ਗੁਰਦੇਵ ਪਿਤਾ ਉਸ ਜਗਤ ਦੇ ਮਾਲਕ ਦੀ ਉਸਤਤਿ ਕਰਦੇ ਹਨ, ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ, ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਤੂੰ ਹੀ ਤਾਂ ਮੇਰਾ ਸਾਹਿਬ ਹੈਂ, ਮੇਰਾ ਮਾਲਕ ਹੈਂ, ਤੂੰ ਹੀ ਉਹ ਦਾਤਾ ਹੈਂ ਜੋ ਮੈਨੂੰ ਸਾਰੀਆਂ ਦਾਤਾਂ ਭੀ ਦੇ ਰਿਹਾ ਹੈ; ਕਰਿ ਕਿਰਪਾ ਪ੍ਰਭ ਦੀਨ ਦਇਆਲਾ, ਹੇ ਦੀਨਾਂ 'ਤੇ ਦਇਆ ਕਰਨ ਵਾਲੇ ਮੇਰੇ ਸੋਹਣੇ ਪ੍ਰਭੂ ਜੀਉ! ਮੇਰੇ 'ਤੇ ਵੀ ਆਪਣੀ ਕ੍ਰਿਪਾ ਕਰ; ਗੁਣ ਗਾਵਉ ਰੰਗਿ ਰਾਤਾ, ਮਿਹਰਬਾਨ ਪ੍ਰਭੂ! ਬਖਸ਼ਿਸ਼ ਕਰੋ, ਤਾਂ ਕਿ ਮੈਂ ਤੇਰੇ ਪ੍ਰੇਮ ਰੰਗ ਵਿਚ ਰੰਗਿਆ ਰਵਾਂ, ਸਦਾ ਹੀ ਤੇਰੇ ਗੁਣ ਗਾਉਂਦਾ ਰਵਾਂ।

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ  
ਚਿੰਤਾ ਸਗਲ ਬਿਨਾਸੀ॥  
ਕਰਿ ਕਿਰਪਾ ਅਪੁਨੋ ਕਰਿ ਲੀਨਾ  
ਮਨਿ ਵਸਿਆ ਅਬਿਨਾਸੀ॥੨॥

ਹੇ ਭਾਈ! ਜਿਸ ਵਡਭਾਗੇ ਜੀਵ ਦੇ ਅੰਦਰ ਪੂਰੇ ਸਤਿਗੁਰ ਨੇ ਸਾਰੇ ਸੁਖਾਂ ਦਾ ਖਜ਼ਾਨਾ, ਪ੍ਰਭੂ ਦਾ ਨਾਮ ਵਸਾ ਦਿੱਤਾ; ਚਿੰਤਾ ਸਗਲ ਬਿਨਾਸੀ, ਫਿਰ ਪ੍ਰਭੂ ਦੇ ਨਾਮ ਸਿਮਰਨ ਦੀ ਬਰਕਤ ਸਦਕਾ ਜੀਵ ਦੀ ਸਾਰੀ ਚਿੰਤਾ ਹੀ ਦੂਰ ਹੋ ਗਈ; ਕਰਿ ਕਿਰਪਾ ਅਪੁਨੋ ਕਰਿ ਲੀਨਾ, ਜਦ ਉਹ ਦਇਆ ਦਾ ਸਮੁੰਦਰ ਪ੍ਰਭੂ ਆਪਣੀ ਕਿਰਪਾ ਸਦਕਾ ਜੀਵ ਨੂੰ ਆਪਣਾ ਬਣਾ ਲੈਂਦਾ ਹੈ; ਮਨਿ ਵਸਿਆ ਅਬਿਨਾਸੀ, ਹੇ ਭਾਈ! ਉਹ ਪਰਮਾਤਮਾ ਜੋ ਨਾਸ਼-ਰਹਿਤ ਹੈ, ਸਦਾ ਅਟੱਲ ਹੈ, ਉਹ ਜੀਵ ਦੇ ਮਨ ਵਿਚ ਆ ਵਸਦਾ ਹੈ।

ਤਾ ਕਉ ਬਿਘਨੁ ਨ ਕੋਊ ਲਾਗੈ  
ਜੋ ਸਤਿਗੁਰਿ ਅਪੁਨੈ ਰਾਖੇ॥  
ਚਰਨ ਕਮਲ ਬਸੇ ਰਿਦ ਅੰਤਰਿ  
ਅੰਮ੍ਰਿਤ ਹਰਿ ਰਸੁ ਚਾਖੇ॥੩॥

ਹੇ ਭਾਈ! ਉਸ ਜੀਵ ਦੇ ਜੀਵਨ ਸਫ਼ਰ ਅਤੇ ਆਤਮਿਕ ਸਫ਼ਰ ਵਿਚ ਫਿਰ ਕੋਈ ਵੀ ਮੁਸ਼ਕਿਲ ਨਹੀਂ ਆਉਂਦੀ; ਜੋ ਸਤਿਗੁਰਿ ਅਪੁਨੈ ਰਾਖੇ, ਜਿਸ ਜੀਵ ਦੇ ਆਪਣੇ ਗੁਰੂ ਨੇ ਉਸ ਦੀ ਹਰ ਥਾਂ ਆਪ ਆ ਕੇ ਰੱਖਿਆ ਕੀਤੀ; ਚਰਨ ਕਮਲ ਬਸੇ ਰਿਦ ਅੰਤਰਿ, ਭਾਵ ਹੇ ਭਾਈ! ਜਦ ਉਸ ਪ੍ਰਭੂ ਜੀ ਦੇ ਕਮਲ ਫੁੱਲਾਂ ਵਰਗੇ ਅਤਿ ਕੋਮਲ ਅਤੇ ਸੋਹਣੇ ਚਰਨ ਜੀਵ ਦੇ ਹਿਰਦੇ ਵਿਚ ਵਸ ਜਾਂਦੇ ਹਨ; ਅੰਮ੍ਰਿਤ ਹਰਿ ਰਸੁ ਚਾਖੇ, ਭਾਵ ਫਿਰ ਜੀਵ ਉਚਾ-ਸੁਚਾ ਜੀਵਨ ਦੇਣ ਵਾਲੇ ਹਰਿ ਨਾਮ ਦੇ ਰਸ ਨੂੰ ਚਖਦਾ ਹੈ।

ਕਰਿ ਸੇਵਾ ਸੇਵਕ ਪ੍ਰਭ ਅਪੁਨੇ  
ਜਿਨਿ ਮਨ ਕੀ ਇਛ ਪੁਜਾਈ॥  
ਨਾਨਕ ਦਾਸ ਤਾ ਕੈ ਬਲਿਹਾਰੈ  
ਜਿਨਿ ਪੂਰਨ ਪੈਜ ਰਖਾਈ॥੪॥

ਗੁਰਦੇਵ ਆਖਦੇ ਹਨ, ਹੇ ਜੀਵ! ਨਿਮਾਣਾ ਸੇਵਕ ਬਣ ਕੇ ਉਸ ਪ੍ਰਭੂ ਜੀ ਦੀ ਸੇਵਾ ਵੀ ਕਰ ਅਤੇ ਸਿਮਰਨ ਵੀ ਕਰ; ਜਿਨਿ ਮਨ ਕੀ ਇਛ ਪੁਜਾਈ, ਭਾਵ ਜਿਸ ਮਿਹਰਬਾਨ ਪ੍ਰਭੂ ਨੇ ਤੇਰੇ ਮਨ ਦੀ ਇੱਛਾ ਪੂਰੀ ਕਰ ਕੇ ਤੈਨੂੰ ਆਪਣੇ ਨਾਲ ਜੋੜਿਆ ਹੈ; ਨਾਨਕ ਦਾਸ ਤਾ ਕੈ ਬਲਿਹਾਰੈ, ਹੇ ਭਾਈ! ਇਹ ਦਾਸ ਨਾਨਕ ਤਾਂ ਉਸ ਆਪਣੇ ਪ੍ਰਭੂ ਜੀ ਤੋਂ ਸਦਾ ਹੀ ਬਲਿਹਾਰ ਅਤੇ ਸਦਕੇ ਜਾਂਦਾ ਹੈ; ਜਿਨਿ ਪੂਰਨ ਪੈਜ ਰਖਾਈ, ਜਿਸ ਮੇਰੇ ਪ੍ਰਭੂ ਜੀ ਨੇ ਹਰ ਮੁਸ਼ਕਿਲ ਅਤੇ ਮੁਸੀਬਤ ਵਿਚ ਆਪ ਆ ਕੇ ਮੇਰੀ ਪੈਜ ਰੱਖ ਲਈ ਹੈ।

ਆਓ ਗੁਰੂ ਪਿਆਰਿਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

# ਬੇਬੇ ਜੀ

***ਮਾਂ ਤੇ ਔਲਾਦ ਦਾ ਰਿਸ਼ਤਾ ਨਾ ਸਿਰਫ ਇਨਸਾਨਾਂ ਵਿਚ ਹੀ ਅਟੁਟ ਹੈ ਸਗੋਂ ਪਸ਼ੂ-ਪੰਛੀਆਂ ਅਤੇ ਜਾਨਵਰਾਂ ਵਿਚ ਵੀ। ਜਾਨਵਰਾਂ ਵਿਚ ਵੀ ਮਾਂ ਆਪਣੇ ਬੱਚਿਆਂ ਦੀ ਖਾਤਰ ਆਪਣੀ ਜਾਨ ਤੱਕ ਵਾਰ ਦਿੰਦੀ ਹੈ। ਇਨਸਾਨ ਤਾਂ ਫਿਰ ਕੁਦਰਤ ਦਾ ਸਮਝਦਾਰ ਜੀਅ ਹੈ। ਇਹ ਵੀ ਸੱਚ ਹੈ ਕਿ ਬਹੁਤੀ ਵਾਰ ਮਾਂ ਦਾ ਵਿਗੋਚਾ ਮਾਂ ਦੇ ਇਸ ਜਹਾਨੋਂ ਤੁਰ ਜਾਣ ਪਿਛੋਂ ਬਹੁਤ ਜ਼ਿਆਦਾ ਚੁਭਦਾ ਹੈ। ਪ੍ਰੋ. ਹਰਪਾਲ ਸਿੰਘ ਪੰਨੂ ਦੀਆਂ ਲਿਖਤਾਂ ਪਾਠਕ ਅਕਸਰ ਇਨ੍ਹਾਂ ਕਾਲਮਾਂ ਵਿਚ ਪੜ੍ਹਦੇ ਰਹਿੰਦੇ ਹਨ। ਇਸ ਲੇਖ ਲੜੀ ਵਿਚ ਉਨ੍ਹਾਂ ਆਪਣੀ ਮਾਂ ਨਾਲ ਜੁੜੀਆਂ ਯਾਦਾਂ ਦਾ ਬਿਆਨ ਲਫਜ਼ਾਂ ਵਿਚ ਉਕਰਿਆ ਹੈ। ਇਹ ਕੇਵਲ ਪ੍ਰੋ. ਪੰਨੂ ਦੀ ਆਪਣੀ ਮਾਂ ਪ੍ਰਤੀ ਹੀ ਸ਼ਰਧਾਂਜਲੀ ਨਹੀਂ ਸਗੋਂ ਸਾਡੇ ਜਿਹੇ ਬਹੁਤ ਉਨ੍ਹਾਂ ਲੋਕਾਂ ਦੀ ਵੀ ਆਪਣੀ ਮਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਦੀਆਂ ਮਾਂਵਾਂ ਇਸ ਜਹਾਨ 'ਤੇ ਨਹੀਂ ਰਹੀਆਂ। ਪ੍ਰੋ. ਪੰਨੂ ਨੇ ਨਾ ਸਿਰਫ ਆਪਣੀ ਮਾਂ ਨੂੰ ਹੀ ਚੇਤੇ ਕੀਤਾ ਹੈ ਸਗੋਂ ਪੁਰਾਣੇ ਵੇਲਿਆਂ ਦੇ ਸਮਾਜਿਕ ਰਿਸ਼ਤਿਆਂ ਦਾ ਚਿਤਰਣ ਵੀ ਇਸ ਲੇਖ ਲੜੀ ਵਿਚ ਕੀਤਾ ਹੈ। -ਸੰਪਾਦਕ***

**(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**

ਐਮ.ਏ. ਵਿਚ ਪੜ੍ਹਦਾ ਸਾਂ। ਸੋਭਾ ਸਿੰਘ ਦੀ ਬਣਾਈ ਗੁਰੂ ਗੋਬਿੰਦ ਸਿੰਘ ਜੀ ਦੀ ਉਹ ਤਸਵੀਰ ਖਰੀਦ ਲਿਆਇਆ, ਜਿਹੜੀ ਬੀਰ-ਰਸ ਭਾਵਨਾ ਵਾਲੀ ਹੈ ਤੇ ਹੇਠਾਂ ਲਿਖਿਆ ਹੈ, "ਚੂੰ ਕਾਰ ਅਜ਼...।" ਕੰਧ 'ਤੇ ਟੰਗ ਦਿੱਤੀ। ਗੁਰੂ ਜੀ ਕਰੋਧ ਨਾਲ ਉਪਰ ਵੱਲ ਦੇਖ ਰਹੇ ਹਨ। ਬੇਬੇ ਨੇ ਧਿਆਨ ਨਾਲ ਇਹ ਪੇਂਟਿੰਗ ਦੇਖੀ ਤੇ ਕਿਹਾ, "ਕੁਝ ਠੀਕ ਨਹੀਂ ਇਹ ਤਸਵੀਰ। ਇਸ ਤਰ੍ਹਾਂ ਦੀਆਂ ਨਿਗਾਹਾਂ ਬਿਲਕੁਲ ਨਹੀਂ ਸਨ ਮਹਾਰਾਜ ਦੀਆਂ। ਦੁਸ਼ਮਣਾਂ ਵੱਲ ਵੀ ਇਉਂ ਨਹੀਂ ਦੇਖਿਆ ਉਨ੍ਹਾਂ ਨੇ ਕਿਉਂਕਿ ਦੁਸ਼ਮਣ ਉਨ੍ਹਾਂ ਦਾ ਹੈ ਹੀ ਨਹੀਂ ਸੀ ਕੋਈ। ਤੂੰ ਦੇਖ ਲਈਂ ਜਿੰਨੇ ਵੱਡੇ ਮਹਾਂਪੁਰਖ ਹੋਣ, ਸਾਧ ਸੰਤ ਹੋਣ, ਭਾਵੇਂ ਵਡ ਪਰਤਾਪੀ ਰਾਜੇ ਹੋਣ, ਉਨ੍ਹਾਂ ਦੀਆਂ ਨਿਗਾਹਾਂ ਹੇਠਾਂ ਵੱਲ ਝੁਕੀਆਂ ਹੋਈਆਂ ਹੋਣਗੀਆਂ। ਪਤੈ ਕਿਉਂ? ਉਹ ਉਸ ਰਥ ਵਿਚ ਸਵਾਰ ਹਨ ਜਿਸ ਦੇ ਪਹੀਏ ਚੰਦ ਸੂਰਜ ਹਨ। ਬਹੁਤ ਉਚੀ ਥਾਂ ਤੋਂ ਦੇਖ ਰਹੇ ਹਨ ਉਹ ਆਪਾਂ ਨੂੰ। ਉਨ੍ਹਾਂ ਤੋਂ ਉਚਾ ਹੋਰ ਉਪਰ ਕੁਝ ਨਹੀਂ। ਆਪਾਂ ਨੀਵੀਂ ਥਾਂ ਤੇ ਹਾਂ। ਉਹ ਆਪਣੇ ਵੱਲ ਹੇਠਾਂ ਦੇਖ ਰਹੇ ਹਨ ਤੇ ਰੱਖਿਆ ਕਰਦੇ ਹਨ। ਬਾਬਾ ਜੀ ਨੂੰ ਆਪਾਂ ਨੀਲੇ ਦਾ ਸਵਾਰ ਇਸੇ ਕਰਕੇ ਆਖਦੇ ਹਾਂ ਕਿ ਅਸਮਾਨ ਉਨ੍ਹਾਂ ਦਾ ਘੋੜਾ ਹੈ। ਚੰਦ ਤਾਰੇ ਧਰਤੀਆਂ ਸਭ ਉਸ ਤੋਂ ਹੇਠਾਂ ਹਨ। ਤੂੰ ਆਪ ਹਿਸਾਬ ਲਾ ਕੇ ਦੱਸ ਠੀਕ ਹੈ ਇਹ ਤਸਵੀਰ?"

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਕਿਰਪਾਲ ਸਿੰਘ ਆਰਟਿਸਟ ਨੇ ਸੋਭਾ ਸਿੰਘ ਦੀ ਉਸ ਪੇਂਟਿੰਗ ਬਾਬਤ ਜਿਹੜੀ ਗੁਰੂ ਨਾਨਕ ਦੇਵ ਜੀ ਦੀ ਬਣਾਈ ਸੀ, ਟਿੱਪਣੀ ਦਿੱਤੀ ਸੀ, "ਪੈਗੰਬਰਾਂ ਦੇ ਚਿਹਰੇ ਅਤੇ ਸਰੀਰ ਬਿਲਕੁਲ ਮੋਟੇ ਨਹੀਂ ਹੁੰਦੇ। ਗੁਰੂ ਨਾਨਕ ਦੇਵ ਜੀ ਨੇ ਤਾਂ ਦੁਨੀਆਂ ਪੈਦਲ ਗਾਹ ਦਿੱਤੀ ਤੇ ਆਖਰੀ ਉਮਰ ਹਲ ਦਾ ਮੁੰਨਾ ਹੱਥ ਫੜਿਆ। ਉਨ੍ਹਾਂ ਵਿਚ ਮੋਟਾਪਾ ਕਿਥੇ ਹੋ ਸਕਦਾ ਹੈ?"

ਬਾਪੂ ਜੀ ਦੇ ਗੰਜ ਪੈ ਚੁੱਕਾ ਹੈ ਤੇ ਗਿੱਠ ਕੁ ਵਾਲ ਪਿਛਲੇ ਅੱਧ ਵਿਚ ਰਹਿ ਗਏ ਹਨ। ਇਸ਼ਨਾਨ ਕਰਕੇ ਦੇਰ ਤੱਕ ਉਹ ਨੰਗੇ ਸਿਰ ਘੁੰਮਦੇ ਰਹੇ। ਬੇਬੇ ਨੇ ਆਵਾਜ਼ ਮਾਰੀ, "ਪੱਗ ਨਹੀਂ ਬੰਨ੍ਹੀ ਜਾਂਦੀ? ਟੈਗੋਰ ਜਾ ਬਣਿਆ ਫਿਰਦੈਂ?" ਮੈਂ ਕਿਹਾ, "ਬੇਬੇ ਟੈਗੋਰ ਕੋਈ ਮਾੜਾ ਬੰਦਾ ਸੀ?" ਬੇਬੇ ਨੇ ਕਿਹਾ, "ਮਾੜੇ ਚੰਗੇ ਦੀ ਗੱਲ ਨੀ। ਟੈਗੋਰ ਟੈਗੋਰ ਸੀ। ਤੇਰਾ ਬਾਪੂ ਤੇਰਾ ਬਾਪੂ ਹੈ। ਇਹਨੂੰ ਕਹਿ ਪੱਗ ਬੰਨ੍ਹੇ।"

ਬਾਪੂ ਜੀ ਨੂੰ ਕਿਹਾ-ਗਰਮ ਪਾਣੀ ਬਾਲਟੀ ਵਿਚ ਪਾ ਕੇ ਗੁਸਲਖਾਨੇ ਵਿਚ ਰੱਖ। ਆਪੇ ਰਲਾਊਂਗੀ ਠੰਢਾ ਮੈਂ। ਵਧ ਠੰਢਾ ਰਲਾ ਕੇ ਤੂੰ ਪਾਣੀ ਦਾ ਲੱਕ ਤੋੜ ਦਿੰਨੈ।

ਕੁਝ ਸਾਲ ਪਹਿਲਾਂ ਸਮਦਰਸ਼ੀ ਰਸਾਲੇ ਨੇ ਪੱਛਮ ਦੀਆਂ ਕਹਾਣੀਆਂ ਦਾ ਵਿਸ਼ੇਸ਼ ਅੰਕ ਛਾਪਿਆ। ਹੁਣ ਕਹਾਣੀਕਾਰ ਅਤੇ ਕਹਾਣੀ ਦਾ ਨਾਮ ਚੇਤੇ ਨਹੀਂ। ਕਹਾਣੀ ਇਸ ਵਾਕ ਨਾਲ ਸ਼ੁਰੂ ਹੁੰਦੀ ਹੈ, "ਸ਼ੁਰੂ ਸ਼ੁਰੂ ਵਿਚ ਹੱਸਣ ਦਾ ਹੱਕ ਕੇਵਲ ਅਮੀਰਾਂ ਨੂੰ ਸੀ ਗਰੀਬਾਂ ਨੂੰ ਨਹੀਂ। ਗਰੀਬਾਂ ਨੇ ਰੱਬ ਨੂੰ ਕਿਹਾ ਕਿ ਇਹ ਹੱਕ ਸਾਨੂੰ ਵੀ ਮਿਲਣਾ ਚਾਹੀਦਾ ਹੈ। ਰੱਬ ਨੇ ਗਰੀਬਾਂ ਨੂੰ ਵੀ ਦੇ ਦਿੱਤਾ ਕਿ ਉਹ ਹੱਸ ਲਿਆ ਕਰਨ।" ਕਹਾਣੀ ਵਿਚ ਲੇਖਕ ਨਿੱਕਾ ਹੁੰਦਾ ਸਕੂਲ ਜਾਣ ਤੋਂ ਇਸ ਕਰਕੇ ਇਨਕਾਰੀ ਹੋ ਗਿਆ ਕਿਉਂਕਿ ਕਮੀਜ਼ ਇਕੋ ਹੈ ਤੇ ਉਹ ਗੰਦੀ ਹੈ। ਮਾਂ ਕੋਲ ਸਾਬਣ ਖਰੀਦਣ ਲਈ ਛੇ ਆਨੇ ਨਹੀਂ। ਜਿਵੇਂ ਜਿਵੇਂ ਉਹ ਆਲੇ ਕੁੱਜੇ ਫਰੋਲਦੀ ਹੈ, ਉਹ ਗਜ਼ਬ ਦੀਆਂ ਕਲਾਤਮਿਕ ਛੂਹਾਂ ਹਨ। ਸਾਢੇ ਚਾਰ ਆਨੇ ਮਿਲ ਗਏ। ਡੇਢ ਆਨਾ ਹੋਰ ਚਾਹੀਦਾ ਹੈ। ਇਹ ਕਿਥੋਂ ਲਿਆਈਏ? ਇਹ ਵਿਚਾਰਾਂ ਹੋ ਰਹੀਆਂ ਸਨ ਕਿ ਦਰਵਾਜੇ ਤੇ ਇਕ ਮੰਗਤਾ ਆ ਖਲੋਤਾ। ਮਾਂ ਆਖਦੀ ਹੈ, "ਬਾਬਾ ਜਦੋਂ ਆਊਨੈ ਕੁਝ ਨਾਂ ਕੁਝ ਸਰਦਾ ਬਣਦਾ ਦਿੰਦੇ ਹੀ ਹਾਂ ਤੈਨੂੰ। ਅੱਜ ਮੇਰੇ ਕੋਲ ਡੂਢ ਆਨਾ ਘੱਟ ਹੈ। ਅੱਜ ਸਾਨੂੰ ਤੂੰ ਨਹੀਂ ਦੇ ਸਕਦਾ ਇੰਨੇ ਕੁ ਪੈਸੇ?" ਮੰਗਤੇ ਨੇ ਆਪਣੇ ਡੋਲੂ ਵਿਚੋਂ ਡੇਢ ਆਨਾ ਕੱਢ ਕੇ ਮਾਂ ਨੂੰ ਦਿੱਤਾ ਤੇ ਚਲਾ ਗਿਆ। ਮਾਂ ਹੱਸ ਪਈ। ਮੈਨੂੰ ਜੱਫੀ ਵਿਚ ਲੈ ਕੇ ਦੇਰ ਤੱਕ ਹੱਸੀ ਜਾਏ ਨਾਲੇ ਆਖੀ ਜਾਏ, "ਹੋ ਗਿਆ ਨਾ ਕਮਾਲ? ਮੰਗਤੇ ਤੋਂ ਵੀ ਆਪਾਂ ਪੈਸੇ ਲੈ ਸਕਦੇ ਹਾਂ।" ਉਹ ਹਸਦੀ ਰਹੀ। ਫਿਰ ਖੰਘ ਛਿੜ ਗਈ ਤਾਂ ਮਹਿਸੂਸ ਕੀਤਾ ਜਿਵੇਂ ਮੇਰੀ ਗਰਦਣ ਉਪਰ ਕੋਈ ਗਰਮ ਗਰਮ ਤਰਲ ਵਗਿਆ ਹੋਵੇ। ਮੈਂ ਪਿਛੇ ਹਟਿਆ ਤਾਂ ਮਾਂ ਸਦਾ ਲਈ ਜ਼ਮੀਨ ਤੇ ਡਿਗ ਪਈ। ਉਹ ਫੇਫੜਿਆਂ ਦੀ ਰੋਗਣ ਸੀ ਤੇ ਮੋਢੇ ਸਮੇਤ ਮੇਰੀ ਸਾਰੀ ਬਾਂਹ ਖੂਨ ਨਾਲ ਭਰ ਗਈ ਹੋਈ ਸੀ। ਅੰਤ ਵਿਚ ਲੇਖਕ ਪੁੱਛਦਾ ਹੈ ਕਿ ਗਰੀਬਾਂ ਨੇ ਰੱਬ ਤੋਂ ਹੱਸਣ ਦਾ ਹੱਕ ਪ੍ਰਾਪਤ ਕਰਕੇ ਕੀ ਖੱਟਿਆ?

ਇਸ ਕਹਾਣੀ ਦੀਆਂ ਕੁਝ ਸਤਰਾਂ ਲਾਗੇ ਮੈਂ ਪੈਨਸਿਲ ਨਾਲ ਨਿਸ਼ਾਨੀ ਲਾਈ ਹੋਈ ਸੀ। ਇਹ ਕਹਾਣੀ ਦੋ ਕੁ ਸਾਲ ਬਾਦ ਪੰਜਾਬੀ ਟ੍ਰਿਬਿਊਨ ਨੇ ਛਾਪੀ। ਬੇਬੇ ਨੂੰ ਮਿਲਣ ਗਿਆ ਤਾਂ ਅਖਬਾਰ ਉਸ ਦੇ ਸਿਰਹਾਣੇ ਹੇਠ ਪਿਆ ਸੀ। ਇਸ ਕਹਾਣੀ ਵਿਚੋਂ ਉਸ ਨੇ ਮੈਨੂੰ ਕੁਝ ਪੰਕਤੀਆਂ ਪੜ੍ਹ ਕੇ ਸੁਣਾਈਆਂ। ਇਹ ਉਹੋ ਪੰਕਤੀਆਂ ਸਨ ਜਿਨ੍ਹਾਂ ਉਪਰ ਮੈਂ ਨਿਸ਼ਾਨੀਆਂ ਲਾਈਆਂ ਸਨ। ਮਾਂ ਕਹਿਣ ਲੱਗੀ, "ਏਸ ਵਲੈਤੀ ਬੰਦੇ ਨੇ ਤੇਰੀ ਮਾਂ ਦੀ ਕਹਾਣੀ ਲਿਖੀ ਹੈ ਪ੍ਰੋਫੈਸਰ। ਹਨ ਕਿ ਨਹੀਂ ਰੱਬ ਦੇ ਕਮਾਲ? ਨਾ ਇਹਨੇ ਮੈਂ ਦੇਖੀ ਨਾ ਭਾਲੀ, ਦੂਰ ਬੈਠੇ ਬਠਾਏ ਨੇ ਤੇਰੀ ਅਤੇ ਮੇਰੀ ਕਹਾਣੀ ਲਿਖ ਕੇ ਭੇਜ ਦਿੱਤੀ।"

ਦੁਸਹਿਰੇ ਤੋਂ ਪਹਿਲਾਂ ਕੱਚੇ ਘਰ ਦੀ ਲਿੱਪਾ ਪੋਚੀ ਦਾ ਕੰਮ ਸ਼ੁਰੂ ਹੋ ਜਾਂਦਾ। ਅਸੀਂ ਸਾਰੇ ਰਲ ਕੇ ਕੰਮ ਕਰਦੇ। ਕੰਧਾਂ ਉਪਰ ਪਾਂਡੂ ਦਾ ਪਰੋਲਾ ਫਿਰਦਾ ਤੇ ਫਰਸ਼ ਗਾਰੇ ਨਾਲ ਲਿਪਿਆ ਜਾਂਦਾ। ਕੋਈ ਗਾਰੇ ਵਿਚ ਪਾਣੀ ਪਾ ਰਿਹਾ ਹੈ, ਦੂਜਾ ਕਹੀ ਨਾਲ ਗੋਹਾ ਅਤੇ ਤੂੜੀ ਗਾਰੇ ਵਿਚ ਰਲਾ ਰਿਹਾ ਹੈ, ਕੋਈ ਚੀਜਾਂ ਵਸਤਾਂ ਪਰੇ ਪਰੇ ਕਰ ਰਿਹਾ ਹੈ ਤੇ ਕੋਈ ਲਿੱਪਣ ਵਿਚ ਮਦਦਗਾਰ ਹੈ। ਖੁਰਲੀਆਂ ਤੱਕ ਸਭ ਕੁਝ ਲਿਪਿਆ ਜਾਂਦਾ, ਘਰ ਦੀਆਂ ਛੱਤਾਂ ਵੀ। ਪਸ਼ੂਆਂ ਦੇ ਸਿੰਗਾਂ ਨੂੰ ਤੇਲ ਲਾ ਦਿੰਦੇ। ਚਾਰੇ ਪਾਸੇ ਸੁਗੰਧੀਆਂ। ਕੰਧਾਂ ਉਪਰ ਟੰਗਣ ਲਈ ਬਾਪੂ ਜੀ ਤਸਵੀਰਾਂ ਲਿਆਉਂਦੇ, ਰਮਾਇਣ ਦੀਆਂ, ਮਹਾਂਭਾਰਤ ਦੀਆਂ, ਗੁਰੂਆਂ ਦੀਆਂ। ਬੇਬੇ ਸਾਨੂੰ ਕਿਹਾ ਕਰਦੀ-ਇਹ ਰਮਾਇਣ ਮਹਾਂਭਾਰਤ ਦੀਆਂ ਮੂਰਤਾਂ ਨਾ ਲਿਆਇਆ ਕਰੋ। ਘਰ 'ਚ ਕਲੇਸ਼ ਪੈ ਜਾਂਦਾ ਹੈ ਇਨ੍ਹਾਂ ਨਾਲ। ਤੁਹਾਡੀ ਨਾਨੀ ਕਿਹਾ ਕਰਦੀ ਸੀ-ਮਹਾਂਭਾਰਤ ਚੰਗਾ ਲਗਦੈ ਪਰ ਜੇ ਕਿਸੇ ਹੋਰ ਦੇ ਘਰ ਛਿੜਿਆ ਹੋਵੇ। ਗੁਰੂ ਬਾਬੇ ਦੀ ਜਾਂ ਸਾਹਿਬਜ਼ਾਦਿਆਂ ਦੀਆਂ ਮੂਰਤਾਂ ਲਾ ਲਉ। ਮਹਾਂਭਾਰਤ ਵਾਲਾ ਕਾਟੋ ਕਲੇਸ਼ ਠੀਕ ਨੀ ਹੁੰਦਾ।

ਮਹਾਂਭਾਰਤ ਦੇ ਜ਼ਿਕਰ ਤੋਂ ਗਾਂਧਾਰੀ ਯਾਦ ਆਈ। ਕੁਰੂ ਵੰਸ਼ ਦੇ ਸੌ ਬੇਟਿਆਂ ਦੀ ਮਾਂ। ਭਗਵਾਨ ਕ੍ਰਿਸ਼ਨ ਨੇ ਫੈਸਲਾ ਕੀਤਾ, ਗਾਂਧਾਰੀ ਨੂੰ ਧਰਵਾਸ ਦੇਣ ਚੱਲੀਏ। ਮਹਿਲ ਵਿਚ ਜਾ ਕੇ ਪ੍ਰਣਾਮ ਕਰਨ ਉਪਰੰਤ ਸਭ ਨੇ ਬੇਨਤੀਆਂ ਕਰਨੀਆਂ ਸ਼ੁਰੂ ਕੀਤੀਆਂ-ਸਰਾਪ ਨਾਂ ਦੇਈਂ ਗਾਂਧਾਰੀ ਮਾਂ। ਸਰਾਪ ਨਾ ਦੇਈਂ। ਗਾਂਧਾਰੀ ਨੇ ਕਿਹਾ-ਤੂੰ ਮੇਰੇ ਸੌ ਪੁਤਰਾਂ ਦਾ ਕਾਤਲ ਹੈਂ। ਸਰਾਪ ਤੋਂ ਕਿਵੇਂ ਬਚੇਂਗਾ? ਦੇਖ ਲਵੀਂ। ਤੂੰ ਅਣ-ਆਈ ਮੌਤ ਮਰੇਂਗਾ। ਤੂੰ ਲੜਾਈ ਟਾਲ ਸਕਦਾ ਸੀ। ਤੂੰ ਸਾਜ਼ਸ਼ ਰਚੀ। ਕਿਉਂ ਕੀਤੇ ਮੇਰੇ ਸੌ ਪੁੱਤਰ ਕਤਲ ਤੂੰ?

ਕ੍ਰਿਸ਼ਨ ਨੇ ਕਿਹਾ-ਗਾਂਧਾਰੀ ਤੂੰ ਸੌ ਪੁੱਤਰਾਂ ਦੀ ਮਾਂ ਹੈ। ਤੈਨੂੰ ਸੌ ਦੇ ਮਰਨ ਦਾ ਦੁਖ ਹੈ। ਪਰ ਸੌ ਨਹੀਂ ਉਥੇ ਲੱਖਾਂ ਮਰੇ, ਹੋਰ ਨਹੀਂ, ਮੈਂ ਮਰਿਆ ਸਾਂ ਲੱਖ ਵਾਰ। ਮੇਰੇ ਸੁਭਾਅ ਦਾ ਹਿੱਸਾ ਹੈ ਇਹ-ਕਦੀ ਮੈਂ ਇਕ ਤੋਂ ਲੱਖ ਹੋ ਜਾਂਦਾ ਹਾਂ, ਕਦੀ ਖੁਦ ਨੂੰ ਲੱਖ ਵਾਰ ਮਾਰਦਾ ਹਾਂ। ਬਾਰ ਬਾਰ ਇਹੀ ਕੁਝ ਕਰਦਾ ਹਾਂ।

ਜਦੋਂ ਮਿਲਣ ਜਾਂਦਾ, ਮਾਂ ਦੀ ਮੰਗ ਹੁੰਦੀ ਹੈ ਕਿ ਕੋਈ ਸਾਖੀ ਸੁਣਾ ਕੇ ਜਾਵਾਂ। ਅਕਸਰ ਸਾਖੀ ਸੁਣਾ ਕੇ ਪਰਤਦਾ। ਇਕ ਦਿਨ ਵਾਪਸੀ ਲਈ ਉਠਿਆ ਤਾਂ ਬੇਬੇ ਨੇ ਕਿਹਾ, "ਸਾਖੀ ਸੁਣਾਏ ਬਗੈਰ ਕਿਵੇਂ ਜਾ ਸਕਦੈਂ?" ਮੈਂ ਕਿਹਾ, ਕੋਈ ਨਵੀਂ ਸਾਖੀ ਤਾਂ ਹੈ ਨਹੀਂ ਹੁਣ। ਕਿਹਾ-ਪੁਰਾਣੀ ਸੁਣਾ ਜਾਹ। ਮੈਂ ਕਿਹਾ ਕਿ ਸੁਣੀ ਹੋਈ ਸਾਖੀ ਦੁਬਾਰਾ ਸੁਣਨ-ਸੁਣਾਉਣ ਦਾ ਕੀ ਸੁਆਦ? ਉਹ ਬੋਲੀ, "ਚਿੜੀ ਕਾਂ ਦੀ ਬੜੀ ਫਜ਼ੂਲ ਜਿਹੀ ਕਹਾਣੀ ਨਿੱਕੇ ਹੁੰਦਿਆਂ ਤੂੰ ਮੇਰੇ ਤੋਂ ਕਿੰਨੇ ਹਜ਼ਾਰ ਵਾਰ ਸੁਣੀ ਮੈਂ ਕਦੇ ਗਿਣਤੀ ਨੀਂ ਕੀਤੀ। ਗੁਰੂਆਂ ਦੀਆਂ ਸਾਖੀਆਂ ਤਾਂ ਬੜੀਆਂ ਮੁੱਲਵਾਨ ਹਨ। ਦੋਹਾਂ ਜਹਾਨਾਂ ਵਿਚ ਤਾਰਦੀਆਂ ਹਨ। ਇਨ੍ਹਾਂ ਸਾਖੀਆਂ ਦਾ ਪੁੰਨ, ਸੁਣਨ ਵਾਲਿਆਂ ਅਤੇ ਸੁਣਾਉਣ ਵਾਲਿਆਂ ਸਭਨਾਂ ਨੂੰ ਮਿਲਦਾ ਹੈ। ਇਹ ਕਦੀ ਪੁਰਾਣੀਆਂ ਨਹੀਂ ਹੁੰਦੀਆਂ। ਜਦੋਂ ਕੋਈ ਤੈਥੋਂ ਸਾਖੀ ਸੁਣਨ ਦਾ ਖਾਹਸ਼ਮੰਦ ਹੋਵੇ ਤਾਂ ਇਨਕਾਰ ਨਾ ਕਰੀਂ। ਤੈਨੂੰ ਰੱਬ ਨੇ ਵਿੱਦਿਆ ਦਿੱਤੀ ਹੈ। ਵਿਦਿਆ ਅਜਿਹੀ ਫਸਲ ਹੈ ਜਿਸ ਦੇ ਸਾਰੇ ਹੱਕਦਾਰ ਹਨ। ਜਿਹੜਾ ਮੰਗੇ, ਉਸ ਨੂੰ ਉਸ ਦਾ ਹੱਕ ਦੇਈਂ।"

ਗੱਲਾਂ ਕਰਦਿਆਂ ਸੁਣਦਿਆਂ ਉਪਮਾ ਅਲੰਕਾਰ ਉਸ ਦੇ ਮੂਹੋਂ ਸਹਿਜ ਸੁਭਾ ਉਤਰਦੇ। ਅਸੀਂ ਦੋਵੇਂ ਬੱਸ ਵਿਚ ਬੈਠੇ ਕਿਧਰੇ ਜਾ ਰਹੇ ਸਾਂ ਤਾਂ ਦੋਵਾਂ ਨੂੰ ਅੱਡੋ-ਅੱਡ ਸੀਟ ਮਿਲੀ। ਥੋੜੀ ਦੇਰ ਬਾਦ ਉਹ ਆਪਣੀ ਸੀਟ ਤੋਂ ਉਠ ਕੇ ਮੇਰੀ ਸੀਟ ਉਪਰ ਨਾਲ ਹੀ ਤੰਗ ਜਿਹੀ ਹੋ ਕੇ ਬੈਠ ਗਈ। ਮੈਂ ਉਥੋਂ ਉਠ ਕੇ ਆਉਣ ਦਾ ਕਾਰਨ ਪੁੱਛਿਆ ਤਾਂ ਬੋਲੀ, "ਅਹੁ ਸੀਟ ਤੇ ਜਿਹੜਾ ਬੰਦਾ ਮੇਰੇ ਨਾਲ ਬੈਠਾ ਸੀ ਤਾਕੀ ਵਾਲੇ ਪਾਸੇ, ਉਸ ਦਾ ਮੂੰਹ ਦੇਖ। ਭੁਜੀਆ ਖਾਣ ਵੇਲੇ ਮੂੰਹ ਖੋਲ੍ਹਦਾ ਹੈ ਤਾਂ ਲੱਗਦਾ ਹੈ ਟੈਚੀਕੇਸ ਖੁਲ੍ਹ ਗਿਆ ਹੋਵੇ। ਭੁਜੀਆ ਖਾਈ ਜਾਂਦਾ ਹੈ, ਨਾਲ ਵਾਲੇ ਨਾਲ ਗੱਲਾਂ ਵੀ ਕਰੀ ਜਾਂਦਾ ਹੈ, ਹੱਸੀ ਵੀ ਜਾਂਦਾ ਹੈ ਤਾਂ ਭੁਜੀਆ ਉਸ ਦੇ ਮੂੰਹ ਵਿਚੋਂ ਇਉਂ ਕਿਰਦਾ ਹੈ ਜਿਵੇਂ ਚੌਲਾਂ ਦੇ ਸ਼ੈਲਰ ਦੀ ਪਾਈਪ ਵਿਚੋਂ ਬਾਹਰ ਫੱਕ ਡਿਗਦੀ ਹੈ। ਉਥੇ ਨਹੀਂ ਬੈਠਿਆ ਜਾਂਦਾ ਮੇਰੇ ਤੋਂ। ਇਹ ਤਾਂ ਅੰਬ ਵੀ ਬੇਰ ਵਾਂਗ ਮੂੰਹ 'ਚ ਪਾਉਂਦਾ ਹੋਊ-ਸਾਬਤ ਗੁਠਲੀ ਸਣੇ।"

ਕਣਕਾਂ ਪੱਕਣ ਲੱਗਦੀਆਂ, ਬੱਦਲ ਚੜ੍ਹ ਆਉਂਦੇ। ਵਿਸਾਖ ਦੇ ਮਹੀਨੇ ਤੇਜ਼ਧਾਰ ਬਾਰਸ਼ਾਂ ਹੁੰਦੀਆਂ। ਅਸੀਂ ਆਖਦੇ-ਇਹ ਕਿਹੜੇ ਮੌਸਮ ਦਾ ਮੀਂਹ ਹੋਇਆ? ਬੇਬੇ ਆਖਦੀ-ਵਸਾਖ ਦਾ ਮਹੀਨਾ ਦੱਸਿਆ ਕਰਦਾ ਹੈ ਕਿ ਮੇਰੇ ਵਿਚ ਤੇ ਸਾਉਣ ਵਿਚ ਕੋਈ ਫਰਕ ਨਹੀਂ। ਏਨਾ ਕੁ ਫਰਕ ਹੈ ਕਿ ਮੇਰੇ ਪਿਛੇ ਤੁਰੇ ਆਉਂਦੇ ਜੇਠ ਅਤੇ ਹਾੜ੍ਹ ਖੇਹ ਉਡਾਊ ਹਨ। ਸੌਣ ਦੇ ਪਿਛੇ ਪਿਛੇ ਤੁਰੇ ਆਉਂਦੇ ਉਸ ਦੇ ਦੋਸਤ ਭਾਦੋਂ ਤੇ ਅੱਸੂ ਉਸੇ ਵਰਗੇ ਹਨ, ਖੌਰੂ ਪਾਊ, ਬਰਨਾ ਉਡਾਊ ਨਹੀਂ ਹਨ। ਤਾਂ ਸਾਉਣ ਦੀ ਕਦਰ ਬਣੀ। ਜਿਸ ਨੂੰ ਖੱਪੀ ਸੰਗੀ ਸਾਥੀ ਮਿਲ ਜਾਣ ਉਸ ਦਾ ਹਾਲ ਮਾੜਾ।

ਇਹ ਵੀ ਦੱਸਿਆ-ਸਿਆਣੇ ਬੱਦਲ ਨੂੰ ਜੱਟ ਦੀ ਕਿਸੇ ਕਰਤੂਤ ਤੋਂ ਗੁੱਸਾ ਆ ਗਿਆ ਜਿਸ ਕਰਕੇ ਉਸ ਨੇ ਫੈਸਲਾ ਕੀਤਾ ਕਿ ਬਰਸਣਾ ਨਹੀਂ। ਰੁਕਿਆ ਰਿਹਾ। ਇਕ ਕਮਲਾ ਬੱਦਲ ਲੰਘਿਆ ਜਾ ਰਿਹਾ ਸੀ। ਉਸ ਨੇ ਸਿਆਣੇ ਬੱਦਲ ਨੂੰ ਨਾ ਬਰਸਣ ਦਾ ਕਾਰਨ ਪੁੱਛਿਆ। ਸਿਆਣੇ ਬੱਦਲ ਨੇ ਕਿਹਾ-ਜੱਟ ਨੂੰ ਭੁੱਖਾ ਮਾਰਾਂਗੇ। ਨਾ ਬਰਸਾਂਗੇ, ਨਾ ਬਿਜਾਈ ਹੋਏਗੀ ਨਾ ਫਸਲ ਹੋਏਗੀ, ਕਾਲ ਪਏਗਾ। ਕਮਲਾ ਬੱਦਲ ਬੋਲਿਆ-ਜੇ ਇਹ ਗੱਲ ਹੈ ਤਾਂ ਮੈਂ ਬਰਸਦਾ ਹਾਂ। ਜਿੰਨੇ ਦਾਣੇ ਜੱਟ ਦੇ ਘਰ ਅੰਦਰ ਪਏ ਹਨ, ਉਹ ਖੇਤਾਂ ਵਿਚ ਜਾਕੇ ਬੀਜ ਦਏਗਾ। ਜੇ ਇਕ ਮੀਂਹ ਵੀ ਨਾ ਪਿਆ ਫੇਰ ਤਾਂ ਇਹ ਦਾਣੇ ਉਸਦੇ ਕੰਮ ਆ ਜਾਣਗੇ। ਬਾਹਰੋਂ ਨਹੀਂ ਦੇਣਾ ਨਾ ਸਹੀ, ਅੰਦਰਲਾ ਅੰਨ ਕਢਵਾਉਣ ਵਾਸਤੇ ਇਕ ਵਾਰ ਤਾਂ ਬਰਸਣ ਦੇਹ।

ਉਦੋਂ ਦਾ ਭਾਈ ਜੱਟ ਸਿਆਣਾ ਹੋ ਗਿਆ ਹੈ। ਹੁਣ ਇਕ ਅੱਧੇ ਬੱਦਲ ਦੇ ਬਰਸਣ ਤੋਂ ਤੁਰੰਤ ਬਾਦ ਆਪਾਂ ਕੋਈ ਨੀਂ ਦਾਣੇ ਖੇਤ ਵਿਚ ਖਿੰਡਾਉਂਦੇ।

ਸਰਦੀਆਂ ਵਿਚ ਬਰਫਾਨੀ ਠੱਕਾ ਚਲਦਾ। ਅਸੀਂ ਬੱਚੇ ਰਾਤ-ਬਰਾਤੇ ਘਰੋਂ ਨਿਕਲਣ ਲਗਦੇ ਤਾਂ ਉਹ ਇਨ੍ਹਾਂ ਸ਼ਬਦਾਂ ਨਾਲ ਵਰਜਦੀ, "ਟਿਕ ਕੇ ਬੈਠੋ। ਬਾਹਰ ਹਵਾ ਭਟਕ ਚੁੱਕੀ ਹੈ।" ਠੰਢੇ ਪਾਣੀ ਨਾਲ ਮੂੰਹ ਧੋਂਦੀ ਆਖਦੀ, "ਸਿਆਲ ਵਿਚ ਪਾਣੀ ਗੋਲੀ ਵਾਂਗ ਵਜਦਾ ਹੈ।" ਸਾਨੂੰ ਦੱਸਿਆ ਕਰਦੀ, ਘਬਰਾਹਟ ਵਿਚ ਇੰਨੀ ਉਲ਼ਝਣ ਹੋ ਜਾਇਆ ਕਰਦੀ ਹੈ ਕਿ ਪਤਾ ਨਹੀਂ ਲਗਦਾ ਕੀ ਕਰੀਏ। ਪਰਾਂਤ ਖੋਈ ਜਾਵੇ ਤਾਂ ਮੈਂ ਘੜਿਆਂ ਵਿਚ ਹੱਥ ਮਾਰਦੀ ਲੱਭਦੀ ਫਿਰਦੀ ਹਾਂ।" ਕੋਈ ਗੁਆਂਢਣ ਵਿਅੰਗ ਕਰਦੀ ਤਾਂ ਉਸ ਨੂੰ ਕਰਾਰਾ ਜਵਾਬ ਵਿਅੰਗ ਵਿਚ ਹੀ ਮਿਲਦਾ। ਔਰਤਾਂ ਹੱਸਣ ਲਗਦੀਆਂ ਤਾਂ ਆਪਣੇ ਮੋਢੇ ਉਤੇ ਥਾਪੀ ਦੇ ਕੇ ਆਖਦੀ-ਸ਼ੇਰ ਮਾਰਨ ਜੋਗੀ ਨਾ ਸਹੀ, ਇਹ ਸੋਟੀ ਭਾਂਡੇ ਭੰਨਣ ਜੋਗੀ ਤਾਂ ਹੈ ਅਜੇ।

ਇਕ ਵਾਰ ਵੱਡੀਆਂ ਦੋਵੇਂ ਭਰਜਾਈਆਂ ਬੇਬੇ ਜੀ ਦੇ ਦੁਆਲੇ ਹੋ ਗਈਆਂ ਕਿ ਸਾਡੇ ਕਿਸੇ ਕੰਮ ਨਹੀਂ ਆਉਂਦਾ ਪ੍ਰੋਫੈਸਰ। ਜਦੋਂ ਪੜ੍ਹਦਾ ਸੀ, ਕਿਹਾ ਕਰਦਾ ਸੀ, ਸਾਰੇ ਕੰਮ ਕਰਾਂਗਾ ਤੁਹਾਡੇ। ਤੁਹਾਡੇ ਬੱਚਿਆਂ ਨੂੰ ਪੜ੍ਹਾਵਾਂਗਾ ਵੀ ਨੌਕਰੀਆਂ ਵੀ ਲੁਆਵਾਂਗਾ। ਹੁਣ ਗੱਲ ਨਹੀਂ ਕਰਦਾ। ਮਾਂ ਨੇ ਕਿਹਾ, "ਉਦੋਂ ਇਹ ਕਮਜ਼ੋਰ ਸੀ। ਨਿਆਣਾ ਸੀ। ਤੁਸੀਂ ਤਕੜੀਆਂ ਸਉ। ਪੁਲਿਸ ਦੀ ਮਾਰ ਹੇਠ ਆਇਆ ਬੰਦਾ ਐਵੇਂ ਮੰਨੀ ਜਾਇਆ ਕਰਦਾ ਹੈ ਜੋ ਮਰਜ਼ੀ ਮਨਾ ਲਉ। ਕਰਨਾ ਕਰਾਉਣਾ ਕੀ ਹੈ ਇਨ੍ਹੇ ਕਿਸੇ ਦਾ ਹੁਣ? ਡਰਦਾ ਮਾਰਾ ਕਰਾਰ ਕਰੀ ਜਾਂਦਾ ਸੀ। ਹੁਣ ਨੀਂ ਦਵਾਲ ਇਹ ਕਿਸੇ ਨੂੰ ਕੁਝ।"

ਇਕ ਦਿਨ ਕਹਿਣ ਲੱਗੀ, "ਕਿੰਨੇ ਪਾਪੀ ਹੋ ਗਏ ਨੇ ਤੇਰੇ ਪਿੰਡ ਦੇ ਲੋਕ। ਮੋਰ ਵੀ ਖਾ ਜਾਂਦੇ ਹਨ। ਮੁਰਗਾਬੀਆਂ ਤਾਂ ਕੀ ਕੂੰਜਾਂ ਵੀ ਨ੍ਹੀਂ ਛੱਡਦੇ। ਕੋਈ ਉਚੀ ਦੇ ਕੇ ਮੋਰ ਵਾਂਗ "ਕਿਆਕੋ" ਕਹਿ ਦਏ ਤਾਂ ਦੜੈਂ ਗੋਲੀ ਮਾਰ ਦੇਣ ਇਹ। ਗਿਰਝਾਂ ਤਾਂ ਰਹੀਆਂ ਨੀਂ ਹੁਣ। ਇਹ ਹੱਡਾਰੋੜੀ ਵਿਚ ਕਿਉਂ ਨਹੀਂ ਜਾ ਬੈਠਦੇ ਮੁਰਦਾਰ ਖਾਣ?"

ਮਾਂ ਦੀ ਉਮਰ ਨੱਬੇ ਸਾਲ ਦੀ ਹੋ ਗਈ ਹੈ। ਪੰਦਰਾਂ ਸਾਲ ਦੀ ਉਮਰ ਵਿਚ ਉਹ ਮੇਰੇ ਪਿੰਡ ਆਈ। ਹੁਣ ਤੱਕ ਮੇਰਾ ਪਿੰਡ ਉਸ ਦਾ ਪਿੰਡ ਨਹੀਂ ਬਣਿਆ। ਉਸ ਦਾ ਪਿੰਡ ਉਹੀ ਹੈ ਜਿਥੇ ਉਸ ਦਾ ਜਨਮ ਹੋਇਆ। ਗੱਲਾਂ ਕਰਦਿਆਂ ਹਮੇਸ਼ ਇਹੀ ਆਖਦੀ-ਤੇਰੇ ਪਿੰਡ ਮੈਂ ਇਉਂ ਕੀਤਾ।

ਪਿੰਡ ਕਿਸੇ ਕੰਮ ਕਿਸੇ ਦੇ ਘਰ ਗਈ। ਆ ਕੇ ਕਹਿਣ ਲੱਗੀ, "ਬੜਾ ਵੱਡਾ ਟੱਬਰ ਹੈ ਉਨ੍ਹਾਂ ਦਾ।" ਮੈਂ ਪੁੱਛਿਆ, "ਤੁਸੀਂ ਕਿਥੋਂ ਦੇਖ ਲਿਆ ਸਾਰਾ ਟੱਬਰ?" ਬੇਬੇ ਬੋਲੀ, ਟੱਬਰ ਦੇਖ ਕੇ ਕੀ ਕਰਨਾ ਸੀ। ਕਰਤਾਰ ਕੁਰ ਰੋਟੀਆਂ ਪਕਾਉਂਦੀ ਦੇਖੀ। ਵੱਡੀ ਪਰਾਂਤ 'ਚ ਗੁਨ੍ਹਿਆ ਆਟਾ ਇਉਂ ਲਗਦਾ ਸੀ ਜਿਵੇਂ ਭੇਡ ਮਾਰ ਕੇ ਲਿਟਾਈ ਹੋਵੇ।"

ਪਾਰਲੀਮੈਂਟ ਦੀ ਚੋਣ ਦੇ ਨਤੀਜੇ ਆਏ। ਬੇਬੇ ਨੇ ਪੁੱਛਿਆ, "ਕਿਸ ਦੀ ਸਰਕਾਰ ਬਣੀ ਹੈ?" ਮੈਂ ਕਿਹਾ, "ਕਿਸੇ ਦੀ ਨਹੀਂ। ਪੂਰੀ ਸੰਮਤੀ ਕਿਸੇ ਦੀ ਨਹੀਂ ਬਣੀ। ਕੰਮ ਚਲਾਊ ਸਰਕਾਰ ਬਣੀ ਹੈ।" ਬੇਬੇ ਨੇ ਕਿਹਾ, "ਏਸ ਦੇਸ਼ ਵਿਚ ਹੁਣ ਕੰਮ-ਚਲਾਊ ਸਰਕਾਰਾਂ ਬਣਨਗੀਆਂ। ਕੰਮ-ਚਲਾਊ ਸਰਕਾਰ ਉਸ ਨੂੰ ਕਹਿੰਦੇ ਹਨ ਜਿਹੜੀ ਤੋਂ ਕੰਮ ਨਾ ਚੱਲ ਸਕਦਾ ਹੋਵੇ।"

ਨੌਵੀਂ ਜਮਾਤ ਵਿਚ ਪੜ੍ਹਦਿਆਂ ਮੈਂ ਇਕ ਦਿਨ ਕਿਹਾ, "ਬੇਬੇ ਲੱਗਦਾ ਹੈ ਮੇਰਾ ਕੱਦ ਹੁਣ ਹੋਰ ਨਹੀਂ ਵਧੇਗਾ। ਜਿੰਨਾ ਵਧਣਾ ਸੀ ਵਧ ਗਿਆ।" ਉਸ ਨੇ ਕਿਹਾ, "ਜੇ ਸਾਧ ਮਤਾ ਰਖੇਂ ਤਾਂ ਹੋਰ ਵੀ ਵਧੇਂ। ਸਾਧੂਆਂ ਵਰਗਾ ਸੁਭਾ ਬਣਾ।"

ਬੈਠਿਆਂ ਗੱਲਾਂ ਕਰਦਿਆਂ ਇਕ ਦਿਨ ਕਹਿਣ ਲੱਗੀ, "ਤੁਸੀਂ ਸਾਰੇ ਭੈਣ ਭਾਈ ਪੜ੍ਹਨ ਵਚ ਮਿਹਨਤੀ ਨਿਕਲੇ ਤਾਂ ਤੁਹਾਨੂੰ ਤਰੱਕੀਆਂ ਕਰਦਿਆਂ ਦੇਖ ਕੇ ਇਕ ਵਾਰ ਤਾਂ ਪਿੰਡ ਦੇ ਮੁੰਡਿਆਂ ਨੇ ਡੰਗਰ ਚਾਰਨ ਵਾਲੀਆਂ ਸੋਟੀਆਂ ਤੇ ਕੁੜੀਆਂ ਨੇ ਗੋਹਾ ਸੁੱਟਣ ਵਾਲੇ ਟੋਕਰੇ ਵਗਾਹ ਕੇ ਕਿਤਾਬਾਂ ਚੁੱਕ ਲਈਆਂ ਸਨ, ਪਰ ਪੰਜ ਪੰਜ ਚਾਰ ਚਾਰ ਸਾਲ ਲਾ ਕੇ ਜਦੋਂ ਦੇਖ ਲਿਆ ਬਈ ਗੱਲ ਬਣ ਨਹੀਂ ਰਹੀ ਤਾਂ ਸੋਟੀਆਂ ਫੇਰ ਹੱਥਾਂ ਵਿਚ ਅਤੇ ਟੋਕਰੇ ਫੇਰ ਸਿਰਾਂ ਉਪਰ ਜਾ ਟਿਕੇ।"

ਪਤਾ ਲਗਦਾ ਕਿ ਕਿਸੇ ਗਵਾਂਢੀ ਨੇ ਆਪਣੀ ਜਨਾਨੀ ਉਪਰ ਹੱਥ ਚੁਕਿਆ ਹੈ ਤਾਂ ਉਲਾਂਭਾ ਦੇਣ ਉਸ ਦੇ ਘਰ ਜਾਂਦੀ। ਆਖਦੀ-ਵੇ ਧਰਤੀ ਨੂੰ ਕੁੱਟ ਲਿਆ ਜੇਹਾ ਜਨਾਨੀ ਨੂੰ ਕੁੱਟ ਲਿਆ, ਇਸ ਵਿਚ ਕਾਹਦੀ ਸੂਰਮਗਤੀ? ਕੋਈ ਹੈ ਨੀ ਸਰਮ ਹਯਾ ਤੈਨੂੰ? ਡੋਬ ਦਏਗਾ ਏਸ ਗਊ ਦਾ ਹਉਕਾ। ਰੋਟੀ ਪਕਦੀ ਬੁਰੀ ਲੱਗਣ ਲੱਗੀ ਤੈਨੂੰ? ਬੇ ਸਰਮ।

ਰੁਮਾਲੇ ਵਿਚ ਪੰਜ ਗ੍ਰੰਥੀ ਪੇਟੀ ਵਿਚ ਤੇ ਗੁਟਕਾ ਰੁਮਾਲ ਵਿਚ ਵਲੇਟ ਕੇ ਉਚੇ ਆਲੇ ਵਿਚ ਰਖਦੀ। ਮਤਲਬ ਨਹੀਂ ਕਿ ਹੱਥ ਧੋਏ ਬਗੈਰ ਕੋਈ ਛੂਹ ਸਕੇ। ਪਜਾਮਾ ਖਰਾਬ ਨਾ ਹੋਏ, ਬੈਠਣ ਲੱਗਿਆਂ ਅਖ਼ਬਾਰ ਜਾਂ ਕਿਸੇ ਰਸਾਲੇ ਨੂੰ ਹੇਠ ਧਰ ਕੇ ਬੈਠ ਜਾਂਦੇ ਤਾਂ ਝਿੜਕਾਂ ਪੈਂਦੀਆਂ-ਅਕਲ ਮਾਰੀ ਗਈ? ਵਿੱਦਿਆ ਨੀਵੀਂ ਥਾਂ 'ਤੇ ਰੱਖੀਦੀ ਹੈ? ਅਸੀਂ ਹਸਦੇ-ਕੀ ਹੋ ਗਿਆ ਮਾਂ। ਇਹ ਕਿਹੜਾ ਬਾਣੀ ਹੈ। ਫਜ਼ੂਲ ਦੇ ਵਰਕੇ ਹਨ। ਉਹ ਆਖਦੀ-ਅੱਖਰ ਤੋਂ ਵਡਾ ਕੋਈ ਧਨ ਨਹੀਂ। ਪਤੈ? ਗੁਰੂਆਂ ਨੇ ਤਪ ਕੀਤਾ ਤਾਂ ਰੱਬ ਨੇ ਉਨ੍ਹਾਂ ਦੀ ਝੋਲੀ ਅੱਖਰਾਂ ਨਾਲ ਭਰੀ। ਅਕਲ ਤੋਂ ਕੰਮ ਲਉ ਅਕਲ ਤੋਂ।

ਮੇਰੇ ਚਾਚੇ ਦਾ ਪੁੱਤ ਗੁਰਤੇਜ ਬਹੁਤ ਸ਼ਰਾਬ ਪੀਣ ਲੱਗ ਪਿਆ ਤੇ ਸਮਝਾਉਣ ਦੇ ਬਾਵਜੂਦ ਨਾ ਹਟਿਆ ਤਾਂ ਮੌਤ ਹੋ ਗਈ, ਬੇਬੇ ਨੂੰ ਖੱਬਰ ਦੱਸੀ ਤਾਂ ਹਉਕਾ ਲੈ ਕੇ ਕਹਿਣ ਲੱਗੀ, "ਲੋਕਾਂ ਨੂੰ ਪਤਾ ਨਹੀਂ ਲਗਦਾ ਇਹ ਸੰਸਾਰ ਤੇਜ ਅੱਗ ਦੀ ਤਰ੍ਹਾਂ ਹੈ। ਇਸ ਵਿਚ ਘਾਹ ਫੂਸ ਲੱਕੜ ਤਿੰਬੜ ਸਭ ਜਲ ਕੇ ਰਾਖ ਹੋ ਜਾਂਦਾ ਹੈ, ਪਰ ਜਿਹੜਾ ਸੋਨਾ ਹੁੰਦਾ ਹੈ, ਉਹ ਇਸ ਅੱਗ ਵਿਚ ਖਤਮ ਹੋਣ ਦੀ ਥਾਂ ਹੋਰ ਨਿਖਰ ਜਾਂਦਾ ਹੈ।"

ਕੋਈ ਵੱਡਾ ਜੋਖਮ ਭਰਿਆ ਕੰਮ ਛੇੜਨ ਵੇਲੇ ਜਦੋਂ ਅਸੀਂ ਮਾਂ ਨਾਲ ਖਤਰਿਆਂ ਬਾਰੇ ਗੱਲ ਕਰਦੇ ਤਾਂ ਉਹ ਆਖਦੀ, "ਮੱਖੀਆਂ ਦੇ ਡੰਗ ਤੋਂ ਡਰਦਿਆਂ ਆਦਮੀ ਨੇ ਮਖਿਆਲ ਖਾਣਾ ਨੀਂ ਛਡਿਆ। ਦੁਲੱਤੇ ਮਾਰਦੀਆਂ ਗਾਂਵਾਂ ਦਾ ਦੁੱਧ ਚੋਣੋਂ ਹਟ ਜਾਂਦੇ ਹਾਂ? ਕਦੀ ਕਿਹਾ ਹੈ ਕਿਸੇ ਨੇ ਕਿ ਏਨੀ ਤੂੜੀ ਵਿਚੋਂ ਕੌਣ ਦਾਣੇ ਕੱਢਦਾ ਫਿਰੇ? ਖੇਤ ਏਸ ਕਰਕੇ ਨਹੀਂ ਵਾਹਣ ਜਾਵਾਂਗੇ ਕਿ ਕੰਡਿਆਈ ਬੜੀ ਹੈ? ਕਿਲੇ ਦੀ ਕੰਧ ਵਾਂਗ ਜਮੀਆਂ ਹੋਈਆਂ ਰੋਹੀਆਂ ਤੋੜ ਕੇ ਤਿਆਰ ਕੀਤੀ ਜ਼ਮੀਨ ਦੇ ਅੰਨ ਦੀ ਰੋਟੀ ਪਕਾ ਕੇ ਖਾਧੀ ਹੈ ਅਸਾਂ। ਤੁਸੀਂ ਮਾੜੇ ਕੁ ਖਤਰੇ ਤੋਂ ਘਬਰਾ ਗਏ? ਜੁਆਨੀ ਦੇ ਦਿਨੀਂ ਏਨੀ ਤਾਕਤ ਹੋਇਆ ਕਰਦੀ ਸੀ, ਏਨਾ ਹੌਸਲਾ ਕਿ ਪਿਆਸ ਲੱਗੀ ਹੈ, ਫੇਰ ਕੀ ਹੋਇਆ ਜੇ ਪਾਣੀ ਨਹੀਂ। ਖੂਹ ਪੁੱਟੋ ਤੇ ਪਾਣੀ ਪੀਓ। ਔਖੀ ਚੀਜ਼ ਹੈ ਕਿਹੜੀ ਜੇ ਰੱਬ ਸਾਥ ਦੇਵੇ? ਭਰੋਸਾ ਰੱਖੋ ਗੁਰੂ ਤੁਹਾਡੇ ਅੰਗ ਸੰਗ ਹੈ।"

ਛੋਟੇ ਬੇਟੇ ਦਾ ਨਾਮ ਸੁਖਨਬੀਰ ਹੈ। ਚਾਰ ਸਾਲ ਦੇ ਨੂੰ ਨਾਲ ਲੈ ਕੇ ਪਿੰਡ ਚਲਾ ਗਿਆ। ਉਸ ਨੂੰ ਬੇਬੇ ਕੋਲ ਛੱਡ ਕੇ ਮੈਂ ਕਿਸੇ ਕੰਮ ਨਿਕਲ ਗਿਆ ਤੇ ਸਵੇਰ ਦਾ ਗਿਆ ਸ਼ਾਮੀ ਪਰਤਿਆ। ਬੇਬੇ ਨੇ ਦੱਸਿਆ, "ਤੇਰਾ ਮੁੰਡਾ ਅੱਜ ਮੈਂ ਮੌਕੇ ਤੇ ਫੜ ਲਿਆ। ਮੈਨੂੰ ਗਾਲਾਂ ਦੇ ਰਿਹਾ ਸੀ ਇਕੱਲਾ ਬੈਠਾ। ਮੈਂ ਆਈ ਤਾਂ ਉਸ ਨੂੰ ਪਤਾ ਨਾ ਲੱਗਾ, ਮੇਰੇ ਵੱਲ ਪਿੱਠ ਸੀ, "ਗੰਦੀ ਬੇਬੇ, ਹਰਾਮਣ ਬੇਬੇ ਪਤਾ ਨੀਂ ਕਿਧਰ ਗਈ।" ਮੈਂ ਪੁਛਿਆ, "ਉਏ ਕਿਉਂ ਗਾਲ੍ਹਾਂ ਕੱਢ ਰਿਹਾ ਹੈਂ ਮੈਨੂੰ?" ਉਸ ਨੇ ਕਿਹਾ, "ਤੁਹਾਨੂੰ ਨਹੀਂ, ਮੈਂ ਤਾਂ ਕੰਧ ਨੂੰ ਗਾਲ੍ਹਾਂ ਦੇ ਰਿਹਾ ਸੀ।" ਮੈਂ ਪੁਛਿਆ, ਕੰਧ ਨੂੰ ਕਿਉਂ ਦਿੰਦਾ ਸੀ ਗਾਲ੍ਹਾਂ? ਇਸ ਨੇ ਕਿਹਾ, "ਮੈਨੂੰ ਭੁੱਖ ਲੱਗੀ। ਕੰਧ ਨੇ ਰੋਟੀ ਨਹੀਂ ਦਿੱਤੀ। ਹੋਰ ਕੀ ਕਰਦਾ? ਗਾਲ੍ਹਾਂ ਦਿੱਤੀਆਂ।" ਮੈਂ ਸੁਖਨਬੀਰ ਨੂੰ ਝਿੜਕਣ ਹੀ ਲੱਗਾ ਸਾਂ ਕਿ ਮਾਂ ਨੇ ਮੈਨੂੰ ਕਿਹਾ, "ਸੁਣ।

***(ਬਾਕੀ ਅਗਲੇ ਸਫੇ 'ਤੇ)***



***ਬੇਬੇ ਰਾਏ ਕੌਰ ਪ੍ਰੋ. ਹਰਪਾਲ ਸਿੰਘ ਪੰਨੂ ਦੇ ਮਿੱਤਰ ਤੇ ਪੇਂਡੂ ਜਗਤਇੰਦਰ ਡਾਂਗੇ ਨਾਲ***

# ਭੱਠੀ ਦੁੱਖਾਂ ਵਾਲੀ ਪੈਂਦੀ ਨਾਹੀਂ ਮੱਠੀ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੁਨਸ਼ੀ ਪਹਿਲੀ ਵਾਰ ਮੈਨੂੰ ਗੁਰਦੁਆਰਾ ਫਰੀਮਾਂਟ, ਕੈਲੀਫੋਰਨੀਆ ਵਿਚ ਮਿਲਿਆ। ਹੱਥ ਵਿਚ ਫਾਈਲ ਚੁੱਕੀ ਆਉਂਦਾ ਦੇਖ ਕੇ ਮੈਂ ਅੰਦਾਜ਼ਾ ਲਾ ਲਿਆ ਕਿ ਇਸ ਬਾਈ ਨੂੰ ਵੀ ਮੇਰੇ ਵਾਲਾ ਹੀ ਰੋਗ ਹੈ। ਇਹ ਵੀ ਪੇਪਰਾਂ ਦੇ ਚੱਕਰਾਂ ਵਿਚ ਪੇਪਰਾਂ ਦੀ ਫਾਈਲ ਚੁੱਕੀ ਫਿਰਦਾ ਹੈ। ਫਤਿਹ ਤੋਂ ਬਾਅਦ ਅਸੀਂ ਲੰਗਰ ਹਾਲ ਵਿਚ ਚਾਹ ਪੀਣ ਦੇ ਬਹਾਨੇ ਆਪਣੇ ਦੁਖੜੇ ਸਾਂਝੇ ਕਰਨ ਲੱਗੇ। ਅਸੀਂ ਬੇਸ਼ਕ ਦੋਵੇਂ ਆਪਣੇ ਪਿੱਛੇ ਆਪਣਾ ਪਰਿਵਾਰ ਛੱਡ ਕੇ ਆਏ ਸੀ ਪਰ ਮੇਰੇ ਨਾਲੋਂ ਮੁਨਸ਼ੀ ਦੇ ਦੁੱਖਾਂ ਦੀ ਭੱਠੀ ਜ਼ਿਆਦਾ ਤਪ ਰਹੀ ਸੀ। ਕਾਰਨ ਸੀ, ਉਸ ਦੀ ਘਰਵਾਲੀ ਆਪਣੀ ਇਕੱਲੀ ਪੰਜ ਸਾਲ ਦੀ ਧੀ ਨਾਲ ਉਸ ਦੇ ਭਰਾ-ਭਰਜਾਈ ਨਾਲ ਰਹਿੰਦੀ ਸੀ। ਮੁਨਸ਼ੀ ਦੇ ਮਾਂ-ਪਿਉ ਪਹਿਲਾਂ ਹੀ ਜਹਾਨੋਂ ਜਾ ਚੁੱਕੇ ਸਨ। ਭਰਾ-ਭਰਜਾਈ ਉਸ ਦੀ ਘਰਵਾਲੀ ਨੂੰ ਤੰਗ ਕਰਦੇ ਰਹਿੰਦੇ। ਉਹ ਉਨ੍ਹਾਂ ਨੂੰ ਯਾਦ ਕਰ ਰੋਂਦਾਂ ਹੀ ਨਹੀਂ ਸਗੋਂ ਧਾਹਾਂ ਮਾਰਦਾ ਸੀ। ਉਸ ਦਾ ਕੇਸ ਵੀ ਮੇਰੇ ਵਾਂਗ ਕੱਛੂ-ਚਾਲ ਪੈ ਗਿਆ ਸੀ।

ਅਸੀਂ ਕਈ ਦਿਨ ਇਕੱਠੇ ਗੁਰੂ ਘਰ ਵਿਚ ਰਹੇ। ਮੈਂ ਉਸ ਨੂੰ ਹਮੇਸ਼ਾ ਹੌਂਸਲਾ ਦਿੰਦਾ ਤੇ ਗੁਰਬਾਣੀ ਪੜ੍ਹਨ ਲਈ ਕਹਿੰਦਾ। ਉਸ ਨੇ ਆਪਣੇ ਪਰਿਵਾਰ ਦਾ ਪਿਛੋਕੜ ਸੁਣਾਉਂਦਿਆਂ ਮੇਰੇ ਪਰਿਵਾਰ ਦੀ ਵੀ ਜਨਮ ਪੱਤਰੀ ਪੁੱਛ ਲਈ। ਫਿਰ ਅਸੀਂ ਖੁਸ਼ੀਆਂ ਤੋਂ ਖਾਲੀ ਝੋਲੀਆਂ ਲੈ ਕੇ ਆਪੋ-ਆਪਣੇ ਸ਼ਹਿਰਾਂ ਨੂੰ ਤੁਰ ਪਏ; ਸਾਡੀਆਂ ਤਰੀਕਾਂ ਲੰਮੀਆਂ ਜੁ ਪੈ ਗਈਆਂ ਸਨ। ਫੋਨ 'ਤੇ ਗੱਲਬਾਤ ਹੁੰਦੀ ਰਹਿੰਦੀ। ਉਹ ਲੰਮੇ ਹੋ ਰਹੇ ਵਿਛੋੜੇ ਤੋਂ ਦੁਖੀ ਸੀ। ਪਿੱਛੇ ਘਰਵਾਲੀ ਦੁੱਖਾਂ ਦੀਆਂ ਲਿਸਟਾਂ ਪੜ੍ਹ-ਪੜ੍ਹ ਸੁਣਾਉਂਦੀ ਰਹਿੰਦੀ। ਫਿਰ ਅਸੀਂ ਦੋਵੇਂ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਗੁਆਚ ਗਏ। ਨਾ ਮੁਨਸ਼ੀ ਨੇ ਘੰਟੀ ਮਾਰੀ, ਨਾ ਮੇਰੇ ਕੋਲੋਂ ਫੋਨ ਕਰ ਹੋਇਆ। ਤਿੰਨ ਸਾਲਾਂ ਬਾਅਦ ਉਸ ਦਾ ਫੋਨ ਆਇਆ, ਉਹ ਚੜ੍ਹਦੀ ਕਲਾ ਵਿਚ ਬੋਲਿਆ, "ਬਾਈ ਜੀ! ਰੱਬ ਨੇ ਨੇੜੇ ਹੋ ਕੇ ਸੁਣ ਲਈ ਗਰੀਬ ਦੀ... ਮੇਰਾ ਕੇਸ ਪਾਸ ਹੋ ਗਿਆ। ਹੁਣ ਪ੍ਰੀਤੋ ਤੇ ਰਾਣੋ ਵੀ ਆ ਜਾਣਗੀਆਂ। ਤੂੰ ਫਿਕਰ ਨਾ ਕਰੀਂ। ਤੇਰੀ ਵੀ ਵਾਹਿਗੁਰੂ ਸੁਣੇਗਾ।"

ਮੁਨਸ਼ੀ ਦੇ ਮੂੰਹੋਂ ਖੁਸ਼ੀ ਦੀ ਖ਼ਬਰ ਸੁਣ ਕੇ ਮੈਨੂੰ ਵੀ ਚਾਅ ਚੜ੍ਹ ਗਿਆ। ਸੋਚਿਆ, ਤਾਏ ਦੀ ਧੀ ਦੇ ਮਹਿੰਦੀ ਲੱਗ ਗਈ; ਕਦੇ ਸਾਡੀ ਵਾਰੀ ਵੀ ਆ ਜਾਵੇਗੀ। ਫਿਰ ਉਸ ਦੀ ਘਰਵਾਲੀ ਪ੍ਰੀਤੋ ਤੇ ਧੀ ਰਾਣੋ ਆ ਗਈਆਂ। ਦੋ ਸਾਲ ਬਾਅਦ ਉਸ ਦਾ ਫੋਨ ਆਇਆ, "ਬਾਈ! ਪਰਮਾਤਮਾ ਨੇ ਪੁੱਤਰ ਦੀ ਦਾਤ ਬਖ਼ਸ਼ੀ ਐ।" ਸਮਾਂ ਲੰਘਿਆ, ਮੁਨਸ਼ੀ ਸਿਟੀਜ਼ਨ ਹੋ ਗਿਆ। ਪ੍ਰੀਤੋ ਨੇ ਆਪਣੇ ਮਾਤਾ-ਪਿਤਾ ਨੂੰ ਸੱਦ ਲਿਆ। ਮੈਨੂੰ ਤਾਂ ਪਤਾ ਹੀ ਨਾ ਲੱਗਿਆ ਕਿ ਮੁਨਸ਼ੀ ਕਦੋਂ ਸਹੁਰਿਆਂ ਨਾਲ ਸਾਂਝੀ ਰਲ ਗਿਆ। ਫਿਰ ਇਕ ਦਿਨ ਉਸ ਦਾ ਫੋਨ ਆਇਆ। ਉਸ ਨੇ ਫਿਰ ਦੁੱਖਾਂ ਨਾਲ ਭਰੇ ਹੋਏ ਫੋੜੇ ਦੀ ਰਾਧ ਕੱਢੀ।

ਮੁਨਸ਼ੀ ਤੇ ਉਸ ਦਾ ਵੱਡਾ ਭਰਾ ਖੇਮਾ ਛੋਟੇ ਛੋਟੇ ਸਨ ਜਦੋਂ ਉਨ੍ਹਾਂ ਦਾ ਬਾਪ ਬਿਸ਼ਨ ਸਿਉਂ ਸੁਰਗਵਾਸ ਹੋ ਗਿਆ। ਮਾਂ ਦਿਆਲੋ ਨੇ ਦੋਵਾਂ ਨੂੰ ਮਸਾਂ ਪਾਲਿਆ ਸੀ। ਖੇਮਾ ਦਸਵੀਂ ਪਾਸ ਕਰ ਕੇ ਤਾਏ ਦੀ ਕ੍ਰਿਪਾ ਨਾਲ ਜਰਮਨੀ ਪੁੱਜ ਗਿਆ। ਵਿਧਵਾ ਮਾਂ ਦੇ ਮੁੱਖ 'ਤੇ ਰੁੱਸੀ ਲਾਲੀ ਵਾਪਸ ਆਉਣ ਲੱਗੀ। ਖੇਮੇ ਨੇ ਹੱਡ-ਭੰਨਵੀਂ ਮਿਹਨਤ ਕਰ ਕੇ ਘਰ ਦਾ ਨਕਸ਼ਾ ਬਦਲ ਦਿੱਤਾ। ਮੁਨਸ਼ੀ ਪੜ੍ਹਨ ਨੂੰ ਧੱਕਾ ਸਟਾਰਟ ਸੀ, ਮਸਾਂ ਸੱਤ ਜਮਾਤਾਂ ਲੰਘਿਆ। ਆਪਣੇ ਤਾਇਆਂ ਚਾਚਿਆਂ ਨਾਲ ਕੰਮ ਕਰਵਾ ਦਿੰਦਾ। ਦੋ ਚਾਰ ਮੱਝਾਂ ਰੱਖ ਕੇ ਦੁੱਧ ਪਾ ਦਿੰਦਾ। ਦਿਆਲੋ ਨੂੰ ਖੇਮੇ ਦੀ ਉਡੀਕ ਸਤਾਉਂਦੀ ਰਹਿੰਦੀ ਕਿ ਉਹ ਕਦੋਂ ਪੱਕਾ ਹੋਵੇਗਾ ਤੇ ਉਹ ਕਦੋਂ ਉਸ ਦਾ ਵਿਆਹ ਕਰ ਕੇ ਨੂੰਹ ਲੈ ਕੇ ਆਵਾਂਗੀ। ਸਾਲ ਬੀਤਦੇ ਗਏ। ਖੇਮੇ ਨੂੰ ਜਰਮਨ ਗਿਆਂ ਦਸ ਸਾਲ ਹੋ ਗਏ ਸਨ ਪਰ ਪੱਕਾ ਨਾ ਹੋ ਸਕਿਆ। ਫਿਰ ਦਿਆਲੋ ਨੇ ਚਿੱਠੀ ਨਹੀਂ ਤਾਰ ਪਾਈ ਕਿ 'ਜੇ ਐਤਕੀਂ ਦੀਵਾਲੀ 'ਤੇ ਨਾ ਆਇਆ ਤਾਂ ਮਰੀ ਦਾ ਮੂੰਹ ਵੀ ਨਾ ਦੇਖੀਂ।' ਤਾਰ ਪੜ੍ਹਦਿਆਂ ਖੇਮੇ ਨੇ ਮਨ ਬਣਾ ਲਿਆ ਕਿ ਦੀਵਾਲੀ ਤਾਂ ਦੂਰ, ਹੁਣੇ ਜਹਾਜ਼ ਚੜ੍ਹ ਜਾਣਾ ਹੈ ਪਰ ਤਾਏ ਨੇ ਕੰਮ ਦੀਆਂ ਵਾਗਾਂ ਖਿੱਚ ਕੇ ਰੋਕ ਲਿਆ।

ਆਖਰਕਾਰ, ਮਮਤਾ ਦੀ ਖਿੱਚ ਨੇ ਕੰਮ ਦੀਆਂ ਵਾਗਾਂ ਤੋੜ ਦਿੱਤੀਆਂ। ਖੇਮਾ ਗਿਆਰਾਂ ਸਾਲਾਂ ਬਾਅਦ ਮਾਂ ਦੀ ਹਿੱਕ ਨੂੰ ਜਾ ਲੱਗਿਆ। ਮਾਂ ਦੇ ਕਲੇਜੇ ਨੂੰ ਠੰਢ ਪੈ ਗਈ ਗੋਰੇ ਚਿੱਟੇ ਪੁੱਤ ਨੂੰ ਵੇਖਦਿਆਂ। ਖੇਮਾ ਤੇ ਮੁਨਸ਼ੀ ਵੀ ਗਲ ਲੱਗ ਕੇ ਰੋਂਦੇ ਹੋਏ ਮਿਲੇ। ਫਿਰ ਖੇਮੇ ਨੂੰ ਰਿਸ਼ਤੇ ਆਉਣ ਲੱਗੇ। ਮਾਂ ਦਿਆਲੋ ਕਹਿੰਦੀ, "ਮੈਂ ਤਾਂ ਆਪਣੇ ਪੁੱਤ ਦਾ ਵਿਆਹ ਉਥੇ ਕਰਨਾ ਹੈ ਜਿਥੇ ਦੋ ਭੈਣਾਂ ਹੋਣ। ਖੇਮੇ ਨਾਲ ਮੁਨਸ਼ੀ ਦਾ ਵੀ ਤੋਪਾ ਭਰਿਆ ਜਾਵੇ।" ਪਰ ਰਿਸ਼ਤੇ ਖੇਮੇ ਨੂੰ ਹੀ ਆਉਂਦੇ; ਮੁਨਸ਼ੀ ਨੂੰ ਕੋਈ ਨਾ ਪੁੱਛਦਾ। ਖੇਮਾ ਵੀ ਚਾਹੁੰਦਾ ਸੀ ਕਿ ਮੁਨਸ਼ੀ ਵੀ ਉਹਦੇ ਨਾਲ ਹੀ ਲਾੜਾ ਬਣੇ, ਪਰ ਉਡੀਕ ਲੰਮੀ ਹੁੰਦੀ ਗਈ। ਅਖੀਰ ਖੇਮੇ ਦਾ ਵਿਆਹ ਕਰ ਦਿੱਤਾ ਗਿਆ। ਖੇਮੇ ਨੇ ਵੀ ਹੁਣ ਪਰਦੇਸ ਨਾ ਜਾਣ ਦਾ ਫੈਸਲਾ ਕਰ ਲਿਆ। ਇਕ ਦਿਨ ਮਾਂ ਦਿਆਲੋ ਨੇ ਕਿਹਾ, "ਖੇਮੇ ਪੁੱਤ! ਜੇ ਆਪਾਂ ਮੁਨਸ਼ੀ ਨੂੰ ਅਮਰੀਕਾ ਤੋਰ ਦੇਈਏ ਤਾਂ ਇਹਦੀ ਜ਼ਿੰਦਗੀ ਬਣ ਜਾਊ।"

"ਮਾਂ ਤੂੰ ਕਮਲੀ ਐਂ। ਬਾਹਰ ਪੜ੍ਹਾਈਆਂ ਦਾ ਮੁੱਲ ਪੈਂਦੈ, ਅਨਪੜ੍ਹਾਂ ਦਾ ਨਹੀਂ। ਇਹਨੂੰ ਇੱਥੇ ਹੀ ਚਾਰ ਮੱਝਾਂ ਹੋਰ ਲੈ ਦਿੰਨੇ ਆਂ।" ਖੇਮੇ ਨੇ ਮਾਂ ਨੂੰ ਕਿਹਾ।

"ਪੁੱਤ ਆਪਣਾ ਮੁਨਸ਼ੀ ਤਾਂ ਫਿਰ ਵੀ ਸੱਤ ਜਮਾਤਾਂ ਪਾਸ ਹੈ; ਕਾਮਰੇਡਾਂ ਦਾ ਬੰਤਾ ਅਨਪੜ੍ਹ ਸੀ, ਦੇਖ ਲੈ ਰੁਪਈਆਂ ਦੇ ਟਿੱਬੇ ਲਾ ਦਿੱਤੇ।" ਮਾਂ ਨੇ ਕਿਹਾ।

"ਮਾਂ ਪਹਿਲਾਂ ਉਹਦਾ ਵਿਆਹ ਕਰ ਦੇ, ਫਿਰ ਤੋਰ ਦੇਈਂ ਅਮਰੀਕਾ।" ਖੇਮਾ ਜਿਵੇਂ ਮਾਂ ਦੀਆਂ ਸਲਾਹਾਂ ਤੋਂ ਅੱਕਿਆ ਪਿਆ ਸੀ।

"ਪੁੱਤ ਤੂੰ ਅਮਰੀਕਾ ਵਾਸਤੇ ਪੈਸੇ ਭਰਦੀਂ, ਮੈਂ ਉਹਦਾ ਵਿਆਹ ਕਰ ਦਿੰਨੀ ਆਂ।" ਮਾਂ ਨੂੰ ਖੇਮੇ ਦੇ ਜਵਾਬ ਵਿਚੋਂ ਜਿਵੇਂ ਮੁਨਸ਼ੀ ਦਾ ਭਵਿੱਖ ਮਿਲ ਗਿਆ ਹੋਵੇ।

ਫਿਰ ਖੇਮੇ ਦੀ 'ਹਾਂ' ਤੋਂ ਬਾਅਦ ਮਾਂ ਨੇ ਸਾਰੇ ਪਾਸੇ ਕਹਿ ਦਿੱਤਾ, "ਸਾਡੇ ਮੁਨਸ਼ੀ ਨੇ ਤਾਂ ਅਮਰੀਕਾ ਚਲਿਆ ਜਾਣੈਂ।" ਗੱਲ ਮੂੰਹੋਂ-ਮੂੰਹ ਹੁੰਦੀ ਮਜ਼ਾਕ ਜਿਹਾ ਬਣ ਗਈ ਪਰ ਮੁਨਸ਼ੀ ਲਈ ਵੀ ਕਿਸੇ ਗਰੀਬ ਘਰ ਦਾ ਰਿਸ਼ਤਾ ਆ ਗਿਆ। ਬਾਪ ਆਪਣੀ ਧੀ ਨੂੰ ਸਿਰਫ਼ ਤਿੰਨ ਕੱਪੜਿਆ ਵਿਚ ਹੀ ਤੋਰ ਸਕਦਾ ਸੀ। ਦੇਖ-ਦਖਾਈ ਤੋਂ ਬਾਅਦ ਦਿਆਲੋ ਨੇ 'ਹਾਂ' ਕਰ ਦਿੱਤੀ। ਉਸ ਦੀ ਹੋਣ ਵਾਲੀ ਨੂੰਹ ਪ੍ਰੀਤੋ ਚੰਨ ਦਾ ਟੁਕੜਾ ਸੀ। ਮੁਨਸ਼ੀ ਦੀ ਵਹੁਟੀ ਖੇਮੇ ਦੀ ਵਹੁਟੀ ਤੋਂ ਸੋਹਣੀ ਸੀ। ਦੋਹਾਂ 'ਚ ਕੁੜੱਤਣ ਦਾ ਬੀਜ ਪਹਿਲੇ ਦਿਨ ਹੀ ਬੀਜਿਆ ਗਿਆ। ਜਿਥੇ ਦਿਆਲੋ ਦੋਹਾਂ ਨੂੰਹਾਂ ਨੂੰ ਦੇਖ ਕੇ ਫੁੱਲੀ ਨਾ ਸਮਾਉਂਦੀ, ਉਥੇ ਖੇਮੇ ਦੇ ਘਰਵਾਲੀ ਅੱਖਾਂ ਰਾਹੀਂ ਅੱਗ ਦੇ ਅੰਗਿਆਰੇ ਸੁੱਟਦੀ।

ਮੁਨਸ਼ੀ ਦੇ ਵਿਆਹ ਨੂੰ ਸਾਲ ਤੋਂ ਉਪਰ ਹੋ ਗਿਆ ਸੀ। ਦਿਆਲੋ ਨੇ ਖੇਮੇ ਨੂੰ ਉਹਦਾ ਵਾਅਦਾ ਯਾਦ ਕਰਵਾਇਆ। ਖੇਮੇ ਨੇ ਮੁਨਸ਼ੀ ਨੂੰ ਰੁਪਏ ਦੇਣੇ ਮੰਨ ਲਏ ਪਰ ਬਦਲੇ 'ਚ ਉਸ ਦੀ ਜ਼ਮੀਨ ਲਿਖਾਉਣ ਲਈ ਕਿਹਾ। ਦਿਆਲੋ ਨੂੰ ਇੰਜ ਲੱਗਾ ਜਿਵੇਂ ਉਹ ਹੁਣ ਤੱਕ ਪੁੱਤ ਨਹੀਂ, ਨਾਗ ਪਾਲਦੀ ਆਈ ਹੋਵੇ! ਮੁਨਸ਼ੀ ਨੂੰ ਇਹ ਸ਼ਰਤ ਵੀ ਮਨਜ਼ੂਰ ਸੀ। ਉਸ ਨੂੰ ਪਤਾ ਸੀ ਕਿ ਇਹ ਗੱਲਾਂ ਉਹਦਾ ਭਰਾ ਨਹੀਂ, ਸਗੋਂ ਭਰਜਾਈ ਬੁਲਾਉਂਦੀ ਹੈ। ਖੇਮੇ ਨੇ ਮੁਨਸ਼ੀ ਦੇ ਹਿੱਸੇ ਵਾਲੀ ਜ਼ਮੀਨ ਬੈਅ ਲਿਖਵਾ ਕੇ ਰੁਪਏ ਦੇ ਦਿੱਤੇ। ਫਿਰ ਅਮਰੀਕਾ ਵਾਲਾ ਏਜੰਟ ਲੱਭ ਲਿਆ। ਅਜੇ ਮੁਨਸ਼ੀ ਦੀ ਤਿਆਰੀ ਹੋ ਰਹੀ ਸੀ ਕਿ ਪ੍ਰੀਤੋ ਨੇ ਧੀ ਨੂੰ ਜਨਮ ਦੇ ਦਿੱਤਾ। ਮੁਨਸ਼ੀ ਦਾ ਅਮਰੀਕਾ ਦਾ ਵੀਜ਼ਾ ਆ ਗਿਆ ਪਰ ਦਿਆਲੋ ਦਾ ਸਾਹਾਂ ਵਾਲਾ ਕੁੱਜਾ ਟੁੱਟ ਗਿਆ। ਫਿਰ ਇਕ ਰਾਤ ਮੁਨਸ਼ੀ, ਪ੍ਰੀਤੋ ਤੇ ਧੀ ਰਾਣੋ ਨੂੰ ਰੋਂਦਿਆਂ ਛੱਡ ਜਹਾਜ਼ ਚੜ੍ਹ ਅਮਰੀਕਾ ਪੁੱਜ ਗਿਆ। ਪਿੱਛੇ ਉਹਦੀ ਘਰਵਾਲੀ ਆਪਣੇ ਜੇਠ ਅਤੇ ਜੇਠਾਣੀ ਦੇ ਜ਼ੁਲਮ ਸਹਿਣ ਲੱਗੀ। ਜੇਠ ਨੇ ਦੋ ਮੱਝਾਂ ਹੋਰ ਕਿੱਲੇ ਬੰਨ੍ਹ ਦਿੱਤੀਆਂ। ਪ੍ਰੀਤੋ ਜਿਵੇਂ ਹੁਣ ਜੇਠਾਣੀ ਦੀ ਦਾੜ੍ਹ ਥੱਲੇ ਆ ਗਈ ਹੋਵੇ! ਉਹ ਆਪ ਆਪਣੀਆਂ ਰਿਸ਼ਤੇਦਾਰੀਆਂ ਵਿਚ ਘੁੰਮਦੀ ਰਹਿੰਦੀ, ਕੰਮ ਵਾਲਾ ਢੋਲ ਪ੍ਰੀਤੋ ਗਲ ਪਾ ਜਾਂਦੀ। ਜੇ ਉਹ ਆਪਣੇ ਜੇਠ ਨੂੰ ਜੇਠਾਣੀ ਦੀ ਸ਼ਿਕਾਇਤ ਲਾਉਂਦੀ ਤਾਂ ਉਹ ਪੁਲਿਸ ਵਾਲਿਆਂ ਵਾਂਗ ਉਲਟਾ ਪ੍ਰੀਤੋ 'ਤੇ ਹੀ ਕੋਈ ਇਲਜ਼ਾਮ ਜੜ ਦਿੰਦਾ। ਜੇਠਾਣੀ ਆਪਣੇ ਅਮੀਰ ਪੇਕਿਆਂ ਦਾ ਮਾਣ ਕਰਦੀ ਪ੍ਰੀਤੋ ਦੇ ਗਰੀਬ ਮਾਪਿਆਂ ਦਾ ਮਜ਼ਾਕ ਉਡਾਉਣੋਂ ਵੀ ਨਾ ਟਲਦੀ।

ਇੱਧਰ, ਮੁਨਸ਼ੀ ਵੀ ਖਾਲੀ ਲਿਫਾਫੇ ਵਾਂਗ ਖੂੰਜਿਆਂ ਵਿਚ ਵੱਜਦਾ ਰਹਿੰਦਾ। ਫਿਰ ਉਸ ਨੇ ਰਿਫਿਊਜੀ ਕੇਸ ਲਾ ਦਿੱਤਾ। ਇਸੇ ਸਿਲਸਿਲੇ ਵਿਚ ਉਹ ਅਕਸਰ ਫਰੀਮਾਂਟ ਆਉਂਦਾ ਤੇ ਉਥੇ ਹੀ ਸਾਡੀ ਪਹਿਲੀ ਮਿਲਣੀ ਹੋਈ। ਜਿਹੜੀ ਪ੍ਰੀਤੋ ਮੰਡੀ ਨਹੀਂ ਸੀ ਟੱਪੀ, ਉਹ ਸੱਤ ਸਮੁੰਦਰ ਪਾਰ ਅਮਰੀਕਾ ਆ ਕੇ ਛੇਤੀ ਹੀ ਇਸ ਦੇ ਰੰਗ ਵਿਚ ਰੰਗੀ ਗਈ। ਮੁਨਸ਼ੀ ਵੀ ਖੁਸ਼ ਸੀ। ਉਸ ਨੂੰ ਕਾਲਾ ਡੋਰੀਆ ਹਵਾ ਵਿਚ ਉਡਦਾ ਚੰਗਾ ਲੱਗਦਾ ਸੀ। ਉਹਨੇ ਛੁੱਟੀਆਂ ਲੈ ਕੇ ਪ੍ਰੀਤੋ ਨੂੰ ਘੁਮਾਇਆ। ਦੋਹਾਂ ਨੂੰ ਦਿਨ ਫੁੱਲਾਂ ਦੀ ਖੁਸ਼ਬੋ ਵਰਗੇ ਲੱਗਦੇ। ਪ੍ਰੀਤੋ ਥੋੜ੍ਹੇ ਸਮੇਂ ਬਾਅਦ ਹੀ ਹੋਰ ਨਿਖ਼ਰ ਗਈ। ਹੁਣ ਉਹਨੂੰ ਮੁਨਸ਼ੀ ਜਿਵੇਂ ਉਹਦੇ ਬਰਾਬਰ ਦਾ ਲੱਗਣ ਤੋਂ ਹਟ ਗਿਆ ਸੀ। ਗੱਲ ਗੱਲ 'ਤੇ ਤੂੰ-ਤੂੰ ਮੈਂ-ਮੈਂ ਹੋਣ ਲੱਗੀ। ਮੁਨਸ਼ੀ ਕਹਿੰਦਾ, "ਮੈਂ ਤੈਨੂੰ ਅਮਰੀਕਾ ਦਿਖਾਇਆ ਹੈ, ਪਿੰਡ ਰਹਿੰਦੀ ਤਾਂ ਗੋਹੇ ਵਿਚੋਂ ਹੱਥ ਨਹੀਂ ਸੀ ਨਿਕਲਣੇ।" ਅੱਗਿਉਂ ਪ੍ਰੀਤੋ ਆਖ ਦਿੰਦੀ, "ਤੂੰ ਕਿਹੜਾ ਪਿੰਡ ਡਾਕਟਰ ਲੱਗਿਆ ਸੀ, ਤੂੰ ਵੀ ਤਾਂ ਚੌਵੀ ਘੰਟੇ ਮੱਝਾਂ ਗਾਂਵਾਂ ਵਿਚ ਤੁਰਿਆ ਫਿਰਦਾ ਸੀ।"

ਮੁਨਸ਼ੀ ਦੇ ਘਰ ਪੁੱਤਰ ਹੋ ਗਿਆ। ਪ੍ਰੀਤੋ ਤਾਂ ਕੰਮ 'ਤੇ ਇਕ ਦਿਨ ਵੀ ਨਹੀਂ ਸੀ ਗਈ ਅਤੇ ਮੁਨਸ਼ੀ ਇਕ ਦਿਨ ਵੀ ਕੰਮ ਤੋਂ ਛੁੱਟੀ ਨਾ ਕਰ ਸਕਿਆ। 'ਕੱਲੇ ਦੀ ਕਮਾਈ ਨਾਲ ਘਰ ਦਾ ਮਸਾਂ ਹੀ ਸਰਦਾ। ਪ੍ਰੀਤੋ ਸੌਦੇ-ਪੱਤੇ ਵਾਲੇ ਡਾਲਰਾਂ ਵਿਚੋਂ ਕੁੰਡੀ ਲਾ ਕੇ ਪਿੰਡ ਪੇਕਿਆਂ ਨੂੰ ਭੇਜ ਦਿੰਦੀ। ਤਿੰਨਾਂ ਦੇ ਤੇਰਾਂ ਦੱਸ ਕੇ ਮੁਨਸ਼ੀ ਨੂੰ ਹੋਰ ਅਨਪੜ੍ਹ ਬਣਾ ਦਿੰਦੀ। ਫਿਰ ਪ੍ਰੀਤੋ ਦੇ ਰਾਹ ਉਲਟੇ ਹੋਣ ਲੱਗੇ। ਮੁਨਸ਼ੀ ਨੇ ਸਮਝਾਇਆ ਕਿ "ਜੇ ਮੈਂ ਬੋਲਦਾ ਨਹੀਂ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੈਨੂੰ ਕੁਝ ਪਤਾ ਨਹੀਂ ਹੈ।" ਪ੍ਰੀਤੋ ਮੌਕੇ 'ਤੇ ਸੰਭਲੀ ਅਤੇ ਸਿਟੀਜ਼ਨ ਹੋ ਗਈ। ਮੁਨਸ਼ੀ ਦੇ ਬੇਬੇ ਬਾਪੂ ਤਾਂ ਵਿਚਾਰੇ ਪਹਿਲਾਂ ਹੀ ਤੁਰ ਗਏ ਸਨ। ਖੇਮੇ ਦੇ ਪੇਪਰ ਉਸ ਨੇ ਭਰੇ ਹੀ ਨਾ। ਪ੍ਰੀਤੋ ਨੇ ਆਪਣੇ ਮਾਂ-ਪਿਉ ਦੇ ਪੇਪਰ ਭਰ ਦਿੱਤੇ। ਉਹ ਦੋਵੇਂ ਦੋ ਅਟੈਚੀ ਲੈ ਕੇ ਆ ਗਏ। ਮਾਪਿਆਂ ਦੇ ਆਉਣ ਦੀ ਖੁਸ਼ੀ 'ਚ ਪ੍ਰੀਤੋ ਤਿੱਤਲੀ ਵਾਂਗ ਉਡੀ ਫਿਰਦੀ।

ਅਮਰੀਕਾ ਦੀ ਜ਼ਿੰਦਗੀ ਅਨਪੜ੍ਹ ਬੰਦੇ ਨੂੰ ਵੀ ਸਿਆਣਾ ਬਣਾ ਦਿੰਦੀ ਹੈ; ਮੁਨਸ਼ੀ ਤਾਂ ਫਿਰ ਵੀ ਸੱਤ ਸਾਲ ਸਕੂਲ ਗਿਆ ਸੀ। ਪ੍ਰੀਤੋ ਦਾ ਲੋੜੋਂ ਵੱਧ ਮਾਪਿਆਂ ਦਾ ਪਿਆਰ ਦੋਹਾਂ ਵਿਚਕਾਰ ਦੀਵਾਰ ਬਣਨ ਲੱਗ ਪਿਆ। ਜਿਹੜਾ ਬਾਪੂ ਖੱਬਲ-ਖਿੰਡੀ ਦਾੜ੍ਹੀ ਲੈ ਕੇ ਆਇਆ ਸੀ, ਹੁਣ ਉਹ ਵੀ ਫੌਜੀਆਂ ਵਾਂਗ ਫਿਕਸੋ ਲਾ ਕੇ ਬੰਨ੍ਹਣ ਲੱਗ ਪਿਆ ਸੀ। ਜਿਹੜੀ ਬੇਬੇ ਦੇ ਹੱਥਾਂ ਵਿਚੋਂ ਸੁਆਹ ਨਹੀਂ ਸੀ ਨਿਕਲਦੀ, ਉਹ ਵੀ ਫੱਬ ਫੱਬ ਰਹਿੰਦੀ। ਜੇ ਮੁਨਸ਼ੀ ਕੁਝ ਬੋਲਦਾ ਤਾਂ ਬੇਬੇ-ਬਾਪੂ ਸੂਈ ਕੁੱਤੀ ਵਾਂਗ ਪੈਂਦੇ। ਉਤੋਂ ਨਿੱਤ ਬੇਬੇ-ਬਾਪੂ ਦੀਆਂ ਡਾਕਟਰ ਨਾਲ ਅਪੁਆਇੰਟਮੈਂਟਾਂ ਲੋਟ ਨਾ ਆਉਂਦੀਆਂ। ਮੁਨਸ਼ੀ ਦੀ ਕਮਾਈ ਨੂੰ ਘਰੇ ਹੀ ਸੰਨ੍ਹ ਲੱਗ ਜਾਂਦੀ। 14-14 ਘੰਟੇ ਸਟੋਰ 'ਤੇ ਕੰਮ ਕਰ ਕੇ ਉਸ ਦੇ ਤਾਂ ਬੇਬੇ-ਬਾਪੂ ਹੀ ਲੋਟ ਨਾ ਆਉਂਦੇ। ਉਤੋਂ ਪ੍ਰੀਤੋ ਆਖ ਦਿੰਦੀ, "ਤੁਸੀਂ ਮੇਰੇ ਮਾਪਿਆਂ ਦਾ ਆਦਰ-ਸਤਿਕਾਰ ਨਹੀਂ ਕਰਦੇ।"

ਇਕ ਦਿਨ ਪ੍ਰੀਤੋ ਨੇ ਟੈਕਸ ਵਾਲੇ ਵਾਪਸ ਮੁੜੇ ਡਾਲਰ ਵੀ ਪੇਕੇ ਭੇਜੇ ਦਿੱਤੇ। ਕੋਈ ਵੀ ਇੰਡੀਆ ਜਾਂਦਾ, ਉਸ ਦੇ ਹੱਥ ਕੁਝ ਨਾ ਕੁੱਝ ਭੇਜਦੀ ਰਹਿੰਦੀ। ਜਿਸ ਦਿਨ ਮੁਨਸ਼ੀ ਨੇ ਰੌਲਾ ਪਾਇਆ ਤਾਂ ਪ੍ਰੀਤੋ ਨੇ ਮੂੰਹ ਪਾੜ ਕੇ ਆਖ ਦਿੱਤਾ, "ਜੇ ਤੂੰ ਮੇਰੇ ਨਾਲ ਨਹੀਂ ਰਹਿਣਾ ਚਾਹੁੰਦਾ ਤਾਂ ਮੈਨੂੰ ਤਲਾਕ ਦੇ ਦੇ।" ਮੁਨਸ਼ੀ ਦੇ ਜਿਵੇਂ ਸਿਰ 'ਤੇ ਪਹਾੜ ਆਣ ਪਿਆ ਹੋਵੇ। ਫੁੱਲ ਦੀ ਕਿਆਰੀ ਤੋਂ ਬਣਾਇਆ ਬਾਗ ਉਜੜਨ ਲੱਗਾ ਸੀ। ਮੁਨਸ਼ੀ ਨੇ ਆਪਣੇ ਬੱਚਿਆਂ ਖਾਤਰ ਚੁੱਪ ਵੱਟ ਲਈ। ਮੁਨਸ਼ੀ ਦੀ ਕਦਰ ਘਰ ਵਿਚ ਰੱਖੇ ਨੌਕਰ ਜਿੰਨੀ ਰਹਿ ਗਈ। ਮੁਨਸ਼ੀ ਨੂੰ ਲੱਗਦਾ, ਜਿਵੇਂ ਪ੍ਰੀਤੋ ਉਸ ਨੂੰ ਵਿਆਹ ਕੇ ਆਪਣੇ ਘਰ ਲਿਆਈ ਹੋਵੇ ਤੇ ਉਹ ਕਿਸੇ ਨੂੰਹ ਵਾਂਗ ਸੱਸ ਸਹੁਰੇ ਦੇ ਜ਼ੁਲਮ ਸਹਿ ਰਿਹਾ ਹੋਵੇ। ਮੁਨਸ਼ੀ ਰੋਇਆ-ਕੁਰਲਾਇਆ, "ਇਸ ਨਾਲੋਂ ਤਾਂ ਮੇਰਾ ਕੇਸ ਪਾਸ ਹੀ ਨਾ ਹੁੰਦਾ ਤੇ ਮੈਂ ਵਾਪਸ ਮੁੜ ਜਾਂਦਾ; ਕਿਸੇ ਸੱਜਣ-ਮਿੱਤਰ ਦੇ ਗਲ ਲੱਗ ਰੋ ਤਾਂ ਲੈਂਦਾ; ਆਪਣੇ ਭਰਾ ਨਾਲ ਹੀ ਟੁੱਟੀ ਗੰਢ ਲੈਂਦਾ।"

ਮੁਨਸ਼ੀ ਦੇ ਹਉਕਿਆਂ ਵਿਚੋਂ ਦਰਦ ਸਾਫ ਝਲਕਦਾ ਸੀ। ਮੈਂ ਤਾਂ ਬੱਸ ਇਹੀ ਕਿਹਾ ਕਿ 'ਪਤਝੜ ਤੋਂ ਬਾਅਦ ਬਹਾਰ ਆਉਂਦੀ ਹੈ, ਤੇਰੇ ਵੀ ਚੰਗੇ ਦਿਨ ਆਉਣਗੇ। ਜੇ ਪਹਿਲੇ ਦਿਨ ਨਹੀਂ ਰਹੇ ਤਾਂ ਆਹ ਵੀ ਨਹੀਂ ਰਹਿਣਗੇ।' ਕਈਆਂ ਨੂੰ ਅੰਗੂਰ ਤਾਂ ਮਿਲੇ ਪਰ ਸੁਆਦ ਚਿੱਬੜਾਂ ਤੋਂ ਵੀ ਭੈੜਾ ਨਿਕਲਿਆ।

---

# ਬੇਬੇ ਜੀ

ਤੇਰੀ ਪਿੱਠ ਪਿਛੇ ਕੋਈ ਗਾਲ੍ਹਾਂ ਦੇਵੇ ਤਾਂ ਧਿਆਨ ਨਾ ਦੇਈਂ। ਲੋਕ ਰੱਬ ਨੂੰ ਨਹੀਂ ਛੱਡਦੇ ਤੂੰ ਕੀ ਚੀਜ਼ ਹੈਂ। ਕੀ ਪਤਾ ਗਾਲ੍ਹਾਂ ਦੇਣ ਵਾਲਾ ਸੱਚਾ ਹੋਵੇ। ਜੇ ਉਹ ਆਖੇ, ਤੈਨੂੰ ਨਹੀਂ, ਦਰਖਤ ਨੂੰ ਗਾਲ੍ਹ ਦਿੱਤੀ ਹੈ ਤਾਂ ਇਹੋ ਸੱਚ ਮੰਨੀਂ ਕਿ ਦਰਖਤ ਨੂੰ ਗਾਲ੍ਹ ਦਿੱਤੀ ਹੈ, ਮੈਨੂੰ ਨਹੀਂ।"

ਮੈਂ ਪੁਛਿਆ, ਇਹ ਸਭ ਕੁਝ ਮੈਨੂੰ ਕਿਉਂ ਸਮਝਾਇਆ ਜਾ ਰਿਹਾ ਹੈ? ਤਾਂ ਉਹ ਬੋਲੀ, "ਇਸ ਕਰਕੇ ਕਿ ਥੋਡੇ ਸਾਰੇ ਭੈਣ ਭਰਾਵਾਂ ਉਪਰ ਗੁਰੂ ਦਇਆਵਾਨ ਹੈ। ਤੁਸੀਂ ਚੜ੍ਹਤ ਵਿਚ ਹੋ। ਕਿਹੜੀ ਤਾਕਤ ਅਤੇ ਸ਼ਾਨ ਹੋਰ ਹੈ ਜਿਹੜੀ ਤੁਹਾਨੂੰ ਨਹੀਂ ਮਿਲੀ? ਅਜੇ ਹੋਰ ਮਿਲੇਗੀ। ਜਿਹੜੇ ਇਸ ਤਾਕਤ ਤੋਂ ਖਾਲੀ ਹਨ, ਦੁਖੀ ਹਨ, ਮੰਦਾ ਚੰਗਾ ਬੋਲਣ ਦਾ ਹੱਕ ਉਨ੍ਹਾਂ ਦਾ ਹੈ-ਤੇਰਾ ਨਹੀਂ।"

ਇਹੋ ਜਿਹੀ ਗੱਲ ਬਾਪੂ ਨੇ ਕਹੀ ਸੀ ਜਦੋਂ ਮੈਂ ਕਾਲਜ ਦਾ ਵਿਦਿਆਰਥੀ ਸਾਂ। ਮੈਂ ਇਕ ਦਿਨ ਬਹੁਤ ਗੁੱਸੇ ਵਿਚ ਆ ਗਿਆ। ਕੋਈ ਗੱਲ ਅਜਿਹੀ ਹੋ ਗਈ ਸੀ। ਚਾਚੇ ਨੇ ਗਿਣ ਮਿਥ ਕੇ ਕੋਈ ਨੁਕਸਾਨ ਕੀਤਾ ਸੀ ਜਿਸ ਕਰਕੇ ਮੈਂ ਕਰੋਧ ਵਿਚ ਸਾਂ। ਬਾਪੂ ਜੀ ਕਹਿਣ ਲੱਗੇ, "ਗਰਮ ਨਹੀਂ ਹੋਈਦਾ।" ਮੈਂ ਕਿਹਾ, "ਕਿਉਂ ਨਹੀਂ ਹੋਈਦਾ ਗਰਮ? ਜਿਸ ਨੂੰ ਗੁੱਸਾ ਨਹੀਂ ਆਉਂਦਾ, ਉਹ ਕੋਈ ਬੰਦਾ ਹੈ? ਬੰਦੇ ਨੂੰ ਗੁੱਸਾ ਆਏਗਾ ਤੇ ਔਣਾ ਚਾਹੀਦਾ ਹੈ।" ਬਾਪੂ ਜੀ ਨੇ ਕਿਹਾ, "ਤੂੰ ਮੇਰੇ ਨਾਲ ਲੁਹਾਰ ਦੀ ਅਹਿਰਨ ਤੇ ਜਾਂਦਾ ਰਿਹੈਂ। ਤੂੰ ਦੇਖਿਆ ਹੋਣਾ ਹੈ ਲੋਹਾ ਗਰਮ ਹੁੰਦਾ ਹੈ ਤੇ ਲੁਹਾਰ ਠੰਢਾ, ਤਾਂ ਲੁਹਾਰ ਦੀ ਮਰਜ਼ੀ ਚਲਦੀ ਹੈ। ਜੇ ਲੋਹਾ ਠੰਢਾ ਹੋਵੇ ਤੇ ਲੁਹਾਰ ਗਰਮ ਹੋਵੇ ਤਾਂ ਲੋਹੇ ਦੀ ਮਰਜ਼ੀ ਚਲੇਗੀ। ਗਰਮ ਨਾ ਹੋਇਆ ਕਰ। ਜੇ ਬਾਦਸ਼ਾਹੀ ਕਰਨੀ ਹੈ ਤਾਂ ਤੈਸ਼ ਵਿਚ ਨਹੀਂ ਆਉਣਾ। ਜੇ ਗੁਲਾਮੀ ਕਰਨੀ ਹੈ ਤਾਂ ਤੇਰੀ ਮਰਜ਼ੀ। ਗੁਰੂ ਕਲਗੀਧਰ ਬਾਬਾ ਜੀ ਯੁੱਧ ਦੇ ਮੈਦਾਨ ਵਿਚ ਵੀ ਠੰਢੇ ਰਹਿੰਦੇ ਸਨ ਤੇ ਠੰਢ ਵਰਤਾਉਂਦੇ ਸਨ।"

ਹਜ਼ਰਤ ਮੁਹੰਮਦ ਸਾਹਿਬ ਆਪਣੇ ਉਸ ਪਿਆਰੇ ਦੇ ਘਰ ਪੁੱਜੇ ਜਿਸ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ ਸੀ। ਉਸ ਜੁਆਨ ਨੇ ਦੇਖਿਆ ਕਿ ਧਰਵਾਸ ਦੇਣ ਵੇਲੇ ਪੈਗੰਬਰ ਉਦਾਸ ਸਨ। ਜੁਆਨ ਨੇ ਕਿਹਾ, "ਜੀ ਮੈਂ ਸਾਧਾਰਨ ਬੰਦਾ ਹਾਂ। ਮੇਰੇ ਮਾਪੇ ਨਹੀਂ ਰਹੇ ਤਾਂ ਮੇਰਾ ਦੁਖੀ ਹੋਣਾ ਵਾਜਬ ਹੈ। ਤੁਸੀ ਬੇਅੰਤ ਵੱਡੇ ਹੋ। ਤੁਸੀਂ ਕਿਉਂ ਉਦਾਸ ਹੋਏ?" ਪੈਗੰਬਰ ਨੇ ਫੁਰਮਾਇਆ, "ਮਾਪੇ ਲਗਾਤਾਰ ਅੱਲਾਹ ਦੇ ਦਰਬਾਰ ਅੱਗੇ ਫਰਿਆਦ ਕਰਦੇ ਹਨ ਕਿ ਸਾਡੀ ਸੰਤਾਨ ਸੁਖੀ ਰਹੇ। ਉਹ ਹਮੇਸ਼ਾਂ ਆਖਦੇ ਹਨ, 'ਯਾ ਖੁਦਾ, ਸਾਡਾ ਬੱਚਾ ਅਜੇ ਛੋਟਾ ਹੈ। ਇਸ ਨੂੰ ਸਮਝ ਨਹੀਂ। ਇਸ ਦੇ ਗੁਨਾਹ ਬਖ਼ਸ਼। ਇਸ ਦੇ ਗੁਨਾਹਾਂ ਦੀ ਸਜ਼ਾ ਸਾਨੂੰ ਦੇ ਦੇਹ ਬੇਸ਼ਕ, ਇਸ ਮਾਸੂਮ ਉਪਰ ਮਿਹਰਬਾਨ ਰਹੀਂ। ਤੇਰੀ ਬੰਦਗੀ ਕਰਦੇ ਹਾਂ ਪਿਤਾ, ਤਾਂ ਉਸ ਦਾ ਸਿਲਾ ਇਨ੍ਹਾਂ ਬੱਚਿਆਂ ਨੂੰ ਮਿਲੇ।' ਮਾਪਿਆਂ ਦੀ ਖੁਸ਼ੀ ਕਾਇਮ ਰਹੇ, ਇਸ ਲਈ ਅੱਲਾਹ ਉਨ੍ਹਾਂ ਦੇ ਬੱਚਿਆਂ ਨੂੰ ਮਾਫ਼ ਕਰਦਾ ਰਹਿੰਦਾ ਹੈ। ਤੇਰੇ ਗੁਨਾਹ ਆਪਣੇ ਸਿਰ ਲੈਣ ਵਾਸਤੇ ਹੁਣ ਤੇਰਾ ਕੋਈ ਨਹੀਂ। ਮਾਪਿਆਂ ਤੋਂ ਬਗੈਰ ਹੋਰ ਕੋਈ ਨਹੀਂ ਜਿਹੜਾ ਇਹੋ ਜਿਹੀਆਂ ਦੁਆਵਾਂ ਦੇ ਕੇ ਬਲਾਵਾਂ ਆਪ ਆਪਣੇ ਸਿਰ ਲਵੇ। ਤੇਰਾ ਇਕ ਮਜ਼ਬੂਤ ਕਿਲਾ ਟੁੱਟ ਗਿਆ ਹੈ। ਹੁਣ ਤੇਰੇ ਉਪਰ ਸਖਤ ਵਕਤ ਆ ਗਿਆ ਹੈ। ਹੁਣ ਤੈਨੂੰ ਬਹੁਤ ਨੇਕ ਬਣਨਾ ਪਵੇਗਾ। ਆਪਣੇ ਕੰਮਾਂ ਦਾ ਹੁਣ ਤੂੰ ਆਪ ਜ਼ਿੰਮੇਵਾਰ ਹੋਵੇਂਗਾ। ਯਤੀਮ ਬੱਚਿਆਂ ਨੂੰ ਦੇਖ ਕੇ ਮੈਂ ਇਸ ਲਈ ਉਦਾਸ ਹੋ ਜਾਂਦਾ ਹਾਂ ਕਿ ਕੀ ਇਹ ਵਿਚਾਰੇ ਜ਼ਿੰਦਗੀ ਦਾ ਭਾਰ ਆਪੇ ਚੁੱਕੇ ਲੈਣਗੇ? ਪਰ ਅੱਲਾਹ ਮਿਹਰਬਾਨ ਹੈ। ਉਹ ਆਪਣੇ ਬੱਚਿਆਂ ਦੇ ਸਿਰ ਤੇ ਏਨਾ ਬੋਝ ਨਹੀਂ ਰੱਖਦਾ ਕਿ ਚੁੱਕ ਨਾ ਸਕਣ। ਤਾਕਤਵਰ ਹੈ। ਉਹ ਤੈਨੂੰ ਤੌਫੀਕ ਬਖ਼ਸ਼ੇਗਾ। ਹੌਸਲਾ ਰੱਖ। ਤੈਨੂੰ ਨੇਕੀ ਕਰਨੀ ਪਵੇਗੀ। ਬੰਦਗੀ ਕਰਨੀ ਪਵੇਗੀ।"

ਮੇਰੀ ਕੁਲੀਗ ਪ੍ਰੋਫੈਸਰ ਭਾਸਵਤੀ ਸਿਨਹਾ ਦੀ ਮਾਤਾ ਦਾ ਦੇਹਾਂਤ ਪਹਿਲਾਂ ਹੋ ਗਿਆ ਸੀ ਕਈ ਸਾਲ ਹੋਏ, ਪਿਤਾ ਜੀ ਹੁਣ ਗੁਜ਼ਰੇ ਹਨ। ਅਸੀਂ ਉਨ੍ਹਾਂ ਦੇ ਘਰ ਅਫਸੋਸ ਕਰਨ ਗਏ ਤਾਂ ਉਹ ਹਉਕਾ ਲੈ ਕੇ ਬੋਲੇ, "ਪੰਨੂ ਭਾਈ, ਅਬ ਹਮ ਅਨਾਥ ਹੋ ਗਏ ਹੈਂ। ਸਮਝਤੇ ਹੋ ਨਾ ਇਸ ਸ਼ਬਦ ਕਾ ਅਰਥ? ਮਾਤਾ ਪਿਤਾ ਹੋਤੇ ਹੈਂ ਤੋ ਹਮਾਰੇ ਨਾਕ ਮੇਂ ਨਕੇਲ ਹੋਤੀ ਹੈ, ਵੁਹ ਖੀਂਚ ਕਰ ਹਮੇਂ ਠੀਕ ਰਾਸਤੇ ਪਰ ਲੇ ਆਤੇ ਹੈਂ। ਹਮ ਭਟਕਤੇ ਨਹੀਂ ਕਿਉਂਕਿ ਨੱਥ ਉਨ ਕੇ ਹਾਥ ਮੇਂ ਹੋਤੀ ਹੈ। ਬੇਮੁਹਾਰ ਘੂੰਮੇਂਗੇ ਹਮ ਇਧਰ-ਉਧਰ। ਅਬ ਅਪਨਾ ਰਾਸਤਾ ਖੁਦ ਢੂੰਡਨਾ ਪੜੇਗਾ। ਅਨਾਥ ਹੈਂ ਹਮ ਅਬ।"

ਛੋਟੇ ਭਰਾ ਜਸਵਿੰਦਰ ਅਤੇ ਭਰਜਾਈ ਚਰਨਜੀਤ ਨੇ ਬਿਰਧ ਮਾਪਿਆਂ ਦੀ ਸੇਵਾ ਬੰਦਗੀ ਕਰਨ ਵਾਲਿਆਂ ਵਾਂਗ ਨਿਭਾਈ। ਹਰ ਖੁਸ਼ੀ ਗਮੀ ਅਤੇ ਤਿੱਥ ਤਿਉਹਾਰ ਵਕਤ ਅਸੀਂ ਸਾਰੇ ਜਣੇ ਉਸ ਦੀ ਕੋਠੀ ਜਾ ਪੁਜਦੇ। ਰੌਣਕਾਂ, ਖੁਸ਼ੀਆਂ ਅਤੇ ਮਿਲਾਪਾਂ ਦਾ ਮੇਲਾ ਲਗ ਜਾਂਦਾ। ਇਸ ਮੇਲੇ ਵਿਚੋਂ ਵਿਦਾ ਹੋ ਕੇ ਘਰੋ-ਘਰੀਂ ਜਾਣ ਲੱਗਦੇ ਤਾਂ ਜਸਵਿੰਦਰ ਹੌਲੀ ਦੇ ਕੇ ਪੁਛਿਆ ਕਰਦਾ, "ਜਦੋਂ ਬੇਬੇ ਬਾਪੂ ਨਾ ਰਹੇ, ਉਦੋਂ ਵੀ ਆਇਆ ਕਰੋਗੇ ਹੁਣ ਵਾਂਗ?"

ਜਿਨ੍ਹਾਂ ਬੱਚਿਆਂ ਨੂੰ ਮਾਂ ਦਾ ਪਿਆਰ ਨਸੀਬ ਨਹੀਂ ਹੋਇਆ ਉਹ ਕਿਹੋ ਜਿਹੇ ਹੁੰਦੇ ਹੋਣਗੇ? ਪਾਠਕ ਜੀ ਜੀਨ ਜੈਕ ਰੂਸੋ ਦੀ ਆਪਬੀਤੀ (ਕਨਫੈਸ਼ਨਜ਼) ਪੜ੍ਹੋ। ਜਨਮ ਦੇ ਕੇ ਉਸ ਦੀ ਮਾਂ ਤੁਰ ਗਈ। ਲਿਖਦਾ ਹੈ-ਬਾਪੂ ਦੱਸਿਆ ਕਰਦਾ ਸੀ, ਗਵਾਂਢਣਾ ਵੀ, ਮੇਰੀ ਮਾਂ ਸੁਹਣੀ ਬਹੁਤ ਸੀ। ਬਾਪੂ ਨੂੰ ਏਨਾ ਪਿਆਰ ਕਰਦੀ ਸੀ ਕਿ ਗਰੀਬੀ ਦੇ ਬਾਵਜੂਦ ਉਸ ਨੂੰ ਚੰਗੀ ਨੌਕਰੀ ਕਰਨ ਪਰਦੇਸ ਜਾਣ ਤੋਂ ਰੋਕ ਦਿੱਤਾ। ਬਾਪੂ ਦੁਕਾਨ ਉਪਰ ਘੜੀਆਂ ਠੀਕ ਕਰਦਾ ਹੁੰਦਾ। ਚਾਰ ਪੰਜ ਸਾਲ ਦਾ ਮੈਂ ਉਸ ਕੋਲ ਬੈਠਾ ਗੱਲਾਂ ਸੁਣਦਾ। ਬਾਪੂ ਆਖਦਾ-ਮੈਂ ਤੇਰੀ ਮਾਂ ਦੀ ਗੱਲ ਮੰਨ ਕੇ ਦੂਰ ਨਹੀਂ ਗਿਆ ਸੀ। ਉਹ ਕਿਉਂ ਗਈ ਫੇਰ? ਅਸੀਂ ਦੋਵੇਂ ਰੋਣ ਲੱਗ ਜਾਂਦੇ। ਕਿਸੇ ਦਿਨ ਫੇਰ ਬਾਪੂ ਮੈਨੂੰ ਆਖਦਾ-ਰੂਸੋ, ਤੇਰੀ ਮੰਮੀ ਦੀਆਂ ਗੱਲਾਂ ਕਰੀਏ? ਮੈਂ ਉਤਰ ਦਿੰਦਾ-ਨਹੀਂ ਪਾਪਾ। ਮੰਮੀ ਦੀਆਂ ਗੱਲਾਂ ਨਹੀਂ ਕਰਨੀਆਂ। ਫੇਰ ਆਪਾਂ ਰੋਣ ਲੱਗ ਜਾਵਾਂਗੇ। ਮੇਰੀ ਏਨੀ ਕੁ ਗੱਲ ਦੇਰ ਤਕ ਸਾਨੂੰ ਦੋਵਾਂ ਨੂੰ ਰੁਆਉਣ ਲਈ ਕਾਫੀ ਹੁੰਦੀ।

ਨਾਗਸੈਨ ਨੇ ਮੈਨੂੰ ਪੁੱਛਿਆ, "ਕੀ ਇਹੋ ਜਿਹੀ ਮਾਂ ਵੀ ਦੇਖੀ ਜਿਸ ਨੇ ਵਿਆਹ ਕੇ ਤੋਰਨ ਵੇਲੇ ਧੀ ਨੂੰ ਸਿੱਖਿਆ ਦਿੱਤੀ ਮਹਿਲਾਂ ਵਿਚ ਵਸੀਂ ਭਾਵੇਂ ਪਰ ਇਕ ਕੋਨਾ ਆਪਣੇ ਲਈ ਰੱਖੀਂ, ਜਿਹੜਾ ਤੇਰਾ ਹੋਵੇ। ਜਿਥੇ ਇਕੱਲੀ ਬੈਠ ਕੇ ਤੂੰ ਆਰਾਮ ਨਾਲ ਰੋ ਸਕੇਂ ਤੇ ਕੋਈ ਦੇਖੇ ਨਾ। ਪਲਕਾਂ ਹੇਠ ਹੰਝੂ ਤੇ ਪੱਲੇ ਹੇਠਾਂ ਦੁੱਧ ਛੁਪਾ ਕੇ ਰੱਖੀਂ।"

ਟੈਗੋਰ-ਵਰਖਾ ਦੀਆਂ ਬੂੰਦਾਂ ਨੇ ਧਰਤੀ ਨੂੰ ਚੁੰਮਿਆਂ ਤੇ ਹੌਲੀ ਦੇਣੀ ਕਿਹਾ-ਅਸੀਂ ਤੇਰੇ ਤੋਂ ਵਿਛੜੀਆਂ ਤੇਰੀਆਂ ਬੱਚੀਆਂ ਹਾਂ ਤੇ ਸੁਰਗਾਂ ਤੋਂ ਮੁੜ ਕੇ ਆਈਆਂ ਹਾਂ। ਸਾਨੂੰ ਆਪਣੀ ਗੋਦ ਵਿਚ ਸਮਾਏਂਗੀ ਮਾਂ?

ਇਸ ਕਥਾ ਦਾ ਅੰਤ ਕਿਵੇਂ ਕਰੀਏ? ਸਿੱਖੀ ਦੀਆਂ ਗੱਲਾਂ ਤਾਂ ਕਰ ਲਈਆਂ। ਪੁਰਾਣ ਦਾ ਕੋਈ ਮੰਤਰ ਠੀਕ ਰਹੇਗਾ ਕਿ ਬੋਧਵਾਕ? ਦੋਵੇਂ ਠੀਕ ਹਨ। ਤੁਸੀਂ ਦੇਖ ਲੈਣਾ ਅਜਮਾ ਕੇ, ਜਿਵੇਂ ਮਰਦ ਧਰਮਾਂ ਵਿਚਕਾਰ ਬਖੇੜਾ ਕਰਦੇ ਹਨ, ਔਰਤਾਂ ਨਹੀਂ ਕਰਦੀਆਂ। ਮਾਂਵਾਂ ਦੀਆਂ ਝੋਲੀਆਂ ਏਨੀਆਂ ਵੱਡੀਆਂ ਹਨ ਕਿ ਉਨ੍ਹਾਂ ਵਿਚ ਸਭ ਧਰਮ ਟਿਕ ਕੇ ਸੌਂ ਜਾਂਦੇ ਹਨ ਆਰਾਮ ਨਾਲ। ਖਹਿਬੜਦੇ ਨਹੀਂ।

ਲਉ ਜੀ ਸੁਣੋ ਰਿਸ਼ੀ-ਕਥਨ-ਤੂੰ ਜਿਸ ਮਰਜ਼ੀ ਦੇਸ ਵਿਚ ਜਾਹ। ਜਿਸ ਮਰਜ਼ੀ ਯੁੱਗ ਵਿਚ ਛੁਪਣ ਦਾ ਯਤਨ ਕਰ। ਤੇਰੇ ਕਰਮ ਤੈਨੂੰ ਮਿਲਣਗੇ। ਹਜਾਰ ਗਾਂਵਾਂ ਵਿਚੋਂ ਵੱਛਾ ਜਿਵੇਂ ਆਪਣੀ ਮਾਂ ਨੂੰ ਲੱਭ ਲੈਂਦਾ ਹੈ, ਤੇਰੇ ਕਰਮ ਤੈਨੂੰ ਲੱਭ ਲੈਣਗੇ ਹਰ ਥਾਂ।

ਕਦੀ ਮਿਰਚਾਂ ਤੋੜਦੀ ਫਿਰਦੀ ਖੇਤ ਵਿਚ, ਕਦੀ ਕਪਾਹ ਚੁਗਦੀ। ਕਿਤੇ ਵਛਰੂਆਂ ਦੀਆਂ ਬੂਥੀਆਂ ਪਲੋਸ ਰਹੀ, ਕਿਤੇ ਮੱਝਾਂ ਨੂੰ ਥਾਪੀ ਦੇ ਰਹੀ। ਫਟੇ ਪੁਰਾਣੇ ਟਾਕੀਆਂ ਵਾਲੇ ਖੱਦਰ ਦੇ ਕੱਪੜੇ ਪਾਈ, ਮਿਟੀ ਘੱਟੇ ਵਿਚ ਲਥਪਥ ਉਹ ਕਦੀ ਝਾੜੂ ਦਿੰਦੀ ਦਿਸਦੀ ਕਦੀ ਪਾਥੀਆਂ ਪੱਥਦੀ। ਅਨੁਰੁੱਧ ਨੇ ਇਹ ਬੋਧ-ਵਾਕ ਢਾਈ ਹਜ਼ਾਰ ਸਾਲ ਪਹਿਲਾਂ ਲਿਖਿਆ, "ਸੱਚ ਨੇ ਜਦੋਂ ਫੈਸਲਾ ਕੀਤਾ ਕਿ ਮੈਂ ਪ੍ਰਗਟ ਹੋਵਾਂ ਤਾਂ ਮਿੱਟੀ ਘੱਟੇ ਅਤੇ ਚਿੱਕੜ ਵਿਚ ਲਿੱਬੜ ਕੇ ਉਸ ਨੇ ਏਨੀ ਰੋਸ਼ਨੀ ਛੱਡੀ ਕਿ ਸਾਰੇ ਸੰਸਾਰ ਜਗਮਗ-ਜਗਮਗ ਕਰਨ ਲੱਗੇ। ਬ੍ਰਹਿਮੰਡ ਚਾਨਣ ਦੇ ਹੜ੍ਹ ਵਿਚ ਨਹਾਤਾ।"

**(ਸਮਾਪਤ)**

# ਮੈਕਾਲਿਫ ਦਾ ਬਾਣੀ ਦਾ ਅੰਗਰੇਜ਼ੀ ਅਨੁਵਾਦ

## ਮੈਕਾਲਿਫ ਦੀ ਸੌਵੀਂ ਬਰਸੀ-2



***ਅੰਗਰੇਜ਼ ਵਿਦਵਾਨ ਮੈਕਸ ਆਰਥਰ ਮੈਕਾਲਿਫ (10 ਸਤੰਬਰ 1841-15 ਮਾਰਚ 1913) ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ 'ਚ ਤਰਜਮਾ ਕਰਨ ਤੋਂ ਇਲਾਵਾ ਅੰਗਰੇਜ਼ੀ ਵਿਚ 'ਸਿੱਖ ਧਰਮ: ਇਸ ਦੇ ਗੁਰੂ, ਪਵਿੱਤਰ ਲਿਖਤਾਂ ਅਤੇ ਲੇਖਕ' ਨਾਂ ਦੀ ਪੁਸਤਕ ਵੀ ਲਿਖੀ। ਗੁਰੂ ਗ੍ਰੰਥ ਸਾਹਿਬ ਦੇ ਤਰਜਮੇ ਕਰ ਕੇ ਸਿੱਖ ਪੰਥ ਵਿਚ ਉਹਦਾ ਬਹੁਤ ਇੱਜ਼ਤ-ਮਾਣ ਹੈ। ਮੈਕਾਲਿਫ 1862 ਵਿਚ ਆਈ.ਸੀ.ਐਸ. ਅਫਸਰ ਬਣਿਆ ਅਤੇ ਫਰਵਰੀ 1864 ਵਿਚ ਪੰਜਾਬ ਆਇਆ। ਉਹ 1893 ਵਿਚ ਆਈ.ਸੀ.ਐਸ. ਅਫਸਰ ਵਜੋਂ ਰਿਟਾਇਰ ਹੋਇਆ। ਉਹ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕਰ ਕੇ ਇੰਨਾ ਨਿਹਾਲ ਹੋਇਆ ਕਿ ਬਾਅਦ ਵਿਚ ਉਸ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ। ਇਸ ਬਦਲੇ ਬਰਤਾਨਵੀ ਹਕੂਮਤ ਨੇ ਉਸ ਦੀ ਖਿਚਾਈ ਵੀ ਕੀਤੀ। ਉਸ ਦੇ ਨਿਜੀ ਸਹਾਇਕ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਹੈ ਕਿ ਮੈਕਾਲਿਫ ਆਪਣੀ ਜ਼ਿੰਦਗੀ ਦੇ ਅਖੀਰਲੇ ਦਿਨਾਂ ਵਿਚ ਹਰ ਸਵੇਰ ਅਰਦਾਸ ਕਰਿਆ ਕਰਦਾ। ਮਰਨ ਤੋਂ ਦਸ ਮਿੰਟ ਪਹਿਲਾਂ ਉਸ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਮੈਕਾਲਿਫ ਦੀ ਸੌਵੀਂ ਬਰਸੀ ਮੌਕੇ ਅਸੀਂ ਗੁਰਬਚਨ ਸਿੰਘ ਭੁੱਲਰ ਵੱਲੋਂ ਲਿਖੀ ਲੇਖ ਲੜੀ ਛਾਪ ਰਹੇ ਹਾਂ ਜਿਸ ਵਿਚ ਮੈਕਾਲਿਫ ਦੇ ਜੀਵਨ ਅਤੇ ਉਸ ਦੀ ਸਿੱਖ ਧਰਮ ਨੂੰ ਦੇਣ ਬਾਰੇ ਚਾਨਣਾ ਪਾਇਆ ਗਿਆ ਹੈ। -ਸੰਪਾਦਕ***

ਮੈਕਾਲਿਫ ਨੂੰ ਬਾਣੀ ਦਾ ਅੰਗਰੇਜ਼ੀ ਅਨੁਵਾਦ ਕਰਨ ਸਮੇਂ ਆਈ ਜਿਸ ਮੁਸ਼ਕਲ ਦਾ ਜ਼ਿਕਰ ਬਾਪੂ ਜੀ ਮੇਰੀ ਕੱਚੀ ਉਮਰੇ ਕਰਿਆ ਕਰਦੇ ਸਨ, ਮੇਰੀ ਹੁਣ ਦੀ ਸਮਝ ਅਨੁਸਾਰ ਮੁਸ਼ਕਲ ਉਹ ਇਕੱਲੀ ਹੀ ਨਹੀਂ ਸੀ। ਉਹ ਦਸਦੇ ਸਨ ਕਿ ਉਹਦੇ ਤਨਖ਼ਾਹਦਾਰ ਬਣ ਕੇ ਰਹਿਣ ਵਾਲੇ ਬਹੁਤੇ ਗਿਆਨੀ ਅੰਗਰੇਜ਼ੀ ਨਾ ਜਾਣਦੇ ਹੋਣ ਤੋਂ ਇਲਾਵਾ ਬਾਣੀ ਦੀ ਵਿਆਖਿਆ ਦੇ ਸਬੰਧ ਵਿਚ ਵੀ ਮੈਕਾਲਿਫ ਦੀ ਤਸੱਲੀ ਕਰਵਾਉਣ ਵਿਚ ਅਸਫ਼ਲ ਰਹਿੰਦੇ ਸਨ।



**ਗੁਰਬਚਨ ਸਿੰਘ ਭੁੱਲਰ**
**ਫੋਨ: 91-11-65736868**
bhullargs@gmail.com

ਉਨ੍ਹਾਂ ਦੀ ਅੰਗਰੇਜ਼ੀ ਦੀ ਜਾਣਕਾਰੀ ਦੀ ਘਾਟ ਤਾਂ ਉਹ ਉਨ੍ਹਾਂ ਦੀ ਦੱਸੀ ਹੋਈ ਪੰਜਾਬੀ ਨੂੰ ਸਹੀ ਅੰਗਰੇਜ਼ੀ ਵਿਚ ਸਮਝਾਉਣ ਦੇ ਸਮਰੱਥ ਵਿਅਕਤੀ ਮੁਲਾਜ਼ਮ ਰੱਖ ਕੇ ਪੂਰੀ ਕਰ ਸਕਦਾ ਸੀ ਪਰ ਬਾਣੀ ਦੀ ਵਿਆਖਿਆ ਦੀ ਤਸੱਲੀ ਲਈ ਉਹਨੂੰ ਬਹੁਤ ਔਖ ਆਉਂਦੀ। ਆਪਣੇ ਸ਼ੰਕਿਆਂ ਦੇ ਹੱਲ ਲਈ ਉਹ ਵਾਰ ਵਾਰ ਬਾਣੀ ਦੇ ਗਿਆਤਾ ਸਿੱਖ ਵਿਦਵਾਨਾਂ ਤੱਕ ਪਹੁੰਚ ਕਰਦਾ ਅਤੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਦਾ।

ਮੈਕਾਲਿਫ ਦੀਆਂ ਸਮੱਸਿਆਵਾਂ ਅਨੇਕ ਸਨ ਅਤੇ ਇਸ ਨਾਲੋਂ ਵੱਧ ਗੰਭੀਰ ਸਨ। ਇਕ ਤਾਂ ਵੱਖ ਵੱਖ ਗਿਆਨੀ ਆਪਣੀ ਸਮਝ ਅਨੁਸਾਰ ਇਕੋ ਤੁਕ ਦੇ ਵੱਖ ਵੱਖ ਅਰਥ ਕਰ ਦਿੰਦੇ ਸਨ। ਲਗਦਾ ਹੈ, ਬਹੁਤੇ ਗਿਆਨੀਆਂ ਨੂੰ ਬਾਣੀ ਦੇ ਵਿਆਕਰਣ ਦੀ ਵੀ ਸਮਝ ਨਹੀਂ ਸੀ। ਹਰ ਭਾਸ਼ਾ ਵਿਚ ਅਨੇਕ ਸ਼ਬਦ ਬਹੁ-ਅਰਥੀ ਹੁੰਦੇ ਹਨ। ਜਿਸ ਵਾਕ ਜਾਂ ਤੁਕ ਵਿਚ ਕੋਈ ਸ਼ਬਦ ਵਰਤਿਆ ਗਿਆ ਹੁੰਦਾ ਹੈ, ਉਹਦੇ ਅਰਥ ਉਸ ਵਾਕ ਜਾਂ ਤੁਕ ਦੇ ਸਮੁੱਚੇ ਪ੍ਰਸੰਗ ਉਤੇ ਨਿਰਭਰ ਹੋ ਜਾਂਦੇ ਹਨ। ਇਸ ਉਪਰੰਤ, ਬਾਣੀ ਦਾ ਆਪਣਾ ਵੀ ਵਿਆਕਰਣ ਹੈ ਜਿਸ ਅਨੁਸਾਰ ਇਕੋ ਸ਼ਬਦ ਨਾਲ ਵੱਖ ਵੱਖ ਲਗਾਂ-ਮਾਤਰਾਂ ਲੱਗਣ ਨਾਲ ਉਸ ਦੇ ਅਰਥਾਂ ਵਿਚ ਫਰਕ ਆ ਜਾਂਦਾ ਹੈ। ਕਿਹਾ ਜਾ ਸਕਦਾ ਹੈ ਕਿ ਮੈਕਾਲਿਫ ਨੂੰ ਆਉਂਦੀ ਵੱਖ ਵੱਖ ਗਿਆਨੀਆਂ ਵੱਲੋਂ ਇਕੋ ਤੁਕ ਦੀ ਵੱਖ ਵੱਖ ਵਿਆਖਿਆ ਕੀਤੇ ਜਾਣ ਦੀ ਜਿਸ ਮੁਸ਼ਕਲ ਦਾ ਜ਼ਿਕਰ ਕੀਤਾ ਗਿਆ ਹੈ, ਉਹ ਨਿਸਚੇ ਹੀ ਇਨ੍ਹਾਂ ਤੱਥਾਂ ਦੀ ਪੈਦਾ ਕੀਤੀ ਹੋਈ ਸੀ। ਇਸ ਮੁਸ਼ਕਲ ਵਿਚ ਇਕ ਗੱਲ ਹੋਰ ਵਾਧਾ ਕਰ ਦਿੰਦੀ ਸੀ। ਜਦੋਂ ਉਹ ਇਨ੍ਹਾਂ ਵਖਰੇਵਿਆਂ ਨੂੰ ਵਿਚਾਰ-ਚਰਚਾ ਦੇ ਵਾਜਬ ਢੰਗ ਰਾਹੀਂ ਹੱਲ ਕਰ ਕੇ ਸਹੀ ਅਰਥ ਉਤੇ ਪੁੱਜਣਾ ਚਾਹੁੰਦਾ, ਉਸ ਸਹੀ ਅਰਥ ਦੇ ਪੱਖ ਵਿਚ ਨਿੱਗਰ ਦਲੀਲਾਂ ਹੋਣ ਦੇ ਬਾਵਜੂਦ ਵੱਖਰੇ ਅਰਥਾਂ ਦੇ ਮੁੱਦਈ ਗਿਆਨੀ ਕੇਵਲ ਆਪਣੀ ਹਉਂ ਕਾਰਨ ਹੀ ਸਹਿਮਤ ਨਹੀਂ ਸਨ ਹੁੰਦੇ। ਹਰ ਕੋਈ ਆਪਣੇ ਆਪ ਨੂੰ ਦੂਜਿਆਂ ਨਾਲੋਂ ਸਿਆਣਾ ਅਤੇ ਆਪਣੀ ਗੱਲ ਨੂੰ ਅੰਤਿਮ ਸੱਚ ਸਮਝਦਾ। ਮੈਕਾਲਿਫ ਉਨ੍ਹਾਂ ਸਭਨਾਂ ਦਾ ਆਦਰ ਕਰਦਿਆਂ ਬੜੇ ਸਬਰ ਨਾਲ ਇਨ੍ਹਾਂ ਵਿਰੋਧਾਂ ਤੇ ਵਖਰੇਵਿਆਂ ਵਿਚੋਂ ਸੱਚ ਲੱਭਣ ਦਾ ਜਤਨ ਕਰਦਾ ਅਤੇ ਆਖਰ ਨੂੰ ਸੱਚ ਲੱਭ ਲੈਂਦਾ!

ਦੂਜੀ ਸਮੱਸਿਆ ਦਾ ਨਾਤਾ ਹਉਂ ਨਾਲ ਤਾਂ ਨਹੀਂ ਸੀ, ਪਰ ਉਹ ਵਿਚਿੱਤਰ ਜ਼ਰੂਰ ਸੀ। ਕਈ ਗਿਆਨੀ ਬਾਣੀ ਬਾਰੇ ਆਪਣੀ ਜਾਣਕਾਰੀ ਮੈਕਾਲਿਫ ਨਾਲ ਸਾਂਝੀ ਕਰਨ ਤੋਂ ਇਸ ਕਰਕੇ ਸੰਕੋਚ ਕਰਦੇ ਸਨ ਕਿ ਉਨ੍ਹਾਂ ਦਾ ਪਹਿਲਾਂ ਕਿਸੇ ਉਸਤਾਦ ਕਥਾਕਾਰ ਦੀ ਸ਼ਾਗਿਰਦੀ ਅਤੇ ਫੇਰ ਲੰਮੇ ਅਧਿਐਨ ਤੇ ਕਰੜੀ ਮਿਹਨਤ ਨਾਲ ਕਮਾਇਆ ਹੋਇਆ ਇਹ ਗਿਆਨ ਉਨ੍ਹਾਂ ਦੀ ਹੀ ਮਲਕੀਅਤ ਰਹਿਣਾ ਚਾਹੀਦਾ ਹੈ! ਉਹ ਗਿਆਨ ਦੀ ਮੌਖਿਕ ਭਾਰਤੀ ਪਰੰਪਰਾ ਦੇ ਵਿਸ਼ਵਾਸੀ ਸਨ ਅਤੇ ਵਿਧੀ ਅਨੁਸਾਰ ਬਣੇ ਸ਼ਿਸ਼ ਤੋਂ ਇਲਾਵਾ ਕਿਸੇ ਹੋਰ ਨੂੰ ਆਪਣੀ ਜਾਣਕਾਰੀ ਦੇ ਖਜ਼ਾਨੇ ਵਿਚੋਂ ਕੁਛ ਸੌਂਪਣ ਲਈ ਤਿਆਰ ਨਹੀਂ ਸਨ ਹੁੰਦੇ। ਇਹ ਔਗੁਣ ਕਥਾਕਾਰਾਂ ਤੱਕ ਹੀ ਸੀਮਤ ਨਹੀਂ ਸੀ। ਸਾਡੇ ਸਮਾਜ ਵਿਚ ਬਥੇਰੇ ਰਾਗੀ, ਸੰਗੀਤਕਾਰ, ਵੈਦ ਤੇ ਹੋਰ ਗੁਣਵਾਨ ਵਿਅਕਤੀ ਰਾਗਾਂ ਦੀਆਂ ਬਾਰੀਕੀਆਂ, ਸੰਗੀਤ ਦੀਆਂ ਸੂਖ਼ਮਤਾਵਾਂ, ਰੋਗ-ਨਿਵਾਰਕ ਔਸ਼ਧੀਆਂ ਦੇ ਭੇਤ ਅਤੇ ਹੋਰ ਅਨੇਕ ਗੁਣ ਕਿਸੇ ਨਾਲ ਸਾਂਝੇ ਕੀਤੇ ਬਿਨਾਂ ਆਪਣੇ ਨਾਲ ਹੀ ਮੁਕਦੇ ਕਰ ਜਾਂਦੇ ਸਨ। ਮੈਕਾਲਿਫ ਲਈ ਬਾਣੀ ਦੇ ਅਜਿਹੇ ਵਿਆਖਿਆਕਾਰਾਂ ਦੇ ਭੰਡਾਰ ਵਿਚੋਂ ਕੁਛ ਹਾਸਲ ਕਰਨਾ ਖਾਸਾ ਟੇਢਾ ਕੰਮ ਸਾਬਤ ਹੁੰਦਾ ਸੀ।

ਤੀਜੀ ਸਮੱਸਿਆ ਤਾਂ ਅਜਿਹੀ ਸੀ ਕਿ ਮੈਕਾਲਿਫ ਦੇ ਕਾਰਜ ਵਿਚ ਅਲੰਘ ਰੋਕ ਬਣਨ ਦੀ ਸਮਰੱਥਾ ਰਖਦੀ ਸੀ ਅਤੇ ਉਸ ਦੀ ਸਮੁੱਚੀ ਵਿਉਂਤ ਉਤੇ ਹੀ ਪਾਣੀ ਫੇਰ ਸਕਦੀ ਸੀ। ਕਈ ਸਿੱਖ ਵਿਦਵਾਨਾਂ ਦਾ ਨਿਹਚਾ ਸੀ ਕਿ ਗੁਰੂ-ਸ਼ਬਦ ਜਿਸ ਰੂਪ ਵਿਚ ਤੇ ਜਿਨ੍ਹਾਂ ਬੋਲਾਂ ਵਿਚ ਪ੍ਰਗਟ ਹੋਇਆ ਹੈ, ਉਹੋ ਅੰਤਿਮ ਅਤੇ ਅਬਦਲ ਹਨ। ਉਸ ਨੂੰ ਕਿਸੇ ਵੱਖਰੇ ਰੂਪ ਵਿਚ ਪੇਸ਼ ਕਰਨਾ, ਕਿਸੇ ਹੋਰ ਭਾਸ਼ਾ ਵਿਚ ਪਲਟਣਾ ਨਾ ਤਾਂ ਸੰਭਵ ਹੈ ਤੇ ਨਾ ਹੀ ਵਾਜਬ। ਉਨ੍ਹਾਂ ਅਨੁਸਾਰ ਅਜਿਹਾ ਕਰਨਾ ਬਾਣੀ ਨਾਲ ਛੇੜਛਾੜ ਦੇ ਤੁੱਲ ਸੀ। ਉਨ੍ਹਾਂ ਦੀ ਇਸ ਸੋਚ ਦਾ ਆਧਾਰ ਕੋਈ ਮੰਦਭਾਵਨਾ ਨਹੀਂ ਸੀ, ਸਗੋਂ ਇਹ ਉਨ੍ਹਾਂ ਦਾ ਦਿਲੀ ਵਿਸ਼ਵਾਸ ਸੀ। ਕਈ ਸਿਆਣੇ ਲੋਕ ਅਨੁਵਾਦ ਦੇ ਕਾਰਜ ਦੀਆਂ ਮੁਸ਼ਕਲਾਂ ਸਮਝਦੇ ਹੋਣ ਕਾਰਨ ਵੀ ਅਜਿਹੇ ਜਤਨਾਂ ਬਾਰੇ ਸ਼ੰਕਾ ਕਰਦੇ ਸਨ ਤੇ ਉਪਰੋਕਤ ਲੋਕਾਂ ਨਾਲ ਮੋਟੇ ਤੌਰ ਉਤੇ ਸਹਿਮਤ ਹੋ ਜਾਂਦੇ ਸਨ। ਕਾਫੀ ਮਗਰੋਂ ਜਾ ਕੇ ਪ੍ਰਿੰਸੀਪਲ ਤੇਜਾ ਸਿੰਘ ਨੇ ਸਵੈਜੀਵਨੀ 'ਆਰਸੀ' ਵਿਚ ਇਹ ਮਸਲਾ ਬੜੇ ਸੋਹਣੇ ਢੰਗ ਨਾਲ ਪੇਸ਼ ਕੀਤਾ। ਉਹ ਟਰੰਪ ਤਾਂ ਕੀ, ਮੈਕਾਲਿਫ ਦੇ ਅਨੁਵਾਦ ਤੋਂ ਵੀ ਪੂਰੇ ਸੰਤੁਸ਼ਟ ਨਹੀਂ ਸਨ ਅਤੇ ਉਨ੍ਹਾਂ ਦੋਵਾਂ ਦੇ ਅਨੁਵਾਦ ਨੂੰ ਹੀ 'ਅੱਖਰੀ', ਭਾਵ ਸ਼ਬਦੀ ਅਨੁਵਾਦ ਆਖਦੇ ਹਨ। ਉਹ ਲਿਖਦੇ ਹਨ, (ਉਲਥਾ) "ਗੁਰੂ ਸਾਹਿਬ ਦੇ ਖਿਆਲ ਨੂੰ ਪੰਜਾਬੀ ਮਨ ਵਿਚ ਪਾ ਕੇ ਅੰਗਰੇਜ਼ੀ ਮੂੰਹ ਤੋਂ ਬਾਹਰ ਕਢਣਾ ਹੈ। ਹਰ ਕੌਮ ਦੀ ਬੋਲੀ ਦਾ ਆਪਣਾ ਮੁਹਾਵਰਾ ਹੁੰਦਾ ਹੈ। ਉਸ ਨੂੰ ਕਿਸੇ ਹੋਰ ਕੌਮ ਦੇ ਮੁਹਾਵਰੇ ਵਿਚ ਪਲਟਾਉਣ ਲੱਗਿਆਂ ਅੱਖਰੀ ਅਰਥ ਕਰਨਾ ਅਨਰਥ ਕਰਨਾ ਹੈ।" ਉਹ ਵਧੀਆ ਮਿਸਾਲ ਦਿੰਦੇ ਹਨ, "ਉਹ ਉਸ ਨੂੰ ਮੂੰਹ ਨਹੀਂ ਲਾਉਂਦਾ ਦਾ ਅਰਥ ਟਰੰਪ ਕਰੇਗਾ-ਹੀ ਡਿਡ ਨਾਟ ਕਿੱਸ ਹਰ। ਕੀ ਇਹ ਅਨਰਥ ਨਹੀਂ ਹੈ? ਮੇਰੇ ਸਿਰ 'ਤੇ ਆਪਣਾ ਹਥ ਰਖ ਦਾ ਉਲਥਾ ਜੇ ਇਉਂ ਕਰੀਏ ਤਾਂ ਠੀਕ ਨਹੀਂ-ਪਲੇਸ ਯੂਅਰ ਹੈੱਡ ਆਨ ਮਾਈ ਹੈੱਡ। ਸਗੋਂ ਠੀਕ ਇਉਂ ਹੋਵੇਗਾ-ਟੇਕ ਮੀ ਅੰਡਰ ਦਾਈ ਵਿੰਗ।" ਮੈਕਾਲਿਫ ਦਾ ਅਨੁਵਾਦ ਸ਼ਾਬਦਿਕ ਹੋਣ ਬਾਰੇ ਉਨ੍ਹਾਂ ਦੀ ਗੱਲ ਸ਼ਾਇਦ ਇਸ ਲਈ ਠੀਕ ਹੈ ਕਿ ਉਹ ਭਾਸ਼ਾ, ਸਾਹਿਤ, ਸਭਿਆਚਾਰ, ਧਰਮ, ਪਰੰਪਰਾ ਆਦਿ ਦਾ ਸੁਹਿਰਦ ਜਗਿਆਸੂ ਅਤੇ ਉਦਾਰ ਜਾਣਕਾਰ ਤਾਂ ਸੀ ਪਰ ਮੌਲਿਕ ਲੇਖਕ, ਖਾਸ ਕਰਕੇ ਕਵੀ ਨਹੀਂ ਸੀ! 'ਧੁਰ ਕੀ ਬਾਣੀ' ਦੇ ਅਨੁਵਾਦ ਵਿਚ ਸੂਤ-ਭਰ ਵੀ ਇਧਰ-ਉਧਰ ਨਾ ਹੋਣ ਦੀ ਸੰਭਾਵਨਾ ਸਬੰਧੀ ਸਿੱਖਾਂ ਦਾ ਵਿਸ਼ਵਾਸ ਵੀ ਉਹਦੀ ਸਾਹਿਤਕ-ਕਾਵਿਕ ਉਡਾਰੀ ਦਾ ਰਾਹ ਰੋਕਦਾ ਸੀ।

ਤੇਜਾ ਸਿੰਘ ਨੇ ਤਾਂ ਇਹ ਗੱਲਾਂ ਮਗਰੋਂ ਜਾ ਕੇ ਲਿਖੀਆਂ, ਮੈਕਾਲਿਫ ਦੇ ਸਮਕਾਲੀ ਕੁਛ ਸਿੱਖ ਵਿਦਵਾਨਾਂ ਦੇ ਵੀ ਅਜਿਹੇ ਤੌਖਲੇ ਸਨ। ਕੁਛ ਸਿੱਖ ਅਜਿਹੇ ਵੀ ਸਨ ਜੋ ਕਿਸੇ ਹੋਰ ਭਾਸ਼ਾ ਵਿਚ ਬਾਣੀ ਦੇ ਅਨੁਵਾਦ ਦੇ ਤਾਂ ਅਸੂਲੀ ਤੌਰ ਉਤੇ ਵਿਰੁਧ ਨਹੀਂ ਸਨ, ਪਰ ਕਿਸੇ ਗ਼ੈਰਸਿੱਖ ਦਾ ਬਾਣੀ ਨੂੰ ਅਰਥਾਉਣਾ ਤੇ ਅਨੁਵਾਦਣਾ ਉਨ੍ਹਾਂ ਨੂੰ ਵਾਜਬ ਨਹੀਂ ਸੀ ਲਗਦਾ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਕਾਰਜ ਜਿਸ ਸ਼ਰਧਾ, ਸਮਰਪਣ, ਸੋਚ ਤੇ ਸਿਰੜ ਦੀ ਮੰਗ ਕਰਦਾ ਹੈ, ਉਹਦੀ ਆਸ ਕਿਸੇ ਗ਼ੈਰਸਿੱਖ ਤੋਂ, ਖਾਸ ਕਰਕੇ ਕਿਸੇ ਪਰਦੇਸੀ ਤੋਂ ਤੇ ਉਹ ਵੀ ਅੰਗਰੇਜ਼ ਤੋਂ ਨਹੀਂ ਰੱਖੀ ਜਾ ਸਕਦੀ। ਸ਼ਾਇਦ ਅਜਿਹੇ ਵਿਚਾਰ ਨਿਰਮੂਲ ਵੀ ਨਹੀਂ ਸਨ। ਲਗਦਾ ਹੈ, ਇਨ੍ਹਾਂ ਲੋਕਾਂ ਦੇ ਮਨ ਵਿਚ ਕਿਤੇ ਟਰੰਪ ਦੇ ਉਪੱਦਰੀ ਵਿਹਾਰ ਦਾ ਦੁਖਦਾਈ ਪ੍ਰਭਾਵ ਕੰਮ ਕਰ ਰਿਹਾ ਸੀ। ਬਾਪੂ ਜੀ ਦਸਦੇ ਸਨ ਕਿ ਟਰੰਪ ਨਾਂ ਦੇ ਇਕ ਅੰਗਰੇਜ਼ ਨੇ ਮੈਕਾਲਿਫ ਤੋਂ ਪਹਿਲਾਂ ਬਾਣੀ ਦੇ ਅਨੁਵਾਦ ਦਾ ਅਜਿਹਾ ਹੀ ਜਤਨ ਕਰਦਿਆਂ ਸਿਗਰਟ ਪੀਣੀ ਵੀ ਨਹੀਂ ਸੀ ਛੱਡੀ। ਬਹੁਤ ਸਾਲ ਮਗਰੋਂ ਮੈਨੂੰ ਅਜਿਹੀ ਇਕ ਘਟਨਾ ਦਾ ਵੇਰਵਾ ਵੀ ਪੜ੍ਹਨ ਨੂੰ ਮਿਲਿਆ। ਉਹਨੇ ਇਕ ਵਾਰ ਅਨੁਵਾਦ ਬਾਰੇ ਚਰਚਾ ਕਰਨ ਲਈ ਕੁਝ ਸਿੱਖ ਵਿਦਵਾਨਾਂ ਦੀ ਬੈਠਕ ਬੁਲਾਈ। ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਉਥੇ ਹਾਜ਼ਰ ਸੀ। ਉਹਨੇ ਸਿਗਾਰ ਕੱਢਿਆ ਅਤੇ ਸੂਟੇ ਲਾਉਣ ਲੱਗਿਆ। ਸਿੱਖਾਂ ਦਾ ਕਰੋਧੀ ਪ੍ਰਤਿਕਰਮ ਸੁਭਾਵਿਕ ਸੀ। ਮਗਰੋਂ ਟਰੰਪ ਦੇ ਛਪਵਾਏ ਅਨੁਵਾਦ ਨੇ ਤਾਂ ਸਿੱਖਾਂ ਨੂੰ ਬਿਲਕੁਲ ਬੇਵਸਾਹੇ ਬਣਾ ਦਿੱਤਾ। ਉਸ ਵਿਚ ਬਹੁਤ ਤਰੁਟੀਆਂ ਸਨ ਅਤੇ ਅਨੁਵਾਦ ਬਹੁਤ ਗ਼ਲਤ ਸੀ। ਅਸਲ ਵਿਚ ਟਰੰਪ ਵਿਚ ਪਰਦੇਸੀ ਹਾਕਮ ਹੋਣ ਦਾ ਘੁਮੰਡ ਅਤੇ ਸਥਾਨਕ ਲੋਕਾਂ ਲਈ ਹੀਣ-ਅਧੀਨ ਪਰਜਾ ਵਾਲੀ ਘਿਰਣਾ ਤੇ ਉਨ੍ਹਾਂ ਦੇ ਧਰਮ, ਸਭਿਆਚਾਰ, ਆਦਿ ਸਭ ਕੁਛ ਨੂੰ ਤੁੱਛ ਸਮਝਣ ਦੀ ਹਉਂ ਸੀ।

ਚੰਗੀ ਗੱਲ ਇਹ ਹੋਈ ਕਿ ਬਾਣੀ ਅਨੁਵਾਦਣ ਦੇ ਸਮੁੱਚੇ ਕਾਰਜ ਬਾਰੇ ਮੈਕਾਲਿਫ ਦਾ ਰਵਈਆ ਸਿੱਖਾਂ ਵਿਚ ਸਦਭਾਵਨਾ ਪੈਦਾ ਕਰਨ ਵਿਚ ਸਫਲ ਰਿਹਾ। ਸਿੱਖ ਵਿਦਵਾਨਾਂ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਇਹ ਕਾਰਜ ਕਿਸੇ ਸਾਜ਼ਿਸ਼ੀ ਮੰਤਵ ਨਾਲ ਨਹੀਂ ਸਗੋਂ ਨਿਰੋਲ ਸ਼ਰਧਾ ਭਾਵਨਾ ਨਾਲ ਕਰ ਰਿਹਾ ਹੈ ਅਤੇ ਟਰੰਪ ਦੀ ਕਸਰ ਪੂਰੀ ਕਰਨ ਦਾ ਵੀ ਚਾਹਵਾਨ ਹੈ ਤੇ ਬਾਣੀ ਦਾ ਨੂਰ ਅੰਗਰੇਜ਼ੀ-ਭਾਸ਼ੀ ਲੋਕਾਂ ਤੱਕ ਸਹੀ ਰੂਪ ਵਿਚ ਪੁਜਦਾ ਕਰਨ ਦਾ ਵੀ ਇੱਛਕ ਹੈ। ਉਹਨੇ ਇਕ ਸਿਆਣਪ ਇਹ ਕੀਤੀ ਕਿ ਅਨੁਵਾਦ ਨਾਲੋ-ਨਾਲ ਪ੍ਰਮੁੱਖ ਸਿੱਖ ਵਿਦਵਾਨਾਂ ਨੂੰ ਦਿਖਾਉਂਦਾ ਰਿਹਾ ਜਿਸ ਕਰਕੇ ਉਹਦੀ ਸੁਹਿਰਦਤਾ ਦੀ ਪੈਂਠ ਬਣ ਗਈ। ਉਹਦੇ ਅਨੁਵਾਦ ਦੀ ਪ੍ਰਸ਼ੰਸਾ ਹੋਣ ਲੱਗੀ ਅਤੇ ਦੇਸ-ਪਰਦੇਸ ਤੋਂ ਸਿੱਖ ਵਿਦਵਾਨਾਂ ਤੋਂ ਇਲਾਵਾ ਬਾਣੀ ਅਤੇ ਸਿੱਖ ਧਰਮ ਦੇ ਜਾਣਕਾਰ ਗ਼ੈਰਸਿੱਖ ਵਿਦਵਾਨਾਂ ਦੇ ਵੀ ਸ਼ਲਾਘਾ ਤੇ ਪ੍ਰਵਾਨਗੀ ਦੇ ਪੱਤਰ ਆਉਣ ਲੱਗੇ।

ਅਨੁਵਾਦ ਸੰਪੂਰਨ ਹੋਏ ਤੋਂ ਮੈਕਾਲਿਫ ਨੇ ਧਾਰਮਿਕ ਸਿੱਖ ਆਗੂਆਂ ਨੂੰ ਉਹਦੀ ਘੋਖ ਅਤੇ ਨਿਰਖ-ਪਰਖ ਕਰਨ ਦੀ ਬੇਨਤੀ ਕੀਤੀ। ਦਰਬਾਰ ਸਾਹਿਬ ਦੇ ਪ੍ਰਬੰਧਕ ਨੇ ਅਕਾਲ ਤਖ਼ਤ ਵਿਖੇ ਸੰਗਤ ਦਾ ਇਕੱਠ ਬੁਲਾਇਆ ਅਤੇ ਮੈਕਾਲਿਫ ਨੂੰ ਆਪਣੇ ਕੰਮ ਬਾਰੇ ਜਾਣਕਾਰੀ ਦੇਣ ਦਾ ਸੱਦਾ ਦਿੱਤਾ। ਇਸ ਸੰਬੋਧਨ ਨਾਲ ਸਿੱਖਾਂ ਵਿਚ ਬੇਹੱਦ ਉਤਸਾਹ ਤੇ ਜੋਸ਼ ਜਾਗਿਆ। ਜੈਕਾਰਿਆਂ ਦੀ ਗੂੰਜ ਵਿਚ ਮੈਕਾਲਿਫ ਦੇ ਉਦੇਸ਼ ਨਾਲ ਸਹਿਮਤੀ ਪ੍ਰਗਟਾਉਂਦਿਆਂ ਅਨੁਵਾਦ ਦੀ ਘੋਖ ਲਈ ਤਿੰਨ-ਮੈਂਬਰੀ ਕਮੇਟੀ ਥਾਪ ਦਿੱਤੀ ਗਈ। ਘੋਖ ਦੀ ਸਮਾਪਤੀ ਤੱਕ ਅਖੰਡ ਪਾਠਾਂ ਦੀ ਲੜੀ ਅਰੰਭ ਕਰ ਦਿੱਤੀ ਗਈ ਅਤੇ ਉਹਦੇ ਨਿਜੀ ਭਲੇ ਵਾਸਤੇ ਵਿਸ਼ੇਸ਼ ਅਰਦਾਸ ਕੀਤੀ ਗਈ। ਘੋਖ ਦੇ ਕਾਰਜ ਦੀ ਸਮਾਪਤੀ ਪਿੱਛੋਂ ਕਮੇਟੀ ਨੇ ਨਿਰਣਾ ਕੀਤਾ, "ਅਸੀਂ ਸ੍ਰੀ ਮੈਕਾਲਿਫ ਦੇ ਕੀਤੇ ਹੋਏ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਲਥੇ ਨੂੰ ਅੰਗਰੇਜ਼ੀ ਦੇ ਜਾਣਕਾਰ ਸਿੱਖ ਵਿਦਵਾਨਾਂ ਦੀ ਸਹਾਇਤਾ ਲੈ ਕੇ ਗਹੁ ਨਾਲ ਘੋਖਿਆ ਹੈ। ਇਸ ਘੋਖ ਲਈ ਅਸੀਂ ਡੇਢ ਮਹੀਨਾ ਨਿਰੰਤਰ ਘਾਲਣਾ ਘਾਲੀ ਹੈ। ਜਿਥੇ ਕਿਤੇ ਵੀ ਸਾਡੇ ਵਿਚੋਂ ਕਿਸੇ ਨੂੰ ਵੀ ਕਿਤੇ ਭੁੱਲ ਹੋਈ ਲੱਗੀ, ਅਸੀਂ ਸਾਰੇ ਜੁੜ ਬੈਠੇ, ਉਸ ਸਤਰ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਜਾਂ ਤਾਂ ਉਥੇ ਸੋਧ ਕਰ ਦਿੱਤੀ ਜਾਂ ਫੇਰ ਸ੍ਰੀ ਮੈਕਾਲਿਫ ਵਾਲਾ ਉਲਥਾ ਰਹਿਣ ਦਿੱਤਾ। ਇਸ ਕਰਕੇ ਅਸੀਂ ਹੁਣ ਇਹ ਆਖ ਸਕਦੇ ਹਾਂ ਕਿ ਸ੍ਰੀ ਮੈਕਾਲਿਫ ਦਾ ਕੀਤਾ ਉਲਥਾ ਅਸੀਂ ਪੂਰੀ ਤਰ੍ਹਾਂ ਘੋਖ-ਸੋਧ ਲਿਆ ਹੈ ਅਤੇ ਇਹ ਬਿਲਕੁਲ ਦਰੁਸਤ ਹੈ। ਉਲਥੇ ਨੂੰ ਸਿੱਖਾਂ ਦੇ ਧਾਰਮਿਕ ਸਿਧਾਂਤਾਂ ਅਨੁਸਾਰ ਬਣਾਉਣ ਲਈ ਵੱਧ ਤੋਂ ਵੱਧ ਧਿਆਨ ਰਖਿਆ ਗਿਆ ਹੈ। ਉਲਥਾ ਪੂਰੀ ਤਰ੍ਹਾਂ ਸ਼ਬਦ ਸ਼ਬਦ ਲੈ ਕੇ ਕੀਤਾ ਗਿਆ ਹੈ ਅਤੇ ਸਾਰੇ ਵਿਆਕਰਣੀ ਤੇ ਭਾਸ਼ਾਈ ਨੇਮਾਂ ਦੇ ਅਨੁਸਾਰ ਕੀਤਾ ਗਿਆ ਹੈ।" (ਇਹ ਟੂਕ ਅੰਗਰੇਜ਼ੀ ਤੋਂ ਅਨੁਵਾਦੀ ਗਈ ਹੈ-ਲੇਖਕ)

ਇਸ ਪਿੱਛੋਂ ਮੈਕਾਲਿਫ ਦਾ ਆਪਣੇ ਕੀਤੇ ਅਨੁਵਾਦ ਦੇ ਮਿਆਰ ਬਾਰੇ ਅਤੇ ਸਿੱਖ ਧਰਮ ਵੱਲੋਂ ਲਾਈ ਗਈ ਪ੍ਰਵਾਨਗੀ ਦੀ ਮੋਹਰ ਬਾਰੇ ਸੰਤੁਸ਼ਟ ਹੋ ਕੇ ਸੁਖ ਦਾ ਸਾਹ ਲੈਣਾ ਵਾਜਬ ਸੀ। ਹੁਣ ਜੇ ਕੋਈ ਔਕੜ ਸੀ, ਉਹ ਬੱਸ ਇਹਨੂੰ ਛਾਪੇ ਦਾ ਜਾਮਾ ਪੁਆਉਣ ਲਈ ਮਾਇਆ ਦੀ ਸੀ ਜਿਸ ਬਾਰੇ ਉਹਨੂੰ ਭਰੋਸਾ ਸੀ ਕਿ ਉਹ ਕਿਵੇਂ ਨਾ ਕਿਵੇਂ ਦੂਰ ਕਰ ਲਈ ਜਾਵੇਗੀ ਪਰ ਮੈਕਾਲਿਫ ਸ਼ਾਇਦ ਏਨਾ ਖ਼ੁਸ਼ਕਿਸਮਤ ਨਹੀਂ ਸੀ ਕਿ ਉਹਦੀਆਂ ਮੁਸ਼ਕਿਲਾਂ, ਸਗੋਂ ਮੁਸੀਬਤਾਂ ਦਾ ਅੰਤ ਹੋ ਜਾਂਦਾ! ਬਾਪੂ ਜੀ ਦੱਸਿਆ ਕਰਦੇ ਸਨ ਕਿ ਕੁਛ ਸਿੱਖ ਉਹਦੇ ਅਨੁਵਾਦ ਦਾ ਵਿਰੋਧ ਇਸ ਆਧਾਰ ਉਤੇ ਵੀ ਕਰਦੇ ਸਨ ਕਿ ਬਿਗਾਨੇ ਲੋਕ ਉਨ੍ਹਾਂ ਦੀ ਭਾਸ਼ਾ ਵਿਚ ਛਪੇ ਹੋਏ ਸਰੂਪ ਨੂੰ ਗ੍ਰੰਥ ਸਮਝਣ ਦੀ ਥਾਂ ਕਿਤਾਬ ਸਮਝਣਗੇ ਅਤੇ ਉਹਨੂੰ ਆਦਰ ਨਾਲ ਰੁਮਾਲਿਆਂ ਵਿਚ ਲਪੇਟ ਕੇ ਵੱਖਰਾ ਸਜਾਉਣ ਦੀ ਥਾਂ ਕਿਤਾਬ ਵਜੋਂ ਅਲਮਾਰੀਆਂ ਵਿਚ ਹੋਰ ਕਿਤਾਬਾਂ ਵਿਚਕਾਰ ਰੱਖਣਗੇ। ਬਹੁਤੇ ਸਿੱਖਾਂ ਵਿਚ ਮੈਕਾਲਿਫ ਲਈ ਸਹਿਮਤੀ ਦਾ ਮਾਹੌਲ ਬਣਿਆ ਦੇਖ ਦਬੀ ਰਹੀ ਇਹ ਸੋਚ ਮੌਕਾ ਮਿਲਦਿਆਂ ਹੀ ਅਜਿਹੇ ਉਭਾਰ ਵਿਚ ਆਈ ਕਿ ਉਹਦੇ ਉਤਸਾਹ ਅਤੇ ਸੰਤੁਸ਼ਟੀ ਦੀਆਂ ਧੱਜੀਆਂ ਉਡ ਗਈਆਂ!

**(ਚਲਦਾ)**



***ਟਰੰਪ ਦੇ ਛਪਵਾਏ ਅਨੁਵਾਦ ਨੇ ਤਾਂ ਸਿੱਖਾਂ ਨੂੰ ਬਿਲਕੁਲ ਬੇਵਸਾਹੇ ਬਣਾ ਦਿੱਤਾ। ਉਸ ਵਿਚ ਬਹੁਤ ਤਰੁਟੀਆਂ ਸਨ ਅਤੇ ਅਨੁਵਾਦ ਬਹੁਤ ਗਲਤ ਸੀ। ਅਸਲ ਵਿਚ ਟਰੰਪ ਵਿਚ ਪਰਦੇਸੀ ਹਾਕਮ ਹੋਣ ਦਾ ਘੁਮੰਡ ਅਤੇ ਸਥਾਨਕ ਲੋਕਾਂ ਲਈ ਹੀਣ-ਅਧੀਨ ਪਰਜਾ ਵਾਲੀ ਘਿਰਣਾ ਤੇ ਉਨ੍ਹਾਂ ਦੇ ਧਰਮ, ਸਭਿਆਚਾਰ, ਆਦਿ ਸਭ ਕੁਛ ਨੂੰ ਤੁੱਛ ਸਮਝਣ ਦੀ ਹਉਂ ਸੀ।***




---

# ਛਾਤੀ ਅੰਦਰਲੇ ਥੇਹ

*(ਸਫਾ 14 ਦੀ ਬਾਕੀ)*

ਤੋ ਮੈਂ ਲੇ ਆਇਆ ਥਾ ਲੇਕਿਨ ਮੇਰੀ ਮਾਂ ਕੀ ਬਿਮਾਰੀ ਪਰ ਲਗ ਗਏ। ਅਬ ਕਿਸੀ ਕੋ ਮਤ ਕਹਿਨਾ। ਧੀਰੇ-ਧੀਰੇ ਵਾਪਸ ਕਰ ਦੂੰਗਾ। ਤੁਮ ਚਿੰਤਾ ਮਤ ਕਰੋ।"

ਮੈਂ ਅਗਲੇ ਦਿਨ ਪੜ੍ਹਾਉਣ ਗਿਆ ਤਾਂ ਸਾਹਿਬਾਂ ਕਹਿਣ ਲੱਗੀ, "ਕੱਲ੍ਹ ਸ਼ਾਮ ਕੋ ਗੌਰੀ ਸ਼ੰਕਰ ਜੀ ਆਏ ਥੇ। ਵੋ ਕਹਿ ਰਹੇ ਹੈਂ, ਪਾਂਚ ਸੌ ਰੁਪਏ ਆਪ ਕੋ ਉਸੀ ਦਿਨ ਦੇ ਦੀਏ ਥੇ...ਤੋ ਕਿਆ ਵੋ ਝੂਠ ਬੋਲੇਂਗੇ?"

"ਆਪ ਸਮਝਤੇ ਹੈਂ, ਮੈਂ ਝੂਠ ਬੋਲ ਰਹਾ ਹੂੰ।" ਮੈਂ ਕਿਹਾ।

"ਦੇਖੋ, ਮੈਂ ਤੋ ਦੇ ਚੁਕੀ। ਅਬ ਮੈਂ ਕਿਆ ਕਰ ਸਕਤੀ ਹੂੰ।" ਉਸ ਨੇ ਪੱਲਾ ਝਾੜ ਦਿੱਤਾ।

ਨਿਰਾਸ਼ ਹੋ ਕੇ ਮੈਂ ਟਿਊਸ਼ਨ ਛੱਡ ਦਿੱਤੀ ਤੇ ਗੌਰੀ ਸ਼ੰਕਰ ਕੋਲ ਗੇੜੇ ਲਾਉਣੇ ਸ਼ੁਰੂ ਕਰ ਦਿੱਤੇ। ਹਰ ਵਾਰੀ ਬੇਰੰਗ ਮੁੜਨ ਮਗਰੋਂ ਮੈਨੂੰ ਲਗਦਾ ਜਿਵੇਂ ਗੌਰੀ ਸ਼ੰਕਰ ਕੋਈ ਜੱਜ ਹੋਵੇ ਤੇ ਮੈਂ ਕੋਈ ਮੁਜਰਮ ਅਤੇ ਉਹ ਮੇਰੀ ਹਰ ਪੇਸ਼ੀ ਉਤੇ ਅਗਲੀ ਤਰੀਕ ਪਾ ਰਿਹਾ ਹੋਵੇ। ਪੰਦਰਾਂ-ਵੀਹ ਗੇੜਿਆਂ ਮਗਰੋਂ ਇਕ ਦਿਨ ਮੈਂ ਉਸ ਦੇ ਦਰ 'ਤੇ ਥੁੱਕ ਆਇਆ।

---

ਇਕ ਦਿਨ ਸਹਿਜ ਹੀ ਬੈਠਾ ਮੈਂ ਹਿਸਾਬ ਲਾਉਣ ਲੱਗਾ ਕਿ ਜੇ ਗੌਰੀ ਸ਼ੰਕਰ ਮੈਨੂੰ ਉਦੋਂ 1965 ਵਿਚ ਪੰਜ ਸੌ ਰੁਪਏ ਦੇ ਦਿੰਦਾ ਤੇ ਮੈਂ ਉਨ੍ਹਾਂ ਦੀ ਐਫ.ਡੀ. ਕਰਵਾ ਦਿੰਦਾ ਤਾਂ 1970 ਵਿਚ ਹਜ਼ਾਰ ਰੁਪਏ, 1975 ਵਿਚ ਦੋ ਹਜ਼ਾਰ, 1980 ਵਿਚ ਚਾਰ ਹਜ਼ਾਰ, 1985 ਵਿਚ ਅੱਠ ਹਜ਼ਾਰ, 1990 ਵਿਚ ਸੌਲਾਂ ਹਜ਼ਾਰ, 1995 ਵਿਚ ਬੱਤੀ ਹਜ਼ਾਰ, 2000 ਵਿਚ ਚੌਂਹਟ ਹਜ਼ਾਰ ਤੇ 2005 ਵਿਚ ਇਕ ਲੱਖ ਅਠਾਈ ਹਜ਼ਾਰ ਰੁਪਏ ਬਣ ਜਾਣੇ ਸਨ। ਇਹ ਹਵਾਈ ਕਿਲ੍ਹੇ ਉਸਾਰਦਿਆਂ ਹੌਲ ਪੈਣ ਲੱਗਾ। ਮੈਂ ਇਕ ਗੱਲੋਂ ਗੌਰੀ ਸ਼ੰਕਰ ਦਾ ਸ਼ੁਕਰਗੁਜ਼ਾਰ ਵੀ ਹਾਂ ਕਿ ਹਰ ਮਾੜਾ ਬੰਦਾ ਵੀ ਸਾਨੂੰ ਸਬਕ ਸਿਖਾਉਂਦਾ ਹੈ। ਜੇ ਇਹ ਘਟਨਾ ਨਾ ਵਾਪਰਦੀ ਤਾਂ ਪਤਾ ਨਹੀਂ ਕਿਸ ਕਿਸ ਤੋਂ ਹੋਰ ਮਾਰ ਖਾਈ ਜਾਂਦਾ।

**(ਚਲਦਾ)**

*ਪੰਜਾਬ ਟਾਈਮਜ਼ ਦੇ ਪਿਛਲੇ ਅੰਕ (21 ਨਵੰਬਰ) ਵਿਚ ਸੁਰਿੰਦਰ ਸਿੰਘ ਭਾਟੀਆ ਵਲੋਂ ਮਰਹੂਮ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਪਤਨੀ ਅਰੁਣਾ ਬਟਾਲਵੀ ਨਾਲ ਕੀਤੀ ਗਈ ਮੁਲਾਕਾਤ ਪਾਠਕਾਂ ਨੇ ਬਹੁਤ ਚਾਅ ਨਾਲ ਪੜ੍ਹੀ ਹੈ। ਬੇਸ਼ੱਕ, ਇਸ ਮੁਲਾਕਾਤ ਨੇ ਸ਼ਿਵ ਨਾਲ ਜੁੜੀਆਂ ਯਾਦਾਂ ਇਕ ਵਾਰ ਫਿਰ ਤਾਜ਼ਾ ਕਰ ਦਿੱਤੀਆਂ। ਸਾਡੇ ਇਕ ਪਾਠਕ ਕੁਲਦੀਪ ਸਿੰਘ ਨੇ ਇਸ ਮੁਲਾਕਾਤ ਬਾਰੇ ਚਿੱਠੀ ਭੇਜਣ ਦੇ ਨਾਲ-ਨਾਲ ਸ਼ਿਵ ਦਾ ਆਪਣੇ ਇਕ ਗੀਤ ਬਾਰੇ ਲਿਖਿਆ ਲੇਖ ਵੀ ਭੇਜ ਦਿੱਤਾ। ਇਹ ਲੇਖ ਅਸੀਂ ਕੁਝ ਸਮਾਂ ਪਹਿਲਾਂ ਵੀ ਪਾਠਕਾਂ ਦੀ ਨਜ਼ਰ ਕਰ ਚੁੱਕੇ ਹਾਂ ਪਰ ਇਕ ਵਾਰ ਫਿਰ ਇਹ ਲੇਖ ਪਾਠਕਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਨ। ਇਸ ਲੇਖ ਵਿਚ ਸ਼ਿਵ ਅਤੇ ਉਸ ਦੀ ਸ਼ਾਇਰੀ ਪੂਰੇ ਜਲੌਅ ਨਾਲ ਹਾਜ਼ਰ ਹੈ। ਜਾਪਦਾ ਹੈ ਕਿ ਸ਼ਿਵ ਆਪਣੇ ਗੀਤ ਦੇ ਨਾਲ-ਨਾਲ ਸਮੁੱਚੀ ਕਾਇਨਾਤ ਨੂੰ ਵੀ ਨਾਲ ਲੈ ਕੇ ਧੋਲੇ ਪੈਰੀਂ ਚਲ ਰਿਹਾ ਹੈ। -ਸੰਪਾਦਕ*

# ਗੀਤ ਮੇਰੇ ਦਾ ਵਿਹੜਾ

**ਸ਼ਿਵ ਕੁਮਾਰ ਬਟਾਲਵੀ**

ਪਿਛਲੀ ਰਾਤੇ ਮੈਂ ਸ਼ਰਾਬੀ ਹੋ ਗਿਆ ਸਾਂ। ਕਰਤਾਰ ਸਿੰਘ ਦੁੱਗਲ ਨੇ ਮੇਰਾ ਖਾਣਾ ਪਰੋਸਿਆ ਹੋਇਆ ਸੀ ਪਰ ਮੇਰੇ ਤੇ ਮੇਰੇ ਮਿੱਤਰਾਂ ਦੇ ਥਿੜਕੇ ਪੈਰ ਉਹਦੇ ਘਰ ਦੇ ਬੂਹੇ 'ਤੇ ਪਹੁੰਚ ਕੇ ਵੀ ਉਹਦੀਆਂ ਬਰੂਹਾਂ ਲੰਘਣੋਂ ਡਰ ਰਹੇ ਸਨ। ਡਰ ਆਖ਼ਿਰ ਹੈ ਵੀ ਸੱਚਾ ਸੀ। ਉਹਨੇ ਮੈਨੂੰ ਅਗੇਤਰੇ ਖ਼ਤ ਰਾਹੀਂ ਸਾਫ਼ ਲਿਖ ਦਿੱਤਾ ਸੀ ਕਿ ਜਿਸ ਦਿਨ ਉਹਦੇ ਘਰ ਖੁਸ਼ਵੰਤ ਸਿੰਘ ਵੀ ਆਵੇ, ਉਹਨੂੰ ਵੀ ਸੂਫ਼ੀ ਰਹਿਣਾ ਪੈਂਦਾ ਹੈ। ਸੋ, ਗੱਲ ਬੜੀ ਸਾਫ਼ ਤੇ ਸਪੱਸ਼ਟ ਸੀ ਕਿ ਮੇਰੀ ਉਹ ਸ਼ਾਮ ਉਬਾਸੀਆਂ ਲੈਂਦੇ ਹੀ ਬੀਤਣੀ ਚਾਹੀਦੀ ਸੀ ਪਰ 'ਮਾਂ ਦਾ ਯਾਰ ਤਾਂ ਕਿਤੇ ਲੰਗੋਟੀਆ ਨਾ ਮਿਲੇ' ਵਾਲੀ ਗੱਲ ਹੋਈ। ਲੰਗੋਟੀਆਂ ਦੇ ਵੱਸ ਪੈ ਗਏ ਤੇ ਪੀਂਦੇ-ਪੀਂਦੇ ਮਰਾਕਬੇ 'ਚ ਜਾ ਪਹੁੰਚੇ-ਤੇ ਹੋਸ਼ ਓਦੋਂ ਹੀ ਆਈ ਜਦੋਂ ਮੇਰਾ ਇਕ ਮਿੱਤਰ ਏਅਰ ਕੰਡੀਸ਼ਨ ਹੋਟਲ ਦੀ ਚੌਥੀ ਛੱਤ 'ਤੇ ਬੱਕਰਾ ਬੁਲਾਣ ਲੱਗ ਪਿਆ ਸੀ। ਦੁੱਗਲ ਦਾ ਪਰੋਸਿਆ ਖਾਣਾ ਮੇਰੀ ਇੰਤਜ਼ਾਰ ਵਿਚ ਉਦਾਸਿਆ ਗਿਆ ਸੀ। ਅਸੀਂ ਉਹਦੀਆਂ ਪਿਆਰ-ਭਿੱਜੀਆਂ ਬਰੂਹਾਂ ਨੂੰ ਰਿੰਦਾਨਾ ਸਿਜਦਾ ਕਰ ਭੁੱਖੇ ਭਾਣੇ ਹੋਟਲ ਵਾਪਸ ਮੁੜ ਆਏ ਸਾਂ।

ਸਵੇਰ ਸਾਰ ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਮੇਰਾ ਮੁੰਡਪੁਣਾ ਮੇਰੀ ਬਚਕਾਨਾ ਸ਼ਖ਼ਸੀਅਤ ਨੂੰ ਗਜ਼ ਲੰਮੀ ਜੀਭ ਕੱਢ ਕੇ ਗਾਹਲ੍ਹਾਂ ਕੱਢ ਰਿਹਾ ਸੀ ਤੇ ਉਦਾਸੀ ਮੇਰੇ ਅੰਦਰ ਕੋਹਾਂ ਤੀਕ ਫੈਲੀ ਹੋਈ ਸੀ। ਤਿਰਲਾਏ ਮੱਥੇ 'ਚ ਇਕ ਸੁੰਨ ਜਿਹੀ ਪੀੜ ਦਾ ਅਹਿਸਾਸ ਹੁੰਦਿਆਂ ਵੀ ਮੈਂ ਜਲਦੀ-ਜਲਦੀ ਤਿਆਰ ਹੋਇਆ, ਟੈਕਸੀ ਫੜੀ ਤੇ ਸਿੱਧਾ ਗਾਰਗੀ ਦੇ ਘਰ ਪਹੁੰਚ ਗਿਆ। ਗਾਰਗੀ ਨੇ ਮੈਨੂੰ ਦੱਸਿਆ ਕਿ ਰਾਤ ਦੁੱਗਲ ਦਾ ਖਾਣਾ ਬੜਾ ਵਧੀਆ ਸੀ-ਤੇ ਉਹਨੇ ਬੜੇ ਦੋਸਤ ਬੁਲਾਏ ਹੋਏ ਸਨ, ਪਰ ਲਾੜਾ ਤਾਂ ਕਿਤੇ ਨਜ਼ਰੀਂ ਨਹੀਂ ਸੀ ਆ ਰਿਹਾ। ਮੋਹਨ ਸਿੰਘ, ਵਿਰਕ ਦੀ ਬੀਬੀ, ਤਾਰਾ ਸਿੰਘ, ਹਰਿਭਜਨ, ਸਫ਼ੀਰ, ਗੁਲਜ਼ਾਰ-ਗਾਰਗੀ ਨੇ ਕਈ ਨਾਂ ਗਿਣ ਮਾਰੇ। ਮੈਂ ਨਦਾਮਤ ਤੋਂ ਬਚਣ ਖ਼ਾਤਰ ਗਾਰਗੀ ਦੀ ਗੱਲ ਵਿਚ ਹੀ ਕੱਟ ਕੇ ਬੋਲ ਪਿਆ, "ਮੋਹਨ ਸਿੰਘ ਕਿੱਥੇ ਠਹਿਰਿਆ ਏ?" "ਗੁਲਜ਼ਾਰ ਵੱਲ" ਗਾਰਗੀ ਨੇ ਚਾਹ ਦੀ ਚੁਸਕੀ ਭਰਦਿਆਂ ਜਵਾਬ ਦਿੱਤਾ। "ਅੰਮ੍ਰਿਤਾ ਵੀ ਆਈ ਸੀ?" ਮੈਂ ਮੋੜਵਾਂ ਸਵਾਲ ਕੀਤਾ। ਗਾਰਗੀ ਨੇ ਨਾਂਹ ਵਿਚ ਸਿਰ ਹਿਲਾਂਦਿਆਂ ਰਾਤ ਦਾ ਹਾਦਸਾ ਫੇਰ ਚਾਹ ਨਾਲ ਟੁੱਕਣਾ ਚਾਹਿਆ, ਪਰ ਮੈਂ ਏਨਾ ਸ਼ਰਮਿੰਦਾ ਸਾਂ ਕਿ ਸ਼ਰਮਿੰਦਗੀ ਤੋਂ ਬਚਣ ਖ਼ਾਤਰ ਲਤੀਫਾਬਾਜ਼ੀ 'ਤੇ ਉਤਰ ਆਇਆ ਸਾਂ। ਮੈਂ ਗਾਰਗੀ ਨੂੰ ਕਹਿ ਰਿਹਾ ਸੀ, "ਹਰਿਭਜਨ ਜੁ ਆਇਆ ਹੋਇਆ ਸੀ, ਜਿੰਨੀ ਕੁ ਰੋਟੀ ਮੈਂ ਖਾਣੀ ਸੀ ਓਨੀ ਤਾਂ ਉਹਦੀ ਦਾਹੜੀ 'ਚ ਹੀ ਫਸ ਗਈ ਹੋਣੀ ਏਂ-ਚੱਲ ਚੰਗਾ ਏ ਦੁੱਗਲ ਦਾ ਸਰਫ਼ਾ ਹੋ ਗਿਆ। ਨੌਂ ਵੱਜ ਗਏ ਨੇ, ਤੂੰ ਝਟ ਤਿਆਰ ਹੋ ਕੇ ਘਰੋਂ ਨਿਕਲ।"

ਤਿਆਰ ਹੋ ਕੇ ਜਦੋਂ ਅਸੀਂ ਸਾਹਿਤ ਅਕਾਦਮੀ ਦੇ ਦਫ਼ਤਰ ਪਹੁੰਚੇ ਤਾਂ ਸਾਹਿਤ ਅਕਾਦਮੀ ਦਾ ਵਿਹੜਾ ਸਾਹਿਤਕਾਰਾਂ, ਪੱਤਰਕਾਰਾਂ ਤੇ ਫੋਟੋਗ੍ਰਾਫਰਾਂ ਨਾਲ ਭਰਿਆ ਪਿਆ ਸੀ। ਚਾਹ ਦੇ ਪਿਆਲਿਆਂ 'ਚ ਵਾਕਫ਼ੀਆਂ ਘੋਲੀਆਂ ਜਾ ਰਹੀਆਂ ਸਨ। ਕੈਮਰਿਆਂ ਦੇ ਫ਼ਲੈਸ਼ ਲਗਾਤਾਰ ਚਿਹਰਿਆਂ 'ਤੇ ਚਮਕ ਰਹੇ ਸਨ। ਗਾਰਗੀ ਮੈਥੋਂ ਵੱਡਾ ਸਾਹਿਤਕਾਰ ਹੋਣ ਦੇ ਅਹਿਸਾਸ ਕਾਰਨ ਕੰਨੀ ਖਿਸਕਾ ਗਿਆ ਸੀ-ਤੇ ਕਿਸੇ ਰੂਸੀ ਜਾਂ ਮਿਰਕਨੀਏਂ ਨਾਲ ਰੰਨ ਵਾਂਗ ਵਪਾਰੀ ਹਾਸਾ ਹੱਸ ਰਿਹਾ ਸੀ। ਡਾ. ਪ੍ਰਭਾਕਰ ਮਾਚਵੇ ਮੈਨੂੰ ਵੱਖ-ਵੱਖ ਸਾਹਿਤਕਾਰਾਂ ਨਾਲ ਮਿਲਾ ਰਹੇ ਸਨ। ਮਿਲਣੀਆਂ ਤੋਂ ਵਿਹਲਾ ਹੋ ਕੇ ਮੈਂ ਅੰਮ੍ਰਿਤਾ ਤੇ ਮੋਹਨ ਸਿੰਘ ਕੋਲ ਆ ਖੜ੍ਹਿਆ। ਅੰਮ੍ਰਿਤਾ ਤੇ ਮੋਹਨ ਸਿੰਘ ਉਰਦੂ ਦੀ ਅਦੀਬਾ ਕੁਰਤੁਲ ਐਨ ਹੈਦਰ ਨਾਲ ਰੁੱਝੇ ਹੋਏ ਸਨ। ਮੈਨੂੰ ਵੇਖ ਕੇ ਸਾਰਿਆਂ ਦੇ ਚਿਹਰਿਆਂ ਉਤੇ ਦੋਸਤੀ ਦੀ ਨਿੱਘੀ ਮੁਸਕਾਨ ਫੈਲ ਗਈ-ਤੇ ਫੇਰ ਸਰਸਰੀ ਜਿਹੀ ਗੱਲਬਾਤ ਪਿੱਛੋਂ ਮੇਰਾ ਧਿਆਨ ਮੇਰੀ ਇਕ ਦੋਸਤ ਕੁੜੀ ਦੇ ਵਾਲਾਂ ਵੱਲ ਜਾ ਪਿਆ। ਉਹਨੇ ਜੂੜਾ ਇਵੇਂ ਕੀਤਾ ਹੋਇਆ ਸੀ ਜਿਵੇਂ ਟਾਹਲੀ 'ਤੇ ਲਾਊਡ-ਸਪੀਕਰ ਟੰਗਿਆ ਹੋਵੇ। ਮੈਂ ਆਪਣੀ ਦੋਸਤ ਕੁੜੀ ਨੂੰ ਉਹਦੇ ਜੂੜੇ ਬਾਰੇ ਲਤੀਫ਼ਾ ਸੁਣਾਨ ਹੀ ਲੱਗਾ ਸਾਂ ਕਿ ਮੋਹਨ ਸਿੰਘ ਮੈਨੂੰ ਬਾਹੋਂ ਫੜ ਕੇ ਇਕ ਪਾਸੇ ਲੈ ਗਿਆ। ਮੈਨੂੰ ਡਰ ਸੀ ਕਿ ਉਹ ਵੀ ਰਾਤ ਦੇ ਸ਼ਰਾਬੀ ਹਾਦਸੇ ਦੀ ਗੱਲ ਕਰੇਗਾ ਤੇ ਬਜ਼ੁਰਗੀ ਦਾ ਲੂਣ ਮੇਰੇ ਫੱਟਾਂ 'ਤੇ ਜ਼ਰੂਰ ਧੂੜੇਗਾ। ਪਰ ਸ਼ੁਕਰ ਖ਼ੁਦਾ ਦਾ ਕਿ ਉਹ ਮੈਨੂੰ ਸਿਰਫ਼ ਸੇਖੋਂ ਦੇ ਦਿੱਲੀ ਨਾ ਆਉਣ ਦਾ ਕਾਰਨ ਹੀ ਦੱਸ ਰਿਹਾ ਸੀ।

ਚਾਹ ਦੇ ਪਿਆਲੇ ਪਿਛੋਂ ਅਲਕਾਜ਼ੀ ਦਾ ਭਾਸ਼ਣ ਸੁਣਿਆ ਤੇ ਉਸ ਮਗਰੋਂ ਜਦ ਅੰਮ੍ਰਿਤ ਲਾਲ ਨਾਗਰ ਬੋਲਣ ਲੱਗਾ ਤਾਂ ਆਪਣੇ ਲਾਗੇ ਬੈਠੇ ਦੁੱਗਲ ਕੋਲੋਂ ਰਾਤ ਦੇ ਹਾਦਸੇ ਦੀ ਮੁਆਫ਼ੀ ਮੰਗ ਕੇ ਮੈਂ ਬਾਹਰ ਆ ਗਿਆ। ਮੁਆਫ਼ੀਨਾਮੇ 'ਚ ਉਹਦਾ ਮੇਰੇ ਲਈ ਵਰਤਿਆ ਇਕੋ ਸ਼ਬਦ 'ਨਾਲਾਇਕ' ਮੇਰੀ ਬੋਝਲ ਤੇ ਦੁਖੀ ਆਤਮਾ ਨੂੰ ਬੜਾ ਹੀ ਪਿਆਰਾ ਲੱਗਾ। ਮੈਂ ਦੁੱਗਲ ਦੇ ਦਿਲ ਦੀ ਵਿਸ਼ਾਲਤਾ 'ਤੇ ਏਨਾ ਖੁਸ਼ ਸਾਂ ਤੇ ਆਪਣੇ ਆਪ 'ਤੇ ਏਨਾ ਦੁਖੀ ਕਿ ਦੁੱਖ ਵਿਚੋਂ ਗੀਤ ਜਨਮ ਲੈ ਰਿਹਾ ਸੀ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜ੍ਹੀ।
ਜਦ ਮੇਰੇ ਘਰ ਵਿਚ ਨੇਰ੍ਹਾ ਹੈ
ਤੇ ਬਾਹਰ ਮੇਰੀ ਧੁੱਪ ਖੜ੍ਹੀ।

ਨਹੀਂ। ਅੱਜ ਦੇ ਦਿਨ ਮੈਨੂੰ ਅਜਿਹਾ ਨਹੀਂ ਸੋਚਣਾ ਚਾਹੀਦਾ। ਅੱਜ ਤਾਂ ਮੈਨੂੰ ਖੁਸ਼ ਹੋਣਾ ਚਾਹੀਦਾ ਹੈ ਪਰ ਮੇਰੇ ਅੰਦਰ ਸ਼ਰਮਿੰਦੀ ਪੀੜ ਕਰਵਟ ਲੈਂਦੀ ਹੈ, ਮੇਰੇ ਹੋਂਠ ਫਿਰ ਹਿਲਦੇ ਹਨ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜ੍ਹੀ।
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ।

ਮੇਰੇ ਅੰਦਰ ਦੀ ਪੀੜ ਆਖਦੀ ਹੈ ਕਿ ਪਹਿਲੀਆਂ ਸਤਰਾਂ ਨਾਲੋਂ ਇਹ ਸਤਰਾਂ ਮੇਰੇ ਜ਼ਿਆਦਾ ਮੇਚ ਆਉਂਦੀਆਂ ਹਨ। ਮੈਂ ਇਹ ਸਤਰਾਂ ਹੱਥ ਵਿਚ ਫੜੀ ਡਾਇਰੀ 'ਚ ਸਾਂਭ ਲੈਂਦਾ ਹਾਂ। ਮੈਂ ਸਿਗਰਟ ਬਾਲਦਾ ਹਾਂ ਤੇ ਗੀਤ ਬਾਰੇ ਫੇਰ ਸੋਚਦਾ ਹਾਂ।

"ਓਏ ਪੰਡਤਾ...!" ਗੁਲਜ਼ਾਰ ਨੇ ਮੈਨੂੰ ਜਟਕੀ ਵਾਜ ਮਾਰੀ। ਮੈਂ ਕਵਿਤਾ ਵਿਚ ਹੀ ਸੁੱਟ ਕੇ ਉਹਦੇ ਨਾਲ ਜਾ ਬਗ਼ਲਗੀਰ ਹੋਇਆ। ਅਕਾਡਮੀ ਦਾ ਖੁੱਲ੍ਹਾ ਵਿਹੜਾ ਜੱਟ ਦੇ ਨਿਰਛਲ ਹਾਸੇ ਨਾਲ ਗੂੰਜ ਗਿਆ। ਅਜੇ ਅਸੀਂ ਜਜਮਾਨੀ-ਪਰੋਹਤੀ ਹੀ ਕਰ ਰਹੇ ਸਾਂ ਕਿ ਅੰਮ੍ਰਿਤਾ ਵੀ ਸਾਡੇ 'ਚ ਆ ਰਲੀ। ਉਹਨੂੰ ਘਰ ਮੁੜਨ ਦੀ ਕਾਹਲ ਸੀ, ਸੋ ਅਸੀਂ ਗੁਲਜ਼ਾਰ ਦੀ ਕਾਰ 'ਚ ਬੈਠ ਕੇ ਤਿੰਨੇ ਅੰਮ੍ਰਿਤਾ ਦੇ ਘਰ ਵੱਲ ਤੁਰ ਪਏ। ਅੰਮ੍ਰਿਤਾ ਨੂੰ ਘਰ ਛੱਡ ਕੇ ਆਉਣ ਦੀ ਵਗਾਰ ਦਾ ਜੱਟ ਨੇ ਸਟੇਅਰਿੰਗ 'ਤੇ ਬੈਠਦਿਆਂ ਹੀ ਲਤੀਫ਼ਾ ਛੱਡ ਦਿੱਤਾ, "ਓਏ ਡਰੈਵਰੀ ਕਰਨ ਨਾਲੋਂ ਤਾਂ ਮੈਂ ਸਾਹਿਤਕਾਰ ਹੀ ਚੰਗਾ ਸਾਂ।" ਸ਼ੀਸ਼ਿਆਂ ਥਾਣੀਂ ਹਾਸਾ ਬਾਹਰ ਨਿਕਲ ਕੇ ਦਿੱਲੀ ਦੀਆਂ ਸੜਕਾਂ 'ਤੇ ਫੈਲ ਗਿਆ। ਮੈਂ ਵੇਖਿਆ ਕਿ ਉਦਾਸੀ ਹਾਸੇ 'ਚ ਰਲ ਕੇ ਸੜਕ ਦੇ ਐਨ ਵਿਚਕਾਰ ਜਾ ਡਿੱਗੀ ਸੀ, ਪਰ ਜ਼ਖ਼ਮੀ ਨਹੀਂ ਸੀ ਹੋਈ ਤੇ ਗੀਤ ਦੀਆਂ ਉਦਾਸ ਸਤਰਾਂ ਕਾਰ 'ਚ ਮੇਰੇ ਨਾਲ ਉਵੇਂ ਦੀਆਂ ਉਵੇਂ ਬੈਠੀਆਂ ਸਨ।



ਅੰਮ੍ਰਿਤਾ ਨੂੰ ਘਰ ਛੱਡ ਕੇ ਜਦੋਂ ਅਸੀਂ ਅਕਾਡਮੀ ਵਾਪਸ ਮੁੜੇ ਤਾਂ ਮੈਂ ਪੱਤਰਕਾਰਾਂ ਦੇ ਘਟੀਆ ਸਵਾਲਾਂ-ਜਵਾਬਾਂ ਵਿਚ ਰੁੱਝ ਗਿਆ-ਤੇ ਗੁਲਜ਼ਾਰ ਪ੍ਰੋ. ਮੋਹਨ ਸਿੰਘ ਨੂੰ ਲੱਭਣ ਚਲਾ ਗਿਆ। ਪ੍ਰੋਗਰਾਮ ਇਹ ਸੀ ਕਿ ਮੋਹਨ ਸਿੰਘ ਨੂੰ ਨਾਲ ਲੈ ਕੇ ਗੁਲਜ਼ਾਰ ਦੇ ਘਰ ਖਾਣਾ ਖਾਇਆ ਜਾਵੇ। ਪਰ ਮੋਹਨ ਸਿੰਘ ਸਾਨੂੰ ਉਡੀਕ ਉਡੀਕ ਕੇ ਪਤਾ ਨਹੀਂ ਕਿੱਥੇ ਚਲਾ ਗਿਆ ਸੀ। ਖਾਣਾ ਖਾਣ ਪਿਛੋਂ ਮੈਂ ਵੇਖਿਆ ਗੀਤ ਦੀਆਂ ਸਤਰਾਂ ਮੇਰੇ ਨਾਲ ਦੀਵਾਨ 'ਤੇ ਆ ਲੇਟੀਆਂ ਸਨ-ਤੇ ਮੈਂ ਬੇਚੈਨ ਹੋਇਆ ਕੁਝ ਲਿਖੀ ਜਾ ਰਿਹਾ ਸੀ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜ੍ਹੀ।
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ।
ਇਸ ਸ਼ਹਿਰ 'ਚ ਮੇਰੇ ਦੁੱਖਾਂ ਦਾ
ਕੋਈ ਇਕ ਵੀ ਚਿਹਰਾ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਦੁੱਖਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ!

ਮੇਰੇ ਅੰਦਰ ਦੇ ਆਲੋਚਕ ਨੇ 'ਦੁੱਖ' ਸ਼ਬਦ ਵੱਲ ਘੂਰ ਕੇ ਵੇਖਿਆ-ਤੇ ਫੇਰ ਮੈਨੂੰ ਕਹਿਣ ਲੱਗਾ ਇਵੇਂ ਲਿਖ:

ਇਸ ਸ਼ਹਿਰ 'ਚ ਮੇਰੇ ਗੀਤਾਂ ਦਾ
ਕੋਈ ਇਕ ਵੀ ਚਿਹਰਾ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਗੀਤਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ!

ਅਜੇ ਮੈਂ ਇਹ ਸਤਰਾਂ ਲਿਖੀਆਂ ਹੀ ਸਨ ਕਿ ਗੁਲਜ਼ਾਰ ਮੇਰੇ ਕਮਰੇ 'ਚ ਆ ਗਿਆ ਤੇ ਗੀਤ ਦੀਆਂ ਸਤਰਾਂ ਮੇਰੇ ਨਾਲੋਂ ਉਠ ਕੇ ਪਤਾ ਨਹੀਂ ਕਿਹੜੇ ਬੂਹੇ ਥਾਣੀਂ ਬਾਹਰ ਨਿਕਲ ਗਈਆਂ। ਗੁਲਜ਼ਾਰ ਆਪਣੀ ਬੀਵੀ ਨੂੰ ਫ਼ੋਨ 'ਤੇ ਕਹਿ ਰਿਹਾ ਸੀ, "ਡਾਕਟਰ ਸਾਹਿਬ ਜ਼ਰਾ ਜਲਦੀ ਘਰੇ ਮੁੜ ਆਉ, ਪੂਰੇ ਪੰਜ ਵਜੇ ਸ਼ਿਵ ਨਾਲ ਰਾਸ਼ਟਰਪਤੀ ਭਵਨ ਜਾਣਾ ਹੈ।" ਮੂੰਹ-ਹੱਥ ਧੋ ਕੇ ਅਸੀਂ ਚਾਹ ਪੀਤੀ ਤਾਂ ਏਨੀ ਦੇਰ ਨੂੰ ਸੁਰਜੀਤ ਵੀ ਦਫਤਰੋਂ ਘਰ ਪਹੁੰਚ ਗਈ-ਤੇ ਥੋੜ੍ਹੀ ਦੇਰ ਬਾਅਦ ਅਸੀਂ ਰਾਸ਼ਟਰਪਤੀ ਭਵਨ ਵਿਚ ਸਾਂ।

ਰਾਸ਼ਟਰਪਤੀ ਭਵਨ ਪਹੁੰਚ ਕੇ ਮੇਰੀਆਂ ਨਜ਼ਰਾਂ ਵਾਕਫ਼ ਚਿਹਰੇ ਲੱਭਣ ਲੱਗੀਆਂ-ਪਰ ਸਿਵਾਏ ਅੰਮ੍ਰਿਤਾ, ਮੋਹਨ ਸਿੰਘ, ਭਾਪਾ ਪ੍ਰੀਤਮ ਸਿੰਘ ਤੇ ਸ਼ੀਲਾ ਸੰਧੂ ਦੇ, ਕੋਈ ਵੀ ਵਾਕਫ਼ ਚਿਹਰਾ ਨਜ਼ਰੀਂ ਨਾ ਪਿਆ। ਨਾ ਤਾਰਾ ਸਿੰਘ, ਨਾ ਹਰਿਭਜਨ, ਨਾ ਗਾਰਗੀ ਤੇ ਨਾ ਹੀ ਦੁੱਗਲ। ਭਾਰਾ ਮਨ ਕੁਝ ਹੋਰ ਵੀ ਭਾਰਾ ਹੋ ਗਿਆ ਤੇ ਉਹੋ ਉਦਾਸੀ ਜਿਹੜੀ ਕਾਰ 'ਚੋਂ ਡਿੱਗ ਕੇ ਸੜਕ ਦੇ ਵਿਚਕਾਰ ਜਾ ਪਈ ਸੀ, ਅਸ਼ੋਕਾ ਹਾਲ ਦਾ ਵੱਡਾ ਸਾਰਾ ਬੂਹਾ ਲੰਘ ਕੇ ਮੇਰੇ ਨਾਲ ਆ ਬੈਠੀ ਸੀ-ਤੇ ਗੀਤ ਦੀਆਂ ਉਹੋ ਸਤਰਾਂ ਜਿਹੜੀਆਂ ਮੈਂ ਗੁਲਜ਼ਾਰ ਦੇ ਘਰ ਛੱਡ ਆਇਆ ਸਾਂ, ਰਾਸ਼ਟਰਪਤੀ ਭਵਨ ਦੀਆਂ ਗੇਰੂਈ ਕੰਧਾਂ ਟੱਪ ਕੇ ਮੇਰੀ ਜੀਭ 'ਤੇ ਆ ਬੈਠੀਆਂ ਸਨ :

ਇਸ ਸ਼ਹਿਰ 'ਚ ਮੇਰੇ ਗੀਤਾਂ ਦਾ
ਕੋਈ ਇਕ ਵੀ ਚਿਹਰਾ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਗੀਤਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ!

ਇਨਾਮ ਤੇ ਰਸਮੀ ਜਿਹੀਆਂ ਮੁਬਾਰਕਾਂ ਪਿਛੋਂ ਮੈਂ, ਅੰਮ੍ਰਿਤਾ, ਮੋਹਨ ਸਿੰਘ, ਸ਼ੀਲਾ ਸੰਧੂ ਤੇ ਕੁਝ ਹੋਰ ਮਿੱਤਰ ਗੁਲਜ਼ਾਰ ਦੇ ਘਰ ਪਹੁੰਚੇ ਜਿੱਥੇ ਸ਼ਾਮੀਂ ਦੋਸਤੀਆਂ ਦਾ ਜਸ਼ਨ ਸ਼ੁਰੂ ਹੋਇਆ। ਦੋਸਤਾਂ ਦੀਆਂ ਸਿਹਤਾਂ ਦੇ ਜਾਮ ਪੀਤੇ ਗਏ। ਕਵਿਤਾਵਾਂ ਪੜ੍ਹੀਆਂ ਗਈਆਂ, ਗੀਤ ਗਾਏ ਗਏ। ਜਦ ਜਸ਼ਨ ਪੂਰੇ ਜ਼ੋਬਨ 'ਤੇ ਅਪੜਿਆ ਤਾਂ ਮੇਰੇ ਮਿੱਤਰਾਂ ਨੇ ਇਕ ਹੋਰ ਜਾਮ ਤਜਵੀਜ਼ ਕੀਤਾ। ਪਰ ਮੋਹਨ ਸਿੰਘ ਚਾਹ ਰਿਹਾ ਸੀ ਕਿ ਜਾਮ ਪੀਣ ਤੋਂ ਪਹਿਲਾਂ ਉਹਦੀ ਇਕ ਗੱਲ ਸੁਣੀ ਜਾਵੇ। ਮੋਹਨ ਸਿੰਘ ਨੇ ਨਸ਼ਿਆਈ ਜੀਭੇ ਗੱਲ ਸ਼ੁਰੂ ਕੀਤੀ-ਸਿਆਲਕੋਟ ਦਾ ਇਕ ਜੱਟ ਸੀ ਜੱਟ, ਸਿਆਲਕੋਟ...ਜਿਥੇ ਸ਼ਿਵ ਦੀ ਲੂਣਾ ਵਿਆਹੀ ਗਈ ਸੀ। ਹਾਂ, ਤੇ ਉਹ ਜੱਟ ਜੋਤਰਾ ਲਾ ਕੇ ਘਰ ਨੂੰ ਮੁੜਿਆ ਸੀ-ਆਪਣੀ ਕਾਕੋ ਨੂੰ ਕਹਿਣ ਲੱਗਾ ਰੋਟੀ ਜਲਦੀ ਪਾ ਦੇ, ਭੁੱਖ ਬੜੀ ਲੱਗੀ ਏ। ਕਾਕੋ ਨੇ ਘਿਉ ਸ਼ੱਕਰ ਪਾ ਦਿੱਤੀ ਪਰ ਅਜੇ ਉਹਨੇ ਇਕੋ ਗਰਾਹੀ ਭੰਨੀ ਸੀ ਤਾਂ ਬਾਹਰ ਪਿੜਾਂ 'ਚ ਵਿਸਾਖੀ ਦਾ ਢੋਲ ਵੱਜ ਪਿਆ। ਢੋਲ ਦੀ ਆਵਾਜ਼ ਸੁਣ ਕੇ ਕੁੜੀ ਦਾ ਪਿਉ ਕੁੜੀ ਨੂੰ ਕਹਿਣ ਲੱਗਾ, "ਬੱਸ ਓ ਬੱਚੀ ਬੱਸ, ਬੱਸ ਓ ਬੱਚੀ ਬੱਸ, ਬੱਸ ਓ ਬੱਚੀ ਬੱਸ।" ਤੇ ਫੇਰ ਮੋਹਨ ਸਿੰਘ 'ਬੱਸ ਓ ਬੱਚੀ ਬੱਸ' ਕਹਿੰਦਾ ਤੇ ਚੁਟਕੀਆਂ ਮਾਰਦਾ ਆਪ ਵੀ ਨੱਚਣ ਲੱਗ ਪਿਆ। ਜਦ ਨੱਚਦਾ ਨੱਚਦਾ ਹਫ਼ ਗਿਆ ਤਾਂ ਕਹਿਣ ਲੱਗਾ, "ਵੀਰੋ-ਭਰਾਵੋ ਹੁਣ ਸ਼ਰਾਬ ਬੱਸ ਕਰਨੀ ਚਾਹੀਦੀ ਹੈ-ਤੇ ਰੋਟੀ-ਪਾਣੀ ਛਕਣਾ ਚਾਹੀਦਾ ਹੈ।" ਪਰ ਅਜੇ ਜੱਟ ਦੀ ਵਾਰੀ ਤਾਂ ਆਈ ਹੀ ਨਹੀਂ ਸੀ। ਗੁਲਜ਼ਾਰ ਵੀ ਡਾਢੇ ਨਸ਼ੇ ਵਿਚ ਸੀ, ਭਲਾ ਉਹ ਮੋਹਨ ਸਿੰਘ ਤੋਂ ਪਿੱਛੇ ਕਿਵੇਂ ਰਹਿੰਦਾ? ਉਹਨੇ ਉਚੀ ਸਾਰੀ ਹੇਕ 'ਚ ਤੇ ਤੌੜੀਆਂ ਮਾਰਦੇ ਨੇ ਪਾਲੀਆਂ, ਅਯਾਲੀਆਂ, ਵਾਲੀਆਂ ਲੋਕ-ਬੋਲੀਆਂ ਪਾਣੀਆਂ ਸ਼ੁਰੂ ਕਰ ਦਿੱਤੀਆਂ:

ਪਹਿਲੀ ਗੱਡੀ ਆ ਜਾ ਮਿੱਤਰਾ
ਦੋ ਨਿੰਬੂ ਪੱਕੇ ਘਰ ਤੇਰੇ।

ਤੌੜੀਆਂ ਦੀ ਆਵਾਜ਼ ਜਦ ਮੱਧਮ ਹੋਈ ਤਾਂ ਮੈਨੂੰ ਕਵਿਤਾ ਪੜ੍ਹਨ ਦੀ ਸਿਫਾਰਿਸ਼ ਹੋਈ ਪਰ ਇਸ ਤੋਂ ਪਹਿਲਾਂ ਕਿ ਮੈਂ ਕਵਿਤਾ ਪੜ੍ਹਦਾ ਜੱਟ ਨੇ ਇਕ ਹੋਰ ਬੋਲੀ ਪਾ ਕੱਢੀ:

ਗੱਡੀ ਵਿਚੋਂ ਲੱਤ ਲਮਕੇ
ਗੋਰੇ ਪੈਰ 'ਤੇ ਸਲੀਪਰ ਕਾਲੇ।

ਆਖ਼ਰ ਮੈਂ ਕਵਿਤਾ ਪੜ੍ਹੀ-ਤੇ ਕਵਿਤਾ ਪੜ੍ਹਨ ਪਿਛੋਂ ਲਗਦੇ ਹੱਥ ਅੱਜ ਵਾਲੀ ਅਧੂਰੀ ਕਵਿਤਾ ਦੀਆਂ ਸਤਰਾਂ ਵੀ ਪੜ੍ਹ ਦਿੱਤੀਆਂ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜ੍ਹੀ।
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ।

ਅਜੇ ਮੈਂ ਇਹ ਸਤਰਾਂ ਪੜ੍ਹੀਆਂ ਹੀ ਸਨ ਕਿ ਅੰਮ੍ਰਿਤਾ ਵਿਚੋਂ ਹੀ ਬੋਲ ਪਈ, "ਸ਼ਿਵ ਅੱਜ ਸ਼ਿਵਰਾਤਰੀ ਏ, ਤੇ ਨਾਲੇ ਤੈਨੂੰ ਅੱਜ ਅਜਿਹੀ ਕਵਿਤਾ ਨਹੀਂ ਪੜ੍ਹਨੀ ਚਾਹੀਦੀ। ਅੱਜ ਤਾਂ ਤੇਰੇ ਗੀਤਾਂ ਦੇ ਘਰ ਧੁੱਪ ਹੀ ਧੁੱਪ ਏ।" ਮੈਂ ਅੰਮ੍ਰਿਤਾ ਦੀ ਗੱਲ ਸੁਣ ਕੇ ਸਾਰੇ ਸ਼ੋਰ ਵਿਚ ਵੀ ਇਕੱਲਾ ਸੋਚ ਰਿਹਾ ਸਾਂ, "ਅੱਜ ਤਾਂ ਤੇਰੇ ਗੀਤਾਂ ਦੇ ਘਰ ਧੁੱਪ ਹੀ ਧੁੱਪ ਏ।" ਤੇ ਮੈਂ ਵੇਖਿਆ ਮੇਰੇ ਹੋਠਾਂ ਨੂੰ ਜਾਮ ਦੀ ਥਾਵੇਂ ਹਰਫ਼ ਆ ਕੇ ਚੂੰਡ ਰਹੇ ਸਨ:

ਮੈਂ ਮੰਨਦਾਂ ਮੇਰੇ ਗੀਤਾਂ ਨੇ
ਧੁੱਪਾਂ ਦੀ ਜੂਨ ਹੰਢਾਈ ਹੈ।

"ਨਹੀਂ! ਤੇਰੇ ਗੀਤਾਂ ਨੇ ਧੁੱਪਾਂ ਦੀ ਜੂਨ ਕਦੋਂ ਹੰਢਾਈ ਹੈ?" ਮੇਰਾ ਚੇਤਨ ਮਨ ਮੈਨੂੰ ਸਵਾਲ ਕਰਦਾ ਹੈ। ਮੈਂ ਸ਼ਿਅਰ ਦੁਹਰਾ ਕੇ ਕਹਿੰਦਾ ਹਾਂ:

ਮੈਂ ਮੰਨਦਾਂ ਮੇਰੇ ਗੀਤਾਂ ਨੇ
ਮਹਿਕਾਂ ਦੀ ਜੂਨ ਹੰਢਾਈ ਹੈ।
ਪਰ ਮਹਿਕ ਅਮਾਨਤ ਹੈ ਜਿਸ ਦੀ
ਉਹ ਚੁੰਮ ਨਾ ਵੇਖੀ ਕਦੇ ਕਲੀ।

"ਨਹੀਂ! ਇਹ ਵੀ ਠੀਕ ਨਹੀਂ। ਤੂੰ ਇਹ ਵੀ ਕਿਉਂ ਮੰਨੇਂ ਕਿ ਤੇਰੇ ਗੀਤਾਂ ਨੇ ਮਹਿਕਾਂ ਦੀ ਜੂਨ ਹੰਢਾਈ ਹੈ। ਨਾਲ ਇਹ ਕਲੀ ਨੂੰ ਚੁੰਮਣ ਵਾਲੀ ਗੱਲ ਵੀ ਬਹੁਤ ਘਟੀਆ ਹੈ।" ਮੇਰਾ ਮਨ ਮੈਨੂੰ ਘੇਰ ਸਵਾਲ ਕਰਦਾ ਹੈ। ਮੈਂ ਖਿਝ ਜਾਂਦਾ ਹਾਂ ਤੇ ਸ਼ਿਅਰ ਵਿਚ ਫੇਰ ਸੁਧਾਰ ਕਰਦਾ ਹਾਂ

ਮੈਨੂੰ ਲੋਕ ਕਹਿਣ ਮੇਰੇ ਗੀਤਾਂ ਨੇ
ਮਹਿਕਾਂ ਦੀ ਜੂਨ ਹੰਢਾਈ ਹੈ।
ਪਰ ਲੋਕ ਵਿਚਾਰੇ ਕੀ ਜਾਨਣ
ਗੀਤਾਂ ਦੀ ਵਿਥਿਆ ਦਰਦ ਭਰੀ।

ਇਹ ਸਤਰਾਂ ਸੁਣ ਕੇ ਮੇਰਾ ਮਨ ਮੈਨੂੰ ਕੋਈ ਸਵਾਲ ਨਹੀਂ ਕਰਦਾ ਤੇ ਮੈਂ ਇਹ ਸਤਰਾਂ ਯਾਦ ਦੇ ਬੋਝੇ ਵਿਚ ਪਾ ਲੈਂਦਾ ਹਾਂ।

ਜਦੋਂ ਮੈਂ ਆਪਣੇ ਖ਼ਿਆਲਾਂ ਦੀ ਚੁੱਪ ਨਾਲੋਂ ਟੁੱਟ ਕੇ ਵਾਪਸ ਮੁੜਿਆ ਤਾਂ ਕਮਰੇ ਵਿਚ ਬੜਾ ਸ਼ੋਰ ਸੀ। ਅੰਮ੍ਰਿਤਾ ਜਾ ਚੁੱਕੀ ਸੀ ਤੇ ਮੋਹਨ ਸਿੰਘ ਇਕ ਹੱਥ ਕੰਨ 'ਤੇ ਰੱਖ ਕੇ ਤੇ ਦੂਜੇ ਹੱਥ ਵਿਚ ਚਿਮਚਾ ਫੜੀ, ਚਿਮਚੇ ਨੂੰ ਮੇਜ਼ 'ਤੇ ਮਾਰ ਮਾਰ ਕੇ



ਅੰਮ੍ਰਿਤਾ ਪ੍ਰੀਤਮ



ਗੁਲਜ਼ਾਰ ਸਿੰਘ ਸੰਧੂ



ਕਰਤਾਰ ਸਿੰਘ ਦੁੱਗਲ

ਇਕ ਖਾਸ ਤਾਲ ਵਿਚ ਮਾਹੀਆ ਗਾ ਰਿਹਾ ਸੀ:

ਗੱਡੀ ਆਈ ਤਰਾਈ ਵਾਲੀ
ਟਿਕਟ ਨਾ ਦੇ ਬਾਬੂ
ਸਾਰੀ ਰਾਤ ਜੁਦਾਈ ਵਾਲੀ।
ਗੱਡੀ ਟੁਰ ਗਈ ਆ ਸ਼ੂੰ ਕਰ ਕੇ
ਹੁਣ ਕਿਉਂ ਰੋਨੀ ਏਂ
ਬਸਰੇ ਵੱਲ ਮੂੰਹ ਕਰਕੇ।
ਘੜਾ ਪਿਆ ਘੜਵੰਝੀਆਂ 'ਤੇ
ਮਾਹੀ ਪਰਦੇਸ ਗਿਆ
ਹੱਥ ਮਾਰਾਂ ਮੰਜੀਆਂ 'ਤੇ।

ਮੇਰੇ ਦੋਸਤ ਤੇ ਮੋਹਨ ਸਿੰਘ ਆਖ਼ਰੀ ਸਤਰ ਸੁਣ ਕੇ ਵਾਹ ਵਾਹ ਕਰਦੇ ਨੇ ਪਰ ਮੈਂ ਫੇਰ ਚੁੱਪ ਹਾਂ-ਤੇ ਇਕ ਹੰਝੂ ਮੇਰੀਆਂ ਅੱਖੀਆਂ 'ਚੋਂ ਸਿੱਧਾ ਮੇਰੇ ਸੰਘ ਵਿਚ ਆ ਡਿਗਦਾ ਹੈ। ਮੇਰਾ ਗੱਚ ਭਰਿਆ ਜਾਂਦਾ ਹੈ। ਮੈਂ ਹੰਝੂ ਨੂੰ ਬੜੀ ਮੁਸ਼ਕਲ ਨਾਲ ਅੱਖਾਂ 'ਚ ਹੀ ਰੋਕ ਲੈਂਦਾ ਹਾਂ। ਮੈਂ ਵਾਰ-ਵਾਰ ਘੜਵੰਝੀਆਂ ਵਾਲੀ ਸਤਰ ਦੀ ਤਕਦੀਰ ਬਾਰੇ ਸੋਚਦਾ ਹਾਂ-ਤੇ ਆਪਣੀ ਤਕਦੀਰ ਬਾਰੇ ਵੀ। ਇਕ ਸਤਰ ਮੇਰੇ ਮੱਥੇ ਵਿਚ ਸੁਲਗਦੀ ਹੈ:

ਮੈਂ ਜ਼ਰਬਾਂ ਦੇ ਦੇ ਯਾਦਾਂ ਨੂੰ
ਆਪਣੀ ਤਾਂ ਅਉਧ ਹੰਢਾ ਬੈਠਾਂ
ਹੁਣ ਅਉਧ ਹੰਢਾਂਦਾ ਹਾਂ ਜਿਸ ਦੀ
ਉਹ ਵੀ ਹੈ ਮੈਥੋਂ ਦੂਰ ਬੜੀ।

ਮੇਰੀ ਇਕਾਗਰਤਾ ਅੱਖਾਂ 'ਚ ਰੋਕੇ ਹੰਝੂ ਬਾਰੇ ਸੋਚਦੀ ਹੈ ਤੇ ਫੇਰ ਮੱਥੇ ਵਿਚ ਸੁਲਗਦੀਆਂ ਸਤਰਾਂ ਬਾਰੇ-ਤੇ ਫੇਰ ਮੈਂ ਪਹਿਲੀਆਂ ਸਤਰਾਂ ਨੂੰ ਭੁੱਲ ਕੇ ਹੋਰ ਸਤਰਾਂ ਸੋਚਦਾ ਹਾਂ:

ਮੈਂ ਹੰਝੂ ਹੰਝੂ ਰੋ ਰੋ ਕੇ
ਆਪਣੀ ਤਾਂ ਅਉਧ ਹੰਢਾ ਬੈਠਾਂ।
ਕਿੰਝ ਅਉਧ ਹੰਢਾਵਾਂ ਗੀਤਾਂ ਦੀ
ਜਿਨ੍ਹਾਂ ਗੀਤਾਂ ਦੀ ਤਕਦੀਰ ਸੜੀ।

ਪਹਿਲੀਆਂ ਸਤਰਾਂ ਨਾਲੋਂ ਮੈਨੂੰ ਇਹ ਸਤਰਾਂ ਅਜ਼ੀਜ਼ ਹੋ ਜਾਂਦੀਆਂ ਹਨ-ਤੇ ਪਹਿਲੀਆਂ ਸਤਰਾਂ ਨੂੰ ਨਫ਼ਰਤ ਕਰਨ ਲੱਗਦਾ ਹਾਂ। ਬੜੀ ਪਿਆਰੀ ਆਵਾਜ਼ ਕੰਨਾਂ ਵਿਚ ਪੈਂਦੀ ਹੈ-ਗੁਲਜ਼ਾਰ ਦੀ ਸਾਲੀ ਕੰਵਲ ਗੀਤ ਗਾ ਰਹੀ ਹੈ। ਮੈਂ ਉਹਦੀ ਅਵਾਜ਼ ਨਾਲ ਫੇਰ ਕਮਰੇ 'ਚ ਮੁੜ ਆਉਂਦਾ ਹਾਂ ਤੇ ਗੀਤ ਦੇ ਬੋਲ ਸੁਣਦਾ ਹਾ:

ਇਕ ਮੇਰੀ ਸੱਸ ਚੰਦਰੀ
ਭੈੜੀ ਰੋਹੀ ਦੀ ਕਿੱਕਰ ਤੋਂ ਕਾਲੀ।
ਨਿੱਤ ਮੇਰੇ ਵੀਰ ਪੁਣਦੀ
ਨਾਲੇ ਦੇਵੇ ਮੇਰੇ ਮਾਪਿਆਂ ਨੂੰ ਗਾਲੀ।
ਰੱਬ ਜਾਣੇ ਤੱਤੜੀ ਦਾ
ਕਿਹੜਾ ਲਾਚੀਆਂ ਦਾ ਬਾਗ ਉਜਾੜਿਆ।

ਰਾਤ ਕਾਫੀ ਜਾ ਚੁੱਕੀ ਸੀ। ਅੱਖਾਂ ਵਿਚ ਆਈ ਨੀਂਦ ਤੇ ਨਸ਼ੇ ਨੇ ਆਖ਼ਰ ਮਹਿਫ਼ਲ ਉਜਾੜ ਦਿੱਤੀ। ਸਭੋ ਆਪਣੇ ਆਪਣੇ ਆਹਲਣਿਆਂ ਨੂੰ ਚਲੇ ਗਏ, ਪਰ ਮੈਂ ਤੇ ਮੋਹਨ ਸਿੰਘ, ਗੁਲਜ਼ਾਰ ਦੇ ਘਰ ਹੀ ਸੌਂ ਗਏ। ਤੜਕਸਾਰ ਜਦੋਂ ਮੈਨੂੰ ਜਾਗ ਆਈ ਤਾਂ ਮੈਂ ਵੇਖਿਆ ਕਿ ਮੋਹਨ ਸਿੰਘ, ਘੂਕ ਸੁੱਤਾ ਪਿਆ ਸੀ। ਬਿਜਲੀ ਜਲ ਰਹੀ ਸੀ। ਮੈਂ ਪਾਣੀ ਪੀ ਕੇ ਸੌਣ ਦੀ ਕੋਸ਼ਿਸ਼ ਕੀਤੀ ਪਰ ਬੇਕਾਰ। ਮੱਥੇ ਵਿਚ ਸੁੱਤੀਆਂ ਗੀਤ ਦੀਆਂ ਸਤਰਾਂ ਮੇਰੇ ਨਾਲ ਜਾਗ ਪਈਆਂ ਸਨ। ਆਖ਼ਰ ਮੈਂ ਇਕ ਕਾਗਜ਼ ਲਿਆ ਤੇ ਗੀਤ ਲਿਖਣਾ ਸ਼ੁਰੂ ਕਰ ਦਿੱਤਾ। ਕਾਗਜ਼ 'ਤੇ ਗੀਤ ਦਾ ਸ਼ੀਰਸ਼ਕ ਲਿਖਿਆ 'ਕਿਸਮਤ'-'ਕਿਸਮਤ' ਹਰਫ਼ ਦੇ ਪੈਰਾਂ ਥੱਲੇ ਇਕ ਲੀਕ ਮਾਰੀ ਤੇ ਕਵਿਤਾ ਲਿਖਣੀ ਸ਼ੁਰੂ ਕੀਤੀ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜੀ
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ।
ਇਸ ਸ਼ਹਿਰ 'ਚ ਮੇਰੇ ਗੀਤਾਂ ਦਾ
ਕੋਈ ਇਕ ਵੀ ਚਿਹਰਾ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਗੀਤਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ!
ਮੈਨੂੰ ਲੋਕ ਕਹਿਣ ਮੇਰੇ ਗੀਤਾਂ ਨੇ
ਮਹਿਕਾਂ ਦੀ ਜੂਨ ਹੰਢਾਈ ਹੈ।
ਪਰ ਲੋਕ ਵਿਚਾਰੇ ਕੀ ਜਾਨਣ
ਗੀਤਾਂ ਦੀ ਵਿਥਿਆ ਦਰਦ ਭਰੀ।
ਮੈਂ ਹੰਝੂ ਹੰਝੂ ਰੋ ਰੋ ਕੇ
ਆਪਣੀ ਤਾਂ ਅਉਧ ਹੰਢਾ ਬੈਠਾਂ
ਕਿੰਝ ਅਉਧ ਹੰਢਾਵਾਂ ਗੀਤਾਂ ਦੀ
ਜਿਨ੍ਹਾਂ ਗੀਤਾਂ ਦੀ ਤਕਦੀਰ ਸੜੀ।

ਏਨੀਆਂ ਸਤਰਾਂ ਲਿਖ ਕੇ ਮੈਂ ਇਕ ਵਾਰ ਫੇਰ ਮੁੱਢੋਂ-ਸੁੱਢੋਂ ਪੜ੍ਹੀਆਂ। ਗੀਤ ਮੈਨੂੰ ਬਿਲਕੁਲ ਅਧੂਰਾ ਜਾਪਿਆ। ਮੈਂ ਜੋ ਕਹਿਣਾ ਚਾਹੁੰਦਾ ਸਾਂ, ਉਹ ਮੈਥੋਂ ਅਜੇ ਕਹਿ ਨਹੀਂ ਸੀ ਹੋਇਆ। ਮੈਂ ਗੀਤ ਬਾਰੇ ਸੋਚਣ ਦੀ ਬਜਾਏ ਦੁੱਗਲ ਬਾਰੇ ਸੋਚਦਾ ਰਿਹਾ-ਤੇ ਫੇਰ ਪਤਾ ਨਹੀਂ ਕਿਵੇਂ ਮੇਰੇ ਅੰਦਰ 'ਦਾਅਵਤ' ਸ਼ਬਦ ਘੁੰਮਣ ਲੱਗ ਜਾਂਦਾ ਹੈ। ਮੈਂ ਲਿਖਣ ਲਗਦਾ ਹਾਂ:

ਇਕ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਜਦ ਆਖੀ।
ਇਕ ਬੁਰਕੀ ਮਿੱਸੇ ਚਾਨਣ ਦੀ
ਗੀਤਾਂ ਦੇ ਸੰਘ ਵਿਚ ਆਣ ਅੜੀ।

'ਅੜੀ' ਸ਼ਬਦ ਮੈਨੂੰ ਖਟਕਦਾ ਹੈ। ਗੀਤ ਦੇ ਸਰੋਦੀ ਤੇ ਰਾਗਾਤਮਕ ਪਿੰਡੇ ਵਿਚ 'ੜ' ਅੱਖਰ ਮੈਨੂੰ ਛਿੱਲਤਰ ਵਾਂਗ ਚੁੱਭਿਆ ਜਾਪਦਾ ਹੈ। ਮੈਂ ਸ਼ਿਅਰ ਫੇਰ ਲਿਖਦਾ ਹਾਂ:

ਅੱਜ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਜਦ ਆਖੀ।



ਪ੍ਰੋ. ਮੋਹਨ ਸਿੰਘ ਸ਼ਿਵ ਕੁਮਾਰ ਦੀ ਲਤੀਫਾ ਗੋਈ ਅਤੇ ਹਾਜ਼ਰ ਜਵਾਬੀ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਆਪਣੀ ਗਲਵੱਕੜੀ ਵਿਚ ਲੈਂਦੇ ਹੋਏ

ਇਕ ਬੁਰਕੀ ਮਿੱਠੇ ਚਾਨਣ ਦੀ
ਮੇਰੇ ਗੀਤਾਂ ਤੋਂ ਨਾ ਗਈ ਭਰੀ।

ਮੈਂ ਲਿਖੀਆਂ ਸਤਰਾਂ ਨੂੰ ਬਾਰ ਬਾਰ ਪੜ੍ਹਦਾ ਹਾਂ। ਸਤਰਾਂ ਦੇ ਕਈ ਰੂਪ ਬਣਾਉਂਦਾ ਹਾਂ:

ਇਕ ਸੂਰਜ ਨੇ ਮੇਰੇ ਗੀਤਾਂ ਨੂੰ
ਕਿਸੇ ਸੂਰਜ ਨੇ ਮੇਰੇ ਗੀਤਾਂ ਨੂੰ
ਅੱਜ ਸੂਰਜ ਨੇ ਮੇਰੇ ਗੀਤਾਂ ਨੂੰ

'ਇੱਕ', 'ਕਿਸੇ' ਤੇ 'ਅੱਜ' ਸ਼ਬਦ 'ਚੋਂ ਕਿਹੜਾ ਠੀਕ ਹੈ, ਮੈਂ ਸਿਗਰਟ ਬਾਲਦਾ ਤੇ ਸੋਚਦਾ ਹਾਂ। ਮੈਨੂੰ 'ਅੱਜ' ਸ਼ਬਦ ਹੀ ਜੱਚਦਾ ਹੈ। ਸੋ ਮੈਂ ਅੱਗੇ ਵਧਦਾ ਹਾਂ:

ਅੱਜ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਆਖੀ ਹੈ।
ਅੱਜ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਆਖੀ ਹੈ।

'ਆਖੀ ਸੀ'-ਤਾਂ ਫੇਰ ਕੱਲ੍ਹ ਦੀ ਗੱਲ ਹੋਈ? ਮੈਂ ਆਪਣੇ ਆਪ ਨੂੰ ਸਵਾਲ ਕਰਦਾ ਹਾਂ। ਫੇਰ ਤਾਂ ਮੈਨੂੰ ਇਵੇਂ ਲਿਖਣਾ ਚਾਹੀਦਾ ਹੈ:

ਕਲ੍ਹ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਆਖੀ ਸੀ।
ਪਰ ਬੁਰਕੀ ਮਿੱਠੇ ਚਾਨਣ ਦੀ
ਮੇਰੇ ਗੀਤਾਂ ਤੋਂ ਨਾ ਗਈ ਭਰੀ।

ਮੈਂ ਸ਼ਸ਼ੋਪੰਜ 'ਚ ਪੈ ਜਾਂਦਾ ਹਾਂ। ਕੀ ਠੀਕ ਤੇ ਕੀ ਗ਼ਲਤ ਹੈ? ਮੈਂ ਕਵਿਤਾ ਦੀ ਸਭ ਤੋਂ ਪਹਿਲੀ ਸਤਰ ਪੜ੍ਹਦਾ ਹਾਂ:

'ਅੱਜ ਕਿਸਮਤ ਮੇਰੇ ਗੀਤਾਂ ਦੀ।'

ਮੈਂ ਆਪਣੀ ਬੇਚੈਨੀ ਦਾ ਧਿਆਨ ਲਿਖੀਆਂ ਸਤਰਾਂ ਵੱਲ ਬਾਰ ਬਾਰ ਦਿਵਾਉਂਦਾ ਹਾਂ। 'ਮਿੱਸੇ ਚਾਨਣ ਦੀ', 'ਮਿੱਠੇ ਚਾਨਣ ਦੀ', 'ਆਣ ਅੜੀ', 'ਗਈ ਭਰੀ' ਤੇ ਆਖਰ ਨਿਰਣੇ 'ਤੇ ਪੁੱਜ ਜਾਂਦਾ ਹਾਂ:

ਅੱਜ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਜਦ ਆਖੀ।
ਇਕ ਬੁਰਕੀ ਮਿੱਸੇ ਚਾਨਣ ਦੀ
ਗੀਤਾਂ ਦੇ ਸੰਘ ਵਿਚ ਆਣ ਅੜੀ।

ਮੈਂ ਇਹ ਸਤਰਾਂ ਲਿਖ ਕੇ ਜਦੋਂ ਮੋਹਨ ਸਿੰਘ ਵੱਲ ਨਜ਼ਰ ਮਾਰੀ-ਤਾਂ ਮੋਹਨ ਸਿੰਘ ਘੁਰਾੜੇ ਮਾਰ ਰਿਹਾ ਸੀ। ਮੈਨੂੰ ਮੋਹਨ ਸਿੰਘ ਨੂੰ ਸੁੱਤਿਆਂ ਵੇਖ ਕੇ ਇਵੇਂ ਲੱਗਿਆ ਜਿਵੇਂ ਮੋਹਨ ਸਿੰਘ ਨਹੀਂ ਸਗੋਂ ਕੋਈ ਗੀਤ ਸੌਂ ਰਿਹਾ ਹੋਵੇ। ਇਕ ਸਾਹਸ ਮੇਰੇ ਅੰਦਰ ਅੰਗੜਾਈ ਲੈਂਦਾ ਹੈ-ਤੇ ਮੇਰੀ ਕਲਮ ਕਾਗਜ਼ 'ਤੇ ਫੇਰ ਝੁਕਦੀ ਹੈ:

ਕਿਸ ਉਮਰੇ ਮੇਰੇ ਗੀਤਾਂ ਨੂੰ
ਅੱਜ ਗੂਹੜੀ ਨੀਂਦਰ ਆਈ ਹੈ।

ਮੈਂ ਸਤਰਾਂ ਦੁਹਰਾਉਂਦਾ ਹਾਂ ਤੇ ਸਿਗਰਟ ਬਾਲਦਾ ਹਾਂ।

ਬਦਕਿਸਮਤ ਮੇਰੇ ਗੀਤਾਂ ਨੂੰ
ਕਿਸ ਵੇਲੇ ਨੀਂਦਰ ਆਈ ਹੈ।
ਯਾਦਾਂ ਦੇ ਵਿਹੜੇ ਪੀੜਾਂ ਦੀ
ਜਦ ਗੋਡੇ ਗੋਡੇ ਧੁੱਪ ਚੜ੍ਹੀ।

ਮੈਨੂੰ ਸ਼ਿਅਰ ਪਸੰਦ ਨਹੀਂ ਆਉਂਦਾ-ਤੇ ਮੈਂ ਫੇਰ ਦਰੁਸਤੀ ਕਰਦਾ ਹਾਂ:

ਬਦਕਿਸਮਤ ਮੇਰੇ ਗੀਤਾਂ ਨੂੰ
ਕਿਸ ਵੇਲੇ ਨੀਂਦਰ ਆਈ ਹੈ
ਜਦ ਦਿਲ ਦੇ ਵਿਹੜੇ ਪੀੜਾਂ ਦੀ
ਹੈ ਗੋਡੇ ਗੋਡੇ ਧੁੱਪ ਚੜ੍ਹੀ।

ਮੈਂ ਚੁੱਪ ਹੋ ਜਾਂਦਾ ਹਾਂ। ਅੱਖਾਂ ਮੀਚ ਕੇ ਆਪਣੇ ਧੁਰ ਅੰਦਰ ਵਿਚ ਨਜ਼ਰ ਮਾਰਦਾ ਹਾਂ। ਮੇਰੇ ਅੰਦਰ ਮੌਤ ਵਰਗਾ ਸਹਿਮ ਹੈ। ਮੈਨੂੰ ਇਵੇਂ ਲਗਦਾ ਹੈ ਜਿਵੇਂ ਮੈਂ ਮਰ ਰਿਹਾ ਹਾਂ-ਮੇਰੇ ਗੀਤ ਮਰ ਰਹੇ ਨੇ। ਮੈਂ ਆਪਣੀ ਮੌਤ ਬਾਰੇ ਸੋਚਦਾ ਹਾਂ। ਪਰ ਮੌਤ ਦਾ ਸਹਿਮ, ਗੀਤ ਲਿਖਦਿਆਂ ਕਿੱਥੋਂ ਆ ਗਿਆ? ਸ਼ਾਇਦ 'ਨੀਂਦਰ' ਸ਼ਬਦ ਕਰਕੇ। ਨਹੀਂ-ਸ਼ਾਇਦ ਇਕ ਯਾਰ ਦੇ ਕਹੇ ਬੋਲਾਂ ਕਰਕੇ। ਉਹਦੇ ਕਹੇ ਬੋਲ ਮੇਰੇ ਸਾਹਮਣੇ ਆ ਖਲੋਂਦੇ ਹਨ, "ਸਾਹਿਤ ਅਕਾਦਮੀ ਦਾ ਪੁਰਸਕਾਰ ਜਿਸ ਨੂੰ ਵੀ ਮਿਲਦਾ ਹੈ, ਉਹਦੀ ਸਾਹਿਤਕ ਮੌਤ ਹੋ ਜਾਂਦੀ ਹੈ।" ਮੇਰਾ ਮਨ ਮੈਨੂੰ ਸਮਝਾਉਂਦਾ ਹੈ, ਪਰ ਮੌਤ ਦਾ ਸਹਿਮ ਮੇਰਾ ਪਿੱਛਾ ਨਹੀਂ ਛੱਡਦਾ। ਮੈਂ ਉਦਾਸ ਹੋ ਜਾਂਦਾ ਹਾਂ। ਸਾਰੀ ਕਵਿਤਾ ਇਕ ਵਾਰ ਫੇਰ ਪੜ੍ਹਦਾ ਹਾਂ-ਤੇ ਫੇਰ ਪਤਾ ਨਹੀਂ ਕਿਵੇਂ, ਕੁਝ ਸਤਰਾਂ ਮੇਰੀ ਕਲਮ ਨਾ ਲਿਖਣਾ ਚਾਹੁੰਦੀ ਹੋਈ ਵੀ ਲਿਖ ਦੇਂਦੀ ਹੈ:

ਮੇਰੀ ਗੀਤਾਂ ਭਰੀ ਕਹਾਣੀ ਦਾ
ਕਿਆ ਅੰਤ ਗ਼ਜ਼ਬ ਦਾ ਹੋਇਆ ਹੈ।
ਜਦ ਆਈ ਜਵਾਨੀ ਗੀਤਾਂ 'ਤੇ
ਤਦ ਮੇਰੀ ਅਰਥੀ ਉਠ ਚੱਲੀ।

ਮੈਂ ਆਪਣੇ ਆਪ ਵਿਚ ਬੜਾ ਉਦਾਸ ਹਾਂ। ਇਹ ਸਤਰਾਂ ਮੈਂ ਕੱਟ ਦੇਣਾ ਚਾਹੁੰਦਾ ਹਾਂ-ਪਰ ਕੱਟਣ ਦੀ ਥਾਂਵੇਂ ਮੈਂ ਇਨ੍ਹਾਂ ਨੂੰ ਬਦਲ ਦਿੰਦਾ ਹਾਂ:

ਮੇਰੀ ਗੀਤਾਂ ਭਰੀ ਕਹਾਣੀ ਦਾ
ਅੱਜ ਅੰਤ ਗ਼ਜ਼ਬ ਦਾ ਹੋਇਆ ਹੈ।
ਜਦ ਆਈ ਜਵਾਨੀ ਗੀਤਾਂ 'ਤੇ
ਗੀਤਾਂ ਦੀ ਅਰਥੀ ਉਠ ਚੱਲੀ।

ਮੈਨੂੰ ਇਹ ਸਤਰਾਂ ਲਿਖ ਕੇ ਇਵੇਂ ਲੱਗਿਆ ਜਿਵੇਂ ਗੀਤ ਪੂਰਾ ਹੋ ਗਿਆ ਹੈ। ਮੈਂ ਜੋ ਕਹਿਣਾ ਸੀ, ਕਹਿ ਲਿਆ ਹੈ। ਮੈਂ ਇਕ ਹੋਰ ਕਾਗਜ਼ ਲਿਆ ਤੇ ਸਾਰਾ ਗੀਤ ਇਕ ਵਾਰ ਫੇਰ ਲਿਖ ਮਾਰਿਆ-ਤੇ ਮੈਂ ਹੁਣ ਗੀਤ ਨੂੰ ਜਨਮ ਦੇਣ ਮਗਰੋਂ ਡਾਢਾ ਥੱਕਿਆ ਥੱਕਿਆ, ਪਰ ਖੁਸ਼ ਖੁਸ਼ ਸਾਂ ਤੇ ਦੁੱਗਲ ਦਾ ਦਿਲੋਂ ਮਸ਼ਕੂਰ ਸਾਂ ਜਿਨ੍ਹੇ ਮੇਰੀ ਝੋਲੀ ਵਿਚ ਅਜਿਹਾ ਹਾਦਸਾ ਪਾਇਆ, ਜਿਦ੍ਹੀ ਕਿਸਮਤ 'ਚ ਉਹਦੀ ਰੋਟੀ ਤਾਂ ਨਹੀਂ ਸੀ, ਪਰ ਗੀਤ ਜ਼ਰੂਰ ਸੀ।

# ਲੋਕਾਂ ਮੇਰੇ ਗੀਤ ਸੁਣ ਲਏ, ਦੁੱਖ ਕਿਸੇ ਨਾ ਜਾਣਿਆ...

'ਪੰਜਾਬ ਟਾਈਮਜ਼' ਦੇ 23 ਨੰਵਬਰ ਦੇ ਅੰਕ ਵਿਚ ਮਰਹੂਮ ਸ਼ਾਇਰ ਸ਼ਿਵ ਬਟਾਲਵੀ ਦੀ ਪਤਨੀ ਅਰੁਣਾ ਬਟਾਲਵੀ ਨਾਲ ਸ. ਸੁਰਿੰਦਰ ਸਿੰਘ ਭਾਟੀਆ ਦੀ ਮੁਲਾਕਾਤ ਪੜ੍ਹੀ। ਲੇਖਕ ਦੀ ਵਾਰਤਕ ਸ਼ੈਲੀ, ਸੁਹਜ, ਸਹਿਜ ਅਤੇ ਸਲੀਕਾ ਬੇਹੱਦ ਸਲਾਹੁਣਯੋਗ ਹੈ। ਮਹਿਸੂਸ ਹੋਇਆ ਜਿਵੇਂ ਅਸੀਂ ਵੀ ਪੰਜਾਬ ਟਾਈਮਜ਼ ਦੇ ਦਫਤਰ ਬੈਠੇ ਇਹ

## ਪਾਠਕਾਂ ਦਾ ਹੁੰਗਾਰਾ

ਗੱਲਾਂ ਸੁਣ ਰਹੇ ਹੋਈਏ। ਅਦਾਰੇ ਦਾ ਵੀ ਧੰਨਵਾਦ ਕਰਨਾ ਬਣਦਾ ਹੈ। ਅਜਿਹੇ ਦੁਰਲੱਭ ਲੇਖ ਅਖਬਾਰ ਦੀ ਵਿਲਖਣਤਾ ਨੂੰ ਹੋਰ ਵੀ ਚਮਕਾ ਦਿੰਦੇ ਹਨ।

ਮੈਂ ਆਪਣੇ ਪਿਆਰੇ ਸ਼ਾਇਰ ਸ਼ਿਵ ਦੀਆਂ ਕੁਝ ਹੋਰ ਕਵਿਤਾਵਾਂ ਦੇ ਬੰਦ ਪੰਜਾਬ ਟਾਈਮਜ਼ ਦੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ ਤੇ ਇਹ ਵੀ ਮੇਰੀ ਇੱਛਾ ਹੈ ਕਿ ਪੰਜਾਬ ਟਾਈਮਜ਼ ਵਿਚ ਸ਼ਿਵ ਦੀਆਂ ਹੋਰ ਰਚਨਾਵਾਂ ਛਾਪੀਆਂ ਜਾਣ।

ਸ਼ਿਵ ਨੇ ਯੁਵਾ ਅਵਸਥਾ 1960 ਵਿਚ ਹੀ 'ਪੀੜਾਂ ਦਾ ਪਰਾਗਾ' ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਕਈਆਂ ਨੇ ਗਿਲਾ ਕੀਤਾ ਕਿ ਸ਼ਿਵ ਦੇ ਗੀਤ ਤਾਂ ਕੌੜੇ-ਕਸੈਲੇ ਹਨ, ਇਨ੍ਹਾਂ ਵਿਚੋਂ ਨਿਰਾਸ਼ਾ ਅਤੇ ਨਾਕਾਮੀ ਝਲਕਦੀ ਹੈ। ਲੋਕ ਕੀ ਜਾਣਨ ਕਿ ਨੜੋਏ ਬੈਠੀ ਜਿੰਦ ਕਿਦਾਂ ਸੋਹਲੇ ਗਾ ਸਕਦੀ ਹੈ। ਸ਼ਿਵ 'ਪੀੜਾਂ ਦਾ ਪਰਾਗਾ' 'ਚ ਜੁਆਬ ਦਿੰਦਾ ਹੈ,

"ਪੀੜਾਂ ਦੇ ਧਰਕੋਨੇ ਖਾ ਖਾ,
ਹੋ ਗਏ ਗੀਤ ਕਸੈਲੇ ਵੇ।
ਵਿਚ ਨੜੋਏ ਬੈਠੀ ਜਿੰਦੂ
ਕੀਕਣ ਸੋਹਲੇ ਗਾਏ ਵੇ।"

1963-64 'ਚ ਛਪੇ ਕਾਵਿ ਸੰਗ੍ਰਹਿ 'ਮੈਨੂੰ ਵਿਦਾ ਕਰੋ' ਵਿਚ ਇਸ ਬ੍ਰਹਿਮੰਡ 'ਚ ਸ਼ਿਵ ਆਪਣੀ ਹੋਂਦ ਜਜ਼ਬ ਹੋਣੀ ਲੋਚਦਾ ਹੈ,

'ਵਾਰੋ ਪੀੜ ਮੇਰੀ ਦੇ ਸਿਰ ਤੋਂ,
ਨੈਣ ਸਰਾਂ ਦਾ ਪਾਣੀ,
ਇਸ ਪਾਣੀ ਨੂੰ ਜਗ ਵਿਚ ਵੰਡੋ,
ਹਰ ਇਕ ਆਸ਼ਕ ਤਾਣੀ।
ਪ੍ਰਭ ਜੀ, ਜੇ ਕੋਈ ਬੂੰਦ ਬਚੇ,
ਉਹਦਾ ਆਪ ਘੁਟ ਭਰੋ,
ਤੇ ਮੈਨੂੰ ਵਿਦਾ ਕਰੋ।'

1965 ਵਿਚ ਉਸ ਦੀ ਸ਼ਾਹਕਾਰ ਰਚਨਾ 'ਲੂਣਾ' ਪ੍ਰਕਾਸ਼ਿਤ ਹੋਈ। ਇਸ ਵਿਚ ਉਸ ਨੇ ਔਰਤ ਦੇ ਹੱਕਾਂ ਦੀ ਵਕਾਲਤ ਕੀਤੀ। ਸਮਾਜ ਨੂੰ ਢੋਲ 'ਤੇ ਡਗਾ ਮਾਰ ਕੇ ਕਿਹਾ ਕਿ ਇਸਤਰੀ ਦੇ ਵਿਆਹ ਲਈ ਵਰ ਹਮ-ਉਮਰ ਹੋਣਾ ਚਾਹੀਦਾ, ਲੋਕਾਂ ਨੂੰ ਤੋਹਮਤਾਂ ਨਹੀਂ ਲਾਉਣੀਆਂ ਚਾਹੀਦੀਆਂ,

'ਪਿਤਾ ਜੇ ਧੀ ਦਾ ਰੂਪ ਹੰਢਾਵੇ।
ਤਾਂ ਲੋਕਾਂ ਨੂੰ ਲਾਜ ਨਾ ਆਵੇ,
ਜੇ ਲੂਣਾ ਪੂਰਨ ਨੂੰ ਚਾਹਵੇ,
ਚਰਿੱਤਰਹੀਣ ਕਹੇ ਕਿਉਂ,
ਜੀਭ ਜਹਾਨ ਦੀ।'

ਮੈਂ ਇਕ ਵਾਰ ਪੜ੍ਹਿਆ ਸੀ ਕਿ ਸ਼ਿਵ ਹਸਪਤਾਲ 'ਚ ਦਾਖਲ ਸੀ। ਉਸ ਦੀ ਨਜ਼ਰ ਖਿੜਕੀ ਦੇ ਬਾਹਰ ਦਰਖੱਤਾਂ 'ਤੇ ਪਈ ਤਾਂ ਉਸ ਨੇ 'ਰੁੱਖ' ਨਾਂ ਦੀ ਇਕ ਕਵਿਤਾ ਲਿਖ ਕੇ ਆਪਣਾ ਰਿਸ਼ਤਾ ਰੁੱਖਾਂ ਨਾਲ ਜੋੜ ਲਿਆ ਅਤੇ ਆਪ ਅਗਲੀ ਜੂਨ ਰੁੱਖ ਦੀ ਲੋਚ ਲਈ,

'ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਂਵਾਂ।
ਕੁਝ ਰੁੱਖ ਨੂੰਹਾਂ ਧੀਆਂ ਲਗਦੇ
ਕੁਝ ਰੁੱਖ ਵਾਂਗ ਭਰਾਵਾਂ।
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ।
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਂਵਾਂ।
ਕੁਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ।
ਇਕ ਮੇਰੀ ਮਹਿਬੂਬਾ ਵਾਕਣ
ਮਿੱਠਾ ਅਤੇ ਦੁਖਾਵਾਂ।
ਕੁਝ ਰੁੱਖ ਮੇਰਾ ਦਿਲ ਕਰਦਾ ਏ
ਮੋਢੇ ਚੁਕ ਖਿਡਾਵਾਂ।
ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ।
ਕੁਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ।
ਸਾਵੀਂ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ।
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ।
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿਚ ਗਾਵਾਂ।
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਣ ਰੁੱਖਾਂ ਦੀਆਂ ਛਾਂਵਾਂ।'

ਸ਼ਿਵ ਦੀਆਂ ਇਹ ਸਤਰਾਂ ਤੱਕੋ:

ਲੋਕਾਂ ਮੇਰੇ ਗੀਤ ਸੁਣ ਲਏ
ਮੇਰਾ ਦੁੱਖ ਤਾਂ ਕਿਸੇ ਵੀ ਨਾ ਜਾਣਿਆ।
ਲੱਖਾਂ ਮੇਰਾ ਸੀਸ ਚੁੰਮ ਗਏ
ਪਰ ਮੁਖੜਾ ਨਾ ਕਿਸੇ ਵੀ ਪਛਾਣਿਆ।
ਅੱਜ ਏਸੇ ਮੁਖੜੇ ਤੋਂ
ਪਿਆ ਆਪਣਾ ਮੈਂ ਆਪ ਲੁਕਾਵਾਂ।
ਕਬਰਾਂ ਉਡੀਕਦੀਆਂ
ਮੈਨੂੰ ਜਿਉਂ ਪੁੱਤਰਾਂ ਨੂੰ ਮਾਂਵਾਂ।
ਸਿਖਰ ਦੁਪਿਹਰ ਸਿਰ 'ਤੇ
ਮੇਰਾ ਢਲ ਚੱਲਿਆ ਪਰਛਾਵਾਂ।'

ਉਸ ਮਹਾਨ ਸ਼ਾਇਰ ਨੂੰ ਹਜਾਰ ਹਜਾਰ ਵਾਰ ਸਜ਼ਦਾ ਜਿਸ ਦੀ ਸ਼ਾਇਰੀ ਸਦੀਆਂ ਸਦੀਆਂ ਤਕ ਲੋਕਾਂ ਦੀ ਰੂਹ ਰੁਸ਼ਨਾਉਂਦੀ ਰਹੇਗੀ।

*-ਕੁਲਦੀਪ ਸਿੰਘ*
*ਫੋਨ: 510-676-0248*

## ਅਰੁਣਾ ਬਟਾਲਵੀ ਨਾਲ ਮੁਲਾਕਾਤ

ਪੰਜਾਬ ਟਾਈਮਜ਼ ਦੇ 21 ਨਵੰਬਰ ਦੇ ਅੰਕ ਵਿਚ ਸੁਰਿੰਦਰ ਸਿੰਘ ਭਾਟੀਆ ਵਲੋਂ ਮਰਹੂਮ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਪਤਨੀ ਅਰੁਣਾ ਬਟਾਲਵੀ ਨਾਲ ਕੀਤੀ ਮੁਲਾਕਾਤ ਪੜ੍ਹੀ। ਭਾਟੀਆ ਸਾਹਿਬ ਨੇ ਹੋਈਆਂ ਗੱਲਾਂ ਬਹੁਤ ਹੀ ਵਧੀਆ ਤਰੀਕੇ ਨਾਲ ਇਸ ਲੇਖ ਵਿਚ ਕਲਮਬੰਦ ਕੀਤੀਆਂ ਹਨ। ਸੱਚਮੁੱਚ ਹੀ ਇਹ ਮੁਲਾਕਾਤ ਪੜ੍ਹ ਕੇ ਰੂਹ ਨਸ਼ਿਆ ਗਈ। ਅਰੁਣਾ ਜੀ ਨੇ ਵੀ ਇਸ ਮੁਲਾਕਾਤ ਲਈ ਸਮਾਂ ਦੇ ਕੇ ਪੰਜਾਬ ਟਾਈਮਜ਼ ਦੇ ਪਾਠਕਾਂ ਉਪਰ ਬੜੀ ਮਿਹਰਬਾਨੀ ਕੀਤੀ ਹੈ। ਇਸ ਵਿਚ ਉਨ੍ਹਾਂ ਸ਼ਿਵ ਨਾਲ ਬਿਤਾਏ ਆਪਣੇ ਜੀਵਨ ਦੇ ਕੁਝ ਉਹ ਪਲ ਵੀ ਸਾਂਝੇ ਕੀਤੇ ਹਨ ਜਿਨ੍ਹਾਂ ਬਾਰੇ ਸ਼ਾਇਦ ਸ਼ਿਵ ਬਟਾਲਵੀ ਦੇ ਉਪਾਸ਼ਕਾਂ ਨੂੰ ਪਹਿਲਾਂ ਪਤਾ ਨਹੀਂ ਸੀ। ਅਸੀਂ ਅਰੁਣਾ ਜੀ ਅਤੇ ਪੰਜਾਬ ਟਾਈਮਜ਼-ਦੋਹਾਂ ਦੇ ਧੰਨਵਾਦੀ ਹਾਂ। ਉਮੀਦ ਕਰਦੇ ਹਾਂ ਕਿ ਪੰਜਾਬ ਟਾਈਮਜ਼ ਅਜਿਹੇ ਉਪਰਾਲੇ ਭਵਿੱਖ ਵਿਚ ਵੀ ਕਰਦਾ ਰਹੇਗਾ ਅਤੇ ਪਾਠਕਾਂ ਦੀਆਂ ਉਮੀਦਾਂ 'ਤੇ ਪੂਰਾ ਉਤਰਦਾ ਰਹੇਗਾ।

*-ਇੰਦਰਜੀਤ ਮੰਗਾ, ਪਿਟਸਬਰਗ, ਕੈਲੀਫੋਰਨੀਆ।*

## ਰਾਤਾਂ ਕਾਲੀਆਂ

ਝੁਰਮਟ ਬੋਲੇ, ਝੁਰਮਟ ਬੋਲੇ
ਸ਼ਾਰਾ...ਰਾਰਾ...ਰਾ
ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ
ਹਾਏ ਓਏ ਰਾਤਾਂ ਕਾਲੀਆਂ
ਚੁੰਨੀ ਲੈਣੀ, ਚੁੰਨੀ ਲੈਣੀ ਚੀਨ-ਮੀਨ ਦੀ
ਜਿਹੜੀ ਸੌ ਦੀ ਸਵਾ ਗਜ਼ ਆਵੇ
ਹਾਏ ਓਏ ਰਾਤਾਂ ਕਾਲੀਆਂ।

ਝੁਰਮਟ ਬੋਲੇ, ਝੁਰਮਟ ਬੋਲੇ
ਬੋਲੇ ਕਾਲੇ ਬਾਗ਼ੀਂ
ਜੀਕਣ ਡਾਰ ਕੂੰਜਾਂ ਦੀ ਬੈਠੀ
ਰੁਦਨ ਕਰੇਂਦੀ ਢਾਬੀਂ
ਵੀਰ ਤੇਰੇ ਬਿਨ ਨੀਂਦ ਨਾ ਆਵੇ
ਜਾਗੀਂ ਨਣਦੇ ਜਾਗੀਂ
ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ
ਹਾਏ ਓਏ ਰਾਤਾਂ ਕਾਲੀਆਂ।

ਝੁਰਮਟ ਬੋਲੇ, ਝੁਰਮਟ ਬੋਲੇ
ਬੋਲੇ ਨੀ ਵਿਚ ਰਾਹਵਾਂ
ਸੋਨੇ ਚੁੰਝ ਮੜ੍ਹਾਵਾਂ ਤੇਰੀ
ਉੱਡੀਂ ਵੇ ਕਾਲਿਆ ਕਾਵਾਂ
ਮਾਹੀ ਮੇਰਾ ਜੇ ਮੁੜੇ ਲਾਮ ਤੋਂ
ਕੁੱਟ ਕੁੱਟ ਚੂਰੀਆਂ ਪਾਵਾਂ
ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ
ਹਾਏ ਓਏ ਰਾਤਾਂ ਕਾਲੀਆਂ।

ਝੁਰਮਟ ਬੋਲੇ, ਝੁਰਮਟ ਬੋਲੇ
ਬੋਲੇ ਨੀ ਵਿਚ ਰੋਹੀਆਂ
ਕੰਤ ਜਿਨ੍ਹਾਂ ਦੇ ਲਾਮੀਂ ਟੁਰ ਗਏ
ਉਹ ਜਿਊਂਦੇ ਜੀ ਮੋਈਆਂ
ਮੇਰੇ ਵਾਕਣ ਵਿਚ ਜ਼ਮਾਨੇ
ਉਹ ਹੋਈਆਂ ਨਾ ਹੋਈਆਂ
ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ
ਹਾਏ ਓਏ ਰਾਤਾਂ ਕਾਲੀਆਂ।

## ਕਹਾਣੀ

# ਰੂਪੀ

***ਪੰਜਾਬੀ ਸਮਾਜ ਵਿਚ ਅੱਜ ਵੀ ਧੀਆਂ ਨੂੰ ਬੋਝ ਸਮਝਿਆ ਜਾਂਦਾ ਹੈ ਜਦੋਂਕਿ ਸੱਚ ਇਹ ਹੈ ਕਿ ਮਾਪਿਆਂ ਨੂੰ ਅਸਲ ਮੋਹ ਧੀਆਂ ਹੀ ਦਿੰਦੀਆਂ ਹਨ। ਧੀਆਂ ਨੂੰ ਪੱਥਰ ਪੱਥਰ ਆਖ ਕੋਸਣ ਵਾਲੇ ਮਾਪੇ ਪਤਾ ਨਹੀਂ ਕਦੋਂ ਆਪਣੀ ਇਹ ਸੋਚ ਬਦਲਣਗੇ? ਕੁਝ ਅਜਿਹਾ ਹੀ ਸਵਾਲ ਇਸ ਕਹਾਣੀ ਵਿਚ ਕਹਾਣੀਕਾਰ ਸੁਰਜੀਤ ਕੌਰ ਕਲਪਨਾ ਨੇ ਉਠਾਇਆ ਹੈ। -ਸੰਪਾਦਕ***

### ਸੁਰਜੀਤ ਕੌਰ ਕਲਪਨਾ

ਉਹ ਬੜੀ ਬੇਸਬਰੀ ਨਾਲ ਫਰੰਟ ਰੂਮ ਦੇ ਜਾਲੀਦਾਰ ਪਰਦਿਆਂ ਵਿਚੋਂ ਖਿੜਕੀ ਦੇ ਬਾਹਰ ਝਾਕਦਾ, ਐਂਬੂਲੈਂਸ ਦੀ ਉਡੀਕ ਕਰ ਰਿਹਾ ਸੀ। ਐਂਬੂਲੈਂਸ ਹੁਣੇ ਆਈ ਕਿ ਆਈ। ਐਂਬੂਲੈਂਸ ਆਉਂਦਿਆ ਹੀ ਉਸ ਦੀ 'ਜੇਠੀ ਆਸਵੰਦ ਧੀ' ਨੂੰ ਝੱਬਦੇ ਹਸਪਤਾਲ ਪੁਜਦੇ ਕਰੂ। ਪਰ ਐਂਬੂਲੈਂਸ ਸੀ ਕਿ ਪੁੱਜ ਹੀ ਨਹੀਂ ਸੀ ਰਹੀ। ਉਪਰਲੇ ਬੈਡਰੂਮ ਵਿਚੋਂ ਦਰਦ ਭਰੀ 'ਹਾਏ ਹਾਏ' ਦੀ ਆਵਾਜ਼ ਜਿਵੇਂ ਉਸ ਦੇ ਕਾਲਜੇ ਦਾ ਰੁੱਗ ਭਰ ਰਹੀ ਸੀ। ਰੂਪੀ, ਉਸ ਦੀ ਜੇਠੀ ਧੀ ਦਾ ਪਤੀ ਜਿੰਦਰ ਵੀ ਆਪਣੀ ਪਤਨੀ ਦੀ ਹਾਲਤ ਦੇਖ ਕੇ ਬੇਚੈਨ ਸੀ। ਇਕ ਪਾਸੇ ਪੀੜਾਂ ਨਾਲ ਕਰਾਹ ਰਹੀ ਰੂਪੀ ਸੀ ਤੇ ਦੂਜੇ ਪਾਸੇ 'ਵੀਲ੍ਹ ਚੇਅਰ' 'ਤੇ ਬੈਠਾ ਚਿੰਤਤ ਰੂਪੀ ਦਾ ਪਿਤਾ, ਜਿੰਦਰ ਕਰੇ ਤਾਂ ਕੀ ਕਰੇ? ਐਂਬੂਲੈਂਸ ਨੇ ਪਤਾ ਨਹੀਂ ਇੰਨੀ ਦੇਰ ਕਿਉਂ ਲਾ ਦਿਤੀ ਸੀ।

ਰੂਪੀ ਦੇ ਪਿਤਾ ਨੇ ਆਪਣੇ ਜਵਾਈ ਜਿੰਦਰ ਦੇ ਚਿਹਰੇ ਵਲ ਵੇਖਿਆ। ਖੁਲ੍ਹੀ ਕਿਤਾਬ ਦੀ ਨਿਆਈਂ ਉਸ ਝਟ ਪੜ੍ਹ ਲਿਆ ਕਿ ਜਿੰਦਰ ਪਿਤਾ ਬਣਨ ਲਈ ਅਧੀਰ ਅਤੇ ਫਿਕਰਮੰਦ ਹੈ। ਉਹ ਘਬਰਾਇਆ ਹੋਇਆ ਕਦੇ ਪੌੜੀਆਂ ਚੜ੍ਹ ਕੇ ਉਪਰਲੇ ਕਮਰੇ ਵਿਚ ਜਾ ਰੂਪੀ ਨੂੰ ਦਿਲਾਸਾ ਦਿੰਦਾ ਅਤੇ ਕਦੇ ਬਾਹਰਲੇ ਦਰਵਾਜ਼ੇ ਵਲ ਝਾਕਦਾ। ਉਸ ਨੂੰ ਰੂਪੀ ਪ੍ਰਤੀ ਉਸ ਦੇ ਪਤੀ ਜਿੰਦਰ ਦੀ ਅਪਣਤ ਭਰੀ ਬੌਖਲਾਹਟ ਚੰਗੀ ਲੱਗੀ। ਆਪਣੀ ਧੀ ਦੀ ਕਦਰ, ਉਸ ਦੇ ਪਤੀ ਜਿੰਦਰ ਦੀਆਂ ਨਜ਼ਰਾਂ ਵਿਚ ਭਾਂਪਦਿਆਂ ਉਸ ਨੂੰ ਕੁਝ ਸਕੂਨ ਜਿਹਾ ਮਿਲਿਆ। ਐਂਬੂਲੈਂਸ ਸੀ ਕਿ ਆ ਹੀ ਨਹੀਂ ਸੀ ਰਹੀ। ਇੰਤਜ਼ਾਰ ਕਰਨੀ ਕਿੰਨੀ ਔਖੀ ਹੋ ਗਈ ਸੀ।

ਕੰਧ ਤੇ ਲੱਗੀ ਘੜੀ ਦੀਆਂ ਸੂਈਆਂ ਜਿਵੇਂ ਚਲਣਾ ਭੁਲ ਕੇ ਉਂਘਲਾ ਰਹੀਆਂ ਸਨ। ਉਸ ਦੀਆਂ ਬੇਸਬਰ ਨਜ਼ਰਾਂ ਜਿਵੇਂ ਘੜੀ ਨੂੰ ਘੂਰਦੀਆਂ ਸੁਸਤ ਚਾਲ ਸੂਈਆਂ ਦਾ ਮਾਤਮ ਕਰ ਰਹੀਆਂ ਸਨ। ਪੰਦਰਾਂ ਮਿੰਟ, 15 ਸਾਲ ਵਾਂਗ ਬੀਤੇ। ਜਿੰਦਰ ਨੇ ਸੁਖ ਦਾ ਸਾਹ ਲਿਆ ਜਦੋਂ 'ਐਂਬੂਲੈਂਸ ਮੈਨ' ਨੇ ਦਰਵਾਜ਼ਾ ਖੜਕਾਇਆ। ਰੂਪੀ ਤੇ ਜਿੰਦਰ ਨੂੰ ਲੈ ਕੇ ਐਂਬੂਲੈਂਸ ਤੁਰ ਪਈ। ਉਸ ਨੂੰ ਲੱਗਾ ਕਿ ਰੂਪੀ ਦੇ ਨਾਲ ਹੀ ਉਸ ਦੀ ਜਾਨ ਚਲੀ ਗਈ ਹੋਵੇ ਅਤੇ ਉਸ ਦੀ ਸਾਹ ਸਤਹੀਣ ਲੋਥ 'ਵੀਲ੍ਹ ਚੇਅਰ' ਉਤੇ ਰਹਿ ਗਈ ਹੋਵੇ। ਉਹੀ ਰੂਪੀ ਆਪੂੰ ਹਸਪਤਾਲ ਗਈ ਸੀ ਜਿਸ ਨੂੰ ਡਾਕਟਰ ਤੇ ਨਰਸਾਂ 'ਤੇ ਯਕੀਨ ਨਹੀਂ ਸੀ। ਇਸੇ ਲਈ ਉਹ ਆਪਣੇ ਅਪਾਹਜ ਪਿਤਾ ਨੂੰ ਹਸਪਤਾਲ ਨਹੀਂ ਸੀ ਜਾਣ ਦਿੰਦੀ। ਘਰ ਰਖ ਕੇ ਆਪਣੇ ਹਥੀਂ ਤਨੋਂ ਮਨੋਂ ਇੰਨੀ ਸੇਵਾ ਕਰਦੀ ਸੀ ਕਿ ਕਈ ਵਾਰ ਉਹ ਆਪਣੇ ਆਪ ਵਿਚ ਸ਼ਰਮ ਹਯਾ ਨਾਲ ਪਾਣੀ ਪਾਣੀ ਹੋਇਆ ਰੂਪੀ ਨਾਲ ਅੱਖਾਂ ਮਿਲਾਉਣੋਂ ਵੀ ਝਿਜਕਦਾ ਸੀ।

ਰੂਪੀ ਬਾਲੜੀ ਉਮਰ ਵਿਚ ਹੀ ਆਪਣੀਆਂ ਨੰਨੀਆਂ ਭੈਣਾਂ ਦੀ ਜ਼ਿੰਮੇਵਾਰੀ ਮਾਂ ਵਾਂਗ ਆਪਣੇ ਕੋਮਲ ਕੰਧਿਆਂ 'ਤੇ ਚੁਕੀ ਫਿਰਦੀ। ਪਰ ਕਦੇ ਵੀ ਉਹਦੇ ਭਾਗਾਂ ਭਰੇ ਮੱਥੇ ਉਤੇ ਵੱਟ ਨਹੀਂ ਸੀ ਪਿਆ। ਬਚਪਨ ਤੋਂ ਜਵਾਨੀ ਵਿਚ ਉਸ ਨੇ ਕਦੋਂ ਪੈਰ ਧਰਿਆ, ਰੂਪੀ ਨੂੰ ਹੋਸ਼ ਨਹੀਂ ਸੀ। ਉਸ ਵਿਚਾਰੀ ਨੂੰ ਤਾਂ ਕੰਮ ਅਤੇ ਗ਼ਮ ਤੋਂ ਬਿਨਾਂ ਕਦੇ ਕੁਝ ਆਪਣੇ ਬਾਰੇ ਸੋਚਣ ਦੀ ਫੁਰਸਤ ਹੀ ਨਹੀਂ ਸੀ ਮਿਲੀ। ਜਿਸ ਉਮਰ ਵਿਚ ਕੁੜੀਆਂ ਆਪਣੇ ਨੈਣੀਂ ਕੱਜਲ ਦੀ ਧਾਰ ਪਾਉਣੀ ਸਿੱਖਦੀਆਂ ਹਨ, ਉਸ ਉਮਰ ਤਕ ਤਾਂ ਸਮੇਂ ਦੀ ਧਾਰਾ ਨੇ ਉਸ ਨੂੰ ਘਰ ਦੀ ਪੂਰਨ ਸੁਘੜ ਸਿਆਣੀ ਬਣਾ ਦਿਤਾ ਸੀ।

ਰੂਪੀ ਨੂੰ ਜੋ ਵੀ ਵੇਖਦਾ, ਇਹੀ ਕਹਿੰਦਾ ਕਿ ਇਹ ਤਾਂ ਆਪਣੀ ਮਾਂ ਉਤੇ ਗਈ ਹੈ। ਉਸ ਦੀ ਨੁਹਾਰ, ਡੀਲ ਡੌਲ ਅਤੇ ਕਦ ਕਾਠ ਨਿਰਾ ਪੁਰਾ ਆਪਣੀ ਮਾਂ ਵਾਂਗ ਹੀ ਸੀ। ਭੋਲੀ ਭਾਲੀ ਨਿਰਛਲ ਮਾਸੂਮੀਅਤ ਦੀ ਸ਼ਾਖਸਾਤ ਮੂਰਤ ਸੀ। ਉਸ ਦੀਆਂ ਮੁਸਕਾਨਾਂ ਵਿਚੋਂ ਜਿਵੇਂ ਬਸੰਤ ਬਹਾਰ ਆਉਣ ਦਾ ਹੀਆ ਕਰਦੀ। ਬੋਲਦੀ ਤਾਂ ਕੋਮਲ ਜਿਹੇ ਸੋਹਲ ਕਲੀਆਂ ਵਰਗੇ ਹੋਂਠ ਜਿਵੇਂ ਕੋਈ ਸੰਗੀਤ ਛੋਂਹਦੇ ਮੋਤੀ ਬਿਖੇਰਦੇ। ਉਹ ਸਿਰਫ ਨਾਮ ਦੀ ਹੀ ਰੂਪੀ ਨਹੀਂ ਸੀ, ਉਹ ਤਾਂ ਅਰਸ਼ੋਂ ਉਤਰੀ ਕੋਈ ਦੇਵੀ ਵਾਂਗ ਰੂਪ ਦਾ ਭੰਡਾਰ ਸੀ। ਨਾਗਣ ਕਾਲੀਆਂ ਜ਼ੁਲਫਾਂ, ਸਾਵਣ ਭਾਦਰੋਂ ਦੀ ਉਠਦੀ ਕਾਲੀ ਘਟਾ ਨੂੰ ਮਾਤ ਪਾਉਂਦੀਆਂ। ਰੂਪੀ ਦੀ ਸ਼ਕਲ ਦੇ ਆਇਨੇ ਵਿਚ, ਪਾਰਬਤੀ ਦਾ ਅਕਸ ਵੇਖਦਿਆਂ ਹੀ ਉਸ ਦੀ ਵੀਲ੍ਹ ਚੇਅਰ ਦੇ ਵੀਲ੍ਹ ਥਾਂ ਹੀ ਜਾਮ ਹੋ ਗਏ। ਉਸ ਦੀ ਨੀਝ ਸਲੇਟੀ ਰੰਗ ਦੀ ਸੁਰਮਈ ਜਿਹੀ ਸੁੰਨੀ ਸੜਕ ਨੂੰ ਵਿਹੰਦਿਆ ਉਚੀਆਂ ਨੀਵੀਆਂ ਕਾਲੀ ਲੁਕ ਵਿਚ ਖੁਭੀਆਂ ਬਜਰੀ ਦੀਆਂ ਬੱਟੀਆਂ ਵਾਂਗ ਵਿਚੇ ਹੀ ਗੁੰਮ ਗਈ।

ਪਾਰਬਤੀ, ਉਸ ਦੀ ਪਤਨੀ, ਜਿਸ ਦੀ ਜੁਦਾਈ ਉਸ ਨੂੰ ਜਲ ਵਿਹੂਣੀ ਮਛਲੀ ਵਾਂਗ ਤੜਫਾਉਂਦੀ ਸੀ, ਉਹ ਉਸ ਦੇ ਪਰੀ ਵਰਗੇ ਹੁਸਨ ਉਤੇ ਸਦਕੇ ਜਾਂਦਾ ਸੀ, ਵੇਖ ਵੇਖ ਨਾ ਰਜਦਾ ਸੀ। ਸਵਛ ਪੌਣ ਵਿਚੋਂ ਉਸ ਨੂੰ ਪਾਰਬਤੀ ਦੇ ਸਾਹਾਂ ਦੀ ਮਹਿਕ ਚੰਬੇ-ਮੋਤੀਏ ਦੇ ਫੁੱਲਾਂ ਵਾਂਗ ਆਉਂਦੀ ਅਤੇ ਆਕਾਸ਼ ਦੇ ਚੰਦ ਤਾਰਿਆਂ ਵਿਚੋਂ ਉਸ ਦਾ ਤੇਜ ਪਰਤਾਪ ਵਾਲਾ ਸੁੰਦਰ ਮੁਖ ਝਲਕਾਰੇ ਮਾਰਦਾ ਦੀਂਹਦਾ। ਪਾਰਬਤੀ ਦੇ ਮ੍ਰਿਗ ਨੈਣਾਂ ਦੇ ਸ਼ਰਾਬ ਭਰੇ ਪਿਆਲਿਆਂ ਵਿਚੋਂ ਜਾਮ ਪੀ ਜਾਣਾ ਚਾਹੁੰਦਾ ਹੋਇਆ ਵੀ, ਉਸ ਦੀਆਂ ਰੇਸ਼ਮੀ ਜ਼ੁਲਫਾਂ ਵਿਚ ਜਿਵੇਂ ਕੈਦ ਹੋ ਗਿਆ ਸੀ। ਪਾਰਬਤੀ ਦੇ ਪੈਰ ਭਾਰੇ ਹੋਣ ਤੇ ਉਸ ਦਾ ਚਾਅ ਨਾ ਥੰਮਦਾ। ਉਹ ਉਸੇ ਪਲ ਤੋਂ ਮਖਣ ਦੇ ਪੇੜੇ ਵਰਗੇ ਗੋਭਲ੍ਹ ਜਿਹੇ ਪੁਤਰ ਦਾ ਕਿਆਸ ਕਰਦਾ ਖ਼ੁਆਬ ਵੇਖਦਾ।

ਜੇ ਭਲਾ ਆਪ ਦੀ ਆਸ ਦੇ ਉਲਟ ਪੁੱਤਰ ਦੀ ਥਾਂ ਧੀ ਆ ਗਈ ਤਾਂ ਫਿਰ...? ਪਾਰਬਤੀ ਉਸ ਦੀ ਖੁਸ਼ੀ ਭਰੀ ਹਾਲਤ ਨੂੰ ਮਹਿਸੂਸ ਕਰਦਿਆਂ ਡਰਦੀ ਪੁਛਦੀ। ਫਿਰ ਆਪ ਹੀ ਉਸ ਦੇ ਚਿਹਰੇ ਵੱਲ ਟਿਕਟਿਕੀ ਲਾ ਕੇ ਉਸ ਦੇ ਹਾਵ ਭਾਵ ਦੇਖਣ ਲਗਦੀ। 'ਇਹ ਨਹੀਂ ਹੋ ਸਕਦਾ। ਤੇਰੇ ਆਸਾਰ ਮੁੰਡਿਆਂ ਵਰਗੇ ਹਨ। ਮੇਰੇ ਘਰ ਰਾਜ ਦੁਲਾਰਾ ਪੁੱਤ ਪਧਾਰੇਗਾ, ਤੂੰ ਦੇਖੀਂ ਤਾਂ ਸਹੀ!' ਉਸ ਦੇ ਮੂੰਹ ਉਤੇ ਲਾਲੀ ਭਰੀ ਮੁਸਕਾਨ ਟੱਲੀ ਵਾਂਗ ਟਾਹ ਟਾਹ ਕਰਦੀ, ਜਿਵੇਂ ਇੱਟ ਵਰਗੇ ਪੱਕੇ ਭਰੋਸੇ ਨਾਲ ਕਹਿੰਦਾ ਉਹ ਉਸ ਵੱਲ ਵਿਹੰਦਾ।

ਅੰਤ ਉਸ ਪਲ ਨੇ ਆਣ ਬੂਹੇ ਉਤੇ ਦਸਤਕ ਦਿਤੀ ਜਿਸ ਦੀ ਉਹ ਬੇਚੈਨੀ ਨਾਲ ਉਡੀਕ ਕਰ ਰਿਹਾ ਸੀ। ਪਾਰਬਤੀ ਦੇ ਇਕ ਇਕ ਸਾਹ ਨੂੰ ਉਹ ਕੰਨ ਲਾ ਕੇ ਸੁਣ ਰਿਹਾ ਸੀ। ਖਾਲੀ ਬੈਂਚ ਉਤੇ ਬੈਠਿਆਂ ਬੈਠਿਆਂ ਉਸ ਦੇ ਕੰਨੀਂ ਕੌਂਗਰੈਚੂਲੇਸ਼ਨ ਦੀਆਂ ਆਵਾਜ਼ਾਂ ਮੰਦਰ ਦੀਆਂ ਟੁਣਕਦੀਆਂ ਟਲੀਆਂ ਵਾਂਗ ਅਗੰਮੋਂ ਸੁਣਾਈ ਦੇਣ ਲੱਗੀਆਂ। ਉਹ ਗੱਜ ਵੱਜ ਕੇ ਪਾਰਟੀ ਕਰੇਗਾ, ਭੰਗੜੇ ਪੈਣਗੇ। ਉਹ ਜਾਗਦੇ ਹੀ ਜਿਵੇਂ ਸੁਪਨੇ ਦੇਖ ਰਹੇ ਨੂੰ ਇਕ ਛਮਕ ਛੱਲੋ ਜਿਹੀ ਸੁੰਦਰ ਨਢੀ ਨਰਸ ਨੇ 'ਕੌਂਗਰੈਚੂਲੇਸ਼ਨ' ਆਣ ਕਹੀ। ਉਹ ਜਿਵੇਂ ਨੀਂਦ ਵਿਚ ਉਭੜਵਾਹਿਆ ਜਾਗਿਆ ਹੋਵੇ। ਚਾਅ ਨਾਲ ਉਸ ਦਾ ਚਿਹਰਾ ਗੁਲਾਬ ਦੇ ਫੁਲ ਵਾਂਗ ਖਿੜ ਗਿਆ ਜਿਵੇਂ ਕੋਈ ਅਣਮੁਲਾ ਖਜ਼ਾਨਾ ਨਸੀਬ ਹੋਇਆ ਹੋਵੇ। ਉਸ ਨੂੰ ਖੁਸ਼ੀ ਵਿਚ ਕੁਝ ਸੁਝ ਹੀ ਨਹੀਂ ਸੀ ਰਿਹਾ। ਉਸ ਮਸਾਂ ਹੀ 'ਥੈਂਕਯੂ' ਕਿਹਾ।

'ਯੂਅਰ ਬੇਬੀ ਗਰਲ ਇਜ਼ ਸੋ ਸਵੀਟ, ਸੋ ਪ੍ਰੈਟੀ, ਵੈਰੀ ਹੈਲਦੀ, ਏ ਲਿਟਲ ਏਂਜਲ', ਨਰਸ ਨੇ ਉਸ ਦਾ ਹਸੂੰ ਹਸੂੰ ਕਰਦਾ ਚਿਹਰਾ ਤਾੜਦਿਆਂ, ਬੱਚੀ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਦਿਤੇ। 'ਵੱਟ੍ਹ? ਵੱਟ੍ਹ? ਮਾਈ ਬੇਬੀ ਇਜ਼ ਏ ਗਰਲ? ਆਰ ਯੂ ਸ਼ੋਅਰ?' ਇਕ ਦਮ ਹੀ ਉਸ ਦੇ ਚਿਹਰੇ ਦੀ ਲਾਲੀ ਕਿਤੇ ਉਡ ਗਈ ਤੇ ਉਸ ਨੇ ਹੈਰਾਨੀ ਭਰੀ ਨਜ਼ਰ ਨਰਸ ਦੇ ਚਿਹਰੇ ਤੇ ਸੁੱਟਦਿਆਂ ਪੁਛਿਆ। 'ਯੈਸ ਮਿਸਟਰ' ਕਹਿੰਦਿਆਂ ਨਰਸ ਵੀ ਉਸ ਦੇ ਬਦਲਦੇ ਚਿਹਰੇ ਨੂੰ ਵੇਖ ਜਾਣ ਗਈ ਸੀ ਕਿ ਏਸ਼ੀਆਈ ਲੋਕ ਧੀਆਂ ਦੇ ਜੰਮਣ 'ਤੇ ਖੁਸ਼ੀ ਦੀ ਥਾਂ ਮਾਤਮ ਮਨਾਉਂਦੇ ਹਨ। ਉਸ ਨੇ ਜੋ ਸੁਣਿਆ ਹੋਇਆ ਸੀ, ਅੱਜ ਅੱਖੀਂ ਦੇਖ ਲਿਆ ਸੀ। 'ਨਾਉ ਯੂ ਕੈਨ ਸੀ ਯੂਅਰ ਲਵਲੀ ਡੌਟਰ ਐਂਡ ਵਾਈਫ', ਨਰਸ ਨੇ ਕਿਹਾ ਅਤੇ ਉਥੋਂ ਤੁਰ ਪਈ।

ਉਸ ਨੂੰ ਲੱਗਾ ਜਿਵੇਂ ਨਰਸ ਨੇ ਉਸ ਨੂੰ ਆਸਮਾਨ ਵਿਚ ਉਡਦੇ ਨੂੰ ਹੇਠਾਂ ਧਰਤੀ 'ਤੇ ਪਟਕਾ ਮਾਰਿਆ ਹੋਵੇ। ਉਸ ਦੀਆਂ ਰਾਂਗਲੀਆਂ ਸਧਰਾਂ ਦਾ ਖੂਨ ਇਕੋ ਹੀ ਵਾਰ ਨਾਲ ਕਰ ਦਿਤਾ ਹੋਵੇ, ਜਿਵੇਂ ਉਸ ਦੀ ਜੀਭ ਘੰਡੀ ਤੋਂ ਹੇਠਾਂ ਉਤਰ ਗਈ ਹੋਵੇ ਅਤੇ ਮੋਰ ਵਾਂਗ ਪੈਲਾਂ ਪਾਉਂਦੀ ਖੁਸ਼ੀ ਕਿਸੇ ਨੇ ਚੁਰਾ ਲਈ ਹੋਵੇ, ਜਿਵੇਂ ਉਸ ਦੇ ਸਿਰ ਵਿਚ ਸੌ ਘੜੇ ਠੰਡਾ ਪਾਣੀ ਪਾ ਦਿਤਾ ਹੋਵੇ। ਉਹ ਛਿਥਾ ਜਿਹਾ ਪੈ ਕੇ ਪੈਰ ਘਸੀਟਣ ਲੱਗਾ ਜਿਵੇਂ ਨਰਸ ਨੇ ਉਸ ਨੂੰ ਭਬੰਤਰੀ ਲਾ ਦਿਤੀ ਹੋਵੇ। ਉਸ ਨੇ ਉਦਾਸ ਲੰਬਾ ਹਉਕਾ ਲਿਆ ਤੇ ਪਾਰਬਤੀ ਨੂੰ ਵੇਖ ਕੇ ਮੁੜ ਆਇਆ। ਪਰ ਉਸ ਤੋਂ ਆਪਣੀ ਬੱਚੀ ਵੱਲ ਨਿਗਾਹ ਭਰ ਕੇ ਦੇਖਿਆ ਵੀ ਨਾ ਗਿਆ।

ਮਸਾਂ ਹੀ ਉਸ ਦਾ ਮਨ ਟਿਕਾਣੇ ਆਇਆ। ਭਵਿਖ ਵਿਚੋਂ ਜਿਵੇਂ ਉਸ ਫਿਰ ਕਿਸੇ ਨਵੀਂ ਆਸ ਦਾ ਲੜ ਫੜਿਆ ਹੋਵੇ। ਵਰਤਮਾਨ ਨੂੰ ਭੁਲ ਉਹ ਆਉਣ ਵਾਲੇ ਸੁਨਹਿਰੀ ਕਲ੍ਹ ਦੀ ਆਸ ਵਿਚ ਜਿਊਣ ਲੱਗਾ। ਪਰ ਫਿਰ ਵੀ ਦੋ ਸਾਲਾਂ ਦੇ ਫਰਕ ਨਾਲ ਤਿੰਨ ਧੀਆਂ ਨੇ ਹੀ ਜਨਮ ਲਿਆ। ਅਖੀਰਲੀ ਵਾਰੀ ਤਾਂ ਉਸ ਅਰਜੋਈਆਂ ਕੀਤੀਆਂ, ਸੁਖਣਾਂ ਸੁਖੀਆਂ ਪਰ ਪਥਰ 'ਤੇ ਪਥਰ ਹੀ ਡਿਗਦੇ ਰਹੇ। ਇਸ ਵਾਰ ਤਾਂ ਜਿਵੇਂ ਕਹਿਰ ਦਾ ਪਹਾੜ ਹੀ ਉਸ ਉਤੇ ਡਿਗ ਪਿਆ ਹੋਵੇ। ਪਾਰਬਤੀ ਨੂੰ ਉਹ ਹਸਪਤਾਲ ਛਡ ਜ਼ਰੂਰ ਆਇਆ ਸੀ ਪਰ ਮੁੜ ਉਹ ਬੱਚੀ ਪੈਦਾ ਹੋਣ ਤੋਂ ਬਾਅਦ ਉਸ ਦੀ ਜਿਊਂਦੀ ਮੋਈ ਦੀ ਖਬਰ ਲੈਣ ਤਕ ਨਹੀਂ ਸੀ ਗਿਆ।

ਪਾਰਬਤੀ ਟੈਕਸੀ ਕਰਕੇ ਬੱਚੀ ਨੂੰ ਕੁਛੜ ਚੁਕੀ ਭਰੇ ਦਿਲ ਨਾਲ ਘਰ ਆਈ। ਉਸ ਦਾ ਉਤਰਿਆ ਚਿਹਰਾ ਵੇਖ ਕੇ ਪਾਰਬਤੀ ਨੇ ਆਉਂਦਿਆਂ ਹੀ ਘਰ ਦਾ ਸਾਰਾ ਕੰਮ ਕਰਨਾ ਸ਼ੁਰੂ ਕਰ ਦਿਤਾ। ਘਰ ਆਈ ਪਾਰਬਤੀ ਨੂੰ ਉਸ ਝੂਠੇ ਸਚਿਉਂ ਬੁਲਾਇਆ ਤਕ ਨਹੀਂ ਸੀ। ਪਥਰਾਂ ਦੀ ਭੀੜ ਵਿਚ ਉਸ ਨੂੰ ਉਹ ਵੀ ਇਕ ਪਥਰ ਹੀ ਲਗਦੀ ਸੀ। ਹੌਲੀ ਹੌਲੀ ਉਸ ਦੀ ਹੋਂਦ ਵੀ ਕਿਧਰੇ ਉਨ੍ਹਾਂ ਵਿਚ ਹੀ ਗੁੰਮ ਗਈ। ਉਸ ਨੂੰ ਆਸ ਦੀ ਕਿਰਨ ਹੁਣ ਭਵਿਖ ਦੇ ਘੋਰ ਅੰਧੇਰੇ ਵਿਚੋਂ, ਲੈਂਪ ਦੇ ਤੇਲ ਮੁਕਣ ਵਾਂਗ ਮੁਕਦੀ ਲਗਦੀ ਸੀ। ਪੁਤਰ ਭਾਲਦਿਆਂ ਭਾਲਦਿਆਂ ਉਸ ਦਾ ਧੀਆਂ ਨਾਲ ਵਿਹੜਾ ਭਰ ਗਿਆ ਸੀ। ਉਹ ਪਾਰਬਤੀ ਤੋਂ ਇੰਜ ਦੂਰ ਰਹਿੰਦਾ ਜਿਵੇਂ ਉਹ ਕਿਸੇ ਛੂਤ ਦੀ ਬਿਮਾਰੀ ਦੀ ਸ਼ਿਕਾਰ ਹੋਵੇ। ਬੱਚੀਆਂ ਤਾਂ ਉਸ ਨੂੰ ਲੋਹ ਦੇ ਕੰਡਿਆਂ ਵਾਂਗ ਚੁਭਦੀਆਂ। ਉਨ੍ਹਾਂ ਨੂੰ ਵੇਖਦਿਆ ਹੀ ਉਸ ਦਾ ਦਿਲ ਲੀਰੋ ਲੀਰ ਹੋ ਜਾਂਦਾ।

ਉਸ ਲਈ ਧੀਆਂ ਪਥਰ ਨਿਆਈਂ ਸਨ ਪਰ ਮਾਂ ਦੀਆਂ ਤਾਂ ਉਹ ਅਣਟੁਟ ਆਂਦਰਾਂ, ਆਪਣੇ ਲਹੂ ਮਾਸ ਦੀਆਂ ਬੋਟੀਆਂ। ਉਹ ਚਿੜੀਆਂ ਦੇ ਬੋਟਾਂ ਵਾਂਗ ਉਨ੍ਹਾਂ ਨੂੰ ਖੁਆਉਂਦੀ ਪਿਲਾਉਂਦੀ। ਕਦੀ ਹਿਕ ਨਾਲ ਲਾ ਕੇ ਸੋਚਦੀ, 'ਕਿਤੇ ਤੁਹਾਡੇ ਵਿਚੋਂ ਇਕ ਵੀ ਪੁਤਰ ਬਣ ਕੇ ਆਉਂਦੀ'; ਫਿਰ ਠੰਡਾ ਹਉਕਾ ਭਰਦੀ ਆਪਣੇ ਘਰ ਦੇ ਕੰਮ ਵਿਚ ਜੁਟ ਜਾਂਦੀ। ਉਹ ਤਾਂ ਇਸ ਚੀਂਗੜ ਬੋਟ ਦੇ ਮਥੇ ਲਗਣੋਂ ਵੀ ਕਤਰਾਉਂਦਾ, ਰਾਤ ਵੇਲੇ ਫਿਸ਼ ਚਿਪਸ ਹੀ ਖਾ ਕੇ ਨਸ਼ੇ ਵਿਚ ਧੁਤ, ਖਾੜ ਖਾੜ ਬੂਹੇ ਮਾਰਦਾ ਸਿਧਾ ਬਿਸਤਰੇ ਵਿਚ ਜਾ ਵੜਦਾ। ਜਿਵੇਂ ਕਿਸੇ ਨਾਲ ਉਸ ਦਾ ਕੋਈ ਵਾਹ-ਵਾਸਤਾ ਹੀ ਨਾ ਹੋਵੇ।

ਪਾਰਬਤੀ ਝੂਰਦੀ, ਦਿਨ ਰਾਤ ਆਪਣਾ ਆਪ ਖਪਾਉਂਦੀ ਰਹਿੰਦੀ। ਆਪਣੇ ਸਾਜਨ ਦੇ ਐਸੇ ਰੁਖੇ ਵਤੀਰੇ ਬਾਰੇ ਤਾਂ ਉਸ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਉਸ ਨੂੰ ਐਸਾ ਬੇਇਲਾਜ ਘੁਣ ਲੱਗਾ ਸੀ ਕਿ ਉਸ ਦੀ ਕੁੰਦਨ ਵਰਗੀ ਦੇਹੀ ਦਿਨਾਂ ਵਿਚ ਹੀ ਅੰਦਰੋਂ ਅੰਦਰੀ ਨਿਗਰਨ ਲੱਗੀ। ਸੋਚ ਸੋਚ ਦਰਦ ਨਾਲ ਮਥਾ ਫਟਦਾ, ਸਿਰ ਵਿਚ ਜਿਵੇਂ ਹਥੌੜੇ ਪੈਂਦੇ। ਗੋਲੀਆਂ ਖਾ ਖਾ ਅੱਕ ਜਾਂਦੀ। ਦੋਹੀਂ ਹਥੀਂ ਆਪਣਾ ਸਿਰ ਨਪਦੀ। ਵਡੀ ਪਲੇਠੀ ਦੀ ਧੀ ਰੂਪੀ, ਮਾਂ ਨੂੰ ਦਰਦ ਵਿਚ ਦੇਖਦੀ ਅਤੇ ਆਪਣੀਆਂ ਅੱਖਾਂ ਵਿਚ ਅਥਰੂ ਭਰ ਕੇ ਆਪਣੇ ਨਿਕੇ ਹਥੀਂ ਮਾਂ ਦਾ ਸਿਰ ਘੁਟਦੀ। ਉਸ ਦੀ ਕੋਮਲ ਜਿਹੀ ਸੂਰਤ ਮਾਂ ਨੂੰ ਹੋਰ ਵੀ ਲਾਡਲੀ ਲਗਦੀ। ਆਪਣੇ ਦਿਲ ਦੇ ਟੁਕੜੇ ਨੂੰ ਹਿਰਦੇ ਨਾਲ ਘੁਟ ਲੈਂਦੀ। ਉਸ ਦੀ ਹੂਕ ਜਿਹੀ ਨਿਕਲ ਜਾਂਦੀ। ਉਸ ਦਾ ਮੋਹ ਬੇਸੁਰ ਬੇਤਾਲ ਹੋਈ ਬੇਕਦਰੀ ਜ਼ਿੰਦਗੀ ਨਾਲੋਂ ਟੁਟ ਚੁਕਾ ਸੀ। ਪਰ ਬਲੂਰ ਜਿਹੀਆਂ ਧੀਆਂ ਨੂੰ ਵੇਖ ਉਨ੍ਹਾਂ ਲਈ ਰਬ ਪਾਸੋਂ ਫਿਰ ਜ਼ਿੰਦਗੀ ਮੰਗਦੀ।

ਉਹ ਨਿਕਰਮਣ ਕੀ ਜਾਣੇ ਕਿ ਮੰਗਿਆਂ ਤਾਂ ਮੌਤ ਵੀ ਨਹੀਂ ਮਿਲਦੀ ਤੇ ਉਸ ਨੂੰ ਜ਼ਿੰਦਗੀ ਕਿਵੇਂ ਮਿਲੂ? ਕੱਚੇ ਰੰਗਾਂ ਵਾਂਗ ਉਸ ਦਾ ਡੁਲ੍ਹ ਡੁਲ੍ਹ ਪੈਂਦਾ ਜੋਬਨ ਦਿਨਾਂ ਵਿਚ ਹੀ ਖੁਰ ਗਿਆ। ਪਤੀ ਦੇ ਬੋਲ ਕਦੇ ਅੰਮ੍ਰਿਤ ਵਰਸਾਉਂਦੇ ਸਨ, ਹੁਣ ਵਿਸ਼ ਭਰੇ ਤੀਰਾਂ ਵਾਂਗ ਸੀਨਾ ਵਿੰਨ੍ਹਦੇ ਚੀਰਦੇ ਲੰਘ ਜਾਂਦੇ। ਉਸ ਦੇ ਆਉਣ ਤੋਂ ਪਹਿਲਾਂ ਉਹ ਬਥੇਰਾ ਕੋਸ਼ਿਸ਼ ਕਰਦੀ ਕਿ ਬੱਚੀਆਂ ਨੂੰ ਸੁਆ ਦੇਵੇ ਪਰ ਫਿਰ ਵੀ ਕੋਈ ਜਾਗਦੀ ਹੁੰਦੀ, ਰੋਂਦੀ ਹੁੰਦੀ। 'ਇਟਾਂ ਪਥਰਾਂ ਨਾਲ ਮੇਰਾ ਘਰ ਭਰ ਦਿਤਾ। ਟੈਂ ਟੈਂ ਲੁਆ ਰਖੀ ਐ। ਰਾਤ ਵੇਲੇ ਵੀ ਇਨ੍ਹਾਂ ਨੂੰ ਮੌਤ ਨਹੀਂ ਪੈਂਦੀ', ਉਹ ਖਿਝਦਾ ਸੜੂੰ ਸੜੂੰ ਕਰਦਾ, ਨਫਰਤ ਦੀ ਮੋਹਲੇਧਾਰ ਵਰਖਾ ਕਰਦਾ ਪਤਾ ਨਹੀਂ ਦਿਲੋਂ ਕਿੰਨਾ ਕੁ ਦੂਰ ਹੋ ਗਿਆ ਸੀ। 'ਪਥਰਾਂ ਦੀ ਥਾਂ ਤੂੰ ਮੇਰੀ ਝੋਲੀ ਲਾਲ ਜਵਾਹਰ ਪਾ ਦਿੰਦਾ, ਮੈਂ ਕਦੋਂ ਨਾਂਹ ਕੀਤੀ ਸੀ। ਇਹ ਵੀ ਤੇਰੀ ਹੀ ਕੀਤੀ ਹੋਈ ਬਖਸ਼ਿਸ਼ ਹੈ', ਪਾਰਬਤੀ ਦੀ ਆਤਮਾ ਅੰਦਰੋਂ ਅੰਦਰੀ ਸੋਚਦੀ ਰਹਿੰਦੀ। ਪਰ ਦੰਦ ਮੋਤੀਆਂ ਨੂੰ ਹੋਠਾਂ ਹੇਠਾਂ ਸਾਂਭ, ਉਹ ਮੂੰਹ ਤੇ ਚੁਪ ਦੀ ਪੱਟੀ ਬੰਨ੍ਹੀ ਰਖਦੀ।

ਆਥਣ ਵੇਲੇ ਇਕ ਦਿਨ ਜਦ ਉਹ ਪਬ ਜਾਣ ਲਈ ਤਿਆਰ ਹੋ ਰਿਹਾ ਸੀ ਤਾਂ ਪਾਰਬਤੀ ਨੇ ਹੌਸਲਾ ਕਰਕੇ ਕਿਹਾ, 'ਮੇਰਾ ਕਈ ਦਿਨਾਂ ਤੋਂ ਸਿਰ ਫਟ ਰਿਹੈ, ਗੋਲੀਆਂ ਖਾ ਖਾ ਅੱਕ ਗਈ ਹਾਂ। ਜੇ ਇਨ੍ਹਾਂ ਪਾਸ ਘੜੀ ਭਰ ਬੈਠੋ ਤਾਂ ਮੈਂ ਜ਼ਰਾ ਲੇਟ ਲਵਾਂ!' ਪਾਰਬਤੀ ਨੇ ਸਹਿਮੀ ਆਵਾਜ਼ ਵਿਚ ਤਰਲਾ ਮਾਰਿਆ ਸੀ। 'ਤੂੰ ਇਨ੍ਹਾਂ ਨੂੰ ਖਾਹ, ਇਹ ਤੈਨੂੰ ਖਾਣ, ਮੈਂ ਇਨ੍ਹਾਂ ਦੀ ਚੈਂ ਚੈਂ ਵਿਚ ਪਲ ਵੀ ਨਹੀਂ ਠਹਿਰ ਸਕਦਾ', ਉਸ ਪਾਰਬਤੀ ਦੇ ਤਰਲੇ ਨੂੰ ਕਰੋਧ ਦਾ ਠੁਡਾ ਮਾਰਦਿਆਂ ਬਾਹਰ ਦਾ ਦਰਵਾਜ਼ਾ ਬੰਦ ਕਰ ਦਿਤਾ ਅਤੇ ਪਿਛੇ ਮੁੜ ਕੇ ਨਾ ਵੇਖਿਆ।

ਪਾਰਬਤੀ ਪਾਸੋਂ ਖੜੋਤਾ ਨਾ ਗਿਆ। ਉਸ ਸਿਰਦਰਦ ਦੀਆਂ ਗੋਲੀਆਂ ਦੀ ਅਧੀ ਸ਼ੀਸ਼ੀ ਖਤਮ ਕਰ ਦਿਤੀ ਸੀ। ਉਸ ਦੀਆਂ ਅੱਖਾਂ ਵਿਚੋਂ ਹਿਰਖ, ਦਰਦ ਅਤੇ ਬੱਚੀਆਂ ਲਈ ਮਮਤਾ ਭਰੇ ਹੰਝੂ ਨਿਕਲ ਆਏ। ਕਦੇ ਉਹ ਸੋਚਦੀ ਕਿ ਹਸਪਤਾਲ ਜਾਵਾਂ ਤਾਂ ਇਨ੍ਹਾਂ ਦਾ ਕੀ ਹੋਊ। ਰੂਪੀ ਨਸ ਕੇ ਮਾਂ ਦੇ ਗਲੇ ਆਣ ਲੱਗੀ ਤੇ ਉਸ ਦਾ ਸਿਰ ਦਬਣ ਲੱਗੀ। 'ਮੰਮੀ ਪਾਣੀ ਲਿਆਵਾਂ, ਗੋਲੀ ਖਾ ਲਵੋ' ਰੂਪੀ ਦੇ ਪਿਆਰ ਭਰੇ ਬੋਲ ਸਨ। ਰੂਪੀ ਦੇ ਅਪਣਤ ਭਰੇ ਬੋਲ ਸੁਣ ਕੇ ਉਸ ਦਾ ਦਿਲ ਮੋਮ ਵਾਂਗ ਪਿਘਲ ਕੇ ਵਹਿ ਤੁਰਿਆ। ਰੂਪੀ ਨੂੰ ਅਨੋਖੀ ਜਿਹੀ ਤਕਣੀ ਤਕਦਿਆਂ ਉਸ ਕਿਹਾ, 'ਜੇ ਮੈਨੂੰ ਕੁਸ਼ ਹੋ ਗਿਆ ਤਾਂ ਤੁਹਾਨੂੰ ਕੌਣ ਕਾਲਜੇ ਲਾਊ?' ਬੱਚੀਆਂ ਨੂੰ ਕੁਝ ਖੁਆਣ ਲਈ ਸੋਚਦਿਆਂ ਹਿੰਮਤ ਕਰਕੇ ਉਸ ਖੜੀ ਹੋਣ ਦਾ ਯਤਨ ਕੀਤਾ। ਪਰ ਐਸਾ ਜ਼ੋਰ ਦਾ ਚਕਰ ਆਇਆ ਕਿ ਉਹ ਥਾਂਏਂ ਹੀ ਡਿਗ ਪਈ। ਰੂਪੀ ਭੈਅ ਭੀਤ ਹੋਈ ਕੰਬਣ ਲੱਗੀ। ਨਿਕੀਆਂ ਨੇ ਡਰਦਿਆਂ ਮਾਂ ਨੂੰ ਚੰਬੜ ਕੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ।

ਭਵੰਤਰਿਆਂ ਵਾਂਗ ਰੂਪੀ ਗੁੰਮ ਸੁੰਮ ਹੋਈ ਮਾਂ ਨੂੰ ਡਿਗੀ ਨੂੰ ਵੇਖਦੀ ਰਹੀ। ਉਹ ਦੇਰ ਨਾਲ ਪਬ ਤੋਂ ਮੁੜਿਆ। ਬੂਹੇ ਨੂੰ ਚਾਬੀ ਲਾਉਂਦਿਆ, ਬੱਚੀਆਂ ਦਾ ਰੋਣਾ ਸੁਣ ਕੇ ਉਸ ਦੇ ਮੂੰਹੋਂ ਅੰਗਾਰ ਵਰ੍ਹਨ ਲਗੇ, 'ਕੀਹਨੂੰ ਕੀਰਨੇ ਪਾਉਂਦੀਆਂ ਹੋ, ਕੀ ਤੁਹਾਡੀ ਮਾਂ ਮਰ ਗਈ ਹੈ? ਕਿਥੇ ਉਜੜੀ ਹੈ ਇਸ ਵੇਲੇ? ਕਿਹੜਾ ਤੁਹਾਨੂੰ ਸਪ ਲੜ ਗਿਆ ਹੈ?' ਉਸ ਦੇ ਡਾਇਨਿੰਗ ਰੂਮ ਵਿਚ ਵੜ੍ਹਦਿਆਂ ਹੀ ਬੱਚੀਆਂ ਦੇ ਸਾਹ ਸੂਤੇ ਗਏ। ਛੋਟੀਆਂ ਮਾਂ ਨੂੰ ਛਡ ਕੇ ਰੂਪੀ ਦੁਆਲੇ ਝੁਰਮਟ ਪਾ ਕੇ ਖੜ੍ਹ ਗਈਆਂ। 'ਇਹ ਤੀਵੀਂ ਵੀ ਨਵੇਂ ਹੀ ਢਕਵੰਜ ਘੜਦੀ ਆ। ਕਦੀ ਸਿਰ ਦਾ ਨਖਰਾ, ਕਦੇ ਕੋਈ ਨਵਾਂ ਚਲਿਤਰ!' ਉਸ ਡਿੱਗੀ ਪਾਰਬਤੀ ਨੂੰ ਬੜੇ ਬੇਰਹਿਮ ਹਥਾਂ ਨਾਲ ਝੰਜੋੜਿਆ। ਠੰਡਾ ਪਾਣੀ ਉਸ ਦੇ ਮੂੰਹ ਉਤੇ ਡੋਲ੍ਹਿਆ। ਪਰ ਉਹ ਟਸ ਤੋਂ ਮਸ ਨਾ ਹੋਈ। ਉਸ ਨੇ ਅਕ ਕੇ ਐਂਬੂਲੈਂਸ ਬੁਲਾ ਲਈ ਪਰ ਉਸ ਦਾ ਖੇਖਣਾਂ ਵਾਲਾ ਸ਼ੱਕ ਹੁਣ ਕੁਝ ਅਸਲੀਅਤ ਵਿਚ ਬਦਲਣ ਲੱਗਾ।

ਪਾਰਬਤੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਠੰਡੀ ਨੀਂਦੇ ਸੌਂ ਗਈ ਸੀ। ਥੋੜੀ ਦੇਰ ਬਾਦ ਇਕ ਡਾਕਟਰ ਨੇ ਨੀਵੀਂ ਪਾਈ, ਮੂੰਹ ਲਟਕਾਈ ਉਸ ਦੇ ਮੋਢੇ ਉਤੇ ਹਥ ਰਖਦਿਆਂ ਕਿਹਾ ਸੀ, 'ਸੌਰੀ ਸਰ, ਵੀ ਕਾਂਟ ਸੇਵ ਯੂਅਰ ਵਾਈਫ। ਸ਼ੀ ਹੈਡ ਬਰੇਨ ਹੈਮਰੇਜ, ਯੂ ਕੈਨ ਸੀ ਹਰ' (ਅਫਸੋਸ, ਅਸੀਂ ਤੁਹਾਡੀ ਪਤਨੀ ਨੂੰ ਨਹੀਂ ਬਚਾ ਸਕੇ, ਉਸ ਨੂੰ ਬਰੇਨ ਹੈਮਰੇਜ ਹੋਇਆ ਸੀ। ਤੁਸੀਂ ਉਸ ਨੂੰ ਦੇਖ ਸਕਦੇ ਹੋ)। ਡਾਕਟਰ ਕਹਿ ਕੇ ਅਗੇ ਵਲ ਨੂੰ ਤੁਰ ਗਿਆ ਤੇ ਉਹ ਪਿਛੇ ਪਿਛੇ। ਡਾਕਟਰ ਨੇ ਪਾਰਬਤੀ ਦੇ ਮੂੰਹ ਤੋਂ ਚਿੱਟਾ ਕਪੜਾ ਚੁਕ ਦਿਤਾ। ਉਹ ਗੂੜ੍ਹੀ ਨੀਂਦੇ ਸੁੱਤੀ ਪਈ ਸੀ। ਉਹ ਪਥਰ ਦਾ ਬੁਤ ਬਣਿਆ ਉਸ ਦੀ ਬਾਹੀ ਫੜ੍ਹ ਕੇ ਖੜ੍ਹਾ ਉਸ ਦੇ ਪੀਲੇ ਭੂਕ ਚਿਹਰੇ ਵਲ ਇੰਜ ਤਕ ਰਿਹਾ ਸੀ ਜਿਵੇਂ ਬਹੁਤ ਦਿਨਾਂ ਬਾਅਦ ਅਜ ਫਿਰ ਉਸ ਨੂੰ ਮਿਲਿਆ ਹੋਵੇ। ਉਸ ਨੂੰ ਲੱਗਾ ਜਿਵੇਂ ਉਹ ਉਸ ਅਗੇ ਤਰਲਾ ਪਾ ਕੇ ਕਹਿ ਰਹੀ ਹੋਵੇ, 'ਭਲਿਆ ਲੋਕਾ, ਹੁਣ ਪਲ ਭਰ ਨਹੀਂ, ਸਦਾ ਲਈ ਸਾਂਭੇਂਗਾ। ਤੇਰੇ ਲਈ ਤਾਂ ਇਹ ਪਥਰ ਹੀ ਹਨ ਪਰ ਮੇਰੀਆਂ ਇਹ ਆਂਦਰਾਂ ਹਨ। ਵਾਸਤਾ ਈ ਰਬ ਦਾ, ਇਨ੍ਹਾਂ ਕੰਜਕਾਂ ਜਿਹੀਆਂ ਦੇਵੀਆਂ ਨੂੰ ਨਾ ਰੋਲੀਂ!' ਹਾਲੇ ਵੀ ਉਸ ਦੀ ਜਿਵੇਂ ਆਤਮਾ ਰਹਿਮ ਦੀ ਭੀਖ ਮੰਗ ਰਹੀ ਹੋਵੇ। ਡਾਕਟਰ ਨੇ ਮੁੜ ਮੂੰਹ ਕਜ ਦਿਤਾ ਤੇ ਉਸ ਨੂੰ ਬਾਹਰ ਜਾਣ ਦਾ ਇਸ਼ਾਰਾ ਕਰ ਦਿਤਾ।

ਜੋ ਕੁਝ ਵਾਪਰ ਗਿਆ ਸੀ, ਉਸ ਨੂੰ ਉਸ ਬਾਰੇ ਕਦੀ ਤੌਖਲਾ ਹੀ ਨਹੀਂ ਸੀ ਹੋਇਆ। ਪਹਿਲੀ ਵਾਰ ਉਸ ਨੇ ਬੱਚੀਆਂ ਨੂੰ ਗਲ ਨਾਲ ਲਾਇਆ। ਪਛਤਾਵੇ ਦੀ ਅਗ ਵਿਚ ਲਹੂ ਚੋਣ ਲੱਗਾ। ਮਾਂ ਮਸ਼ੋਹਰ ਧੱਕੇ ਧੋੜੇ ਖਾਂਦੀਆਂ ਬੱਚੀਆਂ, ਰੁਲ ਖੁਲ ਪਲ ਗਈਆਂ। ਆਪ ਅਪਾਹਜ ਹੋ ਕੇ ਹੁਣ ਦਿਨ ਰਾਤ ਵੀਲ੍ਹ ਚੇਅਰ ਦਾ ਮੁਥਾਜ ਬਣਿਆ ਬੈਠਾ ਸੀ। ਉਹੀ ਉਸ ਦੇ ਅਗੇ ਪਿਛੇ ਨੱਸੀਆਂ ਫਿਰਦੀਆਂ। ਪੱਥਰਾਂ ਵਿਚੋਂ ਹੁਣ ਉਸ ਨੂੰ ਸੁੱਚੇ ਮੋਤੀ ਦਿਸਦੇ, ਪੋਹਲੀ ਦੇ ਕੰਡੇ ਨਹੀਂ। ਉਹਨੂੰ ਦੁਖ ਦੀਆਂ ਸਾਂਝਣਾਂ ਧੀਆਂ ਮੋਹ ਮਾਰੀਆਂ ਮਾਪਿਆ ਦੀਆਂ ਧਿਰਾਂ ਦਿਸਦੀਆਂ। ਉਹ ਚੰਡਾਲ ਵਾਂਗ ਆਪਣੇ ਆਪ ਨੂੰ ਹੀਣਤਾ ਦੀ ਭਾਵਨਾ ਨਾਲ ਗਰਕ ਜਾਣਾ ਚਾਹੁੰਦਾ। ਉਸ ਨੂੰ ਲਗਦਾ ਉਸ ਨੂੰ ਪਾਰਬਤੀ ਦੀ ਹਾਅ ਲੱਗੀ ਹੈ। ਉਸ ਦਾ ਹੀ ਸਰਾਪ ਲੱਗਾ ਹੈ। ਕਮੀਨੇ ਵਤੀਰੇ ਦਾ ਰਬ ਨੇ ਠੀਕ ਹੀ ਖਮਿਆਜ਼ਾ ਉਸ ਨੂੰ ਦਿਤਾ ਹੈ। ਪਾਰਬਤੀ ਦੇ ਕਦਮਾਂ ਉਤੇ ਡਿਗ ਕੇ ਮਾਫੀ ਮੰਗਣ ਲਈ ਤਰਸਦਾ। ਪਰ ਉਹ ਤਾਂ ਕਿਸੇ ਦੇਵੀ ਵਾਂਗ ਖਾਮੋਸ਼ ਜਬਰ ਜ਼ੁਲਮ ਨੂੰ ਸਹਿੰਦੀ ਹੋਈ ਕੂਚ ਕਰ ਗਈ ਸੀ। ਦਰਿਆ ਦੇ ਵਹਿਣ ਵਾਂਗ ਹੰਝੂ ਵਹਿ ਤੁਰੇ। ਉਸ ਦਾ ਧਾਹਾਂ ਮਾਰਨ ਨੂੰ ਜੀਅ ਕੀਤਾ। ਤੂਫਾਨ ਨੇ ਜਿਵੇਂ ਉਸ ਨੂੰ ਬੇਗਿਣਤ ਟੁਕੜਿਆਂ ਵਿਚ ਵੰਡ ਦਿਤਾ ਹੋਵੇ।

'ਕੌਂਗਰੈਚੂਲੇਸ਼ਨ ਡੈਡ', ਜਿੰਦਰ ਮਠਿਆਈ ਦਾ ਡੱਬਾ ਉਸ ਵੱਲ ਅਗੇ ਵਧਾਉਂਦਿਆਂ ਬੋਲਿਆ। ਗੁਟਕੂੰ ਗੁਟਕੂੰ ਕਰਦੀ ਖੁਸ਼ੀ ਭਰੀ ਆਵਾਜ਼ ਨੇ ਉਸ ਨੂੰ ਜਿਵੇਂ ਪਤਾਲ ਤੋਂ ਧਰਤੀ ਉਤੇ ਲੈ ਆਂਦਾ ਹੋਵੇ। ਜਿੰਦਰ ਕਹਿ ਰਿਹਾ ਸੀ, 'ਡੈਡ, ਬੇਬੀ ਗਰਲ ਇਜ਼ ਸੋ ਸਵੀਟ, ਸੋ ਨਾਈਸ, ਵੈਰੀ ਬਿਊਟੀਫੁੱਲ, ਲਾਈਕ ਏ ਲਿਟਲ ਏਂਜਲ!' (ਡੈਡੀ, ਕੁੜੀ ਬਹੁਤ ਹੀ ਸੋਹਣੀ ਹੈ ਜਿਵੇਂ ਅਕਾਸ਼ੋਂ ਉਤਰੀ ਪਰੀ ਹੋਵੇ)। ਉਸ ਦੇ ਮੂੰਹੋਂ ਜਿਵੇਂ ਖੁਸ਼ੀ ਭਰੇ ਫੁੱਲ ਕਿਰ ਰਹੇ ਸਨ। ਉਸ ਨੂੰ ਲੱਗਾ ਜਿਵੇਂ ਉਸ ਸੁੰਦਰ ਨਰਸ ਦੇ ਬੋਲ ਜਿੰਦਰ ਨੇ ਅੱਜ ਫਿਰ ਦੁਹਰਾਏ ਹਨ। ਆਪਣੀ ਸੌੜੀ ਸੋਚ ਉਤੇ ਉਸ ਨੂੰ ਸ਼ਰਮ ਆਈ। ਜਿੰਦਰ ਦੀ ਨਵੀਂ ਪੀੜ੍ਹੀ ਦੀ ਅਗਾਂਹਵਧੂ ਸੋਚਣੀ ਨਾਲ ਉਹ ਦਿਲੋਂ ਸਹਿਮਤ ਹੋਇਆ। 'ਸਦਾ ਖੁਸ਼ ਰਹੋ, ਜਿਉਂਦੇ ਵਸਦੇ ਰਹੋ, ਮੇਰੇ ਵਰਗੇ ਉਜੱਡ, ਮੂੜ੍ਹ ਪਸ਼ੂ ਬਿਰਤੀ ਮਨੁੱਖ ਆਪਣੇ ਹੱਥੀਂ ਸਭ ਕੁਝ ਸਾੜਕੇ ਸੁਆਹ ਕਰ ਦਿੰਦੇ ਹਨ। ਧੀਆਂ ਨੂੰ ਮਾਣ ਬਖਸ਼ਣ ਵਾਲਿਉ, ਤੁਸੀਂ ਹੀ ਇਸ ਦੁਨੀਆਂ ਵਿਚ ਜਿਉਣ ਦੇ ਕਾਬਲ ਹੋ। ਨਵੀਂ ਸੋਚ ਦੇ ਮਾਲਕੋ, ਸਦਾ ਜੀਉ!' ਉਸ ਨੇ ਪੈਰਾਂ ਵੱਲ ਉਲਰ ਰਹੇ ਜਿੰਦਰ ਦੀ ਪਿੱਠ ਉਤੇ ਥਾਪੀ ਦਿਤੀ।

## ਧੀ ਰਾਣੀਏ

ਨਾ ਰੋ ਧੀਏ ਨਾ ਰੋ ਲਾਡੋ,
ਮੈਂ ਜਲਦੀ ਇੰਡੀਆ ਆਊਂਗਾ।
ਦਿਲ 'ਤੇ ਰੱਖ ਕੇ ਸਿਰ ਨੀ ਤੇਰਾ
ਬਾਤਾਂ ਤੈਨੂੰ ਸੁਣਾਊਂਗਾ।

ਪਾਈ ਤੈਥੋਂ ਕਿਉਂ ਮੈਂ ਦੂਰੀ,
ਧੀਏ ਮੇਰੀ ਸੀ ਮਜਬੂਰੀ।
ਹੱਥਾਂ ਵਿਚ ਹੱਥ ਫੜ੍ਹ ਕੇ ਤੇਰੇ
ਇਕ ਦਿਨ ਸਭ ਸਮਝਾਊਂਗਾ।

ਹਰ ਕਲਾਸੋਂ ਫਸਟ ਤੂੰ ਆਵੇਂ,
ਪਾਪਾ-ਮਾਂ ਦੀ ਟੌਹਰ ਬਣਾਵੇਂ।
ਮੈਂ ਵੀ ਤੇਰੀ ਚੁੰਨੀ ਇਕ ਦਿਨ
ਤਾਰਿਆਂ ਨਾਲ ਸਜਾਊਂਗਾ।

ਏਸ ਜਨਮ ਦਿਨ ਧੀਏ ਤੇਰੇ,
ਆਉਣਾ ਵਸ ਵਿਚ ਨਹੀਂਓਂ ਮੇਰੇ।
ਪਰ ਅਗਲੀ ਵਾਰੀ ਸਹੁੰ ਤੇਰੀ
ਤੈਨੂੰ ਹੱਥੀਂ ਕੇਕ ਖਵਾਊਂਗਾ।

ਮੁੜ ਕੇ ਦੂਰੀ ਨਹੀਂ ਕਦੇ ਪਾਉਣੀ,
ਨਾ ਧੀ ਰਾਣੀ ਕਦੇ ਰਵਾਉਣੀ।
ਢਿੱਡ ਵਿਚ ਕੁਤ-ਕੁਤਾੜੀਆਂ ਕੱਢ ਕੇ
ਅਮਰੀਨ ਮੈਂ ਤੈਨੂੰ ਹਸਾਊਂਗਾ।

***-ਹਿੰਮਤ ਸਿੰਘ ਬੜਿੰਗ***

# ਥੈਂਕਸਗਿਵਿੰਗ ਡੇ ਦੀ ਇਕ ਯਾਦ

## ਸਫਰ ਜ਼ਿੰਦਗੀ ਦਾ

***ਅਮਰੀਕਾ ਵਿਚ ਹਰ ਸਾਲ ਨਵੰਬਰ ਦੇ ਚੌਥੇ ਵੀਰਵਾਰ ਨੂੰ 'ਥੈਂਕਸਗਿਵਿੰਗ ਡੇ' ਮਨਾਇਆ ਜਾਂਦਾ ਹੈ। ਇਹ ਰੀਤ 1863 ਤੋਂ ਚਲੀ ਆ ਰਹੀ ਹੈ। ਟੱਬਰ ਨਾਲ ਬਹੁਤਾ ਸਮਾਂ ਬਿਤਾਉਣਾ, ਦਾਅਵਤਾਂ ਕਰਨੀਆਂ, ਫੁੱਟਬਾਲ ਖੇਡਣਾ ਅਤੇ ਪਰੇਡ ਇਸ ਦਿਹਾੜੇ ਦੀ ਖਾਸੀਅਤ ਹਨ, ਦੂਜੇ ਸ਼ਬਦਾਂ ਵਿਚ ਆਪਣਿਆਂ ਦਾ ਦਿਲ ਜਿੱਤਣ ਦਾ ਦਿਨ ਹੈ ਇਹ। ਆਪਣੇ ਪੰਜਾਬੀਆਂ ਨੇ ਅਮਰੀਕਾ ਦੇ ਤਿਉਹਾਰ ਵੱਲ ਅਜੇ ਤੱਕ ਕੋਈ ਖਾਸ ਤਵੱਜੋ ਨਹੀਂ ਦਿੱਤੀ ਹੈ। ਇਹ ਦਿਹਾੜਾ ਲੋਕਲ ਲੋਕਾਂ ਨਾਲ ਘੁਲਣ-ਮਿਲਣ ਦਾ ਚੰਗਾ ਜ਼ਰੀਆ ਬਣ ਸਕਦਾ ਹੈ। ਪਰਸ਼ਿੰਦਰ ਸਿੰਘ ਨੇ 'ਥੈਂਕਸਗਿਵਿੰਗ' ਨਾਲ ਜੁੜੀ ਇਕ ਯਾਦ 'ਪੰਜਾਬ ਟਾਈਮਜ਼' ਲਈ ਭੇਜੀ ਹੈ ਜੋ ਅਸੀਂ ਇਥੇ ਛਾਪ ਰਹੇ ਹਾਂ; ਇਸ ਤਮੰਨਾ ਨਾਲ ਕਿ ਪਰਸ਼ਿੰਦਰ ਸਿੰਘ ਨੇ ਜਹਾਜ਼ ਦੇ ਪਾਇਲਟ ਨਾਲ ਪਈ ਸਾਂਝ ਨਾਲ ਜਿੱਥੇ ਗੱਲ ਖਤਮ ਕੀਤੀ ਹੈ, ਸਾਡੇ ਪੰਜਾਬੀ ਉਥੋਂ ਉਸ ਸਾਂਝ ਦੀ ਲੜੀ ਫੜਨਗੇ। -ਸੰਪਾਦਕ***

22 ਨਵੰਬਰ 1983 ਦੀ ਸ਼ਾਮ। ਸੱਤ ਕੁ ਵਜੇ ਸਾਡਾ ਗਰੀਕ ਫਲੈਗ ਦਾ ਸਮੁੰਦਰੀ ਜਹਾਜ਼ ਅਮਰੀਕਾ ਦੀ ਬੰਦਰਗਾਹ ਬੋਸਟਨ ਦੇ ਸਮੁੰਦਰੀ ਪਾਣੀਆਂ ਵਿਚ ਐਂਕਰ ਹੋ ਗਿਆ ਸੀ। ਬੋਸਟਨ ਸ਼ਹਿਰ ਦੀਆਂ ਉਚੀਆਂ ਬਿਲਡਿੰਗਾਂ ਦੀਆਂ ਲਾਇਟਾਂ ਦੂਰ ਤੋਂ ਝਿਲਮਿਲਾਉਂਦੀਆਂ ਦਿਸਦੀਆਂ ਸਨ। ਸਾਰਿਆਂ ਦੇ ਮਨਾਂ ਵਿਚ ਖਾਹਿਸ਼ ਸੀ, 'ਅਸੀਂ ਅਮਰੀਕਾ ਦੀ ਧਰਤੀ ਅਤੇ ਲੋਕ ਦੇਖਾਂਗੇ।' ਵੈਸੇ ਵੀ ਸਮੁੰਦਰੀ ਜਹਾਜ਼ ਅਤੇ ਸਮੁੰਦਰ ਵਿਚ ਕੰਮ ਕਰਨ ਵਾਲੇ ਲੋਕਾਂ ਲਈ ਧਰਤੀ, ਮਾਂ ਦੀ ਗੋਦ ਵਾਂਗ ਲੱਗਦੀ ਏ। ਜਹਾਜ਼ ਐਂਕਰ ਹੁੰਦਿਆਂ ਹੀ ਬੌਸ ਨੇ ਮੈਨੂੰ ਹੁਕਮ ਦਿੱਤਾ ਸੀ, 'ਸਿੰਘ, ਤੇਰਾ ਵਾਰਦੀਆ ਏ।' ਗਰੀਕ ਭਾਸ਼ਾ ਵਿਚ ਵਾਰਦੀਆ, ਰਾਤ ਦੀ ਵਾਚਮੈਨੀ ਨੂੰ ਕਹਿੰਦੇ ਹਨ।

1980 ਵਿਚ ਮਾਰਚ ਦੇ ਪਹਿਲੇ ਹਫ਼ਤੇ ਮੈਂ ਘਰੋਂ ਨਿਕਲਿਆ ਸਾਂ। ਘਰੋਂ ਤੁਰਨ ਲੱਗਿਆਂ

**ਪਰਸ਼ਿੰਦਰ ਸਿੰਘ**
**ਫੋਨ: 469-335-2263**

ਆਪਣੇ ਘਰ ਅਤੇ ਘਰ ਦੇ ਜੀਆਂ ਨੂੰ ਬੜੇ ਗਹੁ ਨਾਲ ਦੇਖਿਆ ਸੀ। ਪੰਜ ਕੁ ਸਾਲ ਦੇ ਮੇਰੇ ਭਤੀਜੇ ਨੇ ਘਰ ਵਿਚ ਪਈ ਹੋਈ ਰੇਤ ਦੀ ਬਾਲਟੀ ਭਰ ਕੇ ਉਤੇ ਕੰਧ ਮਾਰੀ ਸੀ, 'ਉਏ ਤਾਤਾ, ਮੈਂ ਨਹੀਂ ਤੈਨੂੰ ਜਾਣ ਦੇਣਾ।' ਰੋਜ਼ ਵਾਂਗ ਮੇਰੀ ਮਾਂ ਨੇ ਉਸ ਦਿਨ ਵੀ ਸਵੇਰੇ ਉਠ ਕੇ ਸਰਦਲਾਂ ਧੋਤੀਆਂ ਸਨ। ਦੋ ਵੱਡੇ ਭਰਾ, ਦੋ ਭਾਬੀਆਂ, ਦੋ ਭਤੀਜੀਆਂ, ਦੋ ਛੋਟੇ ਭਤੀਜੇ, ਪਿਤਾ ਜੀ ਅਤੇ ਪਿਆਰੀ ਮਾਂ ਦੀਆਂ ਅੱਖਾਂ ਵਿਚੋਂ ਡਿੱਗਦੇ ਅੱਥਰੂ ਅੱਜ ਵੀ ਯਾਦ ਹਨ। ਘਰੋਂ ਨਿਕਲ ਕੇ ਮੈਂ ਘਰ ਦੀਆਂ ਸਰਦਲਾਂ ਨੂੰ ਮੱਥਾ ਟੇਕਿਆ ਅਤੇ ਵਾਅਦਾ ਕੀਤਾ, 'ਮੈਂ ਜਾ ਰਿਹਾ ਹਾਂ ਬਾਹਰ ਕਮਾਈ ਕਰਨ। ਬੱਸ ਇਕ ਲੱਖ ਕਮਾ ਕੇ ਆਵਾਂਗਾ ਅਤੇ ਫਿਰ ਪੱਕੇ ਪੈਰੀਂ ਇਨ੍ਹਾਂ ਸਰਦਲਾਂ ਨੂੰ ਟੱਪਾਂਗਾ।' ਹੁਣ ਤੇਤੀ ਸਾਲ ਗੁਜ਼ਰ ਗਏ ਹਨ। ਨਾ ਉਹ ਇਕ ਲੱਖ ਮੇਰੀ ਮੁੱਠੀ ਵਿਚ ਆਇਆ ਅਤੇ ਨਾ ਹੀ ਮੈਂ ਆਪਣੇ ਘਰ ਦੀਆਂ ਸਰਦਲਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ।

ਛੋਟੇ ਹੁੰਦੇ ਸੁਣਦੇ ਸਾਂ, ਜਾਂ ਕਿਤੇ ਪੜ੍ਹਿਆ ਵੀ ਸੀ ਕਿ ਇਕ ਹਿੱਸਾ ਧਰਤੀ ਅਤੇ ਤਿੰਨ ਹਿੱਸੇ ਪਾਣੀ ਏ। ਮਨ ਵਿਚ ਇਹ ਗੱਲ ਘਰ ਨਹੀਂ ਸੀ ਕਰਦੀ। ਸਾਡਾ ਪਿੰਡ ਕਿੰਨਾ ਵੱਡਾ ਹੈ ਤੇ ਛੱਪੜ ਵੀ ਵੱਡਾ, ਪਰ ਪਿੰਡ ਨਾਲੋਂ ਤਿੰਨ ਗੁਣਾ ਵੱਡਾ ਤਾਂ ਨਹੀਂ! ਇਕ ਵਾਰੀ ਮਾਂ ਤਰਨ ਤਾਰਨ ਮੱਸਿਆ ਨਹਾਉਣ ਲੈ ਗਈ। ਮਾਂ ਦਾ ਹੱਥ ਫੜ ਕੇ ਮੈਂ ਸਰੋਵਰ ਵਿਚ ਇਸ਼ਨਾਨ ਕੀਤਾ। ਦੱਸਦੀ ਸੀ ਕਿ ਇਹ ਸਰੋਵਰ ਸਾਰਿਆਂ ਸਰੋਵਰਾਂ ਨਾਲੋਂ ਵੱਡਾ ਹੈ, ਪਰ ਇਹ ਇਲਮ ਨਹੀਂ ਸੀ ਕਿ ਜ਼ਿੰਦਗੀ ਵਿਚ ਸਮੁੰਦਰਾਂ ਨਾਲ ਵੀ ਵਾਹ ਪਵੇਗਾ। ਫਿਰ 15 ਹਜ਼ਾਰ ਟਨ ਦਾ ਜਹਾਜ਼ ਜਦੋਂ ਸਮੁੰਦਰ ਵਿਚ ਠੁਮਕ-ਠੁਮਕ ਕਰ ਕੇ ਚੱਲਿਆ, ਤਾਂ ਬੜਾ ਮਜ਼ਾ ਆਇਆ। ਮਨ ਕਹਿੰਦਾ ਸੀ, 'ਐਵੇਂ ਕਹਿੰਦੇ ਆ ਕਿ ਜਹਾਜ਼ ਡੁੱਬ ਜਾਂਦੇ ਨੇ। ਇਹ ਆਪਣੇ ਪਿੰਡ ਨਾਲੋਂ ਵੀ ਵੱਡਾ, ਇਹਨੂੰ ਕੀ ਹੋ ਚੱਲਿਆ', ਪਰ ਤੀਜੇ ਕੁ ਦਿਨ ਜਦ ਸਮੁੰਦਰ ਭੂਤਰ ਪਿਆ ਸੀ ਤਾਂ ਪਾਣੀ ਦੀਆਂ ਛੱਲਾਂ ਜਹਾਜ਼ ਦੇ ਉਪਰੋਂ ਦੀ ਲੰਘਦੀਆਂ ਸਨ। ਦੋ ਦਿਨ ਨਾ ਕੁਝ ਖਾਧਾ, ਨਾ ਪੀਤਾ। ਸਾਰਾ ਕੁਝ ਬਾਹਰ ਆਈ ਜਾਂਦਾ ਸੀ। ਨਾਨੀ ਯਾਦ ਆ ਗਈ। ਇਹੀ ਵੱਡਾ ਜਹਾਜ਼ ਬਾਟੇ ਵਿਚ ਪਾਈ ਕਾਗਜ਼ ਦੀ ਬੇੜੀ ਵਾਂਗ ਲਗਦਾ ਸੀ। ਫਿਰ ਇਹ ਵੀ ਮੰਨ ਲਿਆ ਸੀ, ਪਾਣੀ ਤਿੰਨ ਹਿੱਸੇ ਹੈ ਤੇ ਧਰਤੀ ਇਕ ਹਿੱਸਾ ਹੀ।

ਜਹਾਜ਼ ਵਿਚ ਕੋਈ 35-40 ਮੈਂਬਰ ਕੰਮ ਕਰਨ ਵਾਲੇ ਸਨ। ਕੈਪਟਨ ਤੋਂ ਲੈ ਇੰਜੀਨੀਅਰ ਤੱਕ, ਸਭ ਗਰੀਕ ਸਨ। ਸੇਲਰ, ਆਇਲਰ ਤੇ ਹੋਰ ਸਾਰੇ ਵੱਖਰੇ-ਵੱਖਰੇ ਦੇਸ਼ਾਂ ਤੋਂ ਸਨ। ਚਾਰ ਪੰਜਾਬੀ, ਤਿੰਨ ਬੰਗਲਾਦੇਸ਼ੀ, ਇਕ ਪਾਕਿਸਤਾਨੀ ਤੇ ਕੁਝ ਪੁਰਤਗਾਲੀ ਸਨ। ਅਸੀਂ ਯੂਰਪ ਤੋਂ ਘੁੰਮਦੇ-ਘੁਮਾਉਂਦੇ ਬਰਾਜ਼ੀਲ ਤੇ ਅਰਜਨਟਾਇਨਾ ਪਹੁੰਚੇ। ਸਮੁੰਦਰੀ ਬੋਲੀ ਵਿਚ ਕਹਿੰਦੇ ਹਨ ਕਿ ਜਿਸ ਨੇ ਬਰਾਜ਼ੀਲ ਨਹੀਂ ਦੇਖਿਆ, ਉਹ ਸੀਮੈਨ ਨਹੀਂ। ਸੋ, ਅਸੀਂ ਬਰਾਜ਼ੀਲ ਦੋ ਦਿਨ ਰੁਕੇ ਤੇ ਸੀਮੈਨ ਹੋਣ ਦੀ ਮੋਹਰ ਲਗਵਾ ਲਈ। ਖੂਬਸੂਰਤ ਲੋਕ ਤੇ ਖੂਬਸੂਰਤ ਦੇਸ਼। ਰਾਤ ਨੂੰ ਕਲੱਬਾਂ-ਬਾਰਾਂ ਵਿਚ ਰੱਸ਼। ਦਿਨ-ਰਾਤ ਵਿਚ ਕੋਈ ਫ਼ਰਕ ਹੀ ਨਹੀਂ। ਜੂਨ ਦੇ ਮਹੀਨੇ ਅਸੀਂ ਅਰਜਨਟਾਇਨਾ ਦੇ ਸ਼ਹਿਰ ਬੋਨਸ ਆਇਰਸ ਪਹੁੰਚੇ, ਉਥੇ ਕਾਫ਼ੀ ਠੰਢ ਸੀ। ਆਸਟਰੇਲੀਆ ਤੇ ਅਰਜਨਟਾਇਨਾ ਦਾ ਮੌਸਮ ਦੁਨੀਆਂ ਦੇ ਬਾਕੀ ਦੇਸ਼ਾਂ ਨਾਲੋਂ ਵੱਖਰਾ ਹੈ। ਇਨ੍ਹਾਂ ਦੇਸ਼ਾਂ ਵਿਚ ਕ੍ਰਿਸਮਸ ਲੋਕ ਬੀਚਾਂ ਉਤੇ ਮਨਾਉਂਦੇ ਹਨ। ਬੋਨਸ ਆਇਰਸ ਸਮੁੰਦਰ ਦਾ ਪਾਣੀ ਦਰਿਆ ਵਾਂਗ ਵਗਦਾ ਏ। ਤਿੰਨ-ਚਾਰ ਦਿਨ ਅਸੀਂ ਐਂਕਰ 'ਤੇ ਰਹੇ ਅਤੇ ਸਦਾ ਹੀ ਸਟੈਂਡਬਾਈ ਵੀ। ਬੰਦਰਗਾਹ 'ਤੇ ਜਹਾਜ਼ ਲੱਗਾ ਤਾਂ ਸੁੱਖ ਦਾ ਸਾਹ ਆਇਆ। ਬਰਾਜ਼ੀਲ, ਅਰਜਨਟਾਇਨਾ, ਕਿਊਬਾ ਆਦਿ ਸਾਊਥ ਤੇ ਸੈਂਟਰਲ ਅਮਰੀਕੀ ਦੇਸ਼ਾਂ ਵਿਚ ਗੰਨਾ ਬਹੁਤ ਹੁੰਦਾ ਏ। ਜਿਹੜਾ ਵੀ ਜਹਾਜ਼ ਉਥੇ ਜਾਂਦਾ ਏ, ਬਸ ਖੰਡ ਲੈ ਕੇ ਹੀ ਆਉਂਦਾ ਏ। ਅਸੀਂ ਵੀ ਅਮਰੀਕਾ ਖੰਡ ਲੈ ਕੇ ਆਏ ਸਾਂ।

ਅਰਜਨਟਾਇਨਾ ਸਾਨੂੰ ਕੋਈ ਚਾਰ ਮਹੀਨੇ ਲੱਗ ਗਏ। ਛੋਟੀਆਂ-ਛੋਟੀਆਂ ਬੋਟਾਂ ਵਿਚ ਬੋਰੀਆਂ 'ਚ ਖੰਡ ਲੈ ਕੇ ਆਉਂਦੇ ਅਤੇ ਜਹਾਜ਼ ਦੇ ਹੈਜੇ ਵਿਚ ਖੁੱਲ੍ਹੀ ਸੁੱਟ ਦਿੰਦੇ। ਕੁਝ ਕੁ ਦਿਨ ਉਥੋਂ ਦੇ ਕਾਮਿਆਂ ਦੀ ਹੜਤਾਲ ਹੋ ਗਈ। ਜ਼ਿਆਦਾ ਦਿਨ ਜਹਾਜ਼ ਰੁਕਣ ਕਾਰਨ ਅਸੀਂ ਵੀ ਦਿਵਾਲੀਏ ਹੋ ਗਏ। ਮੈਂ ਸ਼ਾਮ ਦੀ ਰੋਟੀ ਖਾ ਕੇ ਆਪਣੇ ਕੈਬਿਨ ਵਿਚ ਟੇਪ ਲਾ ਕੇ ਗਾਣੇ ਸੁਣ ਰਿਹਾ ਸਾਂ ਕਿ ਟੋਨੀ ਮੇਰੇ ਕੈਬਿਨ ਵਿਚ ਆ ਗਿਆ। ਕਹਿੰਦਾ, 'ਕੀ ਗੱਲ ਅੱਜ ਬਾਹਰ ਨਹੀਂ ਜਾਣਾ?' ਮੈਂ ਕਿਹਾ, 'ਅਹੁ ਟੇਬਲ 'ਤੇ ਪਈ ਲੂਣ ਵਾਲੀ ਪਲੇਟ ਦੇਖਦਾਂ।'



*ਥੈਂਕਸਗਿਵਨ ਦਾਅਵਤ ਦੀ ਇਕ ਝਲਕ।*

'ਆਹੋ... ਪਰ ਲੂਣ ਨੂੰ ਕੀ ਕਰਾਂ?'

ਮੈਂ ਕਿਹਾ, 'ਪੇਸਟ ਲਿਆਉਣ ਲਈ ਪੈਸੇ ਨਹੀਂ ਹੈਗੇ, ਲੂਣ ਨਾਲ ਸਵੇਰੇ ਦੰਦਾਂ ਨੂੰ ਬੁਰਸ਼ ਕਰਦਾਂ।'

'ਮੈਨੂੰ ਵੀ ਬਾਹਰ ਗਏ ਨੂੰ ਹਫ਼ਤਾ ਹੋ ਗਿਆ। ਤੈਨੂੰ ਪਤਾ ਈ ਏ ਮੇਰਾ ਵੀ ਵਾਰਦੀਆ ਸੀ ਪਰ ਫਿਕਰ ਨਾ ਕਰ। ਮੇਰੇ ਕੋਲ ਪੈਸੇ ਹੈਗੇ।'

ਅਸੀਂ ਉਸੇ ਵੇਲੇ ਤਿਆਰ ਹੋ ਕੇ ਬਾਹਰ ਨਿਕਲ ਤੁਰੇ। ਟੋਨੀ ਥੋੜ੍ਹੀ-ਬਹੁਤੀ ਸਪੈਨਿਸ਼ ਬੋਲ ਲੈਂਦਾ ਸੀ। ਟੈਕਸੀ ਵਿਚ ਬੈਠਿਆਂ, ਟੈਕਸੀ ਵਾਲਾ ਕਹਿਣ ਲੱਗਾ, 'ਤੁਸੀਂ ਡਾਲਰ ਚੇਂਜ ਕਰਾਉਣੇ ਹਨ।' ਟੋਨੀ ਕਹਿੰਦਾ, 'ਜੇ ਤੂੰ ਕਰ ਸਕਦਾਂ ਤਾਂ ਤੇਰੇ ਕੋਲੋਂ ਕਰਵਾ ਲੈਂਦੇ ਹਾਂ।' ਟੋਨੀ ਨੇ ਡਰਾਈਵਰ ਨੂੰ ਸੌ ਡਾਲਰ ਦਾ ਨੋਟ ਦਿੱਤਾ। ਨੋਟ ਫੜ ਕੇ ਉਹ ਕਹਿੰਦਾ, 'ਅੱਜ ਰੇਟ ਘਟ ਗਿਆ, ਸੋ ਤੈਨੂੰ 40 ਦੇ ਹਿਸਾਬ ਨਾਲ ਪੈਸੇ ਦੇਵਾਂਗਾ' ਪਰ ਟੋਨੀ ਕਹਿੰਦਾ, 'ਅਸੀਂ ਤਾਂ 45 ਦੇ ਹਿਸਾਬ ਹਰ ਰੋਜ਼ ਸ਼ਹਿਰੋਂ ਕਰਵਾਉਂਦੇ ਹਾਂ।' ਸੌਦਾ ਨਾ ਬਣਿਆ। ਉਹਨੇ ਪੈਸੇ ਵਾਪਸ ਟੋਨੀ ਨੂੰ ਦੇ ਦਿੱਤੇ।

ਜਿਸ ਬਾਰ ਵਿਚ ਅਸੀਂ ਬੈਠਦੇ ਹੁੰਦੇ ਸਾਂ, ਮੈਂ ਉਥੇ ਜਾ ਕੇ ਬੈਠ ਗਿਆ। ਟੋਨੀ ਕਹਿਣ ਲੱਗਾ, 'ਮੈਂ ਪੈਸੇ ਦੁਕਾਨ ਤੋਂ ਬਦਲਵਾ ਕੇ ਹੁਣੇ ਆਇਆ।' ਦੋ-ਚਾਰ ਮਿੰਟ ਬਾਅਦ ਹੀ ਟੋਨੀ ਭੱਜਾ-ਭੱਜਾ ਸਾਹੋ-ਸਾਹ ਹੋਇਆ ਆਇਆ ਤੇ ਬੋਲਿਆ, 'ਕਿਸੇ ਚੀਜ਼ ਦਾ ਤੂੰ ਆਡਰ ਤਾਂ ਨਹੀਂ ਕੀਤਾ?' ਮੈਂ ਕਿਹਾ, 'ਨਹੀਂ, ਮੈਂ ਤੈਨੂੰ ਹੀ ਉਡੀਕਦਾ ਸੀ।' ਟੋਨੀ ਕਹਿੰਦਾ, 'ਉਠ ਚਲੀਏ।' ਮੈਂ ਕਿਹਾ, 'ਕੀ ਹੋਇਆ।' ਕਹਿੰਦਾ, 'ਗੱਡੀ ਵਿਚ ਮੈਂ ਡਰਾਈਵਰ ਨੂੰ ਸੌ ਡਾਲਰ ਦਾ ਨੋਟ ਦਿੱਤਾ ਸੀ, ਜਦ ਸੌਦਾ ਨਾ ਹੋਇਆ ਤਾਂ ਹਨੇਰੇ ਵਿਚ ਉਹਨੇ ਮੈਨੂੰ ਇਕ ਡਾਲਰ ਦਾ ਨੋਟ ਵਾਪਸ ਕਰ ਦਿੱਤਾ।' ਫਿਰ ਕੀ ਸੀ... ਛਾਹ ਵੇਲਿਓਂ ਵੀ ਰਹਿ ਗਏ ਤੇ ਗੱਲਾਂ ਤੋਂ ਵੀ।

ਦੁਨੀਆਂ ਦੇ ਬਹੁਤ ਦੇਸ਼ਾਂ ਵਿਚ ਗਏ, ਪਰ ਅਰਜਨਟਾਇਨਾ ਨਾਲ ਬਹੁਤ ਯਾਦਾਂ ਜੁੜੀਆਂ ਹੋਈਆਂ ਹਨ। ਹੁਣ ਅੱਧਾ ਜਹਾਜ਼ ਬੋਨਸ ਆਇਰਸ ਤੋਂ ਭਰ ਗਿਆ ਸੀ ਤੇ ਅੱਧਾ ਜਹਾਜ਼ ਕਿਸੇ ਹੋਰ ਬੰਦਰਗਾਹ ਤੋਂ ਜਾ ਕੇ ਭਰਨਾ ਸੀ। ਉਸ ਬੰਦਰਗਾਹ ਦਾ ਰਾਹ ਕੋਈ 35-40 ਘੰਟੇ ਦਾ ਸੀ। ਰਾਤ ਨੂੰ ਅਸੀਂ ਉਥੋਂ ਰਵਾਨਾ ਹੋਏ। ਜਹਾਜ਼ ਨਾਲ ਦੋ ਪਾਇਲਟ ਅਤੇ ਤਿੰਨ ਸੇਲਰ ਸਨ ਜੋ ਦੋ-ਦੋ ਘੰਟੇ ਬਾਅਦ ਬਦਲਦੇ ਸਨ। ਜਦ ਦਿਨ ਚੜ੍ਹਿਆ ਤਾਂ ਮੈਂ ਜਹਾਜ਼ ਦੀ ਦਮੂਨੀ ਕਰ ਰਿਹਾ ਸੀ। ਦਮੂਨੀ ਗਰੀਕ ਭਾਸ਼ਾ ਵਿਚ ਜਹਾਜ਼ ਦੇ ਵ੍ਹੀਲ ਨੂੰ ਕਹਿੰਦੇ ਹਨ। ਸਾਡਾ ਜਹਾਜ਼ ਇਕ ਦਰਿਆ ਵਿਚੋਂ ਦੀ ਜਾ ਰਿਹਾ ਸੀ। ਦੂਰ-ਦੂਰ ਤੱਕ ਗੰਨੇ ਦੇ ਖੇਤ ਹਨ। ਕਈ ਜਗ੍ਹਾ 'ਤੇ ਤਾਂ ਇਉਂ ਲਗਦਾ ਸੀ, ਦਰਿਆ ਦੇ ਕੰਢੇ ਉਤੇ ਉਗੇ ਹੋਏ ਲੰਮੇ-ਉਚੇ ਕਾਨਿਆਂ 'ਤੇ ਚਿੱਟਾ ਬੂਰ ਪਿਆ ਹੋਇਆ ਹੈ, ਜਹਾਜ਼ ਲੰਘਦੇ ਹੋਏ ਨਾਲ ਲੱਗ ਰਹੇ ਹਨ। ਦੂਰ-ਦੁਰਾਡੇ ਕਿਤੇ-ਕਿਤੇ ਮੱਝਾਂ-ਗਾਵਾਂ ਵੀ ਚਰਦੀਆਂ ਨਜ਼ਰ ਆ ਰਹੀਆਂ ਸਨ। ਮੈਨੂੰ ਲੱਗ ਰਿਹਾ ਸੀ ਜਿਵੇਂ ਆਪਣੇ ਵਤਨ ਦੀ ਧਰਤੀ 'ਤੇ ਬਿਆਸ ਵਿਚ ਜਾ ਰਿਹਾ ਹਾਂ!

ਜਹਾਜ਼ ਖੰਡ ਲੈ ਕੇ ਕਿਥੇ ਜਾਵੇਗਾ, ਬੱਸ ਕਿਆਫੇ ਹੀ ਲੱਗ ਰਹੇ ਸਨ। ਉਪਰ ਵਾਲਿਆਂ ਨੂੰ ਤਾਂ ਪਤਾ ਸੀ ਪਰ ਥੱਲੇ ਵਾਲਿਆਂ ਨੂੰ ਦੱਸਿਆ ਨਹੀਂ ਸੀ ਜਾ ਰਿਹਾ। ਉਂਜ ਜਿਸ ਤਰ੍ਹਾਂ ਜਹਾਜ਼ ਦਾ ਕੰਮ ਹੋ ਰਿਹਾ ਸੀ, ਅੰਦਰ ਸਾਫ਼-ਸਫ਼ਾਈ ਤੇ ਬਾਹਰ ਰੰਗ ਰੋਗਨ, ਕੁਝ ਕੁ ਕਿਆਫਾ ਸੀ ਕਿ ਇਹ ਅਮਰੀਕਾ ਹੀ ਜਾਵੇਗਾ। ਬੋਨਸ ਆਇਰਸ ਤੋਂ ਬੋਸਟਨ ਦਾ ਰਾਹ 28-30 ਦਿਨ ਦਾ ਸੀ ਪਰ ਰਾਹ ਵਿਚ ਜਹਾਜ਼ ਖ਼ਰਾਬ ਹੋਣ ਕਰ ਕੇ ਸਾਨੂੰ 35-36 ਦਿਨ ਲੱਗ ਗਏ।

ਬੌਸ ਦਾ ਹੁਕਮ ਮੰਨਿਆ, ਤੇ ਕੈਬਿਨ ਵਿਚ ਜਾ ਕੇ ਜਿੰਨੇ ਗਰਮ ਕੱਪੜੇ ਸਨ, ਸਾਰੇ ਪਹਿਨ ਲਏ। ਬੋਸਟਨ ਦੀ ਠੰਢ ਵੀ ਕਹਿੰਦੀ ਸੀ ਕਿ ਮੈਂ ਹੀ ਹਾਂ। ਸਵੇਰੇ 5 ਵਜੇ ਬੌਸ ਨੂੰ ਸਕਾਜਾ ਕਰਾ, ਖਾ-ਪੀ ਕੇ 6 ਵਜੇ ਆਪਣੇ ਕੈਬਿਨ ਵਿਚ ਜਾ ਸੁੱਤਾ। ਅਜੇ ਨੀਂਦ ਪਟੜੀ 'ਤੇ ਚੜ੍ਹੀ ਹੀ ਸੀ ਕਿ ਦਰਵਾਜ਼ਾ ਖੜਕਿਆ। ਬੌਸ ਕਹਿ ਰਿਹਾ ਸੀ,'ਸਿੰਘ, ਜਾਗ... ਜਹਾਜ਼ ਬੰਦਰਗਾਹ 'ਤੇ ਲੱਗਣ ਲੱਗਾ। ਚੰਗੇ ਕੱਪੜੇ ਪਾ ਕੇ ਆਈਂ, ਉਪਰ ਬ੍ਰਿਜ 'ਤੇ ਚਲਿਆ ਜਾਈਂ। ਤੂੰ ਦਮੂਨੀ ਕਰਨੀ ਏ ਉਪਰ ਬ੍ਰਿਜ ਉਤੇ।' ਇਹ ਸੁਣ ਕੇ ਮੈਂ ਮਗਰੋਂ 'ਵਾਜ਼ ਮਾਰੀ, 'ਬੌਸ ਮੈਂ ਸਾਰੀ ਰਾਤ ਜਾਗਦਾ ਰਿਹਾਂ ਤੇ ਹੁਣ ਦਮੂਨੀ ਵੀ ਮੈਂ ਕਰਾਂ!' 'ਮੈਨੂੰ ਚੀਫ਼ ਅਫ਼ਸਰ ਨੇ ਕਿਹਾ ਏ, ਉਪਰ ਸਿੰਘ ਨੂੰ ਹੀ ਭੇਜੀਂ।' ਮੈਂ ਮੂੰਹ 'ਤੇ ਛਿੱਟੇ ਮਾਰੇ ਤੇ ਕੱਪੜੇ ਪਾ ਕੇ, ਬ੍ਰਿਜ 'ਤੇ ਪਹੁੰਚ ਚੀਫ਼ ਅਫ਼ਸਰ ਅਤੇ ਕੈਪਟਨ ਨੂੰ ਗਲੀਮਾਰਾ (ਗੁੱਡ ਮੌਰਨਿੰਗ) ਜਾ ਬੁਲਾਈ। ਵੈਸੇ ਤਾਂ ਹਰ ਬੰਦਰਗਾਹ 'ਤੇ ਜਹਾਜ਼ ਮੈਂ ਹੀ ਲਾਉਂਦਾ ਸੀ, ਪਰ ਸੁਣੀਂਦਾ ਸੀ ਕਿ ਅਮਰੀਕਾ ਦੇ ਪਾਇਲਟ ਬਹੁਤ ਸਖ਼ਤ ਹਨ। ਥੋੜ੍ਹੀ-ਬਹੁਤੀ ਵੀ ਗਲਤੀ ਹੋ ਜਾਵੇ ਤਾਂ ਬਹੁਤ ਝਿੜਕਦੇ ਹਨ।

ਧਰਤੀ, ਆਕਾਸ਼ ਤੇ ਸਮੁੰਦਰ ਵਿਚ ਵਾਹਨ ਚਲਾਉਣ ਵਾਲਿਆਂ ਦੀ ਆਪੋ-ਆਪਣੀ ਵੱਖਰੀ ਭਾਸ਼ਾ ਹੁੰਦੀ ਹੈ। ਆਪਣੇ ਹੀ ਸੰਵਿਧਾਨ ਤੇ ਆਪਣੇ ਹੀ ਕਾਨੂੰਨ। ਸਮੁੰਦਰ ਵਿਚੋਂ ਐਂਕਰ ਤੱਕ ਜਹਾਜ਼, ਕੈਪਟਨ ਦੀ ਅਗਵਾਈ ਵਿਚ ਹੁੰਦਾ ਏ। ਐਂਕਰ ਤੋਂ ਬੰਦਰਗਾਹ 'ਤੇ ਲਾਉਣ ਲਈ ਉਸੇ ਦੇਸ਼ ਦਾ ਪਾਇਲਟ ਆਉਂਦਾ ਏ, ਔਰ ਉਸੇ ਦੀ ਜ਼ਿੰਮੇਵਾਰੀ ਹੁੰਦੀ ਏ। ਇਕ ਅਗਲੇ ਪਾਸੇ ਬੋਟ ਹੁੰਦੀ ਏ ਤੇ ਇਕ ਪਿਛਲੇ ਪਾਸੇ ਵੱਡੀ ਬੋਟੀ ਹੁੰਦੀ ਏ।

ਜਹਾਜ਼ ਦੇ ਛੱਤ ਤੋਂ ਉਪਰਲੇ ਹਿੱਸੇ ਨੂੰ ਬ੍ਰਿਜ ਕਹਿੰਦੇ ਹਨ ਜਿਸ ਵਿਚ ਕਾਰ ਵਾਂਗੂ ਅੱਗੇ ਵੱਡੇ-ਵੱਡੇ ਸ਼ੀਸ਼ੇ ਲੱਗੇ ਹੁੰਦੇ ਹਨ। ਉਥੇ ਹੀ ਇੰਜਣ ਦਾ ਕੰਟਰੋਲ ਤੇ ਜਹਾਜ਼ ਦਾ ਵ੍ਹੀਲ ਹੁੰਦਾ ਏ, ਅੱਠ ਕੋਨਾ। ਸਾਈਡ 'ਤੇ ਬਾਹਰ ਗੈਲਰੀ ਹੁੰਦੀ ਏ। ਜਦ ਸਮੁੰਦਰ ਵਿਚ ਜਹਾਜ਼ ਚਲਦਾ ਏ, ਇਨ੍ਹਾਂ ਗੈਲਰੀਆਂ ਵਿਚ ਖੜ੍ਹ ਕੇ ਦੂਰ-ਦੂਰ ਤੱਕ ਨਜ਼ਰ ਆਉਂਦਾ ਏ। ਇਸ ਦੇ ਪਿਛਲੇ ਪਾਸੇ ਕਮਰਾ ਹੁੰਦਾ ਏ ਜਿਸ ਵਿਚ ਕੈਪਟਨ ਬੈਠ ਕੇ ਨਕਸ਼ੇ ਤੇ ਹੋਰ ਸਭ ਕੁਝ ਦੇਖਦਾ ਏ। ਪਾਇਲਟ ਬਾਹਰੋਂ ਬੋਟ 'ਤੇ ਆਉਂਦਾ ਏ। ਜਹਾਜ਼ ਵਿਚ ਉਸ ਦੇ ਪਹਿਰਾਵੇ ਨਾਲ ਸਿਰ 'ਤੇ ਟੋਪੀ ਵੀ ਹੁੰਦੀ ਏ ਪਰ ਜਦ ਬ੍ਰਿਜ 'ਤੇ ਆਉਂਦਾ ਏ ਤਾਂ ਉਹ ਟੋਪੀ ਉਤਾਰ ਦਿੰਦਾ ਏ ਤੇ ਬ੍ਰਿਜ ਨੂੰ ਸਲੂਟ ਵੀ ਕਰਦਾ ਏ।

ਬ੍ਰਿਜ ਦੇ ਵਿਚਕਾਰ ਪਿਛਲੇ ਪਾਸੇ ਦੀ ਕੰਧ ਤੋਂ ਥੋੜ੍ਹੀ ਦੂਰ ਜਹਾਜ਼ ਦਾ ਵ੍ਹੀਲ ਹੁੰਦਾ ਏ ਜਿਸ ਦੀ ਸ਼ਕਲ ਨਿਆਣਿਆਂ ਦੇ ਵੀਡੀਓ ਗੇਮ ਦੇ ਕੰਟਰੋਲ ਵਰਗੀ ਹੁੰਦੀ ਏ। ਇਹਦੇ ਵਿਚ ਦੋ ਛੋਟੇ ਹਿੱਸੇ ਹੁੰਦੇ- ਇਕ ਵਿਚ ਡਿਗਰੀਆਂ ਅਤੇ ਉਪਰਲੇ ਹਿੱਸੇ ਵਿਚ ਸੂਈ, ਜਹਾਜ਼ ਸੱਜੇ-ਖੱਬੇ ਕਰਨ ਨੂੰ। ਸਾਹਮਣੇ ਕੰਧ ਨਾਲ ਘੜੀ ਹੁੰਦੀ ਏ। ਇਸ ਦੇ ਸੱਜੇ ਪਾਸੇ ਨੂੰ ਸਟਾਰ ਪੋਰਟ ਸਾਇਡ, ਖੱਬੇ ਹਿੱਸੇ ਨੂੰ ਪੋਰਟ ਸਾਇਡ ਅਤੇ ਵਿਚਕਾਰ ਵਾਲੇ ਨੂੰ ਮਿਡਸ਼ਿਪ ਕਹਿੰਦੇ ਹਨ। ਪਾਇਲਟ ਨੇ ਬੋਲ ਕੇ ਸੇਲਰ ਨੂੰ ਦੱਸਣਾ ਹੁੰਦਾ ਹੈ। ਘੜੀ ਵਿਚ 0 ਤੋਂ 30 ਡਿਗਰੀਆਂ ਸੱਜੇ ਹੱਥ ਅਤੇ ਇਸੇ ਤਰ੍ਹਾਂ ਹੀ ਖੱਬੇ ਪਾਸੇ ਹੁੰਦੀਆਂ। ਪਾਇਲਟ ਕਹੇਗਾ, '10 ਪੋਰਟ ਸਾਈਡ।' ਸੇਲਰ ਵੀ ਇਸੇ ਤਰ੍ਹਾਂ ਉਹਦੇ ਮਗਰ ਬੋਲੇਗਾ।

ਜਹਾਜ਼ ਦਾ ਪਾਇਲਟ ਬ੍ਰਿਜ 'ਤੇ ਆ ਗਿਆ ਸੀ। ਗੁਡ ਮੌਰਨਿੰਗ ਬੁਲਾ ਕੇ, ਮੇਰੇ ਨਾਲ ਉਹਨੇ ਹੱਥ ਮਿਲਾਇਆ ਤੇ ਕਿਹਾ, 'ਅੱਜ ਤੂੰ ਮੇਰਾ ਸੇਲਰ ਏਂ।' ਮੈਂ ਖੁਸ਼ੀ-ਖੁਸ਼ੀ ਉਹਨੂੰ 'ਯੈੱਸ' ਕਿਹਾ। ਪਾਇਲਟ ਨੇ ਪੁੱਛਿਆ, 'ਇੰਗਲਿਸ਼ ਬੋਲਾਂ ਕਿ ਗਰੀਕੀ?' ਮੈਂ ਕਿਹਾ, 'ਸਰ ਇੰਗਲਿਸ਼।' ਜਹਾਜ਼ ਦਾ ਐਂਕਰ ਚੁੱਕਿਆ ਜਾ ਚੁੱਕਾ ਸੀ। ਚੀਫ਼ ਇੰਜੀਨੀਅਰ ਨੇ ਜਹਾਜ਼ ਦੇ ਇੰਜਣ ਸਟਾਰਟ ਦਾ ਅਲਾਰਮ ਦੇ ਦਿੱਤਾ ਸੀ ਤੇ ਜਹਾਜ਼ ਹੌਲੀ-ਹੌਲੀ ਬੰਦਰਗਾਹ ਨੂੰ ਵੱਧ ਰਿਹਾ ਸੀ। ਪਾਇਲਟ ਦੀ ਮੇਰੇ ਕੰਮ 'ਤੇ ਨਿਗ੍ਹਾ ਸੀ। ਫਿਰ ਹੋਇਆ ਪੋਰਟ ਸਾਇਡ 10 ਅਤੇ ਮੈਂ 6 'ਤੇ ਜਾ ਕੇ ਰੁਕ ਗਿਆ। ਚੀਫ਼ ਅਫਸਰ ਮੇਰੇ ਵੱਲ ਔਖਾ ਜਿਹਾ ਵੇਖਦਾ ਸੀ। ਉਤਨੀ ਦੇਰ ਨੂੰ ਜਹਾਜ਼ 10 ਤੱਕ ਪਹੁੰਚ ਗਿਆ। ਫਿਰ ਜਹਾਜ਼ ਮਿਡਸ਼ਿਪ ਹੋਣ ਤੋਂ ਬਾਅਦ ਪੋਰਟ ਸਾਇਡ 15 ਦਾ ਆਡਰ ਹੋਇਆ। ਮੈਂ 10-11 ਤੱਕ ਜਹਾਜ਼ ਨੂੰ ਰੋਕ ਲਿਆ ਸੀ। ਚੀਫ਼ ਅਫ਼ਸਰ ਮੈਨੂੰ ਕੁਝ ਕਹਿ ਰਿਹਾ ਸੀ ਪਰ ਪਾਇਲਟ ਦੀ ਅੱਖ ਬੜੀ ਤਿੱਖੀ ਸੀ, ਉਹ ਸਮਝ ਗਿਆ ਕਿ ਸੇਲਰ ਨੂੰ ਜਹਾਜ਼ ਬਾਰੇ ਪਤਾ ਏ; ਕਿਉਂਕਿ ਉਹ ਜਹਾਜ਼ ਜਦੋਂ ਅਸੀਂ ਅਰਜਟਾਇਨਾ ਦੇ ਦਰਿਆ ਵਿਚ ਚਲਾਇਆ ਸੀ ਤਾਂ ਖੱਬੇ ਪਾਸੇ ਨੂੰ ਇਕ ਦਮ ਮੁੜ ਜਾਂਦਾ ਹੁੰਦਾ ਸੀ। ਪਾਇਲਟ ਮੇਰੇ ਕੋਲ ਆ ਕੇ ਕਹਿਣ ਲੱਗਾ, 'ਅਹੁ ਜਹਾਜ਼ਾਂ ਦੇ ਵਿਚਕਾਰ ਖਾਲੀ ਜਗ੍ਹਾ ਦਿਸਦੀ ਏ?' ਮੈਂ ਕਿਹਾ, 'ਹਾਂ।' 'ਬੱਸ ਉਥੇ ਆਪਣਾ ਜਹਾਜ਼ ਲਾ ਦੇ।' ਜਹਾਜ਼ ਬੋਸਟਨ ਦੀ ਬੰਦਰਗਾਹ 'ਤੇ ਲੱਗ ਚੁੱਕਾ ਸੀ। ਪਾਇਲਟ ਨੇ ਕਿਹਾ, 'ਤੂੰ ਬਹੁਤ ਵਧੀਆ ਸੇਲਰ ਏਂ।' ਅਮਰੀਕਾ ਦੇ ਪਾਇਲਟ ਤੋਂ ਸ਼ਾਬਾਸ਼ ਲੈ ਕੇ ਅਤੇ ਧੰਨਵਾਦ ਕਰ ਕੇ ਮੈਂ ਖੁਸ਼ੀ-ਖੁਸ਼ੀ ਬ੍ਰਿਜ ਤੋਂ ਉਤਰ ਆਇਆ ਸੀ।

ਅਸੀਂ ਚਾਰ ਪੰਜਾਬੀ; ਮੈਂ ਅੰਮ੍ਰਿਤਸਰ ਤੋਂ, ਦਲਬੀਰ ਤੇ ਟੋਨੀ ਬਟਾਲੇ ਤੋਂ ਅਤੇ ਜਿੰਦਰ ਜਗਰਾਵਾਂ ਤੋਂ ਸੀ। ਦਲਬੀਰ ਮੇਰੇ ਨਾਲ ਗਰੀਸ ਵੀ ਕੁਝ ਦੇਰ ਰਹਿ ਚੁੱਕਾ ਸੀ, ਪਰ ਟੋਨੀ ਤੇ ਜਿੰਦਰ ਜਹਾਜ਼ ਵਿਚ ਹੀ ਮਿਲੇ ਸਨ। ਜਿੰਦਰ ਮੇਰੇ ਦਿਲ ਦੇ ਕਰੀਬ ਸੀ। ਉਹ ਮੈਨੂੰ ਵੱਡੇ ਭਰਾ ਵਾਂਗ ਮੰਨਦਾ ਸੀ। ਸਾਡੇ ਚਾਰਾਂ ਵਿਚੋਂ ਬਹਾਰ ਜਾਣ ਦਾ ਪਾਸ ਸਿਰਫ਼ ਮੈਨੂੰ ਮਿਲਿਆ ਸੀ। ਸਾਰੇ ਹੀ ਦੰਦੀਆਂ ਕਰੀਚਦੇ ਸਨ, 'ਕਾਹਦੇ ਅਮਰੀਕਾ ਆਏ, ਬਹਾਰ ਵੀ ਨਹੀਂ ਜਾ ਸਕਦੇ।' ਜਿੰਦਰ ਇੰਜਣ 'ਤੇ ਕੰਮ ਕਰਦਾ ਸੀ। ਮੈਂ ਉਹਨੂੰ ਕਿਹਾ, 'ਕੰਮ ਕਰ ਕੇ ਦਿਨੇ 8 ਵਜੇ ਮੇਰਾ ਪਾਸ ਲੈ ਜਾਵੀਂ ਤੇ ਬਾਹਰ ਜਾ ਆਵੀਂ।' ਪਰ ਅਮਰੀਕਾ ਦਾ ਨਾਂ ਹੀ ਇੰਨਾ ਵੱਡਾ ਹੈ ਕਿ ਸਾਰੇ ਡਰਦੇ ਸਨ ਕਿ ਕਿਤੇ ਬਾਹਰ ਜਾ ਕੇ ਕੋਈ ਬਿਪਤਾ ਨਾ ਪੈ ਜਾਵੇ। ਟੋਨੀ ਮੈਨੂੰ ਕਹਿਣ ਲੱਗਾ, 'ਤੇਰੇ ਕੋਲ ਪਾਸ ਏ, ਮੈਂ ਬੌਸ ਨਾਲ ਗੱਲ ਕਰ ਲੈਨਾਂ। ਮੈਂ ਤੇਰੀ ਜਗ੍ਹਾ ਤੋਂ ਥੋੜ੍ਹੀ ਦੂਰ ਖੜ੍ਹ ਜਾਵਾਂਗਾ, ਤੂੰ ਬਾਹਰ ਜਾ ਕੇ ਆ।' ਮੈਂ ਇਸੇ ਤਰ੍ਹਾਂ ਹੀ ਕੀਤਾ। ਜਦ ਮੈਂ ਪੋਰਟ ਤੋਂ ਨਿਕਲਿਆ ਤਾਂ ਸਕਿਉਰਿਟੀ ਵਾਲੇ ਨੇ ਮੈਨੂੰ ਕੁਝ ਨਹੀਂ ਪੁਛਿਆ। ਜਦ ਮੈਂ ਰਾਤੀਂ 9-10 ਦੇ ਕਰੀਬ ਆਇਆ ਤਾਂ ਵੀ ਕਿਸੇ ਨਹੀਂ ਪੁਛਿਆ। ਮੈਂ ਆ ਕੇ ਸਾਰਿਆਂ ਨੂੰ ਦੱਸ ਦਿੱਤਾ ਤਾਂ ਉਹ ਇਕੱਲੇ ਬਾਹਰ ਜਾਣ ਲੱਗ ਪਏ।

ਸੁਣਦੇ ਸਾਂ ਕਿ ਅਮਰੀਕਾ 'ਚ ਜਹਾਜ਼ ਇਕ-ਦੋ ਦਿਨਾਂ ਵਿਚ ਹੀ ਖਾਲੀ ਕਰ ਦਿੰਦੇ ਸਨ, ਪਰ ਸਾਨੂੰ ਬੰਦਰਗਾਹ 'ਤੇ ਲੱਗਿਆਂ ਪੰਜ ਦਿਨ ਹੋ ਗਏ। ਇਕ ਦਿਨ 2-3 ਘੰਟੇ ਕੰਮ ਕਰ ਕੇ ਚਲੇ ਗਏ। ਬਾਅਦ 'ਚ ਪਤਾ ਲੱਗਾ ਕਿ ਇਨ੍ਹਾਂ ਨੂੰ 4-5 ਛੁੱਟੀਆਂ ਹਨ ਕਿਉਂਕਿ ਇਨ੍ਹਾਂ ਦਾ ਬਹੁਤ ਵੱਡਾ ਤਿਉਹਾਰ ਹੈ ਜਿਸ ਨੂੰ 'ਥੈਂਕਸਗਿਵਿੰਗ' ਕਹਿੰਦੇ ਹਨ।

ਜਿੰਦਰ ਨੇ ਆਪਣੇ ਦੋਸਤ ਨੂੰ ਫੋਨ ਕੀਤਾ ਜੋ ਕੈਨੇਡਾ ਰਹਿੰਦਾ ਸੀ। ਉਹਨੇ ਅੱਗਿਉਂ ਜਿੰਦਰ ਦੇ ਦੂਜੇ ਦੋਸਤ ਦਰਸ਼ੀ ਨੂੰ ਫੋਨ ਕਰ ਦਿੱਤਾ ਜੋ ਨਿਊ ਯਾਰਕ ਰਹਿੰਦਾ ਸੀ। ਜਿੰਦਰ ਦਾ ਫੋਨ ਸੁਣ ਕੇ ਦਰਸ਼ੀ ਹੈਰਾਨ ਹੋ ਗਿਆ ਕਿ 'ਤੂੰ ਇੱਥੇ ਕਿਸ ਤਰ੍ਹਾਂ? ਜੇ ਤੂੰ ਬੋਸਟਨ ਆਇਆ ਏਂ ਤਾਂ ਵੇਲਾ ਨਾ ਵੇਖ, ਇੱਥੇ ਸਾਡੇ ਕੋਲ ਆ ਜਾ। ਮੈਨੂੰ ਵੀ ਅਜੇ 7-8 ਮਹੀਨੇ ਹੀ ਹੋਏ ਹਨ ਆਏ ਨੂੰ।' ਜਹਾਜ਼ ਵਿਚ ਪਹੁੰਚ ਕੇ ਜਿੰਦਰ ਮੇਰੇ ਨਾਲ ਸਲਾਹ ਕਰਨ ਲੱਗਾ, 'ਮੈਂ ਕੱਲਾ ਨਹੀਂ ਜਾਣਾ ਚਾਹੁੰਦਾ। ਜੇ ਤੂੰ ਮੇਰੇ ਨਾਲ ਹਾਂ ਕਰਦਾਂ ਤਾਂ ਠੀਕ ਏ।' ਮੈਂ ਜਿੰਦਰ ਨੂੰ ਨਾਂਹ ਕਰ ਦਿੱਤੀ ਕਿਉਂਕਿ ਉਹ ਵੀ ਨਵੇਂ-ਨਵੇਂ ਹੀ ਆਏ ਸਨ। ਸੋਚਿਆ, ਐਵੇਂ ਬੋਝ ਬਣਾਂਗੇ ਜਾ ਕੇ; ਪਰ ਜਿੰਦਰ ਦੀ ਮੁਹੱਬਤ ਨੇ ਮੈਨੂੰ ਜਿੱਤ ਲਿਆ ਤੇ ਅਸੀਂ ਦਲਬੀਰ ਨੂੰ ਵੀ ਨਾਲ ਤਿਆਰ ਕਰ ਲਿਆ। ਤਿੰਨੇ ਕੱਪੜੀਂ, ਦੋ ਸੌ ਡਾਲਰ ਕੋਲ; ਬਾਕੀ ਸਾਰਾ ਕੁਝ ਛੱਡ ਕੇ ਅਸੀਂ ਨਿਊ ਯਾਰਕ ਦਰਸ਼ੀ ਹੋਰਾਂ ਕੋਲ ਪਹੁੰਚ ਗਏ।

ਫਿਰ ਜ਼ਿੰਦਗੀ ਪਹੀਆਂ 'ਤੇ ਰਿੜ੍ਹਨੀ ਸ਼ੁਰੂ ਹੋ ਗਈ। ਕੰਮ-ਕਾਰ ਵੀ ਮਿਲ ਗਿਆ ਤੇ ਆਪਣਾ ਅਪਾਰਟਮੈਂਟ ਲੈ ਕੇ ਰਹਿਣ ਲੱਗ ਪਏ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਦੋ ਸਾਲ ਬੀਤੇ ਸਨ ਕਿ ਜਿੰਦਰ ਦਾ ਐਕਸੀਡੈਂਟ ਹੋ ਗਿਆ ਅਤੇ ਸਾਥੋਂ ਸਦਾ ਲਈ ਵਿਛੜ ਗਿਆ। ਉਹਦੇ ਤੁਰ ਜਾਣ ਤੋਂ ਬਾਅਦ ਅਸੀਂ ਅਨਾਥ ਹੋ ਗਏ। ਉਹ ਸੁਪਨੇ ਦੇਖਦਾ ਸੀ ਤੇ ਇਨ੍ਹਾਂ ਨੂੰ ਪੂਰੇ ਕਰਨ ਦੀ ਹਿੰਮਤ ਵੀ ਰੱਖਦਾ ਸੀ। ਤੀਹ ਸਾਲ ਹੋ ਗਏ ਇਸ ਧਰਤੀ 'ਤੇ ਆਇਆਂ ਨੂੰ; ਇਹ 'ਥੈਂਕਸਗਿਵਿੰਗ' ਖੁਸ਼ੀ ਭਰਿਆ ਏ, ਪਰ ਮੇਰੇ ਲਈ ਇਹ ਗਮ ਨਾਲ ਵੀ ਭਰਿਆ ਹੋਇਆ ਏ।

# ਅਮਰੀਕੀ ਬੁੱਚੜ ਦੀ ਹੋਣੀ: 'ਦਿ ਸਟੇਟ ਔਫ ਸੀਜ਼'




ਮਿਲਟਨ ਫਰਾਈਡਮੈਨ ਅਤੇ ਉਹਦੇ ਸ਼ਿਕਾਗੋ ਸਕੂਲ ਦੇ ਪਾੜ੍ਹਿਆਂ ਨੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਲਾਗੂ ਕਰਨ ਲਈ ਲਾਤੀਨੀ ਅਮਰੀਕਾ ਦੀ ਦੱਖਣੀ ਤਿਕੋਣ ਦੇ ਦੇਸ਼ਾਂ ਨੂੰ ਪ੍ਰਯੋਗਸ਼ਾਲਾ ਵਜੋਂ ਵਰਤਿਆ। ਇਹ ਗੱਲ ਸੱਤਰਵਿਆਂ ਅਤੇ ਅੱਸੀਵਿਆਂ ਦੀ ਹੈ। ਦੱਖਣੀ ਤਿਕੋਣ ਦੇ ਮੁਲਕਾਂ ਵਿਚ ਬ੍ਰਾਜ਼ੀਲ, ਅਰਜਨਟੀਨਾ, ਚਿੱਲੀ ਅਤੇ ਉਰੂਗਵੇ ਸ਼ਾਮਲ ਹਨ। ਅਮਰੀਕਾ ਸਰਕਾਰ ਅਤੇ ਸ਼ਿਕਾਗੋ ਸਕੂਲ ਦੇ ਅਰਥ-ਸ਼ਾਸਤਰ ਦੇ ਪਾੜ੍ਹਿਆਂ ਦਾ ਮੁੱਖ ਨਿਸ਼ਾਨਾ ਸਮਾਜਵਾਦ ਅਤੇ ਮਾਰਕਸਵਾਦ ਦਾ ਅਸਰ ਰੋਕਣਾ ਸੀ। 'ਸ਼ੁੱਧ ਸਰਮਾਏਦਾਰੀ' ਦਾ ਸੁਪਨਾ ਸੱਚ ਕਰਨ ਲਈ ਇਨ੍ਹਾਂ ਮੁਲਕਾਂ ਵਿਚ ਵਫ਼ਾਦਾਰ ਹਾਕਮਾਂ ਦਾ ਹੋਣਾ ਜ਼ਰੂਰੀ ਸੀ। ਅਮਰੀਕਾ ਦੀ ਕੇਂਦਰੀ ਖ਼ੁਫ਼ੀਆ ਏਜੰਸੀ (ਸੀ.ਆਈ.ਏ.) ਨੇ ਦੱਖਣੀ ਤਿਕੋਣ ਦੇ ਮੁਲਕਾਂ ਵਿਚ ਫ਼ੌਜੀ ਰਾਜ-ਪਲਟਿਆਂ ਦੀ ਰੂਪ-ਰੇਖਾ ਤਿਆਰ ਕੀਤੀ। ਇਸ ਏਜੰਸੀ ਰਾਹੀਂ ਅਮਰੀਕੀ ਸਰਕਾਰ ਰਾਜ ਪਲਟੇ ਤੋਂ ਬਾਅਦ ਫ਼ੌਜੀ-ਗੁੱਟਾਂ ਦੀ ਖੁੱਲ੍ਹੀ ਮਦਦ ਅਤੇ ਅਗਵਾਈ ਕਰਦੀ ਰਹੀ।




ਖੁੱਲ੍ਹੀ ਮੰਡੀ ਦੀਆਂ ਨੀਤੀਆਂ ਲਾਗੂ ਕਰਨ ਲਈ ਲਾਤੀਨੀ ਮੁਲਕਾਂ ਵਿਚ ਸਿਆਸੀ ਵਿਰੋਧੀਆਂ, ਖਾਸ ਕਰ ਕੇ ਸਮਾਜਵਾਦ ਪੱਖੀ ਲੋਕਾਂ ਨੂੰ ਟਿਕਾਣੇ ਲਾਉਣਾ 'ਜ਼ਰੂਰੀ' ਸੀ। ਖੱਬੇ ਪੱਖੀ ਹੋਣਾ ਉਨ੍ਹਾਂ ਸਮਿਆਂ ਵਿਚ ਮੌਤ ਅਤੇ ਤਸ਼ੱਦਦ ਨੂੰ ਆਵਾਜ਼ ਮਾਰਨ ਦੇ ਬਰਾਬਰ ਸੀ।


ਫਿਲਮਸਾਜ਼ ਕੋਸਟਾ ਗਾਵਰਸ ਕੈਮਰੇ ਨਾਲ।

ਲੱਖਾਂ ਸਿਆਸੀ ਕਾਰਕੁਨ ਇਨ੍ਹਾਂ ਕਾਲੇ ਸਮਿਆਂ 'ਚ ਮਾਰ-ਖਪਾ ਦਿੱਤੇ ਗਏ। ਮਾਰ-ਖਪਾਏ ਲੋਕਾਂ 'ਚ ਫ਼ੌਜੀ ਤਾਨਾਸ਼ਾਹੀ ਖਿਲਾਫ ਲੜ ਰਹੇ ਹਥਿਆਰਬੰਦ ਛਾਪਾਮਾਰਾਂ ਦੀ ਗਿਣਤੀ ਨਿਗੂਣੀ ਸੀ; ਬਹੁਤੇ ਖੱਬੇ ਪੱਖੀ ਦਲਾਂ ਦੇ ਹਮਾਇਤੀ ਅਤੇ ਹਮਦਰਦ ਮਜ਼ਦੂਰ, ਕਿਸਾਨ, ਬੁੱਧੀਜੀਵੀ, ਵਿਦਿਆਰਥੀ ਅਤੇ ਕਲਾਕਾਰ ਸਨ।

ਸੀ.ਆਈ.ਏ. ਦੱਖਣੀ ਤਿਕੋਣ ਦੇ ਫ਼ੌਜੀ ਗੁੱਟਾਂ ਨੂੰ ਅਮਰੀਕਾ ਬੁਲਾ ਕੇ ਉਨ੍ਹਾਂ ਨੂੰ ਸਿਖਲਾਈ ਦੇਣ ਦਾ ਕੰਮ ਕਰਦੀ ਸੀ। ਇਸ ਸਿਖਲਾਈ ਤਹਿਤ ਸਿਆਸੀ ਵਿਰੋਧੀਆਂ ਉੱਤੇ ਤਸ਼ੱਦਦ ਢਾਹੁਣ ਅਤੇ ਉਨ੍ਹਾਂ ਨੂੰ ਗਾਇਬ ਕਰਨ ਦੇ ਤਰੀਕੇ ਸਿਖਾਏ ਜਾਂਦੇ ਸਨ। ਸੰਨ 1969-73 ਦੌਰਾਨ ਉਰੂਗਵੇ ਦੇ ਫ਼ੌਜੀ ਅਫ਼ਸਰਾਂ ਨੇ ਅਮਰੀਕਾ ਦੇ ਵਾਸ਼ਿੰਗਟਨ ਅਤੇ ਲਾਸ ਫਰੈਸਨੋਜ਼ (ਟੈਕਸਸ) ਸ਼ਹਿਰਾਂ ਵਿਚ ਜਾ ਕੇ ਕੇਂਦਰੀ ਖ਼ੁਫ਼ੀਆ ਏਜੰਸੀ ਅਤੇ 'ਜਨਤਕ ਸੁਰੱਖਿਆ ਮੁਹਿੰਮ' ਦੇ ਸਕੂਲਾਂ ਵਿਚ ਸਿਖਲਾਈ ਲਈ ਸੀ। ਕਈ ਵਾਰ ਇਨ੍ਹਾਂ ਸਕੂਲਾਂ ਵਿਚ ਤਸੀਹੇ ਦੇਣ ਅਤੇ ਬੰਬ ਬਣਾਉਣ ਦੀ ਸਿਖਲਾਈ ਪੇਸ਼ੇਵਰ ਫ਼ੌਜੀਆਂ ਦੀ ਥਾਂ ਸੱਜੇ ਪੱਖੀ ਜੱਥੇਬੰਦੀਆਂ ਦੇ ਕਾਰਕੁਨਾਂ ਨੂੰ ਦਿੱਤੀ ਜਾਂਦੀ ਸੀ। ਚਿੱਲੀ ਦੇ ਸੱਜੇ ਪੱਖੀ ਇਸ ਕੰਮ ਵਿਚ ਸਭ ਤੋਂ ਅੱਗੇ ਸਨ। ਸੱਜੇ ਪੱਖੀ ਗਰੋਹਾਂ ਨਾਲ ਫ਼ੌਜੀ ਗੁੱਟਾਂ ਦਾ ਨਾਪਾਕ ਗੱਠਜੋੜ ਸੀ। ਇਨ੍ਹਾਂ ਸਕੂਲਾਂ ਵਿਚ ਫ਼ੌਜੀ ਗੁੱਟਾਂ ਦੇ ਕਾਤਲ ਦਸਤਿਆਂ ਨੂੰ ਉਚੇਚੇ ਤੌਰ 'ਤੇ ਸਿਖਲਾਈ ਦਿੱਤੀ ਜਾਂਦੀ ਸੀ। ਇਨ੍ਹਾਂ ਕਾਤਲ ਦਸਤਿਆਂ ਨੇ ਦੱਖਣੀ ਤਿਕੋਣ ਦੇ ਮੁਲਕਾਂ 'ਚ ਵਿਚਾਰਧਾਰਕ ਵਿਰੋਧੀਆਂ ਨੂੰ ਕਿਉਟਣ ਵਿਚ ਮਾਰੂ ਭੂਮਿਕਾ ਨਿਭਾਈ। 'ਜਨਤਕ ਸੁਰੱਖਿਆ ਮੁਹਿੰਮ' ਸੰਸਥਾ ਨੇ ਤੀਜੀ ਦੁਨੀਆਂ ਦੇ ਦਸ ਲੱਖ ਤੋਂ ਵੱਧ ਲੋਕਾਂ ਨੂੰ ਸਿਖਲਾਈ ਦਿੱਤੀ ਸੀ।

ਲੋੜ ਪੈਣ 'ਤੇ ਅਮਰੀਕੀ ਸਰਕਾਰ ਤਸ਼ੱਦਦ ਮਾਹਰਾਂ ਨੂੰ ਲਾਤੀਨੀ ਮੁਲਕਾਂ ਵਿਚ ਵੀ ਭੇਜਦੀ ਸੀ। ਇਨ੍ਹਾਂ ਮਾਹਰਾਂ ਨੂੰ ਲੁਕਵੇਂ ਲਬਾਦਿਆਂ ਹੇਠ ਭੇਜਿਆ ਜਾਂਦਾ ਸੀ। ਇਹ ਸਾਰੇ ਗ਼ੈਰ-ਫ਼ੌਜੀ ਮੁਹਿੰਮਾਂ ਤਹਿਤ ਭੇਜੇ ਜਾਂਦੇ ਸਨ ਤਾਂ ਕਿ ਅਸਲ ਭੇਤ ਨਾ ਖੁੱਲ੍ਹ ਸਕੇ। ਉਂਝ ਇਨ੍ਹਾਂ ਦਾ ਕੰਮ ਤਸ਼ੱਦਦ ਦੇ ਤਰੀਕੇ ਸਿਖਾਉਣਾ ਹੀ ਸੀ। ਅਜਿਹੇ ਹੀ ਇੱਕ ਤਸ਼ੱਦਦ-ਮਾਹਰ ਡੈਨ ਮਿਤਰੀਉਨ ਦੀ ਜ਼ਿੰਦਗੀ ਅਤੇ ਮੌਤ ਨੂੰ ਆਧਾਰ ਬਣਾ ਕੇ ਫ਼ਿਲਮ 'ਦਿ ਸਟੇਟ ਔਫ ਸੀਜ਼' ਬਣੀ ਸੀ। ਇਸ ਫ਼ਿਲਮ ਦੇ ਹਦਾਇਤਕਾਰ ਕੋਸਟਾ ਗਾਵਰਸ (ਯੂਨਾਨੀ ਮੂਲ ਦਾ ਫਰਾਂਸੀਸੀ ਫਿਲਮਸਾਜ਼) ਸਨ। ਇਹ ਫ਼ਿਲਮ 1972 ਵਿਚ ਪਰਦਾਪੇਸ਼ ਹੋਈ ਸੀ। ਡੈਨ ਸੀ.ਆਈ.ਏ. ਦਾ ਕਰਿੰਦਾ ਸੀ। ਬ੍ਰਾਜ਼ੀਲ ਵਿਚ ਫ਼ੌਜੀ ਤਾਨਾਸ਼ਾਹੀ ਦੇ ਖਾਤਮੇ ਤੋਂ ਬਾਅਦ 1985 ਵਿਚ ਛਾਪੀ ਗਈ ਤੱਥ ਖੋਜ ਕਮਿਸ਼ਨ ਦੀ ਰਪਟ ਡੈਨ ਮਿਤਰੀਉਨ ਦੇ ਕਾਰਿਆਂ ਦਾ ਖ਼ੁਲਾਸਾ ਕਰਦੀ ਹੈ। ਫ਼ੌਜੀ ਰਾਜ ਦੇ ਮੁੱਢਲੇ ਸਮਿਆਂ ਵਿਚ ਮਿਤਰੀਉਨ ਸੜਕ ਤੋਂ ਫੜ ਕੇ ਲਿਆਂਦੇ ਮੰਗਤਿਆਂ ਨੂੰ ਤਸੀਹੇ ਦੇ ਕੇ ਜਮਾਤ ਵਿਚ ਬੈਠੇ ਫ਼ੌਜੀ ਅਫ਼ਸਰਾਂ ਨੂੰ ਦਿਖਾਉਂਦਾ ਹੁੰਦਾ ਸੀ। ਬਾਅਦ ਵਿਚ ਇਹ ਤਸੀਹੇ ਸਿਆਸੀ ਕੈਦੀਆਂ ਨੂੰ ਫ਼ੌਜੀਆਂ ਲਈਆਂ ਲਾਈਆਂ ਜਾਂਦੀਆਂ ਜਮਾਤਾਂ ਵਿਚ ਲਿਆ ਕੇ ਪਰਖੇ ਜਾਣ ਲੱਗੇ। ਇਹਦਾ ਵੇਰਵਾ ਫ਼ਿਲਮ ਵਿਚ ਮਿਲਦਾ ਹੈ।

ਬ੍ਰਾਜ਼ੀਲ ਤੋਂ ਬਾਅਦ ਡੈਨ ਮਿਤਰੀਉਨ ਉਰੂਗਵੇ ਪਹੁੰਚਿਆ। ਉਸ ਨੂੰ ਜਨਤਕ ਸੁਰੱਖਿਆ ਮੁਹਿੰਮ ਦੇ ਲਬਾਦੇ ਹੇਠ ਉਥੇ ਭੇਜਿਆ ਗਿਆ ਸੀ। ਮੌਂਟੇ ਵੀਡੀਉ (ਉਰੂਗਵੇ ਦੀ ਰਾਜਧਾਨੀ) ਦਾ ਤਸ਼ੱਦਦਖਾਨਾ ਉਹਦੇ ਜ਼ੁਲਮਾਂ ਦੀ ਗਵਾਹੀ ਭਰਦਾ ਹੈ। ਉਥੇ ਡੈਨ ਦੇ ਘਰ ਦੇ ਤਹਿਖਾਨੇ ਵਿਚ ਸਾਊਂਡ ਪਰੂਫ ਕਮਰਾ ਸੀ ਜਿਸ ਵਿਚ ਉਹ ਉਰੂਗਵੇ ਦੇ ਚੋਣਵੇਂ ਪੁਲਿਸ ਕਰਮਚਾਰੀਆਂ ਨੂੰ ਤਸ਼ੱਦਦੀ ਤਕਨੀਕਾਂ ਤੋਂ ਜਾਣੂ ਕਰਵਾਉਂਦਾ ਸੀ। ਬਾਅਦ ਵਿਚ ਡੈਨ ਦੇ ਚੇਲੇ ਮੈਨੂਅਲ ਹੇਵੀਆ ਕੋਸਕੁਐਲਾ ਨੇ ਖ਼ੁਲਾਸਾ ਕੀਤਾ ਡੈਨ ਦਾ ਕੋਰਸ ਮਨੁੱਖ ਦੀ ਸਰੀਰਕ ਬਣਤਰ ਅਤੇ ਨਾੜੀ ਤੰਤਰ ਦੇ ਵੇਰਵੇ ਸਮਝਾਉਣ ਤੋਂ ਸ਼ੁਰੂ ਹੁੰਦਾ ਸੀ। ਡੈਨ ਤਸੀਹੇ ਦੇਣ ਨੂੰ ਕਲਾ ਦਾ ਰੂਪ ਮੰਨਦਾ ਸੀ ਜਿਸ ਕਰ ਕੇ ਡੈਨ ਨੂੰ 'ਤਸੀਹਿਆਂ ਦਾ ਕਲਾਕਾਰ' ਕਿਹਾ ਜਾਂਦਾ ਹੈ। ਸ਼ਾਇਦ ਕਲਾਕਾਰ ਦੀ ਇਸ ਤੋਂ ਵੱਡੀ ਬੇਇਜ਼ਤੀ ਹੋਰ ਕੋਈ ਸ਼ਬਦ ਨਹੀਂ ਕਰ ਸਕਦਾ। ਉਹਦਾ ਬਦਨਾਮ ਸਿਧਾਂਤ ਸੀ, "ਸਹੀ ਥਾਂ, ਸਹੀ ਮਾਤਰਾ 'ਚ ਸਹੀ ਦੁੱਖ ਦੇਣ ਨਾਲ ਮਨਚਾਹੇ ਸਿੱਟੇ ਹਾਸਲ ਕੀਤੇ ਜਾ ਸਕਦੇ ਹਨ।" ਬ੍ਰਾਜ਼ੀਲ ਵਾਂਗ ਡੈਨ ਨੇ ਮੌਂਟੇ ਵੀਡੀਉ ਸ਼ਹਿਰ ਦੇ ਬਾਹਰੀ ਖੇਤਰਾਂ ਤੋਂ ਮੰਗਤੇ ਚੁੱਕਣੇ ਸ਼ੁਰੂ ਕੀਤੇ। ਫਿਰ ਬ੍ਰਾਜ਼ੀਲੀ ਸਰਹੱਦ ਦੇ ਨੇੜਿਉਂ ਔਰਤਾਂ ਨੂੰ ਅਗਵਾ ਕਰ ਕੇ ਤਸੀਹਿਆਂ ਦਾ ਸ਼ਿਕਾਰ ਬਣਾਇਆ। ਇਨ੍ਹਾਂ ਜੀਆਂ 'ਤੇ ਬਿਜਲੀ ਦੇ ਕਰੰਟ ਪਰਖੇ ਜਾਂਦੇ ਸਨ ਅਤੇ ਚੋਣਵੇਂ ਅਫ਼ਸਰਾਂ ਨੂੰ ਸਿਖਾਏ ਜਾਂਦੇ ਸਨ ਤਾਂ ਕਿ ਉਹ ਅਗਾਂਹ ਸਿਖਾ ਸਕਣ। ਇਨ੍ਹਾਂ ਤਸੀਹਿਆਂ ਕਾਰਨ ਚਾਰ ਜੀਅ ਮਾਰੇ ਗਏ। ਹੇਵੀਆ ਨੇ ਡੈਨ ਨੂੰ ਚਾਰਾਂ ਦੀ ਮੌਤ ਦਾ ਜ਼ਿੰਮੇਵਾਰ ਠਹਿਰਾਇਆ ਹੈ। ਉਰੂਗਵੇ ਵਿਚ ਉਸ ਦੇ ਤਸ਼ੱਦਦੀ ਕਾਰੇ ਇੰਨੇ ਭਿਆਨਕ ਅਤੇ ਬਦਨਾਮ ਹੋ ਚੁੱਕੇ ਸਨ ਕਿ ਉਰੂਗਵੇ ਦੀ ਸੰਸਦ ਨੂੰ ਮਜਬੂਰਨ ਖੋਜ ਰਪਟ ਜਾਰੀ ਕਰਨੀ ਪਈ। ਰਪਟ ਮੁਤਾਬਕ ਸਿਆਸੀ ਵਿਰੋਧੀਆਂ ਉੱਤੇ ਤਸ਼ੱਦਦ ਆਮ ਅਤੇ ਲਗਾਤਾਰ ਚੱਲਣ ਵਾਲਾ ਵਰਤਾਰਾ ਹੈ। ਇਹ ਫ਼ੌਜੀਆਂ ਦੀ ਆਦਤ ਬਣ ਚੁੱਕਿਆ ਹੈ। ਰਪਟ ਵਿਚ ਤਸੀਹਿਆਂ ਦੇ ਜੋ ਖ਼ੁਲਾਸੇ ਕੀਤੇ ਗਏ ਹਨ, ਉਨ੍ਹਾਂ ਬਾਰੇ ਲਿਖਣਾ ਵੀ ਪਾਠਕ ਉੱਤੇ ਤਸ਼ੱਦਦ ਹੋਵੇਗਾ।

ਉਰੂਗਵੇ ਵਿਚ ਖੱਬੇ ਪੱਖੀ ਤੂਪਾਮਾਰੂ ਛਾਪਾਮਾਰ ਸਰਗਰਮ ਸਨ ਜੋ ਮੁਕਾਮੀ ਸਰਕਾਰ ਦੇ ਖਿਲਾਫ ਲੜ ਰਹੇ ਸਨ। ਉਨ੍ਹਾਂ ਨੇ ਡੈਨ ਨੂੰ ਅਗਵਾ ਕਰ ਲਿਆ ਅਤੇ ਉਹਦੇ ਕਾਲੇ ਕਾਰਨਾਮਿਆਂ ਨੂੰ ਆਲਮ ਅੱਗੇ ਨਸ਼ਰ ਕੀਤਾ। ਇਨਕਲਾਬੀ ਛਾਪਾਮਾਰਾਂ ਨੇ ਉਸ ਨੂੰ ਤਸੀਹੇ ਨਹੀਂ ਦਿੱਤੇ। ਉਨ੍ਹਾਂ ਨੇ ਅਪਣੇ ਡੇਢ ਸੌ ਸਾਥੀਆਂ ਨੂੰ ਰਿਹਾਅ ਕਰਨ ਦੀ ਮੰਗ ਰੱਖੀ। ਅਮਰੀਕੀ ਰਾਸ਼ਟਰਪਤੀ ਨਿਕਸਨ ਦੀ ਸਹਿਮਤੀ ਨਾਲ ਉਰੂਗਵੇ ਸਰਕਾਰ ਨੇ ਮੰਗਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਦਸ ਅਗਸਤ 1970 ਨੂੰ ਡੈਨ ਦੀ ਲਾਸ਼ ਚੋਰੀ ਕੀਤੀ ਇਕ ਗੱਡੀ ਵਿਚੋਂ ਮਿਲੀ। ਇਸ ਤਰ੍ਹਾਂ ਇਕ ਸ਼ੈਤਾਨ ਬੁੱਚੜ ਦਾ ਅੰਤ ਹੋਇਆ।

ਡੈਨ ਦੇ ਸੰਸਕਾਰ ਵਿਚ ਅਮਰੀਕਾ ਦੇ ਮੋਹਤਬਰ ਬੰਦੇ ਸ਼ਾਮਲ ਹੋਏ। ਗਾਇਕ ਅਤੇ ਅਦਾਕਾਰ ਫ਼ਰੈਂਕ ਸਿਨਾਟਰਾ ਅਤੇ ਜੈਰੀ ਲੂਈਸ ਵਰਗੇ ਕਲਾਕਾਰ ਡੈਨ ਦੇ ਟੱਬਰ ਦੀ ਮਦਦ ਲਈ ਹੋਏ ਸਮਾਗਮ ਵਿਚ ਉਚੇਚੇ ਤੌਰ 'ਤੇ ਪਹੁੰਚੇ। ਵ੍ਹਾਈਟ ਹਾਊਸ ਦੇ ਬੁਲਾਰੇ ਨੇ ਡੈਨ ਦੀ ਸ਼ਾਨ ਵਿਚ ਕਿਹਾ ਸੀ, "ਸ੍ਰੀਮਾਨ ਡੈਨ ਮਿਤਰੀਉਨ ਨੇ ਆਗਿਆਕਾਰੀ ਸੰਸਾਰ ਦੀ ਸ਼ਾਂਤਮਈ ਤਰੱਕੀ ਦੇ ਕਾਜ਼ ਦੀ ਸੇਵਾ ਲਈ ਆਪਣੀ ਜ਼ਿੰਦਗੀ ਸਮਰਪਿਤ ਕੀਤੀ ਹੈ। ਉਹ ਹਰ ਆਜ਼ਾਦ ਬੰਦੇ ਲਈ ਮਿਸਾਲ ਦੇ ਰੂਪ ਵਿਚ ਜਿਉਂਦਾ ਰਹੇਗਾ।" ਡੈਨ ਦੇ ਟੱਬਰ ਨੇ ਉਹਨੂੰ ਸ਼ਾਨਦਾਰ ਅਤੇ ਮਹਾਨ ਮਨੁੱਖਤਾਵਾਦੀ ਕਿਹਾ ਸੀ।



ਡੈਨ ਮਿਤਰੀਉਨ (ਉਪਰ) ਦਾ ਕਿਰਦਾਰ ਨਿਭਾਉਣ ਵਾਲਾ ਅਦਾਕਾਰ ਈਵ ਮੋਂਤਾਂ (ਹੇਠਾਂ)

# ਗੋਰੀ ਕਰੀਨਾ ਦਾ ਪਿਆਰ



ਫ਼ਿਲਮਸਾਜ਼ ਕਰਨ ਜੌਹਰ ਦੀ ਨਵੀਂ ਫਿਲਮ 'ਗੋਰੀ ਤੇਰੇ ਪਿਆਰ ਮੇਂ' ਦਾ ਮੁੱਖ ਆਕਰਸ਼ਣ ਕਰੀਨਾ ਕਪੂਰ ਹੈ। ਫਿਲਮ ਦੇ ਨਿਰਦੇਸ਼ਕ ਪੁਨੀਤ ਮਲਹੋਤਰਾ ਹਨ। ਇਸ ਸਾਲ ਕਰਨ ਜੌਹਰ ਦੇ 'ਧਰਮਾ ਪ੍ਰੋਡਕਸ਼ਨਜ਼' ਦੇ ਬੈਨਰ ਹੇਠ ਚਾਰ ਫ਼ਿਲਮਾਂ 'ਬਾਂਬੇ ਟਾਕੀਜ਼', 'ਜਿੱਪੀ', 'ਯਿਹ ਜਵਾਨੀ ਹੈ ਦੀਵਾਨੀ' ਅਤੇ 'ਲੰਚਬੌਕਸ' ਰਿਲੀਜ਼ ਹੋ ਚੁੱਕੀਆਂ ਹਨ। 'ਗੋਰੀ ਤੇਰੇ ਪਿਆਰ ਮੇਂ' ਰੁਮਾਂਟਿਕ ਫਿਲਮ ਹੈ ਜਿਸ ਵਿਚ ਕਰੀਨਾ ਨਾਲ ਮੁੱਖ ਭੂਮਿਕਾ ਇਮਰਾਨ ਖ਼ਾਨ ਨੇ ਨਿਭਾਈ ਹੈ। ਫ਼ਿਲਮ ਵਿਚ ਵਾਤਾਵਰਣ ਵਰਗੇ ਕੁਝ ਗੰਭੀਰ ਮਸਲਿਆਂ ਨੂੰ ਵੀ ਅਹਿਮੀਅਤ ਦਿੱਤੀ ਗਈ ਹੈ। ਕਾਮੇਡੀ ਦਾ ਰੰਗ ਵੀ ਦੇਖਣ ਵਾਲਾ ਹੈ। ਇਹ ਫ਼ਿਲਮ ਸੋਹਣੀ-ਸੁਨੱਖੀ ਅਤੇ ਜਾਗਰੂਕ ਮੁਟਿਆਰ ਦੀਆ ਸ਼ਰਮਾ (ਕਰੀਨਾ ਕਪੂਰ) ਦੀ ਕਹਾਣੀ ਹੈ ਜੋ ਲੋਕਾਂ ਨੂੰ ਜਾਗਣ ਦਾ ਹੋਕਾ ਦੇ ਰਹੀ ਹੈ। ਦੂਜੇ ਬੰਨ੍ਹੇ ਸ੍ਰੀਰਾਮ ਵੈਂਕੇਟ (ਇਮਰਾਨ ਖਾਨ) ਮਸਤ ਮੌਲਾ ਗੱਭਰੂ ਹੈ। ਦੋਵੇਂ ਨੇੜੇ ਆ ਜਾਂਦੇ ਹਨ। ਫ਼ਿਰ ਹਾਲਾਤ ਕੁਝ ਅਜਿਹੇ ਬਣਦੇ ਹਨ ਕਿ ਦੀਆ ਸਭ ਕੁਝ ਛੱਡ-ਛਡਾਅ ਕੇ ਵੈਂਕੇਟ ਨੂੰ ਬਿਨਾਂ ਦੱਸੇ ਦੂਰ-ਦਰਾਡੇ ਕਿਸੇ ਪਿੰਡ ਪੁੱਜ ਜਾਂਦੀ ਹੈ ਅਤੇ ਉਥੇ ਵੀ ਸਮਾਜ ਸੇਵਾ ਵਿਚ ਰੁੱਝ ਜਾਂਦੀ ਹੈ। ਵੈਂਕੇਟ ਵੀ ਉਹਦੇ ਪਿੱਛੇ-ਪਿੱਛੇ ਪਿੰਡ ਪੁੱਜ ਜਾਂਦਾ ਹੈ। ਫ਼ਿਲਮ ਵਿਚ ਕਰੀਨਾ ਦਾ ਕੰਮ ਸੋਹਣਾ ਹੈ ਪਰ ਇਮਰਾਨ ਇਕ ਵਾਰ ਅਦਾਕਾਰੀ ਪੱਖੋਂ ਖੁੰਝ ਗਿਆ ਹੈ। 'ਮਟਰੂ ਕੀ ਬਿਜਲੀ ਕਾ ਮੰਡੋਲਾ' ਤੇ 'ਵੰਨਸ ਅਪੌਨ ਏ ਟਾਈਮ ਇਨ ਮੁੰਬਈ ਦੋਬਾਰਾ' ਵਿਚ ਵੀ ਉਹਦਾ ਇਹੀ ਹਾਲ ਹੋਇਆ ਸੀ।

# 'ਸਿੰਘ ਸਾਬ ਦਿ ਗ੍ਰੇਟ' ਪਾਸ



ਫਿਲਮ ਸਟਾਰ ਸਨੀ ਦਿਉਲ ਦੇ ਮੁੱਖ ਕਿਰਦਾਰ ਵਾਲੀ ਫਿਲਮ 'ਸਿੰਘ ਸਾਹਿਬ ਦਿ ਗ੍ਰੇਟ' ਬਾਰੇ ਵਿਵਾਦ ਇਸ ਦੇ ਨਾਂ ਵਿਚ ਤਬਦੀਲੀ ਤੋਂ ਬਾਅਦ ਮੁੱਕ ਗਿਆ ਹੈ। ਪੰਜ ਤਖ਼ਤਾਂ ਦੇ ਜਥੇਦਾਰਾਂ ਨੇ ਇਸ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਹੁਣ ਇਸ ਫਿਲਮ ਦਾ ਨਾਂ 'ਸਿੰਘ ਸਾਬ ਦਿ ਗ੍ਰੇਟ' ਹੋ ਗਿਆ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਸਿੰਘ ਸਾਹਿਬ ਸ਼ਬਦ ਕੇਵਲ ਪੰਜ ਤਖ਼ਤਾਂ ਦੇ ਜਥੇਦਾਰਾਂ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਲਈ ਹੀ ਵਰਤਿਆ ਜਾਂਦਾ ਹੈ; ਜਾਂ ਫਿਰ ਜਿਸ ਸ਼ਖਸ ਨੂੰ ਅਕਾਲ ਤਖ਼ਤ ਤੋਂ ਸਿੰਘ ਸਾਹਿਬ ਦੀ ਉਪਾਧੀ ਦਿੱਤੀ ਹੋਵੇ। ਅਨਿਲ ਸ਼ਰਮਾ ਨੇ ਸਨੀ ਦਿਉਲ ਨਾਲ 'ਅਪਨੇ', 'ਹੀਰੋ-ਲਵ ਸਟੋਰੀ ਆਫ ਸਪਾਈ', ਅਤੇ 'ਗਦਰ-ਏਕ ਪ੍ਰੇਮ ਕਥਾ' ਫਿਲਮਾਂ ਬਣਾਈਆਂ ਹਨ। ਇਸ ਤੋਂ ਪਹਿਲਾਂ ਉਸ ਦਾ ਪਸੰਦੀਦਾ ਕਲਾਕਾਰ ਸਨੀ ਦਾ ਬਾਪੂ ਧਰਮਿੰਦਰ ਸੀ। ਸਨੀ ਇਹ ਫਿਲਮਾਂ ਐਕਸ਼ਨ ਦੇ ਨਾਂ 'ਤੇ ਮਾਰਧਾੜ ਅਤੇ ਨਫਰਤ ਵਾਲੇ ਸੰਵਾਦਾਂ ਨਾਲ ਭਰੀਆਂ ਪਈਆਂ ਹਨ। 'ਸਿੰਘ ਸਾਬ' ਵੀ ਕੋਈ ਵੱਖਰੀ ਫਿਲਮ ਨਹੀਂ ਹੈ। ਉਂਝ ਵੀ ਸਨੀ ਦਿਉਲ ਦਾ ਅਦਾਕਾਰੀ ਦੇ ਮਾਮਲੇ ਵਿਚ ਹੱਥ ਤੰਗ ਹੀ ਹੈ, ਇਸ ਲਈ ਉਹ ਸਾਰੀ ਫਿਲਮ ਵਿਚ ਦਹਾੜਦਾ ਫਿਰਦਾ ਹੈ।


HURRY! LIMITED-TIME OFFER!
FREE $100 REWARD CARD
dish
Requires 24 month commitment, credit qualification and qualifying S. Asian package ($19.99/mo. or higher).
Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
HINDI MOVIES PACK
$19.99 mo
MASTI PACK
$5.00 mo ADD ON
WILLOW CRICKET HD*
$14.99 mo
WILLOW HD
CALL DISH NOW
855.318.4562
www.DishPunjabiTV.com
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Add-on packages available at additional cost. *Requires HD receiver to view International programming in HD. Must subscribe to a qualifying American HD package to qualify for HD receiver.
$100 DISH REWARDS PREPAID MASTERCARD® CARD: Offer valid for activation and installation of qualifying DISH service under Digital Home Advantage with a 24-month commitment and credit qualification plus a qualifying South Asian package of $ 19.99 or higher through 1/31/2014. Must activate service by calling 1-855-318-4562 and provide Promotion Code INTERNATIONAL. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. Cards are issued by Citibank, N.A. pursuant to a license from MasterCard International and managed by Citi Prepaid Services. This card can be used everywhere MasterCard debit cards are accepted. Cards are issued by Citibank, N.A. pursuant to a license from MasterCard International and managed by Citi Prepaid Services. Cards will not have cash access and can be used everywhere MasterCard debit cards are accepted. Additional Requirements: All prices, fees, charges, packages, programming, features, functionality and offers subject to change without notice. ETF: If you cancel service during first 24 months, early cancellation fee of $20 for each month remaining applies. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply.
© 2013 DISH Network L.L.C. All rights reserved.


ਵਿਆਹੁਤਾ ਜ਼ਿੰਦਗੀ ਦੀ 50ਵੀਂ ਸਾਲਗਿਰ੍ਹਾ ਮੁਬਾਰਕ
Ajit Singh Gill
Amarjit Kaur Gill
ਸਾਲਗਿਰ੍ਹਾ ਮੁਬਾਰਕ
Married November 30 1963
ਸਾਲਗਿਰ੍ਹਾ ਮੁਬਾਰਕ
Ajit's Parents
Late Thakar Gill
Late Tej K Gill
Amarjit's Parents
Late Wadhawa Sandhu
Late Amar K. Sandhu
Happy 50TH Anniversary
Congratulations Dada Ji & Dadi Ji
PARWINDER S. GILL (Son)
HARVEER K. GILL (Daughter-In-Law)
AKSHDEEP S. GILL (Grandson)
ARANPREET S. GILL (Grandson)
Houston (Texas) USA
SUKHWANT K. SIDHU (Daughter)
KULBIR S. SIDHU (Son-In-Law)
SUMEDH S. SIDHU (Grandson)
KARAN S. SIDHU (Grandson)
Mountain House (California) USA
TEJINDER S. GILL (Son)
SARBJIT K. GILL (Daughter-In-Law)
AJAYPARTAP S. GILL (Grandson)
Ferozepur (Punjab) INDIA
AJIT'S SIBLINGS
LATE PRITAM S. GILL / LATE BHAJAN K. GILL
PURAN S. GILL / NIRMAL K. GILL
JASBIR S. GILL / HARWINDER K. GILL
PARMJIT S. GILL / DALBIR K. GILL
RAGHBIR K. SANDHU / KEWAL S. SANDHU
LATE VEER K. BAJWA / JASBIR S. BAJWA
PARSINN K. BUTTAR / JARNAIL S. BUTTAR
LATE KASHMIR K. SANDHU / AVTAR S. SANDHU
AMARJIT'S SIBLINGS
LATE HARBANS S. SANDHU / LATE JOGINDER K SANDHU
AGWAN S. SANDHU / LATE SURJIT K. SANDHU
GURNAM S. SANDHU / BACHAN K. SANDHU
HARBANS K. VIRK / LATE LAKHA S. VIRK
SWARN K. WAHLA / VARSA S. WAHLA
PRITAM K. BHULLAR / KALA S. BHULLAR